**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067

Jassi Gill
CA DRE Lic.#01180969
CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Fourtheenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 06, Feburary 9th, 2013
20451 N Plum Grove Rd. Palatine, IL 60074
Ph:847-359-0746, Fax:847-705-9388


# ਬਾਦਲਾਂ ਦਾ ਸਿੱਖ ਸਿਆਸਤ ਉਤੇ ਮੁਕੰਮਲ ਕਬਜ਼ਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਹੂੰਝਾ ਫੇਰੂ ਜਿੱਤ ਨਾਲ ਸਿੱਖ ਸਿਆਸਤ ਦੀ ਕੁੰਜੀ ਪੂਰੀ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਹੱਥ ਆ ਗਈ ਹੈ। ਖਾੜਕੂਵਾਦ ਦੇ ਦੌਰ ਤੋਂ ਬਾਅਦ ਬੇਸ਼ੱਕ ਬਾਦਲ ਧੜਾ ਹੀ ਸਿੱਖਾਂ ਦੀ ਨੁਮਾਇੰਦਗੀ ਕਰਦਾ ਆ ਰਿਹਾ ਹੈ ਪਰ ਇਸ ਸਮੇਂ ਦੌਰਾਨ ਗਰਮ ਖਿਆਲੀਆਂ, ਦਿੱਲੀ ਅਤੇ ਹਰਿਆਣਾ ਦੇ ਸਿੱਖਾਂ ਵੱਲੋਂ ਬਾਦਲਾਂ ਦੀਆਂ ਨੀਤੀਆਂ ਨੂੰ ਲਗਾਤਾਰ ਵੰਗਾਰਿਆ ਜਾਂਦਾ ਰਿਹਾ ਹੈ। ਇਕ ਦਹਾਕੇ ਤੱਕ ਦਿੱਲੀ ਦੇ ਸਿੱਖਾਂ ਦੀ ਨੁਮਾਇੰਦਗੀ ਕਰਦੇ ਰਹੇ ਸਰਨਾ ਧੜੇ ਨੇ ਤਾਂ ਬਾਦਲਾਂ ਨੂੰ ਕਈ ਵਾਰ ਵਾਹਣੇ ਪਾਇਆ। ਇਹ ਵੰਗਾਰਾਂ ਹੀ ਬਾਦਲਾਂ ਨੂੰ ਖੁੱਲ੍ਹ ਕੇ ਖੇਡਣ ਤੋਂ ਰੋਕਦੀਆਂ ਸਨ, ਪਰ ਹੁਣ ਉਨ੍ਹਾਂ ਸਾਰਾ ਮੈਦਾਨ ਫਤਿਹ ਕਰ ਲਿਆ ਹੈ।

ਦਿੱਲੀ ਕਮੇਟੀ ਦੀਆਂ ਚੋਣਾਂ ਵਿਚ ਮਿਲੀ ਜਿੱਤ ਨੇ ਬਾਦਲਾਂ ਨੂੰ ਜਿੱਥੇ ਸਿੱਖਾਂ ਅੰਦਰ ਚੁਣੌਤੀ-ਰਹਿਤ ਸਰਦਾਰੀ ਬਖ਼ਸ਼ ਦਿੱਤੀ ਹੈ, ਉਥੇ ਸਿਆਸਤ

## ਇਕ ਇਕ ਕਰ ਕੇ ਸਭ ਵਿਰੋਧੀਆਂ ਦਾ ਸਫਾਇਆ



ਵਿਚ ਵੀ ਦਲ ਦਾ ਕੱਦ ਵੱਡਾ ਹੋਇਆ ਹੈ। ਬਾਦਲਾਂ ਨੇ ਤਾਜ਼ਾ ਹਾਲਾਤ ਨੂੰ ਵੇਖਦਿਆਂ ਐਲਾਨ ਕੀਤਾ ਹੈ ਕਿ ਅਕਾਲੀ ਦਲ ਉੱਤਰ ਪ੍ਰਦੇਸ਼, ਰਾਜਸਥਾਨ ਸਮੇਤ ਉਨ੍ਹਾਂ ਸਾਰੇ ਸੂਬਿਆਂ ਵਿਚ ਚੋਣਾਂ ਲੜੇਗਾ। ਇਸ ਐਲਾਨ ਨਾਲ ਬਾਦਲਾਂ ਵੱਲੋਂ ਆਪਣੀ ਧੜੇ ਨੂੰ ਕੌਮੀ ਪਾਰਟੀ ਵਜੋਂ ਉਭਾਰਨ ਦੇ ਯਤਨ ਕੀਤੇ ਗਏ ਹਨ। ਦਿੱਲੀ, ਹਰਿਆਣਾ ਤੇ ਜੰਮੂ ਵਿਚ ਸਿੱਖਾਂ ਦੀ ਕਾਫੀ ਗਿਣਤੀ ਹੈ, ਜਿਹੜੇ ਉਥੋਂ ਦੀ ਸਿਆਸਤ ਨੂੰ ਵੀ ਪ੍ਰਭਾਵਿਤ ਕਰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਪਿਛਲੇ ਸਾਲ ਹੋਈਆਂ ਚੋਣਾਂ ਵਿਚ ਬਾਦਲਾਂ ਨੇ ਹਰਿਆਣਾ ਦੀਆਂ ਤਕਰੀਬਨ ਸਾਰੀਆਂ ਸੀਟਾਂ ਜਿੱਤ ਕੇ ਵੱਖਰੀ ਕਮੇਟੀ ਦੀ ਮੰਗ ਕਰ ਰਹੇ ਹਰਿਆਣਾ ਦੇ ਸਿੱਖਾਂ ਦੀ ਬੋਲਤੀ ਬੰਦ ਕਰ ਦਿੱਤੀ ਸੀ। ਪੰਜਾਬ ਵਿਚ ਗਰਮ ਖਿਆਲੀਆਂ ਸਣੇ ਸਿੱਖਾਂ ਦੇ ਸਾਰੇ ਧੜੇ ਇਕੱਠੇ ਹੋ ਕੇ ਬਾਦਲਾਂ ਨੂੰ ਵੰਗਾਰਨ ਵਿਚ ਨਾਕਾਮ ਰਹੇ ਹਨ ਤੇ ਕਈਆਂ ਨੇ ਤਾਂ ਹੁਣ ਚੋਣ ਮੈਦਾਨ ਹੀ ਛੱਡ ਦਿੱਤਾ ਹੈ। ਕੁੱਲ ਮਿਲਾ ਕੇ ਹੁਣ ਬਾਦਲਾਂ ਲਈ ਵੱਡੀ ਵੰਗਾਰ ਸਰਨਾ ਧੜਾ ਹੀ ਸੀ।

ਜ਼ਿਕਰਯੋਗ ਹੈ ਕਿ ਦਹਾਕੇ ਤੋਂ ਵੱਧ ਸਮੇਂ ਤੋਂ ਅਕਾਲੀ ਦਲ ਦਿੱਲੀ ਤੇ ਗੁਰਦੁਆਰਾ ਦਿੱਲੀ ਕਮੇਟੀ ਉੱਪਰ ਕਾਬਜ਼ ਸਰਨਾ ਧੜਾ ਅਕਾਲੀ ਦਲ (ਬ) ਲਈ ਵੱਡੀ ਚੁਣੌਤੀ ਸੀ। ਦਿੱਲੀ ਦੇ ਗੁਰਦੁਆਰਿਆਂ ਦਾ ਪ੍ਰਬੰਧ ਬਾਦਲ ਦਲ ਹੱਥੋਂ ਖੁੱਸਣ ਨਾਲ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਬਾਦਲ ਦਲ ਨੂੰ ਵੱਡਾ ਝਟਕਾ ਲੱਗਾ ਹੀ ਸੀ ਪਰ ਇਸ ਤੋਂ ਵੱਡੀ ਸਿਆਸੀ ਚੁਣੌਤੀ ਇਹ ਸੀ ਕਿ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿਚ ਬਣਿਆ ਅਕਾਲੀ ਦਲ (ਦਿੱਲੀ) ਹਰ ਖੇਤਰ ਵਿਚ ਬਾਦਲ ਦਲ ਨੂੰ ਵੰਗਾਰਨ ਲੱਗ ਪਿਆ ਸੀ।

ਖਾਲਸੇ ਦੀ ਤੀਜੀ ਜਨਮ ਸ਼ਤਾਬਦੀ ਤੱਕ ਅਕਾਲੀ ਦਲ ਹੀ ਸਮੂਹ ਸਿੱਖਾਂ ਦੀ ਸਿਰਮੌਰ ਪਾਰਟੀ ਸੀ, ਪਰ ਤੀਜੀ ਸ਼ਤਾਬਦੀ ਦੇ ਐਨ ਪਹਿਲਾਂ ਪਾਰਟੀ ਦੇ ਦੋ ਮਹਾਰਥੀਆਂ ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਧੜਿਆਂ ਵਿਚਕਾਰ ਚੱਲੀ ਕਸ਼ਮਕਸ਼ ਨੇ ਰੱਫੜ ਪਾ ਦਿੱਤਾ। ਅਕਾਲੀ ਦਲ ਅੰਦਰਲੀ ਲੜਾਈ ਵਿਚ ਮਾਤ ਖਾਣ ਬਾਅਦ ਜਥੇਦਾਰ ਟੌਹੜਾ ਨੇ ਸਰਨਾ ਧੜੇ ਦਾ ਹੱਥ ਫੜਿਆ ਤੇ ਦੂਜੇ ਪਾਸੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ

*(ਬਾਕੀ ਸਫਾ 6 ’ਤੇ)*

## ਜਬਰ ਜਨਾਹ ਲਈ ਮੌਤ ਦੀ ਸਜ਼ਾ ਦੇਣ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਔਰਤਾਂ ਦੇ ਹੱਕ ਵਿਚ ਚੱਲੀ ਲਹਿਰ ਤੋਂ ਬਾਅਦ ਭਾਰਤ ਸਰਕਾਰ ਨੇ ਔਰਤਾਂ ਦੀ ਰਾਖੀ ਲਈ ਕਾਨੂੰਨ ਹੋਰ ਸਖ਼ਤ ਕਰਦਿਆਂ ਬਲਾਤਕਾਰ ਵਰਗੇ ਘਿਨਾਉਣੇ ਕਾਰਿਆਂ ਲਈ ਮੌਤ ਦੀ ਸਜ਼ਾ ਦੇਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਦੇਸ਼ ਵਿਚ ਮੌਤ ਦੀ ਸਜ਼ਾ ਬਾਰੇ ਪਿਛਲੇ ਸਮੇਂ ਤੋਂ ਕਾਫੀ ਬਹਿਸ ਚੱਲ ਰਹੀ ਸੀ ਤੇ ਕਈ ਸਿਆਸੀ ਤੇ ਸਮਾਜ-ਸੇਵੀ ਜਥੇਬੰਦੀਆਂ ਵੱਲੋਂ ਬਲਾਤਕਾਰ ਵਰਗੇ ਕੇਸਾਂ




ਵਿਚ ਮੌਤ ਦੀ ਸਜ਼ਾ ਦੇਣ ਦਾ ਵਿਰੋਧ ਕੀਤਾ ਜਾ ਰਿਹਾ ਸੀ। ਔਰਤਾਂ ਦੀ ਸੁਰੱਖਿਆ ਬਾਰੇ ਬਣਾਈ ਜਸਟਿਸ ਵਰਮਾ ਕਮੇਟੀ ਨੇ ਵੀ ਕਾਨੂੰਨਾਂ ਨੂੰ ਸਖ਼ਤ ਕਰਨ ਲਈ ਸਿਫਾਰਸ਼ ਕੀਤੀ ਸੀ, ਪਰ ਮੌਤ ਦੀ ਸਜ਼ਾ ਬਾਰੇ ਕੋਈ ਜ਼ੋਰ ਨਹੀਂ ਦਿੱਤਾ ਸੀ। ਉਧਰ, ਔਰਤਾਂ ਦੇ ਹੱਕ ਵਿਚ ਡਟੇ ਕੁਝ ਸਮਾਜਕ ਕਾਰਕੁਨ ਇਸ ਗੱਲ ‘ਤੇ ਅੜੇ ਹੋਏ ਸਨ ਕਿ ਬਲਾਤਕਾਰ ਵਰਗੇ ਘਿਣਾਉਣੇ ਕਾਰਿਆਂ ਲਈ ਮੌਤ ਦੀ ਸਜ਼ਾ ਹੋਣੀ ਜ਼ਰੂਰੀ ਹੈ। ਆਖਰ ਵਿਚ ਸਰਕਾਰ ਨੇ ਜਸਟਿਸ ਵਰਮਾ ਕਮੇਟੀ ਦੀਆਂ ਸਿਫਾਰਸ਼ਾਂ ‘ਤੇ ਲੰਮੀ ਸੋਚ ਵਿਚਾਰ ਕਰਨ ਤੋਂ ਬਾਅਦ ਬਲਾਤਕਾਰੀਆਂ ਨੂੰ

*(ਬਾਕੀ ਸਫਾ 6 ’ਤੇ)*

## ਖਤਰਨਾਕ ਖੇਡ?

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਨੂੰ ਨੇੜਿਓਂ ਵਾਚਣ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਬਾਦਲਾਂ ਦੀ ਇਸ ਚੜ੍ਹਾਈ ਵਿਚ ਉਨ੍ਹਾਂ ਦੀ ਰਣਨੀਤੀ ਦਾ ਵੱਡਾ ਹੱਥ ਤਾਂ ਹੈ, ਪਰ ਸਿੱਖਾਂ ਦੇ ਹੋਰ ਨੁਮਾਇੰਦਿਆਂ ਦੀ ਸਿਆਸਤ ਦੀਆਂ ਕਮਜ਼ੋਰੀਆਂ ਵੀ ਇਸ ਚੜ੍ਹਾਈ ਦਾ ਕਾਰਨ ਬਣੀਆਂ ਹਨ। ਬਾਦਲਾਂ ਦੀ ਚੁਣੌਤੀ ਖਤਮ ਹੋਣ ਕਾਰਨ ਹੁਣ ਉਹ ਹਰ ਮਾਮਲੇ ਵਿਚ ਮਨ-ਮਰਜ਼ੀ ਕਰਨਗੇ। ਇਹ ਪਹੁੰਚ ਸਿੱਖ ਸਿਆਸਤ ਨੂੰ ਹੋਰ ਵੀ ਨਿਘਾਰ ਵੱਲ ਲੈ ਜਾਵੇਗੀ। ਚੇਤੇ ਰਹੇ ਕਿ ਕਈ ਮਾਮਲਿਆਂ ਵਿਚ ਬਾਦਲਾਂ ਉਤੇ ਸਿੱਖੀ ਦਾ ਘਾਣ ਕਰਨ ਦੇ ਦੋਸ਼ ਲਗਦੇ ਰਹੇ ਹਨ।

## ਰਾਏਪੁਰ ਖੇਡਾਂ ‘ਚ ਪਰਤਿਆ ਪੁਰਾਣਾ ਰੰਗ



**ਚੰਡੀਗੜ੍ਹ:** ਮਿੰਨੀ ਪੇਂਡੂ ਉਲੰਪਿਕਸ ਵਜੋਂ ਮਸ਼ਹੂਰ ਕਿਲਾ ਰਾਏਪੁਰ ਖੇਡਾਂ ਵਿਚ ਬੈਲਗੱਡੀਆਂ ਦੀਆਂ ਦੌੜਾਂ ਨਾਲ ਮੁੜ ਪਹਿਲਾਂ ਵਾਲਾ ਰੰਗ ਦੇਖਣ ਨੂੰ ਮਿਲਿਆ। ਪਿਛਲੇ ਸਾਲ ਸਰਕਾਰ ਵੱਲੋਂ ਬੈਲਗੱਡੀਆਂ ਦੀਆਂ ਦੌੜਾਂ ‘ਤੇ ਪਾਬੰਦੀ ਲਾ ਦਿੱਤੀ ਗਈ ਸੀ, ਪਰ ਖੇਡ ਪ੍ਰੇਮੀਆਂ ਦੇ ਵਿਰੋਧ ਕਾਰਨ ਇਹ ਫੈਸਲਾ ਵਾਪਸ ਲੈਣਾ ਪਿਆ। ਇਹ ਖੇਡਾਂ ਰਵਾਇਤੀ ਤੌਰ ‘ਤੇ ਬੈਲ ਗੱਡੀਆਂ ਦੀਆਂ ਦੌੜਾਂ ਲਈ ਵੱਖਰੀ ਪਛਾਣ ਰੱਖਦੀਆਂ ਹਨ। ਪਿਛਲੇ ਸਾਲ ਕੇਂਦਰੀ ਪਸ਼ੂ ਭਲਾਈ ਬੋਰਡ ਵੱਲੋਂ ਕਿਲਾ ਰਾਏਪੁਰ ਦੀਆਂ ਖੇਡਾਂ ਸ਼ੁਰੂ ਹੋਣ ਮੌਕੇ ਪੰਜਾਬ ਦੇ ਮੁੱਖ ਸਕੱਤਰ ਨੂੰ ਬਕਾਇਦਾ ਪੱਤਰ ਲਿਖ ਕੇ ਕਿਹਾ ਸੀ ਕਿ ਖੇਡਾਂ ਵਿਚ ਬਲਦ ਗੱਡੀਆਂ ਦੀ ਦੌੜ ਰੋਕਣੀ ਯਕੀਨੀ ਬਣਾਈ ਜਾਵੇ। ਇਸ ਲਈ ਪਿਛਲੇ ਸਾਲ ਇਹ ਦੌੜਾਂ ਨਹੀਂ ਸਨ ਹੋ ਸਕੀਆਂ। ਪੰਜਾਬ ਦਾ ਇਹ ਸਭ ਤੋਂ ਵੱਡਾ ਪੇਂਡੂ ਖੇਡ ਮੇਲਾ 1933 ਵਿਚ ਸ਼ੁਰੂ ਕੀਤਾ ਸੀ।

*(ਹੋਰ ਖਬਰਾਂ ਸਫਾ 18 ’ਤੇ)*


**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA · SFR · CDPE
Century 21 M&M and Associates
209.918.6464
ahundal@c21mm.com
605 Standiford Ave, Ste D · Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja™ SWEETS & CATERING®**
Follow us on:
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਬਾਦਲਾਂ ਦਾ ਮਾਰਚ

*ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਜਿੱਤਣ ਤੋਂ ਬਾਅਦ ਬਾਦਲਾਂ ਦੇ ਹੌਸਲੇ ਬੁਲੰਦ ਹਨ। ਇਕ ਵਾਰ ਤਾਂ ਸਿੱਖ ਸਿਆਸਤ ਵਿਚ ਬਾਦਲਾਂ ਦਾ ਬੋਲਬਾਲਾ ਹੋ ਗਿਆ ਹੈ। ਬਾਦਲਾਂ ਨੇ ਆਪਣੀ ਕੂਟਨੀਤੀ ਰਾਹੀਂ ਆਪਣੇ ਸਭ ਵਿਰੋਧੀ ਇਕ ਇਕ ਕਰ ਕੇ ਵਿਛਾ ਸੁੱਟੇ ਹਨ। ਸਿੱਖਾਂ ਅਤੇ ਪੰਥ ਲਈ ਇਸ ਦੌਰ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਦੀਆਂ ਤਕਰੀਰਾਂ ਸੁਣਨ ਵਾਲੀਆਂ ਹਨ। ਉਹ ਆਪਣੀਆਂ ਜਿੱਤਾਂ ਨੂੰ ਅਕਾਲ ਪੁਰਖ ਦੀਆਂ ਬਖਸ਼ਿਸ਼ਾਂ ਕਰਾਰ ਦੇ ਰਹੇ ਹਨ। ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹੋਰ ਸੂਬਿਆਂ ਵਿਚ ਸਿੱਖ ਵਸੋਂ ਵਾਲੇ ਇਲਾਕਿਆਂ ਵਿਚ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ।*



## ਸੁਖਬੀਰ ਦਾ ਹੁਣ ਸਿੱਖ ਵੱਸੋਂ ਵਾਲੇ ਸੂਬਿਆਂ ਵੱਲ ਕੂਚ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਰਾਜਸਥਾਨ, ਉੱਤਰ ਪ੍ਰਦੇਸ਼, ਉਤਰਾਖੰਡ ਸਮੇਤ ਸਿੱਖ ਵਸੋਂ ਵਾਲੇ ਸਾਰੇ ਸੂਬਿਆਂ ਵਿਚ ਚੋਣ ਲੜੇਗੀ। ਦਿੱਲੀ ਸਿੱਖ ਗੁਰਦੁਆਰਾ

### ਚੋਣਾਂ ਲੜਨ ਦਾ ਐਲਾਨ

ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਗਏ ਮੈਂਬਰਾਂ ਸਮੇਤ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੱਥਾ ਟੇਕਣ ਆਏ ਸ. ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਦੀਆਂ ਚੋਣਾਂ ਵਿਚ ਪਹਿਲਾਂ ਹੀ ਹਿੱਸਾ ਲੈਂਦਾ ਹੈ ਅਤੇ ਦਲ ਦਾ ਇਕ ਵਿਧਾਇਕ ਹਰਿਆਣਾ ਵਿਧਾਨ ਸਭਾ ਵਿਚ ਹੈ। ਹੁਣ ਉਹ ਕੋਸ਼ਿਸ਼ ਕਰਨਗੇ ਕਿ ਸਿੱਖ ਵੱਸੋਂ ਵਾਲੇ ਸਾਰੇ ਸੂਬਿਆਂ ਦੀਆਂ ਚੋਣਾਂ ਵਿਚ ਭਾਗ ਲਿਆ ਜਾਵੇ



ਅਤੇ ਉਥੋਂ ਦੇ ਸਿੱਖਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਹੱਲ ਕਰਾਉਣ ਵਿਚ ਯੋਗਦਾਨ ਪਾਇਆ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਅਕਾਲੀ ਦਲ ਵੱਲੋਂ ਆਉਂਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਪਾਰਟੀ ਚੋਣ ਨਿਸ਼ਾਨ 'ਤੇ ਲੜੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਨਹੁੰ-ਮਾਸ ਦਾ ਰਿਸ਼ਤਾ ਹੈ ਅਤੇ ਦੋਹਾਂ ਪਾਰਟੀਆਂ ਵਿਚਕਾਰ ਸੀਟਾਂ ਦੀ ਵੰਡ ਪਿੱਛੇ ਕੋਈ ਵਿਵਾਦ ਨਹੀਂ ਹੈ। ਭਾਜਪਾ ਆਗੂ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਉਣ ਸਬੰਧੀ ਉਨ੍ਹਾਂ ਕਿਹਾ ਕਿ ਇਹ ਫੈਸਲਾ ਐਨ.ਡੀ.ਏ. ਨੇ ਕਰਨਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਉਸ ਫੈਸਲੇ ਦੇ ਨਾਲ ਹੈ। ਮੋਗਾ ਉਪ ਚੋਣ ਬਾਰੇ ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਉਮੀਦਵਾਰ ਜੋਗਿੰਦਰ ਜੈਨ ਰਿਕਾਰਡ ਵੋਟਾਂ ਨਾਲ ਜਿੱਤਣਗੇ। ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਏਜੰਡੇ ਬਾਰੇ ਉਨ੍ਹਾਂ ਕਿਹਾ ਕਿ ਨਵੀਂ ਚੁਣੀ ਕਮੇਟੀ ਵੱਲੋਂ ਗੁਰਧਾਮਾਂ ਦੀ ਸੇਵਾ ਸੰਭਾਲ ਤਾਂ ਕੀਤੀ ਹੀ ਜਾਵੇਗੀ, ਨਾਲ ਹੀ ਸਮੁੱਚੇ ਪ੍ਰਬੰਧ ਵਿਚ ਪਾਰਦਰਸ਼ਤਾ ਲਿਆਂਦੀ ਜਾਵੇਗੀ। ਸੰਗਤਾਂ ਨਾਲ ਕੀਤਾ ਹਰ ਵਾਅਦਾ ਪੂਰਾ ਕੀਤਾ ਜਾਵੇਗਾ। ਦਿੱਲੀ ਕਮੇਟੀ ਵੱਲੋਂ ਸਿੱਖਿਆ ਦਾ ਪੱਧਰ ਉਪਰ ਚੁੱਕਣ ਲਈ ਸਿੱਖਿਆ ਬੋਰਡ ਬਣਾਇਆ ਜਾਵੇਗਾ। ਇਸ ਮੌਕੇ ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਨਵੇਂ ਚੁਣੇ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਨਾਲ ਸੀਨੀਅਰ ਅਕਾਲੀ ਆਗੂ ਬਲਵੰਤ ਸਿੰਘ ਰਾਮੂਵਾਲੀਆ ਅਤੇ ਹੋਰ ਵੀ ਸਨ।

### ਦਿੱਲੀ ਫਤਿਹ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ 27 ਜਨਵਰੀ ਨੂੰ ਹੋਈਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਵੱਡੀ ਜਿੱਤ ਦਰਜ ਕੀਤੀ ਹੈ। ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਨੂੰ 37, ਸਰਨਾ ਧੜੇ ਨੂੰ ਅੱਠ ਤੇ ਮਾਰਵਾਹ ਧੜੇ ਨੂੰ ਇਕ ਸੀਟ ਮਿਲੀ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਹਲਕਾ ਪੰਜਾਬੀ ਬਾਗ ਤੋਂ ਬਾਦਲ ਧੜੇ ਦੇ ਉਮੀਦਵਾਰ ਮਨਜਿੰਦਰ ਸਿੰਘ ਸਿਰਸਾ ਤੋਂ ਹਾਰ ਗਏ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਦੇ ਨਤੀਜਿਆਂ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਬਾਅਦ ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਮੁਕੰਮਲ ਕਬਜ਼ਾ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਸਤੰਬਰ 2011 ਵਿਚ ਸੰਤ ਸਮਾਜ ਦੇ ਸਹਿਯੋਗ ਨਾਲ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀਆਂ 170 ਸੀਟਾਂ ਵਿਚੋਂ 157 ਸੀਟਾਂ ਪ੍ਰਾਪਤ ਕਰਕੇ ਹੂੰਝਾਂ ਫੇਰ ਜਿੱਤ ਪ੍ਰਾਪਤ ਕੀਤੀ ਤੇ ਤਕਰੀਬਨ ਡੇਢ ਸਾਲ ਮਗਰੋਂ ਹੀ ਦਿੱਲੀ ਕਮੇਟੀ ਦੀਆਂ ਕੁਲ 46 ਸੀਟਾਂ ਵਿਚੋਂ 37 'ਤੇ ਜਿੱਤ ਪ੍ਰਾਪਤ ਕੀਤੀ ਹੈ।

## ਪਾਕਿ ਔਕਾਫ਼ ਬੋਰਡ ਨੇ ਸ਼੍ਰੋਮਣੀ ਕਮੇਟੀ ਵੱਲ ਹੱਥ ਵਧਾਏ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਪਰਮਜੀਤ ਸਿੰਘ ਸਰਨਾ ਧੜੇ ਦੀ ਹਾਰ ਹੋਣ ਤੋਂ ਬਾਅਦ ਪਾਕਿਸਤਾਨ ਵਿਚ ਸਿੱਖ ਗੁਰਧਾਮਾਂ ਸਮੇਤ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਸਾਂਭ-ਸੰਭਾਲ ਕਰ ਰਹੇ ਪਾਕਿਸਤਾਨ ਔਕਾਫ਼ ਬੋਰਡ ਨੇ ਵੀ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲ ਹੱਥ ਵਧਾਉਣਾ ਸ਼ੁਰੂ ਕਰ ਦਿੱਤਾ ਹੈ।

ਔਕਾਫ਼ ਬੋਰਡ ਦੇ ਉੱਚ ਅਧਿਕਾਰੀ ਨੇ ਅੰਮ੍ਰਿਤਸਰ ਵਿਖੇ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਇਕ ਅਧਿਕਾਰੀ ਨਾਲ ਗੱਲਬਾਤ ਕਰਕੇ ਨੇੜਤਾ ਦਾ ਇਜ਼ਹਾਰ ਕੀਤਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ ਹੈ। ਇਸ ਦੀ ਪੁਸ਼ਟੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਹੈ ਤੇ ਹਰ ਮੁਸ਼ਕਲ ਸਮੇਂ ਇਹ ਸਮੁੱਚੀ ਕੌਮ ਨਾਲ ਜੂਝਦੀ ਰਹੀ ਹੈ। ਉਹ ਮਾਰਚ ਵਿਚ ਪਾਕਿਸਤਾਨ ਜਾਣਗੇ ਤੇ ਉਥੇ ਸਥਿਤ ਗੁਰਦੁਆਰਿਆਂ ਤੇ ਇਤਿਹਾਸਕ ਸਥਾਨਾਂ ਦੀਆਂ ਇਮਾਰਤਾਂ ਦੇ ਸੁਚੱਜੇ ਪ੍ਰਬੰਧ ਲਈ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਨਗੇ।

## ਹਰਿਆਣਾ ਦੇ ਸਿੱਖ ਵੱਖਰੀ ਕਮੇਟੀ ਲਈ ਮੁੜ ਸਰਗਰਮ

**ਚੰਡੀਗੜ੍ਹ:** ਹਰਿਆਣਾ ਦੇ ਸਿੱਖ ਆਗੂਆਂ ਨੇ ਨਵੇਂ ਸਿਰੇ ਤੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ। ਵੱਖਰੀ ਕਮੇਟੀ ਦੇ ਆਗੂਆਂ ਨੇ ਇਸ ਬਾਰੇ ਮੰਗ ਪੱਤਰ ਹਰਿਆਣਾ ਦੇ ਰਾਜਪਾਲ ਜਗਨ ਨਾਥ ਪਹਾੜੀਆ ਨੂੰ ਦਿੱਤਾ ਹੈ। ਰਾਜਪਾਲ ਨੇ ਆਗੂਆਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਵੱਖਰੀ ਕਮੇਟੀ ਬਣਾਉਣ ਲਈ ਸਰਕਾਰ ਨੂੰ ਕਹਿਣਗੇ। ਕਾਂਗਰਸ ਹਲਕਿਆਂ ਵਿਚ ਇਸ ਗੱਲ ਨੂੰ ਲੈ ਕੇ ਚਰਚਾ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਕਾਂਗਰਸੀ ਪੱਖੀ ਸਰਨਾ ਭਰਾਵਾਂ ਦੀ ਤਕੜੀ ਹਾਰ ਤੋਂ ਬਾਅਦ ਕਾਂਗਰਸ ਹਰਿਆਣਾ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਲਈ ਸਿੱਖਾਂ ਵਿਚ ਆਪਣੇ ਆਧਾਰ ਨੂੰ ਖੁਰਨ ਤੋਂ ਬਚਾਉਣ



ਲਈ ਨਵੇਂ ਸਿੱਖ ਆਗੂਆਂ ਦੀ ਤਲਾਸ਼ ਸ਼ੁਰੂ ਕਰੇਗੀ।

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਅਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਹੇਠ ਵਫਦ ਨੇ ਵੱਖਰੀ ਕਮੇਟੀ ਬਣਾਉਣ ਬਾਰੇ ਰਾਜਪਾਲ ਨਾਲ ਗੱਲਬਾਤ ਕੀਤੀ ਤੇ ਸ੍ਰੀ ਪਹਾੜੀਆ ਨੂੰ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਦੋ ਚੋਣ ਮੈਨੀਫੈਸਟੋ ਵੀ ਦਿੱਤੇ ਜਿਨ੍ਹਾਂ ਵਿਚ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੇ ਵਾਅਦੇ ਕੀਤੇ ਗਏ ਹਨ। ਉਨ੍ਹਾਂ ਨੇ ਹਰਿਆਣਾ ਦੀ ਹੁੱਡਾ ਸਰਕਾਰ ਵੱਲੋਂ ਬਣਾਈ ਹਰਮੋਹਿੰਦਰ ਸਿੰਘ ਚੱਠਾ ਦੀ ਰਿਪੋਰਟ ਦੀ ਨਕਲ ਵੀ ਰਾਜਪਾਲ ਨੂੰ ਪੇਸ਼ ਕੀਤੀ। ਉਨ੍ਹਾਂ ਨੇ ਪੰਜਾਬ ਪੁਨਰਗਠਨ ਐਕਟ ਦੇ ਸੈਕਸ਼ਨ 72 ਤਹਿਤ ਹਰਿਆਣਾ ਨੂੰ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਹੱਕ ਹੋਣ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਵਿਚ ਤਕਰੀਬਨ 15 ਲੱਖ ਸਿੱਖ ਵਸਦੇ ਹਨ ਪਰ ਉਨ੍ਹਾਂ ਦੀ ਮੰਗ ਪੂਰੀ ਨਹੀਂ ਕੀਤੀ ਜਾ ਰਹੀ। ਬਿਹਾਰ, ਉਤਰਾਖੰਡ ਤੇ ਮਹਾਰਾਸ਼ਟਰ ਵਿਚ ਗੁਰਦੁਆਰਿਆਂ ਦੀ ਸੰਭਾਲ ਲਈ ਭਲਾਈ ਤੇ ਪ੍ਰਬੰਧਕੀ ਬੋਰਡ ਹਨ।

## ਸ਼੍ਰੋਮਣੀ ਅਕਾਲੀ ਦਲ ਹੁਣ ਵਾਅਦੇ ਪੂਰੇ ਕਰੇ: ਫੂਲਕਾ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਨਿਜ਼ਾਮ ਸਾਹਮਣੇ ਪ੍ਰਬੰਧ ਸੰਭਾਲਦਿਆਂ ਹੀ ਭਾਵੇਂ ਕਈ ਚੁਣੌਤੀਆਂ ਹੋਣਗੀਆਂ ਪਰ ਸ਼੍ਰੋਮਣੀ ਅਕਾਲੀ ਦਲ ਦੇ ਤਰਜੀਹੀ ਏਜੰਡੇ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਵਧੇਰੇ ਪਾਰਦਰਸ਼ਤਾ ਲਿਆਉਣਾ, ਸ੍ਰੀ ਅਕਾਲ ਤਖ਼ਤ ਦੀ ਮਰਿਆਦਾ ਨੂੰ ਲਾਗੂ ਕਰਨਾ ਤੇ ਵਿਦਿਅਕ ਅਦਾਰਿਆਂ ਵਿਚ ਵਿਦਿਆ ਦੇ ਮਿਆਰ ਨੂੰ ਉਚਾ ਚੁੱਕਣਾ ਸ਼ਾਮਲ ਹੈ।

ਦਿੱਲੀ ਦੀਆਂ ਨਾਮਵਰ ਸਿੱਖ ਸ਼ਖ਼ਸੀਅਤਾਂ ਵੱਲੋਂ ਬਣਾਈ ਗਈ ਗੁਰਦੁਆਰਾ ਸੁਧਾਰ ਲਹਿਰ ਨਾਂ ਦੀ ਜਥੇਬੰਦੀ ਵਿਚ ਸ਼ਾਮਲ ਸੁਪਰੀਮ ਕੋਰਟ ਦੇ ਉਘੇ ਵਕੀਲ ਐਚ.ਐਸ. ਫੂਲਕਾ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਜਥੇਬੰਦੀ ਦੇ ਆਗੂਆਂ ਨੂੰ ਭਰੋਸਾ ਦਿੱਤਾ ਸੀ ਕਿ ਜੇਕਰ ਉਨ੍ਹਾਂ ਦੀ ਪਾਰਟੀ ਦੇ ਉਮੀਦਵਾਰ ਚੋਣ ਜਿੱਤ ਗਏ ਤੇ ਸੇਵਾ ਸੰਭਾਲਣ ਦਾ ਮੌਕਾ ਮਿਲਿਆ ਤਾਂ ਉਹ ਇਨ੍ਹਾਂ ਮੰਗਾਂ ਨੂੰ ਤਰਜੀਹੀ ਆਧਾਰ 'ਤੇ ਲਾਗੂ ਕਰਨਗੇ। ਉਨ੍ਹਾਂ ਆਖਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਪ੍ਰਬੰਧ ਸੰਭਾਲਣ ਮਗਰੋਂ ਲੋਕਾਂ ਨਾਲ ਕੀਤੇ ਵਾਅਦੇ ਨੂੰ ਪੂਰਾ ਕਰੇ।



ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸੁਧਾਰ ਲਹਿਰ ਵੱਲੋਂ ਮੰਗ ਕੀਤੀ ਗਈ ਸੀ ਕਿ ਦਿੱਲੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਸਮੂਹ ਵਿਦਿਅਕ ਅਦਾਰੇ, ਜਿਨ੍ਹਾਂ ਵਿਚ ਸਕੂਲ ਅਤੇ ਕਾਲਜ ਸ਼ਾਮਲ ਹਨ, ਵਿਖੇ ਉੱਚ ਕੋਟੀ ਦੇ ਵਿਦਵਾਨ ਚੇਅਰਮੈਨ ਵਜੋਂ ਨਿਯੁਕਤ ਕੀਤੇ ਜਾਣ। ਉਨ੍ਹਾਂ ਦੋਸ਼ ਲਾਇਆ ਕਿ ਇਸ ਵੇਲੇ ਸਕੂਲਾਂ ਤੇ ਕਾਲਜਾਂ ਦੀਆਂ ਸਥਾਨਕ ਪ੍ਰਬੰਧਕ ਕਮੇਟੀਆਂ ਦੇ ਚੇਅਰਮੈਨ ਘੱਟ ਪੜ੍ਹੇ ਲਿਖੇ ਵਿਅਕਤੀਆਂ ਨੂੰ ਲਾਇਆ ਹੋਇਆ ਹੈ ਜਿਸ ਨਾਲ ਇਨ੍ਹਾਂ ਵਿਦਿਅਕ ਸੰਸਥਾਵਾਂ ਅਤੇ ਵਿਦਿਅਕ ਮਿਆਰ ਨੂੰ ਉੱਚਾ ਨਹੀਂ ਉਠਾਇਆ ਗਿਆ। ਉਨ੍ਹਾਂ ਮੰਗ ਕੀਤੀ ਕਿ ਗੁਰਦੁਆਰਾ ਕਮੇਟੀ ਦੇ ਖਾਤਿਆਂ ਦਾ ਲੇਖਾ-ਜੋਖਾ ਹਰ ਮਹੀਨੇ ਵੈੱਬਸਾਈਟ 'ਤੇ ਪਾਇਆ ਜਾਵੇ ਤਾਂ ਜੋ ਪ੍ਰਬੰਧ ਵਿਚ ਵਧੇਰੇ ਪਾਰਦਰਸ਼ਤਾ ਆ ਸਕੇ ਤੇ ਲੋਕਾਂ ਦਾ ਗੁਆਚਾ ਵਿਸ਼ਵਾਸ ਬਹਾਲ ਹੋ ਸਕੇ। ਇਸੇ ਤਰ੍ਹਾਂ ਦਿੱਲੀ ਕਮੇਟੀ ਦੇ ਅੰਤ੍ਰਿੰਗ ਬੋਰਡ ਦੇ ਸਾਰੇ ਫੈਸਲੇ ਵੀ ਵੈੱਬਸਾਈਟ 'ਤੇ ਪਾਏ ਜਾਣ ਅਤੇ ਗੁਰਦੁਆਰਾ ਕਮੇਟੀ ਨੂੰ ਆਰ.ਟੀ.ਆਈ. ਹੇਠ ਲਿਆਂਦਾ ਜਾਵੇ। ਉਨ੍ਹਾਂ ਆਖਿਆ ਕਿ ਹਾਕਮ ਧਿਰ ਨੂੰ ਚਾਹੀਦਾ ਹੈ ਕਿ ਉਹ ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਬਣਾਏ ਜਾਣ ਵਾਲੇ ਪ੍ਰਸਤਾਵਿਤ ਮੈਮੋਰੀਅਲ ਦੇ ਕੰਮ ਨੂੰ ਵੀ ਨੇਪਰੇ ਚਾੜ੍ਹਨ ਲਈ ਯਤਨ ਕਰੇ। ਇਸ ਬਾਰੇ ਦਿੱਲੀ ਸਰਕਾਰ ਨਾਲ ਲੋੜੀਂਦੀ ਗੱਲਬਾਤ ਕੀਤੀ ਜਾਵੇ।

## ਸੋਧੇ ਨਾਨਕਸ਼ਾਹੀ ਕੈਲੰਡਰ ਲਈ ਰਾਹ ਪੱਧਰਾ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਪੱਸ਼ਟ ਬਹੁਮਤ ਪ੍ਰਾਪਤ ਕਰਨ ਨਾਲ ਹੁਣ ਦਿੱਲੀ ਵਿਚ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਤ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਇਸ ਤੋਂ ਪਹਿਲਾਂ ਦਿੱਲੀ ਕਮੇਟੀ ਦੇ ਹੁਕਮਰਾਨਾਂ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਅਪ੍ਰਵਾਨ ਕਰਦਿਆਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਸਾਰੇ ਗੁਰਪੁਰਬ ਮਨਾਏ ਜਾ ਰਹੇ ਸਨ।

# ਬਾਦਲਾਂ ਨੇ ਦਿੱਲੀ ਕਮੇਟੀ ਚੋਣ ਪੈਸੇ ਦੇ ਜ਼ੋਰ 'ਤੇ ਜਿੱਤੀ: ਮਾਨ

**ਚੰਡੀਗੜ੍ਹ:** ਕੁੱਲ ਹਿੰਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਸਵੰਤ ਸਿੰਘ ਮਾਨ ਚੰਡੀਗੜ੍ਹ ਵਿਚ ਆਪਣੇ ਹਮਾਇਤੀਆਂ ਸਮੇਤ ਸ਼੍ਰੋਮਣੀ



ਅਕਾਲੀ ਦਲ ਅੰਮ੍ਰਿਤਸਰ ਵਿਚ ਸ਼ਾਮਲ ਹੋ ਗਏ। ਚੰਡੀਗੜ੍ਹ ਦੇ ਸੈਕਟਰ 34 ਵਿਚ ਪਾਰਟੀ ਦਫ਼ਤਰ ਦੇ ਉਦਘਾਟਨ ਮੌਕੇ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿਚ ਕਾਂਗਰਸ ਵਿਰੋਧੀ ਧਿਰ ਦੀ ਭੂਮਿਕਾ ਅਦਾ ਕਰਨ ਦੀ ਹਾਲਤ ਵਿਚ ਨਹੀਂ ਹੈ।

ਇਸ ਮੌਕੇ ਸ. ਮਾਨ ਨੇ ਦਾਅਵਾ ਕੀਤਾ ਹੈ ਕਿ ਮੋਗਾ ਜ਼ਿਮਨੀ ਚੋਣ ਵਿਚ ਉਨ੍ਹਾਂ ਦੀ ਪਾਰਟੀ ਸ਼ਿੱਦਤ ਨਾਲ ਲੜਾਈ ਲੜੇਗੀ। ਸ. ਮਾਨ ਨੇ ਇਹ ਵੀ ਦਾਅਵਾ ਕੀਤਾ ਕਿ ਸਿੱਖਾਂ ਦੀ ਨੁਮਾਇੰਦਗੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹੀ ਕਰਦਾ ਹੈ। ਸ. ਮਾਨ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਆਪਣੀ ਪਾਰਟੀ ਦੀ ਜਿੱਤ ਨੂੰ ਪੰਥ ਦੀ ਜਿੱਤ ਕਰਾਰ ਦੇਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਅਕਾਲੀ ਦਲ ਬਾਦਲ ਸਿੱਖਾਂ ਦੀ ਨੁਮਾਇੰਦਗੀ ਕਰਦਾ ਹੈ ਤਾਂ ਬਾਦਲ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਜ਼ੈਡ ਪਲੱਸ ਸੁਰੱਖਿਆ ਦੇ ਘੇਰੇ ਦੀ ਜ਼ਰੂਰਤ ਕਿਉਂ ਪੈ ਰਹੀ ਹੈ।

ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਗੁਰਦੁਆਰਾ ਪ੍ਰਬੰਧ ਕਮੇਟੀ ਦੀਆਂ ਚੋਣਾਂ ਸ਼੍ਰੋਮਣੀ ਅਕਾਲੀ ਦਲ ਨੇ ਪੈਸੇ ਦੇ ਜ਼ੋਰ 'ਤੇ ਜਿੱਤੀਆਂ ਹਨ ਜਿਸ ਨੂੰ ਲੋਕ ਦਾ ਫ਼ਤਵਾ ਕਰਾਰ ਨਹੀਂ ਦਿੱਤਾ ਜਾ ਸਕਦਾ। ਸ. ਮਾਨ ਨੇ ਕਿਹਾ ਕਿ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਤੋਂ ਜਿੱਤੇ ਵਿਧਾਇਕਾਂ ਵਿਚੋਂ ਇਕ ਵੀ ਵਿਧਾਨ ਸਭਾ ਵਿਚ ਸਿੱਖ ਮਸਲਿਆਂ ਦੀ ਗੱਲ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਚੁਣੇ ਨੁਮਾਇੰਦਿਆਂ ਵੱਲੋਂ ਸਿੱਖ ਮਸਲਿਆਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਸ. ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਵੱਲੋਂ ਭਾਜਪਾ ਤੇ ਜਨਸੰਘ 'ਤੇ ਅਤਿਵਾਦ ਫੈਲਾਉਣ ਦੇ ਦੋਸ਼ਾਂ ਨੂੰ ਸਹੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤਾਂ ਇਹ ਗੱਲ ਕਦੋਂ ਦਾ ਕਹਿੰਦਾ ਆ ਰਿਹਾ ਹੈ ਜੋ ਗੱਲ ਹੁਣ ਸ੍ਰੀ ਸ਼ਿੰਦੇ ਨੇ ਆਖੀ ਹੈ।

ਇਸ ਮੌਕੇ ਤਾਲਬ ਸਿੰਘ ਸੰਧੂ ਸਾਬਕਾ ਵਿਧਾਇਕ ਨੂੰ ਪਾਰਟੀ ਦਾ ਮੀਤ ਪ੍ਰਧਾਨ, ਜਸਵੰਤ ਸਿੰਘ ਮਾਨ ਨੂੰ ਸਕੱਤਰ ਜਨਰਲ, ਪ੍ਰੋ. ਹਰੀ ਸਿੰਘ ਅੰਮ੍ਰਿਤਸਰ ਨੂੰ ਜਨਰਲ ਸਕੱਤਰ, ਬਲਵਿੰਦਰ ਸਿੰਘ ਬਾਜਵਾ ਨੂੰ ਕਿਸਾਨ ਵਿੰਗ ਹਰਿਆਣਾ ਦਾ ਪ੍ਰਧਾਨ, ਡਾ. ਤਜਿੰਦਰ ਸਿੰਘ ਪਾਉਂਟਾ ਸਾਹਿਬ ਨੂੰ ਪ੍ਰਧਾਨ ਹਿਮਾਚਲ, ਹਰਦੀਪ ਸਿੰਘ ਡਿਬਡਿਬਾ ਨੂੰ ਪ੍ਰਧਾਨ ਯੂਪੀ, ਭਗਵੰਤ ਸਿੰਘ ਓਮਾਨ ਨੂੰ ਖ਼ਜ਼ਾਨਚੀ ਤੇ ਇੰਚਾਰਜ ਮਿਡਲ ਈਸਟ ਅਫਰੀਕਾ, ਡਾ. ਜੋਗਿੰਦਰ ਸਿੰਘ, ਮਲਕੀਤ ਸਿੰਘ ਨਾਗਪੁਰ, ਨਰਿੰਦਰ ਸਿੰਘ ਕਰਨਾਲ, ਪ੍ਰੋ. ਅਜੀਤ ਸਿੰਘ ਕਾਹਲੋਂ ਨੂੰ ਵਰਕਿੰਗ ਕਮੇਟੀ ਮੈਂਬਰ, ਸਤਿੰਦਰ ਸਿੰਘ ਐਡਵੋਕੇਟ ਨੂੰ ਜੰਮੂ ਕਸ਼ਮੀਰ ਵਿੰਗ ਦੇ ਜਨਰਲ ਸਕੱਤਰ ਤੇ ਪਰਵਿੰਦਰ ਸਿੰਘ ਬੇਦੀ ਨੂੰ ਹਰਿਆਣਾ ਵਿੰਗ ਦੇ ਜਨਰਲ ਸਕੱਤਰ ਐਲਾਨਿਆ ਗਿਆ।

## ਪੰਜਾਬ ਦਾ ਬਜਟ ਇਜਲਾਸ 11 ਮਾਰਚ ਤੋਂ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ 14ਵੀਂ ਪੰਜਾਬ ਵਿਧਾਨ ਸਭਾ ਦੇ ਚੌਥੇ ਇਜਲਾਸ (ਬਜਟ ਸੈਸ਼ਨ) ਨੂੰ 11 ਮਾਰਚ ਤੋਂ 28 ਮਾਰਚ ਤੱਕ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਜਲਾਸ ਦੀਆਂ ਤਾਰੀਖ਼ਾਂ 'ਤੇ ਪ੍ਰਵਾਨਗੀ ਲੈਣ ਲਈ ਇਸ ਨੂੰ ਰਾਜਪਾਲ ਕੋਲ ਭੇਜਿਆ ਜਾਵੇਗਾ। ਮਿਥੇ ਪ੍ਰੋਗਰਾਮ ਅਨੁਸਾਰ ਇਜਲਾਸ 11 ਮਾਰਚ ਦੁਪਹਿਰੇ ਰਾਜਪਾਲ ਦੇ ਭਾਸ਼ਣ ਨਾਲ ਸ਼ੁਰੂ ਹੋਵੇਗਾ।

## ਪੱਤਰਕਾਰ ਕੁਲਦੀਪ ਬੇਦੀ ਨਾਲ ਰੂਬਰੂ 10 ਫਰਵਰੀ ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬ ਤੋਂ ਛਪਦੇ ਰੋਜ਼ਾਨਾ ਅਖਬਾਰ 'ਜੱਗਬਾਣੀ' ਦੇ ਮੈਗਜ਼ੀਨ ਐਡੀਟਰ ਉਘੇ ਪੱਤਰਕਾਰ ਕੁਲਦੀਪ ਸਿੰਘ ਬੇਦੀ



*ਕੁਲਦੀਪ ਸਿੰਘ ਬੇਦੀ*

ਨਾਲ ਇਕ ਰੂਬਰੂ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਯੂਬਾ ਸਿਟੀ/ਸੈਕਰਾਮੈਂਟੋ ਵਲੋਂ ਆਉਂਦੀ 10 ਫਰਵਰੀ ਐਤਵਾਰ ਨੂੰ ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਦੇ ਘਰ (8221 ਟ੍ਰਿਸਟੀ ਕੋਰਟ, ਐਂਟੀਲੋਪ, ਕੈਲੀਫੋਰਨੀਆ) ਬਾਅਦ ਦੁਪਹਿਰ ਇਕ ਵਜੇ ਤੋਂ ਸ਼ਾਮ 5 ਵਜੇ ਤੱਕ ਰੱਖਿਆ ਗਿਆ ਹੈ। ਸ. ਬੇਦੀ ਇਨ੍ਹੀਂ ਦਿਨੀਂ ਇੰਡੀਆ ਤੋਂ ਕੈਲੀਫ਼ੋਰਨੀਆ ਆਏ ਹੋਏ ਹਨ।

ਸਭਾ ਨੇ ਇਸ ਸਾਹਿਤਕ ਮਿਲਣੀ ਲਈ ਸਮੂਹ ਪੱਤਰਕਾਰਾਂ, ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਹੈ। ਹੋਰ ਜਾਣਕਾਰੀ ਲਈ ਦਲਵੀਰ ਦਿਲ ਨਿੱਜਰ ਫੋਨ 916-628-2210 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਡਾ. ਮਨਮੋਹਨ ਸਿੰਘ ਦੀ ਧੀ ਨੇ ਖੋਲ੍ਹੀ ਅਮਰੀਕੀ ਵਧੀਕੀਆਂ ਦੀ ਪੋਲ

**ਨਿਊ ਯਾਰਕ:** ਅਮਰੀਕਾ ਦੀ ਅਲ-ਕਾਇਦਾ ਵਿਰੁਧ ਜੰਗ ਦੌਰਾਨ ਇਸ ਮੁਲਕ ਦੀ ਏਜੰਸੀ ਸੀ ਆਈ ਏ ਪਾਕਿਸਤਾਨ ਵਿਚ ਆਈ ਐਸ ਆਈ ਦੇ ਕਰਾਚੀ ਤੇ ਹੋਰ ਥਾਂਈਂ ਸਥਿਤ ਬੰਦੀਖਾਨਿਆਂ ਤੇ ਪੁੱਛ-ਗਿੱਛ ਕੇਂਦਰਾਂ ਦੀ ਵਰਤੋਂ ਕਰਦੀ ਰਹੀ ਹੈ। 9/11 ਦੇ ਹਮਲਿਆਂ ਮਗਰੋਂ ਅਲ-ਕਾਇਦਾ ਵਿਰੁਧ ਜੰਗ ਨੂੰ 50 ਤੋਂ ਵੱਧ ਮੁਲਕਾਂ ਦੀ ਹਮਾਇਤ ਹਾਸਲ ਸੀ।

ਇਹ ਖੁਲਾਸਾ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਧੀ ਅੰਮ੍ਰਿਤ ਸਿੰਘ ਵੱਲੋਂ ਤਿਆਰ ਰਿਪੋਰਟ ਵਿਚ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਅਮਰੀਕਾ ਦੀ ਅਲ-ਕਾਇਦਾ ਵਿਰੁਧ ਜੰਗ ਵਿਚ 50 ਤੋਂ ਵੱਧ ਮੁਲਕ ਇਸ ਦੇ ਨਾਲ ਸਨ ਤੇ ਉਨ੍ਹਾਂ ਨੇ ਆਪੋ-ਆਪਣੇ ਖਿੱਤੇ ਦੀਆਂ ਜੇਲ੍ਹਾਂ ਤੇ ਬੰਦੀਖਾਨੇ ਸੀ ਆਈ ਏ ਨੂੰ ਤਸੀਹਾ ਕੇਂਦਰਾਂ ਵਜੋਂ ਵਰਤਣ ਤੇ ਅਤਿਵਾਦੀਆਂ ਤੋਂ ਪੁੱਛ-ਪੜਤਾਲ ਕਰਨ, ਉਨ੍ਹਾਂ ਨੂੰ ਤਸੀਹੇ ਦੇ ਕੇ ਉਨ੍ਹਾਂ ਤੋਂ ਜਾਣਕਾਰੀਆਂ ਕਢਾਉਣ ਲਈ ਦਿੱਤੇ ਸਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਚਲੀਆਂ ਜੇਲ੍ਹਾਂ ਵਿਚ ਸੀ ਆਈ ਏ ਵੱਲੋਂ ਫੜੇ ਗਏ ਕੈਦੀ ਰੱਖੇ ਜਾਂਦੇ ਸਨ ਤੇ ਆਈ ਐਸ ਆਈ ਦਾ ਕਰਾਚੀ ਵਿਚਲਾ ਬੰਦੀਖਾਨਾ ਵੀ ਇਸ ਕੰਮ ਲਈ ਵਰਤਿਆ ਗਿਆ ਜਿੱਥੇ ਅਮਰੀਕਾ ਨੂੰ ਲੋੜੀਂਦੇ ਕੈਦੀ ਹੋਰ ਜੇਲ੍ਹਾਂ ਵਿਚ ਲਿਜਾਣ ਤੋਂ ਪਹਿਲਾਂ ਪੁੱਛ-ਪੜਤਾਲ ਤੇ ਤਸੀਹੇ ਦੇਣ ਲਈ ਰੱਖੇ ਜਾਂਦੇ ਰਹੇ ਸਨ। ਭਾਵੇਂ ਇਸ ਸਾਰੀ ਕਾਰਵਾਈ 'ਤੇ ਕੰਟਰੋਲ ਆਈ ਐਸ ਆਈ ਦਾ ਹੀ ਸੀ ਪਰ ਕੈਦੀਆਂ ਦਾ ਇਹ ਦਾਅਵਾ ਸੀ ਕਿ ਉਨ੍ਹਾਂ ਤੋਂ ਅਮਰੀਕੀ ਤੇ ਬਰਤਾਨਵੀ ਖੁਫੀਆ ਅਧਿਕਾਰੀਆਂ ਵੱਲੋਂ ਪੁੱਛ-ਪੜਤਾਲ ਕੀਤੀ ਜਾਂਦੀ ਸੀ।

ਇਹ ਰਿਪੋਰਟ 'ਗਲੋਬਲਾਇਜ਼ਿੰਗ ਟਾਰਚਰ-ਸੀ ਆਈ ਏ ਸੀਕਰਿਟ ਡਿਟੈਂਨਸ਼ਨ ਐਂਡ ਐਕਸਟਰਾਆਰਡੀਨਰੀ ਰਿਡੈਂਸ਼ਨ' ਮਾਨਵੀ ਹੱਕਾਂ ਲਈ ਕੰਮ ਕਰਦੇ ਗਰੁੱਪ 'ਓਪਨ ਸੁਸਾਇਟੀ ਜਸਟਿਸ ਇਨਸ਼ੀਏਟਿਵ' ਵੱਲੋਂ ਜਾਰੀ ਕੀਤੀ ਗਈ। ਇਸ ਰਿਪੋਰਟ ਵਿਚ 54 ਮੁਲਕਾਂ ਦੇ ਅਮਰੀਕਾ ਦੀ ਅਲ ਕਾਇਦਾ ਵਿਰੁਧ ਲੜਾਈ 'ਚ ਸ਼ਮੂਲੀਅਤ ਦੇ ਵੇਰਵੇ ਹਨ ਤੇ 136 ਉਨ੍ਹਾਂ ਲੋਕਾਂ ਦੀ ਪਛਾਣ ਕੀਤੀ ਗਈ ਹੈ ਜੋ ਸੀ ਆਈ ਏ ਵੱਲੋਂ ਫੜੇ ਗਏ ਜਾਂ ਇਕ ਤੋਂ ਦੂਜੀ ਜੇਲ੍ਹ ਵਿਚ ਬਦਲੇ ਗਏ।

ਇਨ੍ਹਾਂ ਵਿਅਕਤੀਆਂ ਦੇ 'ਕਦੋਂ ਕਿੱਥੇ ਰੱਖੇ ਜਾਣ' ਦੇ ਵੇਰਵੇ ਵੀ ਰਿਪੋਰਟ ਵਿਚ ਸ਼ਾਮਲ ਹਨ। ਅੰਮ੍ਰਿਤ ਸਿੰਘ ਨੇ ਦੱਸਿਆ ਕਿ ਉਸ ਨੂੰ ਸਬੂਤ ਮਿਲੇ ਹਨ ਕਿ ਕੈਦੀਆਂ ਨੂੰ ਥਾਈਲੈਂਡ, ਰੋਮਾਨੀਆ, ਪੋਲੈਂਡ ਤੇ ਲਿਥੂਆਨੀਆ ਜਿਹੇ ਮੁਲਕਾਂ ਵਿਚ ਬੰਦੀ ਬਣਾ ਕੇ ਰੱਖਿਆ ਗਿਆ ਤੇ ਡੈਨਮਾਰਕ ਨੇ ਸੀ ਆਈ ਏ ਦੀ ਇਨ੍ਹਾਂ ਨੂੰ ਹਵਾਈ ਜਹਾਜ਼ਾਂ ਰਾਹੀਂ ਢੋਣ 'ਚ ਮਦਦ ਕੀਤੀ। ਰਿਪੋਰਟ ਵਿਚ ਵੱਡੀ ਗਿਣਤੀ ਕੈਦੀਆਂ ਨੂੰ ਗੁਪਤ ਜੇਲ੍ਹਾਂ ਵਿਚ ਰੱਖੇ ਜਾਣ ਤੇ ਬਿਨਾਂ ਕਿਸੇ ਕਾਨੂੰਨੀ ਅਮਲ ਦੇ ਇਨ੍ਹਾਂ ਨੂੰ ਇਕ ਦੇਸ਼ ਤੋਂ ਦੂਜੇ ਦੇਸ਼ਾਂ ਵਿਚ ਲਿਜਾਏ ਜਾਣ ਦੇ ਦਹਿਲਾ ਦੇਣ ਵਾਲੇ ਤੱਥ ਹਨ।

2009 ਵਿਚ ਇਸ ਸੰਗਠਨ ਨਾਲ ਕੌਮੀ ਸੁਰੱਖਿਆ ਤੇ ਅਤਿਵਾਦ ਵਿਰੁਧ ਸੀਨੀਅਰ ਲੀਗਲ ਅਫਸਰ ਵਜੋਂ ਜੁੜੀ ਅੰਮ੍ਰਿਤ ਸਿੰਘ ਅਨੁਸਾਰ ਅਜਿਹੇ ਪ੍ਰੋਗਰਾਮਾਂ ਲਈ ਨੈਤਿਕ ਜ਼ਿੰਮੇਵਾਰੀ ਅਮਰੀਕਾ ਦੇ ਨਾਲ-ਨਾਲ ਉਨ੍ਹਾਂ ਮੁਲਕਾਂ ਜ਼ਿੰਮੇ ਵੀ ਹੈ ਜੋ ਇਸ ਦੇ ਭਾਈਵਾਲ ਬਣੇ ਸਨ। ਇਸ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਵਿਦੇਸ਼ੀ ਸਰਕਾਰਾਂ ਵੀ ਗੁਪਤ ਜੇਲ੍ਹਾਂ ਵਿਚੋਂ ਇਨ੍ਹਾਂ ਕੈਦੀਆਂ ਨੂੰ ਬਚਾਉਣ ਤੇ ਆਪਣੇ ਖਿੱਤਿਆਂ ਵਿਚ ਉਨ੍ਹਾਂ ਦੀ ਅਲੋਕਾਰ ਸਪੁਰਦਗੀ ਰੋਕਣ ਵਿਚ ਅਸਫਲ ਰਹੀਆਂ ਸਨ। ਇਨ੍ਹਾਂ ਅਪਰੇਸ਼ਨਾਂ ਵਿਚ ਹਿੱਸਾ ਲੈਣ ਵਾਲੀਆਂ ਸਰਕਾਰਾਂ ਤੇ ਏਜੰਸੀਆਂ ਬਾਰੇ ਜਾਂਚ ਕਰਾਉਣਾ ਤਾਂ ਦੂਰ ਦੀ ਗੱਲ ਹੈ।

ਅਫਰੀਕਾ, ਏਸ਼ੀਆ, ਆਸਟਰੇਲੀਆ, ਯੂਰਪ ਤੇ ਉੱਤਰੀ ਅਮਰੀਕਾ ਜਿਹੇ ਮਹਾਦੀਪਾਂ ਵਿਚਲੇ ਦੇਸ਼ਾਂ ਤੇ ਅਫਗਾਨਿਸਤਾਨ, ਕੈਨੇਡਾ, ਮਿਸਰ, ਜਰਮਨੀ, ਇਰਾਨ, ਲਿਬੀਆ, ਪਾਕਿਸਤਾਨ, ਸਾਊਦੀ ਅਰਬ, ਸ੍ਰੀਲੰਕਾ ਤੇ ਬਰਤਾਨੀਆ ਦੀਆਂ ਸਰਕਾਰਾਂ ਦੀ ਇਸ ਰਿਪੋਰਟ ਵਿਚ ਸ਼ਨਾਖਤ ਕੀਤੀ ਗਈ ਹੈ।


Pacific Coast Law Firm P.C.
A Professional Corporation
2351 W. March Lane, Ste A, Stockton, CA 95207
704 I Street, Ste B, Modesto, CA 95253
(209) 475-6001

DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)
* Child Custody/Visitation
* Child Support
* Spousal Support/Alimony
* Property Division
* Restraining Orders
* Guardianships

IMMIGRATION LAW (ਇਮੀਗਰੇਸ਼ਨ ਲਾਅ)
* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

BANKRUPTCY (ਬੈਂਕਰਪਸੀ)
* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)
· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

TAX LAW (ਟੈਕਸ ਲਾਅ)
* Offers In Compromise * Payment Plans

SOCIAL SECURITY & VETERAN DISABILITY (ਸੋਸ਼ਲ ਸਿਕਿਊਰਿਟੀ ਅਤੇ ਵੈਟਰਨ ਡਿਸਏਬਲਿਟੀ)
* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*

# ਪੰਜਾਬ ਪੁਲਿਸ ਖਿਲਾਫ਼ ਰਿਕਾਰਡਤੋੜ ਸ਼ਿਕਾਇਤਾਂ

## ਫਾਜ਼ਿਲਕਾ 'ਚ ਹੋਇਆ ਤਿੰਨ ਗੁਣਾ ਵਾਧਾ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਲੰਘੇ ਸਾਲ ਦੌਰਾਨ ਪੁਲਿਸ ਖ਼ਿਲਾਫ਼ ਮਿਲੀਆਂ ਸ਼ਿਕਾਇਤਾਂ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸਭ ਤੋਂ ਜ਼ਿਆਦਾ ਸ਼ਿਕਾਇਤਾਂ ਲੁਧਿਆਣਾ ਪੁਲਿਸ ਵਿਰੁੱਧ ਮਿਲੀਆਂ ਹਨ। ਫਿਰੋਜ਼ਪੁਰ ਤੇ ਗੁਰਦਾਸਪੁਰ ਤੋਂ ਸ਼ਿਕਾਇਤਾਂ ਦੀ ਗਿਣਤੀ ਘੱਟ ਹੋਈ ਹੈ। ਕਮਿਸ਼ਨ ਦੇ ਅੰਕੜਿਆਂ ਅਨੁਸਾਰ ਫ਼ਾਜ਼ਿਲਕਾ ਜ਼ਿਲ੍ਹੇ ਦੀ ਪੁਲਿਸ ਖ਼ਿਲਾਫ਼ ਸ਼ਿਕਾਇਤਾਂ ਤਿੰਨ ਗੁਣਾ ਵਧੀਆਂ ਹਨ। ਪਿਛਲੇ ਸਾਲ ਦੀਆਂ ਸ਼ਿਕਾਇਤਾਂ ਨੇ 25 ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ।

ਕਮਿਸ਼ਨ ਦੇ ਸਿਸਟਮ ਮੈਨੇਜਰ ਰੋਹਿਤ ਚਤਰਥ ਨੇ ਅੰਕੜਿਆਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਕਮਿਸ਼ਨ ਕੋਲ ਸਭ ਤੋਂ ਘੱਟ ਸ਼ਿਕਾਇਤਾਂ ਸ਼ਹੀਦ ਭਗਤ ਸਿੰਘ ਜ਼ਿਲ੍ਹੇ ਤੋਂ ਆਈਆਂ ਹਨ। 2011 ਵਿਚ ਪੁਲਿਸ ਵਿਰੁੱਧ ਸ਼ਿਕਾਇਤਾਂ ਦੀ ਗਿਣਤੀ 8562 ਸੀ ਜਦੋਂਕਿ 2012 ਵਿਚ ਵਧ ਕੇ ਇਹ ਗਿਣਤੀ 9825 ਹੋ ਗਈ ਹੈ। ਇੰਜ ਬੀਤੇ ਸਾਲ ਵਿਚ 2011 ਨਾਲੋਂ ਹਰ ਮਹੀਨੇ 105 ਸ਼ਿਕਾਇਤਾਂ ਵੱਧ ਮਿਲੀਆਂ ਹਨ ਤੇ ਇਹ ਹਰ ਰੋਜ਼ ਤਿੰਨ ਤੋਂ ਜ਼ਿਆਦਾ ਹਨ।

ਫ਼ਾਜ਼ਿਲਕਾ ਪੁਲਿਸ ਖ਼ਿਲਾਫ਼ 2011 ਵਿਚ ਕੁੱਲ 32 ਸ਼ਿਕਾਇਤਾਂ ਆਈਆਂ ਸਨ ਜਦੋਂਕਿ ਅਗਲੇ ਸਾਲ ਇਹ ਗਿਣਤੀ ਇਕਦਮ ਵਧ ਕੇ 106 ਨੂੰ ਜਾ ਪੁੱਜੀ ਹੈ। ਜੇਲ੍ਹ ਪੁਲਿਸ ਵਿਰੁੱਧ ਪ੍ਰਾਪਤ ਹੋਈਆਂ 3786 ਸ਼ਿਕਾਇਤਾਂ ਦੀ ਗਿਣਤੀ ਇਸ ਤੋਂ ਵੱਖਰੀ ਹੈ। ਕਮਿਸ਼ਨ ਦੇ ਹੋਂਦ ਆਉਣ ਤੋਂ ਇਕ ਸਾਲ ਬਾਅਦ ਤੱਕ ਜੇਲ੍ਹ ਪੁਲਿਸ ਖ਼ਿਲਾਫ਼ ਸਿਰਫ 257 ਸ਼ਿਕਾਇਤਾਂ ਆਈਆਂ ਸਨ ਜਦੋਂਕਿ ਇਕ ਦਹਾਕੇ ਤੋਂ ਗਿਣਤੀ ਹਰੇਕ ਸਾਲ ਤਿੰਨ ਹਜ਼ਾਰ ਤੋਂ ਵੱਧ ਨੂੰ ਟੱਪਣ ਲੱਗੀ ਹੈ। ਕਮਿਸ਼ਨ ਦੇ ਅੰਕੜੇ ਦੱਸਦੇ ਹਨ ਕਿ ਲੁਧਿਆਣਾ ਪੁਲਿਸ ਵਿਰੁੱਧ 2012 ਵਿਚ 1268 ਸ਼ਿਕਾਇਤਾਂ ਆਈਆਂ ਹਨ ਜਦਕਿ ਸੰਨ 2011 ਵਿਚ ਇਹ ਗਿਣਤੀ 1074 ਸੀ। ਇਸ ਤੋਂ ਬਾਅਦ ਅੰਮ੍ਰਿਤਸਰ ਪੁਲਿਸ ਖ਼ਿਲਾਫ਼ ਵੱਧ ਸ਼ਿਕਾਇਤਾਂ ਮਿਲੀਆਂ ਹਨ। ਇਹ ਗਿਣਤੀ 2011 ਦੇ ਮੁਕਾਬਲੇ 1024 ਤੋਂ ਵਧ ਕੇ 1225 ਹੋ ਗਈ ਹੈ। ਦੋਹਾਂ ਜ਼ਿਲ੍ਹਿਆਂ ਦੀ ਪੁਲਿਸ ਖਿਲਾਫ਼ ਹੀ ਬਰਾਬਰ ਦੀ ਗਿਣਤੀ ਵਿਚ ਇਜ਼ਾਫਾ ਹੋਇਆ ਹੈ। ਬਠਿੰਡਾ ਜ਼ਿਲ੍ਹੇ ਦੀ ਪੁਲੀਸ ਵਿਰੁੱਧ 2011 ਨਾਲੋਂ 2012 ਵਿਚ ਸ਼ਿਕਇਤਾਂ ਦੀ ਗਿਣਤੀ 502 ਤੋਂ ਵਧ ਕੇ 573 ਹੋ ਗਈ ਹੈ।

ਫ਼ਰੀਦਕੋਟ ਵਿਚ ਇਹ ਗਿਣਤੀ 310 ਤੋਂ ਵਧ ਕੇ 348 ਦੱਸੀ ਗਈ ਹੈ। ਫਤਿਹਗੜ੍ਹ ਵਿਚ 139 ਤੋਂ 140, ਹੁਸ਼ਿਆਰਪੁਰ ਵਿਚ 257 ਤੋਂ 290, ਜਲੰਧਰ ਵਿਚ 484 ਤੋਂ 596, ਕਪੂਰਥਲਾ ਵਿਚ 217 ਤੋਂ 226, ਮਾਨਸਾ ਵਿਚ 231 ਤੋਂ 277, ਮੋਗਾ ਵਿਚ 325 ਤੋਂ 409, ਮੁਕਤਸਰ ਸਾਹਿਬ ਵਿਚ 323 ਤੋਂ 474, ਸ਼ਹੀਦ ਭਗਤ ਸਿੰਘ ਨਗਰ ਵਿਚ 86 ਤੋਂ 101, ਪਟਿਆਲਾ ਵਿਚ 626 ਤੋਂ 695, ਰੋਪੜ ਵਿਚ 112 ਤੋਂ 123, ਸੰਗਰੂਰ ਵਿਚ 384 ਤੋਂ 464, ਤਰਨਤਾਰਨ ਵਿਚ 488 ਤੋਂ 652, ਬਰਨਾਲਾ ਵਿਚ 133 ਤੋਂ 174, ਮੁਹਾਲੀ ਵਿਚ 86 ਤੋਂ ਵਧ ਕੇ 101 ਤੇ ਪਠਾਨਕੋਟ ਵਿਚ 67 ਤੋਂ ਵਧ ਕੇ 82 ਹੋ ਗਈ ਹੈ। ਪਿਛਲੇ ਸਾਲ ਲੋਕਾਂ ਨੇ 2011 ਦੀ ਨਿਸਬਤ ਦੋ ਜ਼ਿਲ੍ਹਿਆਂ ਦੀ ਪੁਲਿਸ ਵਿਰੁੱਧ ਘੱਟ ਸ਼ਿਕਾਇਤ ਕੀਤੀ ਹੈ। ਇਨ੍ਹਾਂ ਵਿਚ ਫਿਰੋਜ਼ਪੁਰ ਤੇ ਗੁਰਦਾਸਪੁਰ ਦੇ ਨਾਂ ਦੱਸੇ ਗਏ ਹਨ। ਫਤਿਹਗੜ੍ਹ ਜ਼ਿਲ੍ਹੇ ਦੀ ਪੁਲਿਸ ਵਿਰੁੱਧ ਸਿਰਫ ਇਕ ਸ਼ਿਕਾਇਤ ਦਾ ਹੀ ਵਾਧਾ ਹੋਇਆ ਹੈ। ਜ਼ਿਲ੍ਹਾ ਫਿਰੋਜ਼ਪੁਰ ਦੀ ਪੁਲਿਸ ਖ਼ਿਲਾਫ਼ ਸ਼ਿਕਾਇਤਾਂ 724 ਤੋਂ ਘਟ ਕੇ 519 ਰਹਿ ਗਈਆਂ ਹਨ ਜਦੋਂਕਿ ਗੁਰਦਾਸਪੁਰ ਜ਼ਿਲ੍ਹੇ ਤੋਂ ਵੀ ਸ਼ਿਕਾਇਤਾਂ ਦੀ ਗਿਣਤੀ 650 ਦੀ ਥਾਂ ਘਟ ਕੇ 543 ਰਹਿ ਗਈ ਹੈ। ਕਮਿਸ਼ਨ ਕੋਲ 2012 ਵਿਚ ਕੁੱਲ ਵਿਚ 18322 ਸ਼ਿਕਇਤਾਂ ਆਈਆਂ ਸਨ। ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਪੁਲਿਸ ਖ਼ਿਲਾਫ਼ 9825 ਸ਼ਿਕਾਇਤਾਂ ਹਨ। ਪਿਛਲੇ ਸਾਲ ਦੀਆਂ ਸ਼ਿਕਾਇਤਾਂ ਨੇ 25 ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ।

# ਸੁਨੱਖੇ ਚੰਡੀਗੜ੍ਹ ਦੇ ਸੁਹੱਪਣ ਨੂੰ ਖਾ ਗਈ ਨਜ਼ਰ !

**ਚੰਡੀਗੜ੍ਹ:** ਚੰਡੀਗੜ੍ਹ ਵਿਚ ਪਿਛਲੇ ਪੰਜ ਸਾਲਾਂ ਦੌਰਾਨ ਆਤਮ-ਹੱਤਿਆਵਾਂ ਦਾ ਰੁਝਾਨ ਵਧਿਆ ਹੈ। ਉਂਜ ਇੱਕਵੀਂ ਸਦੀ ਦੇ ਪਹਿਲੇ ਦਹਾਕੇ ਦੇ ਸ਼ੁਰੂ ਦੇ ਸਾਲਾਂ ਵਿਚ ਹੁਣ ਨਾਲੋਂ ਵੀ ਵੱਧ ਲੋਕ ਆਪਣੀ ਜੀਵਨ ਲੀਲਾ ਖਤਮ ਕਰ ਲੈਂਦੇ ਹਨ। ਇਹ ਜਾਣਕਾਰੀ ਗੌਰਮਿੰਟ ਮੈਡੀਕਲ ਕਾਲਜ ਤੇ ਹਸਪਤਾਲ ਸੈਕਟਰ 32 ਵੱਲੋਂ ਕਰਵਾਏ ਸਰਵੇਖਣ ਤੋਂ ਸਾਹਮਣੇ ਆਏ ਹਨ।

ਹਸਪਤਾਲ ਦੇ ਮਨੋਰੋਗ ਵਿਭਾਗ ਦੇ ਮੁਖੀ ਡਾਕਟਰ ਆਰ.ਚਵਾਨ ਦਾ ਕਹਿਣਾ ਹੈ ਕਿ ਤਣਾਅ, ਨਸ਼ਾ ਤੇ ਇਕੱਲਾਪਣ ਆਤਮ-ਹੱਤਿਆ ਦੇ ਮੁੱਖ ਕਾਰਨ ਨਜ਼ਰ ਆ ਰਹੇ ਹਨ। ਇਸ ਤੋਂ ਬਿਨਾਂ ਡੌਨ ਪਰਿਵਾਰ ਤੇ ਆਪਸ ਵਿਚਲੀ ਸਮਝੌਤੇ ਦੀ ਘਾਟ ਵੀ ਆਤਮ-ਹੱਤਿਆ ਦਾ ਕਾਰਨ ਬਣਨ ਲੱਗੇ ਹਨ। ਮੁਕਾਬਲੇ ਦੀ ਭਾਵਨਾ ਤੇ ਮਨੁੱਖੀ ਜ਼ਿੰਦਗੀ ਵਿਚ ਆ ਰਿਹਾ ਪਰਿਵਰਤਨ ਵੀ ਬਹੁਤਿਆਂ ਨੂੰ ਆਪਣੀ ਜੀਵਨ ਲੀਲਾ ਖਤਮ ਕਰਨ ਲਈ ਮਜਬੂਰ ਕਰਦਾ ਨਜ਼ਰ ਆ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੇਵਲ ਚੰਡੀਗੜ੍ਹ ਵਿਚ ਹੀ ਨਹੀਂ ਪੂਰੀ ਦੁਨੀਆ ਵਿਚ ਆਤਮ-ਹੱਤਿਆ ਦੀਆਂ ਵਾਰਦਾਤਾਂ ਵਿਚ ਵਾਧਾ ਹੋ ਰਿਹਾ ਹੈ। ਵਧਦੀ ਮਹਿੰਗਾਈ ਤੇ ਆਰਥਿਕ ਤੰਗੀਆਂ ਨਾਲ ਜੂਝਦੇ ਲੋਕ ਵੀ ਆਪਣੇ ਆਪ ਨੂੰ ਖਤਮ ਕਰਨ ਲਈ ਤੁਲ ਜਾਂਦੇ ਹਨ।

ਪੰਜਾਬ ਯੂਨੀਵਰਸਿਟੀ ਦੇ ਮਨੋਵਿਗਿਆਨ ਵਿਭਾਗ ਦੇ ਪ੍ਰੋਫੈਸਰ ਅਨੁਰਾਧਾ ਭੰਡਾਰੀ ਮੰਨਦੇ ਹਨ ਕਿ ਬੰਦਾ ਉਸ ਵੇਲੇ ਖੁਦਕੁਸ਼ੀ ਕਰਨ ਦੇ ਰਾਹ ਵੱਲ ਨੂੰ ਤੁਰਦਾ ਹੈ ਜਦੋਂ ਉਸ ਨੂੰ ਲੱਗਦਾ ਹੈ ਕਿ ਦੁੱਖਾਂ ਦਾ ਕੋਈ ਹੱਲ ਨਹੀਂ ਰਿਹਾ। ਮਨੁੱਖ ਅਜਿਹਾ ਫੈਸਲਾ ਦੁਖਦਾਈ ਸਟੇਜ 'ਤੇ ਆ ਕੇ ਲੈਂਦਾ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਬੰਦਾ ਜਦੋਂ ਵਿੱਤੀ ਤੰਗੀ-ਤੁਰਸ਼ੀਆਂ, ਇਕੱਲੇਪਣ ਤੇ ਤਣਾਅ ਵਿਚ ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਕਰਨ ਲੱਗ ਪੈਂਦਾ ਹੈ ਤਾਂ ਉਸ ਨੂੰ ਲੱਗਣ ਲੱਗ ਪੈਂਦਾ ਹੈ ਕਿ ਇਸ ਨਾਲੋਂ ਤਾਂ ਮੌਤ ਹੀ ਬਿਹਤਰ ਹੈ। ਉਨ੍ਹਾਂ ਨੇ ਸਮਾਜ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਲੋਕਾਂ ਨੂੰ ਆਤਮ-ਹੱਤਿਆਵਾਂ ਤੋਂ ਬਚਣ ਲਈ ਜਾਗਰੂਕ ਕਰਨ ਲਈ ਕਿਹਾ। ਉਨ੍ਹਾਂ ਦਾ ਮੰਨਣਾ ਹੈ ਕਿ ਵੱਡਿਆਂ ਦੀ ਨਿਸਬਾਹ, ਅਲ੍ਹੜ ਉਮਰ ਦੇ ਲੋਕ ਜ਼ਿਆਦਾ ਨਿਰਾਸ਼ਾ ਦੇ ਦੌਰ ਵਿਚੋਂ ਦੀ ਲੰਘਦੇ ਹਨ।

# ਸੈਂਸਰ ਬੋਰਡ ਵੱਲੋਂ 'ਸਾਡਾ ਹੱਕ' ਨੂੰ ਹਰੀ ਝੰਡੀ

**ਚੰਡੀਗੜ੍ਹ:** ਲੰਮੇ ਸਮੇਂ ਤੋਂ ਵਿਵਾਦਾਂ ਤੇ ਸੈਂਸਰ ਬੋਰਡ ਦਾ ਸ਼ਿਕਾਰ ਬਣੀ ਪੰਜਾਬੀ ਫਿਲਮ 'ਸਾਡਾ ਹੱਕ' ਨੂੰ ਆਖਰ ਆਪਣਾ ਹੱਕ ਮਿਲ ਹੀ ਗਿਆ। ਸੈਂਸਰ ਬੋਰਡ ਵੱਲੋਂ ਫਿਲਮ 'ਤੇ ਲਾਈ ਰੋਕ ਨੂੰ ਹਟਾਉਂਦਿਆਂ 'ਫਿਲਮ ਸਰਟੀਫਿਕੇਸ਼ਨ ਅਪੀਲੈਂਟ ਟ੍ਰਿਬਿਊਨਲ' ਨੇ ਇਸ ਵਿਚ ਕੁਝ ਸੋਧਾਂ ਕਰਕੇ ਫਿਲਮ ਰਿਲੀਜ਼ ਕਰਨ ਨੂੰ ਹੀ ਨਹੀਂ ਸਗੋਂ ਸੈਂਸਰ ਬੋਰਡ ਨੂੰ 'ਯੂ' ਸਰਟੀਫਿਕੇਟ ਦੇਣ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਫਿਲਮ ਪੰਜ ਅਪਰੈਲ ਨੂੰ ਵਿਸ਼ਵ ਭਰ ਵਿਚ ਰਿਲੀਜ਼ ਹੋਵੇਗੀ।

ਫਿਲਮ ਵਿਚ ਮੁੱਖ ਭੂਮਿਕਾ ਨਿਭਾਅ ਰਹੇ ਕਲਾਕਾਰ ਕੁਲਜਿੰਦਰ ਸਿੰਘ ਸਿੱਧੂ ਨੇ ਦੱਸਿਆ ਫਿਲਮ 'ਤੇ ਸੈਂਸਰ ਬੋਰਡ ਵੱਲੋਂ ਲਾਈ ਰੋਕ ਨਾਲ ਉਨ੍ਹਾਂ ਨੂੰ ਕਾਫ਼ੀ ਧੱਕਾ ਲੱਗਾ ਸੀ। ਇਸ ਉਪਰੰਤ ਮੁੰਬਈ ਬੋਰਡ ਦੀ ਰਿਵਿਊ ਕਮੇਟੀ ਨੇ ਵੀ ਬਿਨਾ ਕੋਈ ਕਾਰਨ ਦੱਸੇ ਫਿਲਮ 'ਤੇ ਰੋਕ ਲਾ ਦਿੱਤੀ ਸੀ। ਉਨ੍ਹਾਂ ਮੁੜ ਅਪੀਲ ਕੀਤੀ ਜਿਸ ਦੇ ਸਿੱਟੇ ਵਜੋਂ ਲੰਮੀ ਚੌੜੀ ਚਿੱਠੀ ਲਿਖ ਕੇ ਇਸ ਨੂੰ ਦੇਸ਼ ਵਿਰੋਧੀ ਦੱਸਿਆ ਗਿਆ ਤੇ ਕੁਝ ਧਾਰਮਿਕ ਮਾਨਤਾਵਾਂ, ਵਿਚਾਰਧਾਰਾਵਾਂ, ਫਲਸਫੇ 'ਤੇ ਇਤਰਾਜ਼ ਉਠਾਏ ਗਏ।

ਸ. ਸਿੱਧੂ ਨੇ ਦੱਸਿਆ ਕਿ ਇਸ ਘੜੀ ਵਿੱਚ ਪੰਜਾਬ ਦੇ ਕਲਾਕਾਰਾਂ, ਸ਼੍ਰੋਮਣੀ ਕਮੇਟੀ, ਗਲੋਬਲ ਫਾਉਂਡੇਸ਼ਨ ਤੇ ਏਆਈਐਫ ਤੇ ਹੋਰਾਂ ਨੇ ਉਨ੍ਹਾਂ ਦਾ ਸਾਥ ਦਿੱਤਾ ਜਿਸ 'ਤੇ ਕਾਨੂੰਨੀ ਮਾਹਿਰਾਂ ਦੀ ਸਲਾਹ ਨਾਲ ਫਿਲਮ ਸੈਂਸਰ ਬੋਰਡ ਦੀ ਸਰਵ ਉੱਚ ਸੰਸਥਾ 'ਫਿਲਮ ਸਰਟੀਫਿਕੇਸ਼ਨ ਅਪੀਲੈਂਟ ਟ੍ਰਿਬਿਊਨਲ' ਕੋਲ ਪਹੁੰਚ ਕੀਤੀ। ਟ੍ਰਿਬਿਊਨਲ ਦੇ ਚੇਅਰਮੈਨ ਲਲਿਤ ਭਸੀਨ ਤੇ ਰਿਵਿਊ ਕਮੇਟੀ




ਦੇ ਮੈਂਬਰਾਂ ਦੀ ਹਾਜ਼ਰੀ ਵਿਚ ਜਦੋਂ ਫਿਲਮ ਦੀ ਸਕਰੀਨਿੰਗ ਹੋਈ ਤਾਂ ਚੇਅਰਮੈਨ ਨੇ ਕਿਹਾ ਇਸ ਵਿਚ ਕੁਝ ਵੀ ਗਲਤ ਨਹੀਂ।

ਉਨ੍ਹਾਂ ਨੇ ਅੰਤ ਵਿਚ ਛੋਟੇ ਛੋਟੇ ਬਦਲਾਅ ਕਰਨ ਦੇ ਸੁਝਾਅ ਦਿੱਤੇ ਜੋ ਪੂਰੇ ਕਰ ਲਏ ਹਨ। ਇਸ ਤਰ੍ਹਾਂ ਫਿਲਮ ਨੂੰ ਰਿਲੀਜ਼ ਹੋਣ ਦਾ ਹੱਕ ਮਿਲ ਗਿਆ ਹੈ। ਸ. ਸਿੱਧੂ ਨੇ ਅੱਗੇ ਦੱਸਿਆ ਕਿ ਪੰਜਾਬ ਦੇ ਦੁਖਾਂਤ ਉੱਤੇ ਬਣੀ ਇਹ ਪਹਿਲੀ ਪੰਜਾਬੀ ਫਿਲਮ ਹੈ ਜੋ ਸੱਚ ਤੇ ਸਹੀ ਤੱਥਾਂ 'ਤੇ ਅਧਾਰਤ ਹੈ। ਫਿਲਮ ਵਿਚ ਪੰਜਾਬ ਨੇ ਪਿਛਲੇ ਵਰ੍ਹਿਆਂ ਵਿਚ ਭੋਗੇ ਗਏ ਸੰਤਾਪ ਵਿੱਚ ਆਮ ਲੋਕਾਂ ਦੀ ਹਾਲਤ, ਪੁਲਿਸ ਦੀ ਕਾਰਗੁਜ਼ਾਰੀ, ਜ਼ਿਆਦਤੀਆਂ, ਇਸ ਦੇ ਕਾਰਨ ਤੇ ਪੀੜਤ ਲੋਕਾਂ ਦੇ ਦਰਦ ਨੂੰ ਪੇਸ਼ ਕੀਤਾ ਗਿਆ ਹੈ। ਫਿਲਮ ਦੇ ਅੰਤ ਵਿਚ ਦੇਸ਼ ਦੀ ਏਕਤਾ, ਅਖੰਡਤਾ ਤੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਗਿਆ ਹੈ। ਇਸ ਨਾਲ ਨੌਜਵਾਨਾਂ ਨੂੰ ਸੇਧ ਮਿਲੇਗੀ ਤਾਂ ਕਿ ਅਜਿਹਾ ਦੁਖਾਂਤ ਪੰਜਾਬ ਨੂੰ ਫਿਰ ਨਾ ਹੰਢਾਉਣਾ ਪਵੇ। ਇਸ ਮੌਕੇ ਫਿਲਮ ਦੇ ਨਿਰਦੇਸ਼ਕ ਬੈਨੀਪਾਲ ਨੇ ਦੱਸਿਆ ਕਿ ਟ੍ਰਿਬਿਊਨਲ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਰੌਸ਼ਨੀ ਵਿਚ ਫਿਲਮ ਦੀ ਐਡੀਟਿੰਗ ਦਾ ਕਾਰਜ ਸ਼ੁਰੂ ਹੋ ਚੁੱਕਿਆ ਹੈ। ਫਿਲਮ ਪੰਜ ਅਪਰੈਲ ਨੂੰ ਵਿਸ਼ਵ ਭਰ ਵਿਚ ਰਿਲੀਜ਼ ਹੋ ਰਹੀ ਹੈ।

# ਵਿਜੀਲੈਂਸ ਦਾ ਵਿੰਗ ਸੂਚਨਾ ਕਾਨੂੰਨ ਦੇ ਘੇਰੇ ਵਿਚੋਂ ਬਾਹਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਜੀਲੈਂਸ ਬਿਊਰੋ ਵਿਚ ਕਾਇਮ ਕੀਤੇ 'ਆਰਥਿਕ ਇੰਟੈਲੀਜੈਂਸ ਯੂਨਿਟ' ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਵਿਚੋਂ ਬਾਹਰ ਕਰ ਦਿੱਤਾ ਹੈ। ਸਰਕਾਰ ਦਾ ਇਹ ਕਦਮ ਸੂਚਨਾ ਅਧਿਕਾਰ ਕਾਨੂੰਨ ਦੇ ਪਰ ਕੁਤਰਨ ਦੀ ਦਿਸ਼ਾ ਵੱਲ ਕਦਮ ਮੰਨਿਆ ਜਾ ਰਿਹਾ ਹੈ। ਪ੍ਰਸ਼ਾਸਕੀ ਸੁਧਾਰ ਵਿਭਾਗ ਵੱਲੋਂ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਬਿਊਰੋ ਵਿਚ ਭ੍ਰਿਸ਼ਟਾਚਾਰ ਬਾਰੇ ਆਰਥਿਕ ਮਾਮਲਿਆਂ ਨਾਲ ਨਜਿੱਠਣ ਲਈ ਪਹਿਲਾਂ ਹੀ ਆਰਥਿਕ ਅਪਰਾਧ ਸ਼ਾਖਾ ਕਾਇਮ ਕੀਤੀ ਹੋਈ ਹੈ। ਬਿਊਰੋ ਵੱਲੋਂ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਭ੍ਰਿਸ਼ਟਾਚਾਰੀਆਂ ਵਿਰੁੱਧ ਕਾਰਵਾਈ ਕਰਨ ਲਈ ਹੁਣ 'ਆਰਥਿਕ ਇੰਟੈਲੀਜੈਂਸ ਯੂਨਿਟ' ਕਾਇਮ ਕੀਤਾ ਹੈ।

ਬਿਊਰੋ ਦੇ ਮੁਖੀ ਸੁਰੇਸ਼ ਅਰੋੜਾ ਦਾ ਦਾਅਵਾ ਹੈ ਕਿ ਸਰਕਾਰ ਦੇ ਇਸ ਤਾਜ਼ਾ ਫੈਸਲੇ ਮੁਤਾਬਕ ਬਿਊਰੋ ਜਾਂ ਨਵੇਂ ਕਾਇਮ ਕੀਤੇ ਯੂਨਿਟ ਦੀਆਂ ਸਮੁੱਚੀਆਂ ਸਰਗਰਮੀਆਂ ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਵਿਚੋਂ ਕੱਢਿਆ ਨਹੀਂ ਗਿਆ। ਸਿਰਫ਼ ਉਸ ਤਰ੍ਹਾਂ ਦੀ ਜਾਣਕਾਰੀ ਹੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਨਹੀਂ ਦਿੱਤੀ ਜਾਵੇਗੀ ਜੋ ਖ਼ੁਫ਼ੀਆ ਤਰੀਕੇ ਨਾਲ ਇਕੱਠੀ ਕੀਤੀ ਗਈ ਹੋਵੇ ਤੇ ਜਿਸ ਦਾ ਮਾਮਲੇ ਦੀ ਤਫ਼ਤੀਸ਼ 'ਤੇ ਅਸਰ ਪੈਂਦਾ ਹੋਵੇ। ਨਵੇਂ ਯੂਨਿਟ ਦੀ ਮੁਖੀ ਆਈ.ਜੀ. ਰੈਂਕ ਦੀ ਅਧਿਕਾਰੀ ਵੀ. ਨੀਰਜਾ ਨੂੰ ਲਾਇਆ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਇਹ ਨੋਟੀਫਿਕੇਸ਼ਨ ਸੂਚਨਾ ਅਧਿਕਾਰ ਕਾਨੂੰਨ ਦੇ ਸਬ ਸੈਕਸ਼ਨ ਚਾਰ ਦੇ ਸੈਕਸ਼ਨ 24 ਦੇ ਅਧੀਨ ਜਾਰੀ ਕੀਤਾ ਗਿਆ ਹੈ। ਪ੍ਰਸ਼ਾਸਕੀ ਸੁਧਾਰ ਵਿਭਾਗ ਦੇ ਪ੍ਰਮੁੱਖ ਸਕੱਤਰ ਸੀ. ਰਾਊਲ ਦਾ ਕਹਿਣਾ ਹੈ ਕਿ ਇਹ ਕਾਨੂੰਨ ਬੇਸ਼ੱਕ ਪਾਰਲੀਮੈਂਟ ਵੱਲੋਂ ਪਾਸ ਕੀਤੇ ਜਾਣ ਤੋਂ ਬਾਅਦ ਹੋਂਦ ਵਿਚ ਆਇਆ ਹੈ ਪਰ ਉਕਤ ਸੈਕਸ਼ਨ ਅਧੀਨ ਰਾਜ ਸਰਕਾਰ ਨੂੰ ਅਧਿਕਾਰ ਦਿੱਤੇ ਗਏ ਹਨ ਕਿ ਰਾਜ ਸਰਕਾਰਾਂ ਕਿਸੇ ਵਿਭਾਗ ਵਿਸ਼ੇਸ਼ ਨੂੰ ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਰੱਖ ਸਕਦੀਆਂ ਹਨ।

ਰਾਜ ਸਰਕਾਰ ਵੱਲੋਂ ਇਸ ਤੋਂ ਪਹਿਲਾਂ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.), ਪੰਜਾਬ ਪੁਲਿਸ ਦੇ ਸੁਰੱਖਿਆ ਵਿੰਗ ਤੇ ਖ਼ੁਫ਼ੀਆ ਵਿੰਗ (ਸੀਆਈਡੀ) ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਵਿਚੋਂ ਬਾਹਰ ਰੱਖਿਆ ਹੋਇਆ ਹੈ। ਹੁਣ ਵਿਜੀਲੈਂਸ ਦਾ ਇਕ ਵਿੰਗ ਵੀ ਬਾਹਰ ਹੋ ਗਿਆ।

***ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹੋਰਾਂ ਵਿਰੁੱਧ ਵਿਜੀਲੈਂਸ ਨੇ ਦਹਾਕਾ ਪਹਿਲਾਂ ਜਿਹੜਾ ਮਾਮਲਾ ਦਰਜ ਕੀਤਾ ਸੀ, ਬਾਦਲ ਪਰਿਵਾਰ ਉਸ ਕੇਸ ਵਿਚੋਂ ਬਰੀ ਹੋ ਚੁੱਕਾ ਹੈ। ਇਸ ਕੇਸ ਦੀ ਜਾਣਕਾਰੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਦੇਣ ਵੇਲੇ ਬਿਊਰੋ ਵੱਲੋਂ ਅਕਸਰ ਬਹਾਨੇ ਘੜੇ ਜਾਂਦੇ ਹਨ।***

ਸੂਚਨਾ ਅਧਿਕਾਰ ਕਾਨੂੰਨ ਦੇ ਸਬ ਸੈਕਸ਼ਨ ਚਾਰ ਦੇ ਸੈਕਸ਼ਨ 24 ਮੁਤਾਬਕ ਸੁਰੱਖਿਆ ਏਜੰਸੀਆਂ ਤੇ ਖ਼ੁਫੀਆ ਏਜੰਸੀਆਂ ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਵਿਚੋਂ ਬਾਹਰ ਰੱਖਿਆ ਜਾ ਸਕਦਾ ਹੈ। ਕਾਨੂੰਨ ਦੇ ਇਸ ਮਦ ਵਿਚ ਇਹ ਵੀ ਦਰਜ ਹੈ ਕਿ ਜੇਕਰ ਉਕਤ ਏਜੰਸੀਆਂ ਭ੍ਰਿਸ਼ਟਚਾਰ ਦੇ ਕਿਸੇ ਮਾਮਲੇ ਦੀ ਪੜਤਾਲ ਕਰਦੀਆਂ ਹਨ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਹੈ, ਉੱਥੇ ਸੂਚਨਾ ਅਧਿਕਾਰ ਕਾਨੂੰਨ ਤੋਂ ਕੋਈ ਛੋਟ ਨਹੀਂ ਹੈ। ਸੂਚਨਾ ਅਧਿਕਾਰ ਕਾਨੂੰਨ ਦੀ ਇਸ ਮੱਦ ਨੂੰ ਸਰਕਾਰਾਂ ਅਤੇ ਏਜੰਸੀਆਂ ਵੱਲੋਂ ਆਪਣੇ ਢੰਗ ਨਾਲ ਵਿਆਖਿਆ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਵੱਲੋਂ ਕੁਝ ਮਹੀਨੇ ਪਹਿਲਾਂ ਇਕ ਮਹੱਤਵਪੂਰਨ ਫੈਸਲੇ ਰਾਹੀਂ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਵਿਚੋਂ ਬਾਹਰ ਕੱਢ ਦਿੱਤਾ ਸੀ। ਇਸ ਸਬੰਧੀ ਮਾਮਲਾ ਜਦੋਂ ਕੇਂਦਰੀ ਸੂਚਨਾ ਕਮਿਸ਼ਨ ਦੀ ਅਦਾਲਤ ਵਿਚ ਗਿਆ ਤਾਂ ਕਮਿਸ਼ਨ ਨੇ ਸਪੱਸ਼ਟ ਕੀਤਾ ਕਿ ਸੂਚਨਾ ਅਧਿਕਾਰ ਕਾਨੂੰਨ ਦੇ ਸਬ ਸੈਕਸ਼ਨ ਦੇ ਸੈਕਸ਼ਨ 24 ਮੁਤਾਬਕ ਇਹ ਏਜੰਸੀ ਭ੍ਰਿਸ਼ਟਾਚਾਰ ਨਾਲ ਜੁੜੇ ਮਾਮਲਿਆਂ ਦੀ ਜਾਣਕਾਰੀ ਦੇਣ ਲਈ ਪਾਬੰਦ ਹੈ। ਸੀਬੀਆਈ ਨੇ ਇਸ ਮੱਦ ਦੀ ਵਿਆਖਿਆ ਕਰਦਿਆਂ ਕਿਹਾ ਕਿ ਉਕਤ ਮਦ ਤਹਿਤ ਸਿਰਫ਼ ਸੀਬੀਆਈ ਵਿਚਲੇ ਭ੍ਰਿਸ਼ਟਾਚਾਰ ਸਬੰਧੀ ਜਾਣਕਾਰੀ ਹੀ ਹਾਸਲ ਕੀਤੀ ਜਾ ਸਕਦੀ ਹੈ। ਕੇਂਦਰੀ ਕਮਿਸ਼ਨ ਨੇ ਜਾਂਚ ਏਜੰਸੀ ਦੀ ਇਹ ਦਲੀਲ ਤਾਂ ਰੱਦ ਕਰ ਦਿੱਤੀ ਪਰ ਮਾਮਲਾ ਅਜੇ ਹਾਈ ਕੋਰਟ ਵਿਚ ਸੁਣਵਾਈ ਅਧੀਨ ਹੈ। ਕੇਂਦਰ ਸਰਕਾਰ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਦੇ ਸਿੱਧੇ ਤੌਰ 'ਤੇ ਪਰ ਕੁਤਰਨ ਤੋਂ ਬਾਅਦ ਰਾਜ ਸਰਕਾਰਾਂ ਵੀ ਹੁਣ ਇਸ ਕਾਨੂੰਨ ਦੀ ਧਾਰ ਨੂੰ ਖੁੰਢਾ ਕਰਨ 'ਤੇ ਲੱਗੀਆਂ ਹੋਈਆਂ ਹਨ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਹੋਰਾਂ ਵਿਰੁੱਧ ਵਿਜੀਲੈਂਸ ਨੇ ਦਹਾਕਾ ਪਹਿਲਾਂ ਜਿਹੜਾ ਮਾਮਲਾ ਦਰਜ ਕੀਤਾ ਸੀ ਤੇ ਬਾਦਲ ਪਰਿਵਾਰ ਉਸ ਕੇਸ ਵਿਚੋਂ ਬਰੀ ਹੋ ਚੁੱਕਾ ਹੈ। ਇਸ ਕੇਸ ਦੀ ਜਾਣਕਾਰੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਦੇਣ ਵੇਲੇ ਬਿਊਰੋ ਵੱਲੋਂ ਅਕਸਰ ਬਹਾਨੇ ਘੜੇ ਜਾਂਦੇ ਹਨ ਤੇ ਪੂਰੀ ਜਾਣਕਾਰੀ ਨਹੀਂ ਮੁਹੱਈਆ ਨਹੀਂ ਕਰਾਈ ਜਾਂਦੀ।

# ਮੋਗਾ ਜ਼ਿਮਨੀ ਚੋਣ: ਲੋਕ ਅਕਾਲੀ ਦਲ ਨੂੰ ਸਬਕ ਸਿਖਾਉਣਗੇ: ਕੈਪਟਨ ਅਮਰਿੰਦਰ ਸਿੰਘ

**ਮੋਗਾ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਮੋਗਾ ਜ਼ਿਮਨੀ ਚੋਣ ਵਿਚ ਅਕਾਲੀ ਦਲ ਨੂੰ ਹਾਰ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਦਲ ਬਦਲੂ ਜੋਗਿੰਦਰ ਪਾਲ ਜੈਨ ਵੱਲੋਂ ਕੀਤੇ ਵਿਸ਼ਵਾਸਘਾਤ ਕਾਰਨ ਹਲਕੇ ਦੇ ਲੋਕ ਉਸ ਨੂੰ ਸਜ਼ਾ ਦੇਣ ਦੇ ਰੌਂਅ ਵਿਚ ਹਨ। ਉਨ੍ਹਾਂ ਕਿਹਾ ਕਿ ਸਿਆਸੀ ਧੋਖੇਬਾਜ਼ੀਆਂ ਕਰਕੇ ਲੋਕਾਂ ਨੂੰ ਭਰਮਾਉਣ ਵਾਲੇ ਅਕਾਲੀਆਂ ਨੂੰ ਮੋਗਾ ਵਾਸੀਆਂ ਨੇ ਸਬਕ ਸਿਖਾਉਣ ਦਾ ਮਨ ਬਣਾ ਲਿਆ ਹੈ।

ਇਹ ਹਾਕਮ ਧਿਰ ਲਈ ਦੋਹਰੀ ਮਾਰ ਸਾਬਤ ਹੋਵੇਗੀ ਕਿਉਂਕਿ ਇਕ ਪਾਸੇ ਸੁਖਬੀਰ ਬਾਦਲ ਦੀ ਸ਼ਹਿ 'ਤੇ ਜੋਗਿੰਦਰ ਪਾਲ ਜੈਨ ਵੱਲੋਂ ਦਿੱਤੇ ਧੋਖੇ ਕਾਰਨ ਅਕਾਲੀ ਦਲ ਨੂੰ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਵੇਗਾ ਤੇ ਦੂਜਾ ਰਾਜ ਵਿਚਲੇ ਮਾੜੇ ਸਰਕਾਰੀ ਤੰਤਰ ਕਾਰਨ ਲੋਕ ਗੁੱਸੇ ਵਿਚ ਹਨ। ਉਨ੍ਹਾਂ ਕਿਹਾ ਕਿ ਵੋਟਰਾਂ ਦੀ ਹਮਾਇਤ ਲਈ ਅਕਾਲੀ ਦਲ ਭਾਵੇਂ ਕੋਈ ਵੀ ਸਿਆਸੀ ਖੇਡ ਖੇਡੇ ਪਰ ਉਸ ਨੂੰ ਚੋਣਾਂ ਜਿੱਤਣ ਜੋਗੀਆਂ ਵੋਟਾਂ ਨਹੀਂ ਮਿਲਣਗੀਆਂ। ਇਸ ਜ਼ਿਮਨੀ ਚੋਣ ਵਿਚ ਲੋਕ ਅਕਾਲੀ ਉਮੀਦਵਾਰ ਨੂੰ ਨਹੀਂ ਚੁਣਨਗੇ।

ਕਾਂਗਰਸ ਪਾਰਟੀ ਦੇ ਆਗੂਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਪਟਨ ਨੇ ਸਾਰਿਆਂ ਨੂੰ ਸੱਦਾ ਦਿੱਤਾ ਕਿ ਪਿਛਲੇ ਸਾਲ ਤੋਂ ਮੁੜ ਸੱਤਾ ਪ੍ਰਾਪਤੀ ਹੋਣ 'ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਅਕਾਲੀ ਦਲ-ਭਾਜਪਾ ਗਠਜੋੜ ਦੀਆਂ ਧੱਕੇਸ਼ਾਹੀਆਂ ਦਾ ਪਰਦਾਫਾਸ਼ ਕੀਤਾ ਜਾਵੇ। ਪਾਰਟੀ ਆਗੂਆਂ ਦੀਆਂ ਹਲਕੇ ਦੇ ਵੱਖ ਵੱਖ ਪੋਲਿੰਗ ਸਟੇਸ਼ਨਾਂ 'ਤੇ ਚੋਣ ਡਿਊਟੀਆਂ ਲਾਈਆਂ ਗਈਆਂ ਹਨ।

ਅਕਾਲੀ ਦਲ ਦੇ ਰਾਜ ਦਾ ਅੰਤ ਮੋਗਾ ਤੋਂ ਸ਼ੁਰੂ ਹੋਣ ਦੀ ਗੱਲ ਕਰਦਿਆਂ ਕੈਪਟਨ ਨੇ ਕਿਹਾ ਕਿ ਬਾਦਲਾਂ ਨੂੰ ਇਸ ਜ਼ਿਮਨੀ ਚੋਣ ਤੋਂ ਮਿਲਣ ਵਾਲੇ ਝਟਕੇ ਲਈ ਤਿਆਰ ਰਹਿਣਾ ਚਾਹੀਦਾ ਹੈ ਕਿਉਂਕਿ ਇਹ ਹਾਰ ਰਾਜ ਸਰਕਾਰ ਦੇ ਫੇਲ੍ਹ ਹੋਣ ਦਾ ਸਬੂਤ ਹੋਵੇਗੀ। ਸਰਕਾਰ ਵੱਲੋਂ ਭ੍ਰਿਸ਼ਟਾਚਾਰ, ਧੱਕੇਸ਼ਾਹੀਆਂ ਕੀਤੀਆਂ ਗਈਆਂ ਤੇ ਲੋਕਾਂ 'ਤੇ ਟੈਕਸਾਂ ਦੇ ਨਾਜਾਇਜ਼ ਬੋਝ ਪਾਏ ਗਏ ਹਨ। ਮੀਟਿੰਗ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਇਸ ਜ਼ਿਮਨੀ ਚੋਣ ਲਈ ਖ਼ੁਦ ਪ੍ਰਚਾਰ ਕਰਨਗੇ ਤੇ ਵੱਖ ਵੱਖ ਵਾਰਡਾਂ ਤੇ ਇਲਾਕਿਆਂ ਦੇ ਆਗੂਆਂ ਨਾਲ ਮੀਟਿੰਗਾਂ ਕਰਨਗੇ। ਉਹ ਮੋਗਾ ਸ਼ਹਿਰ ਤੇ ਹਲਕੇ ਦੇ ਸਾਰੇ 53 ਪਿੰਡਾਂ ਦੇ ਲੋਕਾਂ ਨੂੰ ਮਿਲਣਗੇ।

# ਚਮਕੌਰ ਦੀ ਗੜ੍ਹੀ ਦੀ ਖ਼ੁਦ ਵਿਗਾੜੀ ਪੁਰਾਤਨ ਦਿੱਖ ਸ਼੍ਰੋਮਣੀ ਕਮੇਟੀ ਮੁੜ ਬਹਾਲ ਕਰੇਗੀ

**ਚਮਕੌਰ ਸਾਹਿਬ:** ਚਮਕੌਰ ਸਾਹਿਬ ਦੇ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਦੀ ਪੁਰਾਣੀ ਦਿੱਖ ਨੂੰ ਮੁੜ ਬਹਾਲ ਕਰਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੇ ਆਏ ਦਿਨ ਬਿਆਨ ਆ ਰਹੇ ਹਨ ਪਰ 1987 ਵਿਚ ਗੁਰਦੁਆਰਿਆਂ ਦੇ ਨਵ ਨਿਰਮਾਣ ਬਾਰੇ ਚਮਕੌਰ ਸਾਹਿਬ ਵਿਖੇ ਚੱਲੀ 'ਕਾਰ ਸੇਵਾ' ਵਿਚ ਇਸ ਬੇਸ਼-ਕੀਮਤੀ ਇਤਿਹਾਸਕ ਤੇ ਧਾਰਮਿਕ ਸਥਾਨ ਸ੍ਰੀ ਗੜ੍ਹੀ ਸਾਹਿਬ ਦੀ ਇਮਾਰਤ ਨੂੰ ਤਹਿਸ-ਨਹਿਸ ਕਰ ਦਿੱਤਾ ਗਿਆ ਸੀ।

1987 ਵਿਚ ਜਦੋਂ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਦੇ ਨਵ-ਨਿਰਮਾਣ ਦੇ ਨਾਂ 'ਤੇ ਇਸ ਗੜ੍ਹੀ ਦਾ ਕਾਫੀ ਹਿੱਸਾ ਜੋ ਪੁਰਾਤਨ ਰੂਪ ਵਿਚ ਮੌਜੂਦ ਸੀ, ਢਾਹ ਦਿੱਤਾ ਗਿਆ ਸੀ। ਉਸ ਸਮੇਂ ਇਸ ਸਥਾਨ 'ਤੇ ਪੁਰਾਤਨ ਨਾਨਕਸ਼ਾਹੀ ਇੱਟਾਂ ਤੋਂ ਇਲਾਵਾ ਇਕ ਪੁਰਾਤਨ ਖੂਹੀ ਵੀ ਨਿਕਲੀ ਸੀ। ਇਸ ਇਤਿਹਾਸਕ ਇਮਾਰਤ ਦਾ ਖੁਰਾ ਖੋਜ ਮਿਟਾਉਣ ਤੋਂ ਬਾਅਦ ਕਾਰ ਸੇਵਾ ਵਾਲੇ ਬਾਬਾ ਹਰਬੰਸ ਸਿੰਘ ਨੇ ਇਸ ਸਥਾਨ 'ਤੇ ਸੰਗਮਰਮਰੀ ਆਲੀਸ਼ਾਨ ਇਮਾਰਤ ਬਣਾ ਦਿੱਤੀ। ਹੁਣ ਜਦੋਂ ਇਸ ਘਟਨਾ ਨੂੰ ਬੀਤਿਆਂ 25 ਸਾਲ ਦੇ ਕਰੀਬ ਸਮਾਂ ਬੀਤ ਚੁੱਕਾ ਹੈ ਤਾਂ ਸ਼੍ਰੋਮਣੀ ਕਮੇਟੀ ਨੂੰ ਸੰਗਤਾਂ ਦੀ ਮੰਗ 'ਤੇ ਇਸ ਦਾ ਪੁਰਾਤਨ ਰੂਪ ਬਹਾਲ ਕਰਨ ਦਾ ਖਿਆਲ ਆਇਆ ਹੈ।

ਇਸ ਬਾਰੇ ਜੋੜ ਮੇਲਿਆਂ ਜਾਂ ਹੋਰ ਮੌਕਿਆਂ 'ਤੇ ਦੂਰ-ਦੁਰਾਡਿਓਂ ਆਈਆਂ ਸੰਗਤਾਂ ਵਿਚ ਇਹ ਚਰਚਾ ਰਹੀ ਹੈ ਕਿ ਕਾਸ਼ ਇਸ ਗੜ੍ਹੀ ਦਾ ਪੁਰਾਤਨ ਰੂਪ ਬਹਾਲ ਰੱਖਿਆ ਗਿਆ ਹੁੰਦਾ। ਹੁਣ ਜਦੋਂ ਜਥੇਦਾਰ ਅਵਤਾਰ ਸਿੰਘ ਨੇ ਚਮਕੌਰ ਸਾਹਿਬ ਵਿਖੇ ਜੋੜ ਮੇਲੇ ਤੇ ਹੋਰ ਅਨੇਕਾਂ ਥਾਂਵਾਂ 'ਤੇ ਚਮਕੌਰ ਦੀ ਗੜ੍ਹੀ ਤੇ ਹੋਰ ਸਿੱਖ ਧਾਰਮਿਕ ਸਥਾਨਾਂ ਦੀ ਪੁਰਾਤਨ ਦਿੱਖ ਬਹਾਲ ਕਰਨ ਦੇ ਬਿਆਨ ਦਿੱਤੇ ਹਨ ਤਾਂ ਇਹ ਚਰਚਾ ਛਿੜ ਗਈ ਕਿ ਕੀ ਹੁਣ ਇਸ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਨੂੰ ਨਵੇਂ ਸਿਰਿਓਂ ਉਸਾਰਿਆ ਜਾਵੇਗਾ ਕਿਉਂਕਿ ਜਿਸ ਜਗ੍ਹਾ ਉਹ ਚਮਕੌਰ ਸਾਹਿਬ ਦੀ ਜੰਗ ਦੀ ਸ਼ਾਹਦੀ ਭਰਦੀ ਉਹ ਗੜ੍ਹੀ ਸੀ, ਉਸ ਸਥਾਨ 'ਤੇ ਹੀ ਹੁਣ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਮੌਜੂਦ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਚਮਕੌਰ ਦੀ ਗੜ੍ਹੀ ਪੁਰਾਣੀ ਦਿੱਖ ਸਥਾਪਤ ਕਰਨ ਲਈ ਇਕ ਕਮੇਟੀ ਬਣਾ ਦਿੱਤੀ ਗਈ ਹੈ ਜੋ ਇਸ ਪੁਰਾਤਨ ਦਿੱਖ ਨੂੰ ਸਥਾਪਤ ਕਰਨ ਲਈ ਛੇਤੀ ਹੀ ਰਿਪੋਰਟ ਦੇਵੇਗੀ ਜਿਸ 'ਤੇ ਆਰਕੀਟੈਕਟ ਦੱਸਣਗੇ ਕਿ ਕਿਵੇਂ ਪੁਰਾਤਨ ਦਿੱਖ ਨੂੰ ਸਥਾਪਤ ਕੀਤਾ ਜਾਵੇ ਉਸੇ ਅਧਾਰ 'ਤੇ ਚਮਕੌਰ ਦੀ ਗੜ੍ਹੀ ਦੀ ਪੁਰਾਣੀ ਦਿੱਖ ਬਣਾਈ ਜਾਵੇਗੀ।

# ਇੰਗਲੈਂਡ ਵਿਚ ਪੰਜਾਬੀ ਨੂੰ ਮਿਲਿਆ ਤੀਜਾ ਸਥਾਨ

**ਲੰਡਨ:** ਇੰਗਲੈਂਡ ਤੇ ਵੇਲਜ਼ ਵਿਚ ਪੰਜਾਬੀ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਜੋ ਪੰਜਾਬੀ ਭਾਸ਼ਾ ਨਾਲ ਪਿਆਰ ਕਰਨ ਵਾਲਿਆਂ ਲਈ ਬੜੇ ਮਾਣ ਵਾਲੀ ਗੱਲ ਹੈ। ਸਾਲ 2011 ਦੀ ਮਰਦਮਸ਼ੁਮਾਰੀ ਦੇ ਨਵੇਂ ਅੰਕੜਿਆਂ ਮੁਤਾਬਕ ਇੰਗਲੈਂਡ ਵਿਚ ਹਰ ਦਸਵਾਂ ਤੇ ਵੇਲਜ਼ ਵਿਚ ਹਰ 8ਵਾਂ ਵਿਅਕਤੀ ਅੰਗਰੇਜ਼ੀ ਛੱਡ ਕੇ ਕੋਈ ਹੋਰ ਭਾਸ਼ਾ ਬੋਲਦਾ ਹੈ। ਇੰਗਲੈਂਡ ਦੇ ਕੌਮੀ ਅੰਕੜਾ ਵਿਭਾਗ ਦੇ ਦਫ਼ਤਰ ਤੋਂ ਪ੍ਰਾਪਤ ਅੰਕੜਿਆਂ ਮੁਤਾਬਕ ਇੰਗਲੈਂਡ ਵਿਚ 5,46,000 ਲੋਕ ਪੋਲਿਸ਼ ਭਾਸ਼ਾ ਬੋਲਦੇ ਹਨ ਜਦਕਿ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ 2,73,000 ਹੈ। ਇਸ ਤੋਂ ਇਲਾਵਾ ਇੰਗਲੈਂਡ ਵਿਚ 2,69,000 ਲੋਕ ਉਰਦੂ, 2,21,000 ਲੋਕ ਬੰਗਾਲੀ, 2,13,000 ਲੋਕ ਗੁਜਰਾਤੀ ਭਾਸ਼ਾ ਬੋਲਦੇ ਹਨ। ਇੰਗਲੈਂਡ ਤੇ ਵੇਲਜ਼ ਦੇ ਦੇ 40 ਲੱਖ ਵਸਨੀਕਾਂ ਵਿਚੋਂ 10.7 ਲੱਖ ਲੋਕਾਂ ਦਾ ਕਹਿਣਾ ਹੈ ਕਿ ਉਹ ਚੰਗੀ ਤਰ੍ਹਾਂ ਅੰਗਰੇਜ਼ੀ ਬੋਲ ਸਕਦੇ ਹਨ, 7,26,000 ਲੋਕਾਂ ਦਾ ਕਹਿਣਾ ਹੈ ਕਿ ਉਹ ਅੰਗਰੇਜ਼ੀ ਬੋਲ ਤਾਂ ਲੈਂਦੇ ਹਨ ਪਰ ਚੰਗੀ ਤਰ੍ਹਾਂ ਨਹੀਂ ਜਦਕਿ 1,38,000 ਲੋਕ ਅੰਗਰੇਜ਼ੀ ਬਿਲਕੁਲ ਨਹੀਂ ਬੋਲ ਸਕਦੇ।

# ਗੁਰਦੁਆਰਾ ਸਟਾਕਟਨ ਵਲੋਂ ਅਕਾਲ ਤਖ਼ਤ ਦੀ ਮਰਿਆਦਾ ਲਾਗੂ ਕਰਨ ਦਾ ਫੈਸਲਾ

**ਸਟਾਕਟਨ (ਬਿਊਰੋ):** ਗੁਰਦੁਆਰਾ ਸਟਾਕਟਨ ਦੀ ਪ੍ਰਬੰਧਕ ਕਮੇਟੀ ਨੇ ਭਵਿਖ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਗੁਰੂ ਘਰ ਅੰਦਰ ਮੁਕੰਮਲ ਰੂਪ ਵਿਚ ਲਾਗੂ ਕਰਨ ਦਾ ਫੈਸਲਾ ਲਿਆ ਹੈ। ਕਮੇਟੀ ਦੀ ਪਿਛਲੇ ਦਿਨੀਂ ਹੋਈ ਇਕ ਮੀਟਿੰਗ ਵਿਚ ਪੰਥ ਦੀ ਚੜ੍ਹਦੀ ਕਲਾ ਅਤੇ ਸਾਰੀ ਕੌਮ ਨੂੰ ਇੱਕ ਜੁਟ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਤੇ ਜੋਰ ਦਿੱਤਾ ਗਿਆ। ਕਮੇਟੀ ਦੇ ਪ੍ਰਧਾਨ ਹਰਨੇਕ ਸਿੰਘ ਅਟਵਾਲ ਨੇ ਆਖਿਆ ਕਿ ਸਾਡੇ ਵਡੇਰਿਆਂ ਨੇ ਡੂੰਘੀਆਂ ਵਿਚਾਰਾਂ ਕਰਕੇ ਕੌਮ ਨੂੰ ਇੱਕ ਲੜੀ ਵਿਚ ਪਰੋਣ ਲਈ ਇੱਕ ਵਿਧਾਨ ਬਣਾਇਆ ਸੀ ਜੋ ਅਕਾਲ ਤਖ਼ਤ ਦੀ ਛਤਰ ਛਾਇਆ ਹੇਠ ਕੌਮ ਉਤੇ ਲਾਗੂ ਕੀਤਾ ਗਿਆ ਸੀ ਪਰ ਪਿਛਲੇ ਕੁਝ ਸਮੇਂ ਤੋਂ ਵਖ ਵਖ ਸੰਪਰਦਾਵਾਂ ਤੇ ਡੇਰਿਆਂ ਨੇ ਆਪੋ ਆਪਣੀ ਮਰਿਆਦਾ ਬਣਾਈ ਹੋਈ ਹੈ ਤੇ ਉਹ ਅਕਾਲ ਤਖ਼ਤ ਦੀ ਮਰਿਆਦਾ ਨਾਲ ਮੇਲ ਨਹੀਂ ਖਾਂਦੀ। ਸੋ ਪ੍ਰਬੰਧਕ ਕਮੇਟੀ ਨੇ ਭਵਿਖ ਵਿਚ ਸਾਰੇ ਕਾਰਜ ਅਕਾਲ ਤਖ਼ਤ ਦੀ ਮਰਿਆਦਾ ਅਨੁਸਾਰ ਕਰਨ ਦਾ ਫੈਸਲਾ ਲਿਆ ਹੈ।

ਇਹ ਜਾਣਕਾਰੀ ਦਿੰਦਿਆਂ ਗੁਰਦੁਆਰਾ ਕਮੇਟੀ ਦੇ ਸਕੱਤਰ ਕੁਲਜੀਤ ਸਿੰਘ ਨਿੱਝਰ ਨੇ ਇਥੇ ਜਾਰੀ ਇਕ ਬਿਆਨ ਵਿਚ ਆਖਿਆ ਕਿ ਰਹਿਤ ਮਰਿਆਦਾ ਦਾ ਖਰੜਾ ਤਿਆਰ ਕਰਨ ਵਿਚ ਉਸ ਵੇਲੇ ਦੇ ਪੈਸੇਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ ਸਟਾਕਟਨ ਦੇ ਨੁਮਾਇੰਦਿਆਂ ਦਾ ਵੀ ਉਘਾ ਯੋਗਦਾਨ ਰਿਹਾ ਹੈ। ਸੋ ਆਪਣਾ ਫਰਜ਼ ਪਛਾਣਦਿਆਂ ਗੁਰਦੁਆਰਾ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਅੱਗੇ ਤੋਂ ਹਰ ਕਾਰਜ ਅਕਾਲ ਤਖ਼ਤ ਦੀ ਮਰਿਆਦਾ ਅਨੁਸਾਰ ਹੀ ਹੋਵੇਗਾ। ਉਨ੍ਹਾਂ ਸਮੂਹ ਗੁਰਦੁਆਰਾ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਕੌਮ ਦੇ ਵਡੇਰੇ ਹਿੱਤਾਂ ਲਈ ਅਕਾਲ ਤਖ਼ਤ ਦੀ ਮਰਿਆਦਾ ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ। ਇਸ ਨਾਲ ਜਿਥੇ ਕੌਮ ਵਿਚ ਏਕੇ ਦੀ ਭਾਵਨਾ ਪੈਦਾ ਹੋਵੇਗੀ ਉਥੇ ਕੌਮ ਨੂੰ ਦਰਪੇਸ਼ ਮਸਲੇ ਨਜਿਠਣੇ ਵੀ ਸੌਖੇ ਹੋ ਜਾਣਗੇ।

# ਸ਼੍ਰੋਮਣੀ ਗੁਰਦੁਆਰਾ ਕਮੇਟੀ ਯੂ ਐਸ ਏ ਦਾ ਪੁਨਰਗਠਨ ਜਲਦ-ਗਰੇਵਾਲ

**ਸੈਨ ਹੋਜ਼ੇ (ਬਿਊਰੋ):** ਸੀਨੀਅਰ ਅਕਾਲੀ ਆਗੂ ਅਤੇ ਗੁਰਦੁਆਰਾ ਸੈਨ ਹੋਜ਼ੇ ਦੇ ਸਟੇਜ ਸਕੱਤਰ ਸ. ਪ੍ਰੀਤਮ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਯੂ ਐਸ ਏ ਦਾ ਮੁਕੰਮਲ ਪੁਨਰਗਠਨ ਇਸੇ ਮਹੀਨੇ ਕਰ ਲਿਆ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕਾ ਵਿਚ ਹੁਣ ਤੱਕ 50 ਤੋਂ ਵੱਧ ਗੁਰਦੁਆਰਿਆਂ ਨੇ ਲਿਖਤੀ ਰੂਪ ਵਿਚ ਇਸ ਕਮੇਟੀ ਨੂੰ ਸਮਰਥਨ ਦੇ ਦਿੱਤਾ ਹੈ।

ਇਥੇ ਜਾਰੀ ਇਕ ਬਿਆਨ ਵਿਚ ਸ. ਗਰੇਵਾਲ ਨੇ ਕਿਹਾ ਕਿ ਫਰਵਰੀ ਦੇ ਅਖੀਰਲੇ ਹਫਤੇ ਅਮਰੀਕਾ ਪੱਧਰ ਦੀ ਇੱਕ ਮੀਟਿੰਗ ਵਿਚ ਅਹੁਦੇਦਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਯੂ ਐਸ ਏ ਗੁਰੂ ਗ੍ਰੰਥ, ਗੁਰੂ ਪੰਥ, ਅਕਾਲ ਤਖਤ ਸਾਹਿਬ ਅਤੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਨੂੰ ਸਮਰਪਿਤ ਹੈ ਅਤੇ ਖਾਲਸਾ ਜੀ ਕੇ ਬੋਲਬਾਲੇ ਲਈ ਹਮੇਸ਼ਾ ਤੱਤਪਰ ਰਹੇਗੀ। ਉਨ੍ਹਾਂ ਅਮਰੀਕਾ ਦੇ ਸਮੂਹ ਗੁਰਦੁਆਰਾ ਪ੍ਰਬੰਧਕਾਂ ਨੂੰ ਪੰਥਕ ਸੋਚ ਨੂੰ ਉਭਾਰਨ ਖਾਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਯੂ ਐਸ ਏ ਨੂੰ ਸਮਰਥਨ ਦੇਣ ਦੀ ਅਪੀਲ ਕੀਤੀ ਹੈ।

# ਪੰਜਾਬੀ ਪਰਿਵਾਰ ਨੇ ਲੁਟੇਰੇ ਭਜਾਏ

**ਲੰਡਨ:** ਵੈਸਟ ਮਿੱਡਲੈਂਡਜ਼ ਵਿਖੇ ਸਥਿਤ ਗਰੇਟ ਬਾਰ ਵਿਚ 31 ਜਨਵਰੀ ਦੀ ਸ਼ਾਮ ਪਰਵਾਸੀ ਪੰਜਾਬੀ ਪਰਿਵਾਰ ਦੇ ਘਰ 'ਤੇ ਦੋ ਹਥਿਆਰਬੰਦ ਲੁਟੇਰਿਆਂ ਨੇ ਹਮਲਾ ਕਰ ਦਿੱਤਾ ਪਰ ਪੰਜਾਬੀ ਪਰਿਵਾਰ ਨੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ ਤੇ ਲੁਟੇਰਿਆਂ ਨੂੰ ਭੱਜਣ ਲਈ ਮਜਬੂਰ ਹੋਣਾ ਪਿਆ। ਘਟਨਾ ਵਿਚ ਪਰਿਵਾਰ ਦਾ ਮੁਖੀ ਰਾਜਿੰਦਰ ਔਲਖ (40) ਜ਼ਖ਼ਮੀ ਹੋ ਗਿਆ। ਪ੍ਰਾਪਰਟੀ ਦਾ ਕਾਰੋਬਾਰ ਕਰਦੇ ਸ. ਔਲਖ ਮੁਤਾਬਕ ਅਚਾਨਕ ਉਨ੍ਹਾਂ ਦੇ ਘਰ ਵਿਚ ਆ ਵੜੇ ਇਹ ਲੁਟੇਰੇ ਕੁਹਾੜੇ ਤੇ ਸੱਬਲਾਂ ਨਾਲ ਲੈਸ ਸਨ। ਉਨ੍ਹਾਂ ਨਕਦੀ ਤੇ ਕਾਰ ਦੀਆਂ ਚਾਬੀਆਂ ਮੰਗੀਆਂ ਤੇ ਸ. ਔਲਖ ਦੇ ਨੌਂ ਸਾਲ ਦੇ ਛੋਟੇ ਪੁੱਤਰ ਦੀ ਗਰਦਨ ਉੱਤੇ ਕੁਹਾੜਾ ਧਰ ਦਿੱਤਾ। ਇਸ 'ਤੇ ਸ. ਔਲਖ ਲੁਟੇਰਿਆਂ ਉੱਤੇ ਝਪਟ ਪਏ ਤੇ ਉਨ੍ਹਾਂ ਦਾ ਵੱਡਾ ਪੁੱਤਰ ਜੇਅ (16) ਵੀ ਰਸੋਈ ਵਿਚੋਂ ਚਾਕੂ ਲੈ ਕੇ ਆ ਗਿਆ।


**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**


Gurdip Singh Sandhu

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**



**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਬਰ ਜਨਾਹ ਲਈ ਮੌਤ ਦੀ ਸਜ਼ਾ ਦੇਣ ਨੂੰ ਹਰੀ ਝੰਡੀ

*(ਸਫਾ ਇਕ ਦੀ ਬਾਕੀ)*

ਮੌਤ ਦੀ ਸਜ਼ਾ ਦੇਣ ਲਈ ਹਰੀ ਝੰਡੀ ਦੇ ਦਿੱਤੀ ਹੈ। ਇਸ ਬਾਰੇ ਜਾਰੀ ਜਬਰ ਜਨਾਹ ਵਿਰੋਧੀ ਕਾਨੂੰਨ ਆਰਡੀਨੈਂਸ 'ਤੇ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਵੀ ਮੋਹਰ ਲਾ ਦਿੱਤੀ ਹੈ। ਇਸ ਆਰਡੀਨੈਂਸ ਅਨੁਸਾਰ ਭਿਆਨਕ ਕਿਸਮ ਦੇ ਬਲਾਤਕਾਰ ਤੇ ਹੱਤਿਆ ਕੇਸ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਤੇ ਬਲਾਤਕਾਰ ਮਾਮਲਿਆਂ ਵਿਚ ਸਜ਼ਾ ਸੱਤ ਸਾਲ ਤੋਂ ਵਧਾ ਕੇ ਵੀਹ ਸਾਲ ਲਈ ਕਰ ਦਿੱਤੀ ਹੈ। ਸ਼ਬਦ ਬਲਾਤਕਾਰ ਨੂੰ ਵੀ ਜਿਣਸੀ ਹਮਲੇ ਵਿਚ ਬਦਲ ਦਿੱਤਾ ਗਿਆ ਹੈ। ਭਾਰਤ ਸਰਕਾਰ ਨੇ ਦਿੱਲੀ ਗੈਂਗਰੇਪ ਕਾਂਡ ਦੀ ਭਿਆਨਕਤਾ ਨੂੰ ਵੇਖ ਕੇ ਆਈ.ਪੀ.ਸੀ., ਸੀ.ਆਰ.ਪੀ.ਸੀ. ਤੇ ਗਵਾਹੀ ਐਕਟ ਵਿਚ ਤਬਦੀਲੀਆਂ ਨੂੰ ਪ੍ਰਵਾਨਗੀ ਦਿੰਦਿਆਂ ਆਰਡੀਨੈਂਸ ਮਨਜ਼ੂਰ ਕੀਤਾ ਹੈ। ਆਰਡੀਨੈਂਸ ਜਾਰੀ ਹੋਣ ਨਾਲ ਇਹ ਕਾਨੂੰਨ ਔਰਤਾਂ ਲਈ ਸੁਰੱਖਿਆ ਪੱਖੋਂ ਵੱਡੀ ਰਾਹਤ ਸਾਬਤ ਹੋਵੇਗਾ। ਬਲਾਤਕਾਰ ਵਿਰੋਧੀ ਕਾਨੂੰਨਾਂ ਵਿਚ ਇਹ ਸੋਧਾਂ ਜਸਟਿਸ ਜੇ.ਐਸ. ਵਰਮਾ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਕੀਤੀਆਂ ਗਈਆਂ ਹਨ। ਇਹ ਕਮੇਟੀ ਦਿੱਲੀ ਵਿਚ 23 ਸਾਲਾ ਇਕ ਮੁਟਿਆਰ ਨਾਲ ਚੱਲਦੀ ਬੱਸ ਵਿਚ ਸਮੂਹਿਕ ਬਲਾਤਕਾਰ ਤੇ ਉਸ ਦੀ ਕੁੱਟਮਾਰ ਕੀਤੇ ਜਾਣ ਵਿਰੁੱਧ ਉਠੇ ਲੋਕ ਰੋਹ 'ਤੇ ਕਾਇਮ ਕੀਤੀ ਗਈ ਸੀ। ਫੌਜਦਾਰੀ ਕਾਨੂੰਨ (ਸੋਧ) ਬਿਲ 2011 ਦੀਆਂ ਤਜਵੀਜ਼ਾਂ ਨੂੰ ਵੀ ਇਨ੍ਹਾਂ ਸੋਧਾਂ ਲਈ ਆਧਾਰ ਬਣਾਇਆ ਗਿਆ ਹੈ। ਇਹ ਬਿੱਲ ਲੋਕ ਸਭਾ ਵਿਚ ਅਟਕਿਆ ਹੋਇਆ ਹੈ। ਇਨ੍ਹਾਂ ਸੋਧਾਂ ਵਿਚ ਬਲਾਤਕਾਰ ਦੀ ਪਰਿਭਾਸ਼ਾ ਬਦਲ ਕੇ ਜਿਣਸੀ ਹਮਲਾ ਕਰਨ ਤੇ ਜੇਲ੍ਹ ਦੀ ਸਜ਼ਾ ਨੂੰ ਸੱਤ ਸਾਲ ਤੋਂ ਵਧਾ ਕੇ ਦੋਸ਼ੀ ਦੀ ਉਮਰ ਭਰ ਲਈ ਉਮਰ ਕੈਦ ਕੀਤੇ ਜਾਣਾ ਸ਼ਾਮਲ ਹੈ। ਬਲਾਤਕਾਰ ਲਈ 20 ਸਾਲ ਦੀ ਕੈਦ ਦੀ ਵਿਵਸਥਾ ਹੋਵੇਗੀ ਜਦਕਿ ਬਲਾਤਕਾਰ ਜਾਂ ਸਮੂਹਿਕ ਬਲਾਤਕਾਰ ਜਿਸ ਵਿਚ ਗੰਭੀਰ ਸੱਟਾਂ ਵੀ ਪੀੜਤ ਦੇ ਲੱਗੀਆਂ ਹੋਣ, ਉਸ ਕੇਸ ਵਿਚ ਦੋਸ਼ੀ ਨੂੰ ਆਪਣੀ ਸਾਰੀ ਉਮਰ ਸੀਖਾਂ ਪਿੱਛੇ ਕੱਟਣੀ ਹੋਵੇਗੀ। ਹੋਰ ਸੋਧਾਂ ਵਿਚ ਤੇਜ਼ਾਬੀ ਹਮਲਿਆਂ ਨੂੰ ਵੱਖਰਾ ਅਪਰਾਧ ਮੰਨਿਆ ਗਿਆ ਹੈ ਜਿਸ ਵਿਚ ਘੱਟੋ-ਘੱਟ ਸਜ਼ਾ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਹੋ ਸਕਦੀ ਹੈ। ਕਿਸੇ ਔਰਤ ਦੀ ਮਰਿਆਦਾ ਭੰਗ ਕਰਨ ਲਈ ਤਾਕਤ ਦੀ ਵਰਤੋਂ ਦੇ ਅਪਰਾਧ ਲਈ ਸਜ਼ਾ ਦੋ ਸਾਲ ਤੋਂ ਵਧਾ ਕੇ ਪੰਜ ਸਾਲ ਕਰ ਦਿੱਤੀ ਗਈ ਹੈ ਤੇ ਔਰਤ ਨੂੰ ਅਸ਼ਲੀਲ ਇਸ਼ਾਰੇ ਕਰਨ ਦੀ ਸਜ਼ਾ ਇਕ ਸਾਲ ਤੋਂ ਵਧਾ ਕੇ ਤਿੰਨ ਸਾਲ ਕਰ ਦਿੱਤੀ ਹੈ। ਭਾਜਪਾ ਨੇ ਇਸ ਦਾ ਸਵਾਗਤ ਕੀਤਾ ਹੈ ਜਦਕਿ ਮਾਰਕਸੀ ਪਾਰਟੀ ਤੇ ਕਈ ਔਰਤ ਗਰੁੱਪ ਇਸ ਦਾ ਵਿਰੋਧ ਕਰਦੇ ਹੋਏ ਵਰਮਾ ਕਮੇਟੀ ਦੀਆਂ ਸਿਫਾਰਸ਼ਾਂ ਨਾਲ ਅਨਿਆਂ ਲਈ ਸਰਕਾਰ 'ਤੇ ਹਮਲੇ ਕਰ ਰਹੇ ਹਨ।

# ਉਮੀਦਵਾਰ ਛੇ ਮਹੀਨੇ ਪਹਿਲਾਂ ਐਲਾਨੇ ਜਾਣ: ਅਮਰਿੰਦਰ

**ਜਲੰਧਰ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨੂੰ ਕਿਹਾ ਹੈ ਕਿ 2014 ਦੀਆਂ ਲੋਕ ਸਭਾ ਚੋਣਾਂ ਦੇ ਉਮੀਦਵਾਰ ਛੇ ਮਹੀਨੇ ਪਹਿਲਾਂ ਹੀ ਐਲਾਨ ਦਿੱਤੇ ਜਾਣ ਤਾਂ ਜੋ ਉਮੀਦਵਾਰ ਹਲਕੇ ਪ੍ਰਤੀ ਚੰਗੀ ਤਰ੍ਹਾਂ ਵਾਕਫ ਹੋ ਸਕਣ। ਜ਼ਿਕਰਯੋਗ ਹੈ ਕਿ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਹੋਈ ਹਾਰ ਵਿਚ ਇਕ ਕਾਰਨ ਪਾਰਟੀ ਦੇ ਉਮੀਦਵਾਰਾਂ ਦੇ ਐਲਾਨ ਵਿਚ ਕੀਤੀ ਗਈ ਬੇਲੋੜੀ ਦੇਰੀ ਨੂੰ ਵੀ ਦੱਸਿਆ ਜਾ ਰਿਹਾ ਹੈ। ਐਨ ਮੌਕੇ 'ਤੇ ਉਮੀਦਵਾਰਾਂ ਐਲਾਨ ਕਰਨ ਨਾਲ ਪਾਰਟੀ ਵਿਚ ਧੜੇਬੰਦੀ ਨੂੰ ਕੰਟਰੋਲ ਕਰਨ ਦਾ ਸਮਾਂ ਨਾ ਰਹਿਣ ਕਰਕੇ ਪਾਰਟੀ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਮੋਗਾ ਉਪ ਚੋਣ ਬਾਰੇ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਪਾਰਟੀ ਇਹ ਉਪ ਚੋਣ ਬੜੀ ਸ਼ਾਨ ਨਾਲ ਜਿੱਤੇਗੀ। ਕਾਂਗਰਸ ਛੱਡ ਕੇ ਗਏ ਜੋਗਿੰਦਰਪਾਲ ਜੈਨ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮੋਗਾ ਵਿਧਾਨ ਸਭਾ ਹਲਕੇ ਦੇ ਲੋਕ ਧੋਖੇਬਾਜ਼ ਜੈਨ ਤੇ ਅਕਾਲੀ ਦਲ ਨੂੰ ਸਬਕ ਸਿਖਾਉਣਗੇ। ਉਨ੍ਹਾਂ ਇਹ ਖਦਸ਼ਾ ਜ਼ਾਹਿਰ ਕੀਤਾ ਕਿ ਅਕਾਲੀ ਲੀਡਰਸ਼ਿਪ ਮੋਗਾ ਚੋਣਾਂ ਵਿਚ ਪੂਰੀ ਧੱਕੇਸ਼ਾਹੀ ਕਰੇਗੀ। ਕਾਂਗਰਸ ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਪਾਰਟੀ ਇਸ ਧੱਕੇਸ਼ਾਹੀ ਦਾ ਡੱਟ ਕੇ ਮੁਕਾਬਲਾ ਕਰੇਗੀ। ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨਾਲ ਸਾਂਝਾ ਉਮੀਦਵਾਰ ਖੜ੍ਹਾ ਕਰਨ ਬਾਰੇ ਉਨ੍ਹਾਂ ਕਿਹਾ ਕਿ ਇਹ ਚੈਪਟਰ ਹੁਣ ਬੰਦ ਹੋ ਚੁੱਕਾ ਹੈ।

# ਬਾਦਲਾਂ ਦਾ ਸਿੱਖ ਸਿਆਸਤ...

*(ਸਫਾ ਇਕ ਦੀ ਬਾਕੀ)*

ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਸਰਨਾ ਧੜੇ ਦੀ ਹਮਾਇਤ ਉੱਪਰ ਖੜ੍ਹੇ ਸਨ। ਇਸ ਤਰ੍ਹਾਂ ਜਥੇਦਾਰ ਟੌਹੜਾ ਤੇ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ ਨਾਲ ਸਰਨਾ ਧੜਾ ਅਕਾਲੀ ਦਲ ਲਈ ਵੱਡੀ ਵੰਗਾਰ ਬਣ ਕੇ ਉਭਰਿਆ।

2002 ਦੀਆਂ ਪੰਜਾਬ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੀ ਇਸ ਤਿੱਕੜੀ ਨੇ ਬਾਦਲ ਦਲ ਦੇ ਰਾਹ ਵਿਚ ਕਈ ਅੜਿੱਕੇ ਡਾਹੇ ਤੇ ਫਿਰ ਪੰਜਾਬ ਅੰਦਰ ਕੈਪਟਨ ਸਰਕਾਰ ਬਣਨ ਬਾਅਦ ਜਦ ਦਿੱਲੀ ਗੁਰਦੁਆਰਾ ਚੋਣਾਂ 2004 ਵਿਚ ਹੋਈਆਂ ਤਾਂ ਦਿੱਲੀ ਗੁਰਦੁਆਰਾ ਪ੍ਰਬੰਧ ਤੋਂ ਬਾਦਲ ਦਲ ਨੂੰ ਲਾਹੁਣ ਲਈ ਸਰਨਾ ਧੜੇ ਦੀ ਹਿੱਕ ਥਾਪੜ ਕੇ ਹਮਾਇਤ ਕੀਤੀ। ਬਾਅਦ ਵਿਚ ਸਰਨਾ ਧੜਾ ਸਿੱਖ ਪੰਥ ਅੰਦਰ ਅਕਾਲੀ ਦਲ ਨੂੰ ਹਰ ਮੋੜ 'ਤੇ ਵੰਗਾਰਨ ਲੱਗ ਪਿਆ। ਨਾਨਕਸ਼ਾਹੀ ਕੈਲੰਡਰ, ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ ਦਾ ਪ੍ਰਬੰਧ ਤੇ ਸਿੱਖਾਂ ਨਾਲ ਜੁੜੇ ਹੋਰ ਮਸਲਿਆਂ ਵਿਚ ਸਰਨਾ ਧੜੇ ਨੇ ਬਾਦਲਾਂ ਨੂੰ ਵੱਡੀ ਚੁਣੌਤੀ ਦਿੱਤੀ। ਸਰਨਾ ਧੜੇ ਨੇ ਲਗਾਤਾਰ ਦੋ ਵਾਰ ਦਿੱਲੀ ਗੁਰਦੁਆਰਾ ਚੋਣਾਂ ਜਿੱਤ ਕੇ ਪੰਜਾਬ ਅੰਦਰ ਵੀ ਸਿਆਸੀ-ਧਾਰਮਿਕ ਮਾਮਲਿਆਂ ਵਿਚ ਪੈਂਡ ਬਣਾ ਲਈ। ਦਿੱਲੀ ਵਿਚੋਂ ਸਰਨਾ ਧੜੇ ਦੀ ਹਾਰ ਨਾਲ ਤਕਰੀਬਨ ਸਮੁੱਚੇ ਪੰਥ ਵਿਚ ਅਕਾਲੀ ਦਲ ਚੁਣੌਤੀ ਰਹਿਤ ਪਾਰਟੀ ਬਣ ਗਿਆ ਹੈ। ਲਗਾਤਾਰ ਜਿੱਤਾਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਦੀ ਵਸੋਂ ਵਾਲੇ ਸੂਬਿਆਂ ਦੀ ਸਿਆਸਤ ਵਿਚ ਪੈਰ ਪਸਾਰਨ ਦੀ ਰਣਨੀਤੀ ਘੜੀ ਹੈ। ਪਿਛਲੀ ਵਾਰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਇਕ ਉਮੀਦਵਾਰ ਨੇ ਆਪਣੇ ਨਿਸ਼ਾਨ ਉੱਪਰ ਚੋਣ ਲੜੀ ਸੀ ਤੇ ਤਿੰਨ ਉਮੀਦਵਾਰ ਭਾਜਪਾ ਦੇ ਨਿਸ਼ਾਨ ਉੱਪਰ ਲੜੇ ਸਨ। ਦਿੱਲੀ ਚੋਣਾਂ ਦੀ ਜਿੱਤ ਨੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦਾ ਵੀ ਕੱਦ ਉੱਚਾ ਕੀਤਾ ਹੈ।

# ਭਾਰਤੀ ਮੂਲ ਦੀ ਔਰਤ ਨੂੰ ਮਿਲਿਆ ਆਸਟਰੇਲਿਆਈ ਐਵਾਰਡ

**ਮੈਲਬਰਨ:** ਆਪਣੇ ਭਾਈਚਾਰੇ ਦੀਆਂ ਸੇਵਾਵਾਂ ਵਿਚ ਯੋਗਦਾਨ ਬਦਲੇ 85 ਸਾਲਾ ਭਾਰਤੀ ਮੂਲ ਦੀ ਔਰਤ ਨੂੰ ਵੱਕਾਰੀ 'ਆਰਡਰ ਆਫ ਆਸਟਰੇਲੀਆ ਮੈਡਲ' ਲਈ ਚੁਣਿਆ ਗਿਆ ਹੈ। ਕ੍ਰਿਸ਼ਨਾ ਅਰੋੜਾ ਨੇ ਬਹੁ-ਸੱਭਿਆਚਾਰਕ ਤੇ ਬਜ਼ੁਰਗਾਂ ਦੀ ਭਲਾਈ ਲਈ ਸੰਸਥਾਵਾਂ ਰਾਹੀਂ ਸਮਾਜਕ ਕੰਮਾਂ ਵਿਚ ਵਧ-ਚੜ੍ਹ ਕੇ ਯੋਗਦਾਨ ਪਾਇਆ ਹੈ। ਇਕ ਕਾਲਜ ਦੀ ਸਾਬਕਾ ਪ੍ਰਿੰਸੀਪਲ ਕ੍ਰਿਸ਼ਨਾ ਅਰੋੜਾ ਨੇ ਕਿਹਾ ਕਿ ਜਦੋਂ ਉਹ ਇਥੇ ਆਏ ਸਨ ਤਾਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਨਵੇਂ ਆਏ ਪਰਵਾਸੀਆਂ ਨੂੰ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਫਿਰ ਪਤਾ ਲੱਗਾ ਕਿ ਕੁਝ ਆਸਟਰੇਲਿਆਈ ਸਮਾਜ ਸੇਵਾ ਦੇ ਕੰਮਾਂ ਵਿਚ ਸਮਾਂ ਗੁਜ਼ਾਰਦੇ ਹਨ। ਇਸ ਤੋਂ ਬਾਅਦ ਉਹ ਵੀ ਇਸ ਕੰਮ ਵਿਚ ਜੁਟ ਗਏ। ਸ੍ਰੀਮਤੀ ਅਰੋੜਾ ਜੋ 'ਆਂਟੀ ਜੀ' ਦੇ ਨਾਂ ਨਾਲ ਮਸ਼ਹੂਰ ਹਨ, ਨੇ ਰਸੋਈ ਦੇ ਗੁਰ ਦੱਸਣ ਲਈ ਹਾਟ-ਲਾਈਨ ਟੈਲੀ ਸਰਵਿਸ ਸ਼ੁਰੂ ਕੀਤੀ। ਉਨ੍ਹਾਂ ਦੀਆਂ ਸੇਵਾਵਾਂ ਕਰਕੇ ਉਨ੍ਹਾਂ ਨੂੰ ਆਸਟਰੇਲੀਆ ਦਾ ਵੱਕਾਰੀ ਸਨਮਾਨ ਮਿਲੇਗਾ।

# ਕੈਨੇਡਾ ਦੀ ਸਿਆਸਤ ਵਿਚ ਬੀਬੀਆਂ ਦੀ ਬੱਲੇ-ਬੱਲੇ

**ਕੈਲਗਰੀ:** ਕੈਨੇਡਾ ਦੀ ਸਿਆਸਤ ਵਿਚ ਇਸ ਸਮੇਂ ਬੀਬੀਆਂ ਦੀ ਪੂਰੀ ਚੜ੍ਹਤ ਹੈ। ਦਸ ਸੂਬਿਆਂ ਤੇ ਤਿੰਨ ਟੈਰੀਟਰੀਜ਼ ਵਾਲੇ ਕੈਨੇਡਾ ਵਿਚ ਇਸ ਸਮੇਂ ਛੇ ਮੁੱਖ ਮੰਤਰੀ ਮਹਿਲਾਵਾਂ ਹਨ। ਇਸ ਤੋਂ ਇਲਾਵਾ 308 ਮੈਂਬਰੀ ਹਾਊਸ ਆਫ ਕਾਮਨਜ਼ ਵਿਚ 76 ਐਮ.ਪੀਜ਼. ਬੀਬੀਆਂ ਹਨ। ਹਾਲ ਹੀ ਵਿਚ ਓਂਟਾਰੀਓ ਸੂਬੇ ਦੀ ਕਮਾਨ ਕੈਥਲੀਨ ਵਾਈਨੇ ਨੇ ਸੰਭਾਲੀ ਹੈ।

ਕੈਨੇਡਾ ਦੀ ਆਰਥਿਕਤਾ ਵਿਚ ਤਿੰਨ ਸੂਬਿਆਂ ਓਂਟਾਰੀਓ, ਬ੍ਰਿਟਿਸ਼ ਕੋਲੰਬੀਆ ਤੇ ਅਲਬਰਟਾ ਦਾ ਅਹਿਮ ਸਥਾਨ ਹੈ। ਤਿੰਨਾਂ ਸੂਬਿਆਂ ਦੀਆਂ ਮੁੱਖ ਮੰਤਰੀ ਮਹਿਲਾਵਾਂ ਹਨ। ਓਂਟਾਰੀਓ ਦੀ ਕੈਥਲੀਨ ਵਾਈਨੇ, ਬ੍ਰਿਟਿਸ਼ ਕੋਲੰਬੀਆ ਦੀ ਕ੍ਰਿਸਟੀ ਕਲਾਰਕ ਤੇ ਅਲਬਰਟਾ ਦੀ ਮੁੱਖ ਮੰਤਰੀ ਐਲਸਨ ਰੈਡਫੋਰਡ ਹੈ। ਇਸ ਤੋਂ ਇਲਾਵਾ ਪਾਲਿਨ ਮੌਰਿਸ (ਕਿਊਬਕ), ਕੈਥੀ ਡੁੰਡਰਡੇਲ (ਨਿਊਫਾਊਂਡਲੈਂਡ ਐਂਡ ਲੈਬਰਡਾਰ) ਤੇ ਈਵਾ ਐਰਕ (ਨੁਨਾਵਟ) ਆਪੋ ਆਪਣੇ ਸੂਬਿਆਂ ਵਿਚ ਸਫਲਤਾਪੂਰਵਕ ਸਿਆਸੀ ਪਾਰੀ ਖੇਡ ਰਹੀਆਂ ਹਨ। ਕੈਨੇਡਾ ਦੀ ਸਿਆਸਤ ਦੇ ਇਤਿਹਾਸ ਵਿਚ ਹੁਣ ਤੱਕ 11 ਮਹਿਲਾਵਾਂ ਮੁੱਖ ਮੰਤਰੀ ਰਹਿ ਚੁੱਕੀਆਂ ਹਨ।

2 ਅਪਰੈਲ 1991 ਨੂੰ ਰੀਟਾ ਜੌਹਨਸਨ (ਬ੍ਰਿਟਿਸ਼ ਕੋਲੰਬੀਆ) ਨੇ ਪਹਿਲੀ ਵਾਰ ਕੈਨੇਡਾ ਵਿਚ ਮੁੱਖ ਮੰਤਰੀ ਬਣਨ ਦਾ ਮਾਣ ਹਾਸਲ ਕੀਤਾ ਸੀ। ਪਿਛਲੇ ਕੁਝ ਸਾਲਾਂ ਦੌਰਾਨ ਜਿੱਥੇ ਮੁੱਖ ਮੰਤਰੀ ਦੀ ਕੁਰਸੀ ਹਾਸਲ ਕਰਨ ਵਿਚ ਬੀਬੀਆਂ ਤੇਜ਼ੀ ਨਾਲ ਅੱਗੇ ਆਈਆਂ, ਉਥੇ ਐਮ.ਪੀਜ਼. ਦੀ ਗਿਣਤੀ ਵੀ ਵਧੀ ਹੈ। 76 ਮਹਿਲਾ ਐਮ.ਪੀਜ਼. ਵਿਚੋਂ 38 ਮਹਿਲਾਵਾਂ ਅਜਿਹੀਆਂ ਹਨ ਜਿਹੜੀਆਂ 2011 ਵਿਚ ਪਹਿਲੀ ਵਾਰ ਐਮ.ਪੀ. ਬਣੀਆਂ। ਦਿਲਚਸਪ ਗੱਲ ਇਹ ਵੀ ਹੈ ਕਿ ਨਗਰਹਿਤ ਗਰੀਨ ਪਾਰਟੀ ਨੇ 2011 ਵਿਚ ਆਪਣੀ ਪਹਿਲੀ ਸੀਟ ਦੇ ਰੂਪ ਵਿਚ ਐਲਿਜ਼ਬੈਥ ਮੇਅ ਨੂੰ ਜਿਤਾ ਕੇ ਹਾਊਸ ਆਫ ਕਾਮਨਜ਼ ਵਿਚ ਭੇਜਿਆ ਸੀ।

# ਕਹਾਣੀਕਾਰ ਮਨਿੰਦਰ ਕਾਂਗ ਨਹੀਂ ਰਹੇ



**ਜਲੰਧਰ:** ਪੰਜਾਬੀ ਦੇ ਨਾਮੀ ਕਹਾਣੀਕਾਰ ਤੇ ਆਲੋਚਕ ਮਨਿੰਦਰ ਕਾਂਗ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਨ੍ਹਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਕਈ ਕਿਤਾਬਾਂ ਪਾਈਆਂ। ਪੰਜਾਬੀ ਤੋਂ ਇਲਾਵਾ ਉਨ੍ਹਾਂ ਅੰਗਰੇਜ਼ੀ ਤੇ ਹਿੰਦੀ 'ਚ ਵੀ ਲਿਖਿਆ ਸੀ ਤੇ ਉਨ੍ਹਾਂ ਦੀ ਹਿੰਦੀ ਦੀ ਕਿਤਾਬ ਛਪਣ ਵਾਲੀ ਸੀ। ਉਨ੍ਹਾਂ ਦੇ ਪਿਤਾ ਕੁਲਬੀਰ ਸਿੰਘ ਕਾਂਗ ਪੰਜਾਬੀ ਦੇ ਪਹਿਲੇ ਆਲੋਚਕਾਂ ਦੀ ਕਤਾਰ 'ਚ ਆਉਂਦੇ ਸਨ। ਮਨਿੰਦਰ ਕਾਂਗ ਪਹਿਲਾਂ-ਪਹਿਲ ਆਪਣੇ ਕਹਾਣੀ ਸੰਗ੍ਰਹਿ 'ਜੂਨ' ਵਿਚਲੀ ਕਹਾਣੀ 'ਜੂਨ' ਕਰ ਕੇ ਚਰਚਾ ਵਿਚ ਆਏ। 'ਕੁੱਤੀ ਵਿਹੜਾ' ਕਹਾਣੀ ਵਿਚ ਉਨ੍ਹਾਂ ਨੇ ਗੁਰੂ ਰਾਮਦਾਸ ਦੇ ਵੇਲਿਆਂ ਤੋਂ ਲੈ ਕੇ ਹੁਣ ਤੱਕ ਦੇ ਦਲਿਤਾਂ ਦੇ ਹਾਲਾਤ ਬਾਰੇ ਵਿਲੱਖਣ ਅੰਦਾਜ਼ 'ਚ ਲਿਖਿਆ ਸੀ। ਉਨ੍ਹਾਂ ਦੀ ਕਹਾਣੀ 'ਭਾਰ' ਪੰਜਾਬ ਦੇ ਸੰਕਟ ਬਾਰੇ ਲਿਖੀ ਬੜੀ ਜਾਨਦਾਰ ਟਿੱਪਣੀ ਹੈ। ਪੰਜਾਬੀ ਸਾਹਿਤ ਜਗਤ ਵਿਚ ਉਨ੍ਹਾਂ ਦੀ ਨਿੱਗਰ ਪਛਾਣ ਇਨ੍ਹਾਂ ਦੋ ਕਹਾਣੀਆਂ ਨੇ ਬਹੁਤ ਗੂੜ੍ਹੀ ਕਰ ਦਿੱਤੀ। 'ਭਾਰ' ਉਤੇ ਤਾਂ ਫਿਲਮ ਵੀ ਬਣੀ। ਪਾਠਕ ਇਹ ਕਹਾਣੀਆਂ ਪੰਜਾਬ ਟਾਈਮਜ਼ ਵਿਚ ਪੜ੍ਹ ਚੁਕੇ ਹਨ। ਉਹ ਆਪਣੇ ਪਿੱਛੇ ਪਤਨੀ ਨਰਿੰਦਰ ਕੌਰ ਅਤੇ ਦੋ ਪੁੱਤਰ ਗੋਬਿੰਦਪਾਲ ਤੇ ਅੰਗਦਪਾਲ ਛੱਡ ਗਏ ਹਨ। ਸਾਹਿਤ ਪ੍ਰੇਮੀਆਂ ਨੇ ਉਨ੍ਹਾਂ ਨੂੰ ਸੇਜਲ ਅੱਖਾਂ ਨਾਲ ਵਿਦਾਈ ਦਿੱਤੀ। ਵੱਖ ਵੱਖ ਸਾਹਿਤਕ ਜਥੇਬੰਦੀਆਂ ਨੇ ਉਨ੍ਹਾਂ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ।

# ਅਮਰੀਕੀ ਸਿੱਖ ਵੀ ਅਸਾਲਟ ਹਥਿਆਰਾਂ ਖ਼ਿਲਾਫ਼ ਡਟੇ

**ਵਾਸ਼ਿੰਗਟਨ:** ਅਮਰੀਕਾ ਵਿਚ ਵਸਦੇ ਸਿੱਖਾਂ ਨੇ ਦੇਸ਼ ਦੇ ਸੰਸਦ ਮੈਂਬਰਾਂ ਨੂੰ ਕਿਹਾ ਹੈ ਕਿ ਉਹ ਬੰਦੂਕਾਂ ਦੀ ਖੁੱਲ੍ਹੀ ਵਿਕਰੀ 'ਤੇ ਕਾਬੂ ਪਾਉਣ ਲਈ ਕਾਨੂੰਨ ਪਾਸ ਕਰਨ। ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਨੇ ਸਾਰੇ ਗੁਰਦੁਆਰਿਆਂ ਨੂੰ ਐਤਵਾਰ ਵਾਲੇ ਦਿਨਾਂ ਅਰਦਾਸ ਦਿਵਸ ਮਨਾਉਣ ਦੇ ਨਾਲ-ਨਾਲ ਅਮਰੀਕਾ ਵਿਚ ਬੰਦੂਕ ਸਭਿਆਚਾਰ ਨੂੰ ਠੱਲ੍ਹ ਪਾਉਣ ਲਈ ਸੰਸਦ ਮੈਂਬਰਾਂ ਨੂੰ ਅਪੀਲ ਕਰਨ ਲਈ ਕਿਹਾ ਹੈ।

ਕੌਂਸਲ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਸਾਰੇ ਗੁਰਦੁਆਰਿਆਂ ਨੂੰ ਕਿਹਾ ਕਿ ਉਹ ਆਪਣੇ ਹਲਕੇ ਦੇ ਸਿੱਖਾਂ ਨੂੰ ਸੰਸਦ ਮੈਂਬਰਾਂ ਉਪਰ ਬੰਦੂਕ ਸਭਿਆਚਾਰ ਖਤਮ ਕਰਨ ਲਈ ਜ਼ੋਰ ਪਾਉਣ ਲਈ ਆਖਣ। ਜ਼ਿਕਰਯੋਗ ਹੈ ਕਿ ਪੰਜ ਅਗਸਤ ਨੂੰ ਓਕ ਕਰੀਕ ਗੁਰਦੁਆਰੇ ਵਿਚ ਗੋਲੀ ਚੱਲਣ ਨਾਲ ਕਈ ਜਾਨਾਂ ਚਲੀਆਂ ਗਈਆਂ ਸਨ। ਇਸ ਤੋਂ ਬਾਅਦ ਜਨਤਕ ਥਾਵਾਂ 'ਤੇ ਲਗਾਤਾਰ ਵਾਪਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਕਾਰਨ ਅਮਰੀਕਾ ਵਿਚ ਬੰਦੂਕ ਦੀ ਖੁੱਲ੍ਹੀ ਵਿਕਰੀ 'ਤੇ ਪਾਬੰਦੀ ਲਾਉਣ ਦੀ ਮੰਗ ਉਠੀ ਸੀ। ਇਸ ਮੰਗ ਨੂੰ ਲੈ ਕੇ ਅਮਰੀਕਾ 'ਚ ਸਿੱਖ ਭਾਈਚਾਰਾ ਕਾਫੀ ਸਰਗਰਮ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪੰਜਾਬ ਇਲਾਜ ਪੱਖੋਂ ਸਭ ਤੋਂ ਮਹਿੰਗਾ ਸੂਬਾ ਬਣਿਆ

**ਚੰਡੀਗੜ੍ਹ (ਬਿਊਰੋ):** ਪੰਜਾਬ ਸਰਕਾਰ ਨੇ ਸਿਹਤ ਵਿਭਾਗ ਬਾਰੇ ਜਾਰੀ ਰਿਪੋਰਟ ਵਿਚ ਮੰਨਿਆ ਹੈ ਕਿ ਪੰਜਾਬ ਦੇ ਹਸਪਤਾਲਾਂ ਵਿਚ ਦੂਜੇ ਸਾਰੇ ਸੂਬਿਆਂ ਨਾਲੋਂ ਇਲਾਜ ਮਹਿੰਗਾ ਹੋ ਗਿਆ ਹੈ। ਇਥੇ ਇਕ ਵਾਰ ਓਪੀਡੀ ਵਿਚ ਜਾਂਚ ਕਰਾਉਣ ਲਈ 270 ਰੁਪਏ ਤੇ ਹਸਪਤਾਲ ਵਿਚ ਦਾਖ਼ਲ ਹੋਣ 'ਤੇ ਘੱਟੋ-ਘੱਟ 15,431 ਰੁਪਏ ਖਰਚ ਆਉਂਦੇ ਹਨ। ਇਹ ਰਿਪੋਰਟ ਮੈਡੀਕਲ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਡਾਕਟਰ ਕੇ.ਕੇ. ਤਲਵਾੜ ਦੀ ਅਗਵਾਈ ਹੇਠ ਦੇਸ਼ ਦੇ ਮਾਹਿਰ ਡਾਕਟਰਾਂ 'ਤੇ ਆਧਾਰਤ ਕਮੇਟੀ ਨੇ ਤਿਆਰ ਕੀਤੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਾਜ ਦੇ ਹਸਪਤਾਲਾਂ ਵਿਚ ਇਲਾਜ ਦੇ ਨਾਲ ਮੈਡੀਕਲ ਤੇ ਸਰਜਰੀ ਦਾ ਸਾਮਾਨ ਵੀ ਮਹਿੰਗਾ ਮਿਲ ਰਿਹਾ ਹੈ। ਮੈਡੀਕਲ ਤੇ ਸਰਜਰੀ ਦੇ ਸਾਮਾਨ ਦੀ ਸਪਲਾਈ ਲਈ ਸਿਹਤ ਬਜਟ ਦਾ 20 ਫੀਸਦੀ ਰਾਖਵਾਂ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਰਾਜ ਦੇ ਹਸਪਤਾਲਾਂ ਵਿਚ ਬੈੱਡਾਂ ਦੀ ਘਾਟ ਦਾ ਜ਼ਿਕਰ ਕਰਦਿਆਂ ਖੁਲਾਸਾ ਕੀਤਾ ਗਿਆ ਹੈ ਕਿ 1555 ਵਿਅਕਤੀਆਂ ਹਿੱਸੇ ਇਕ ਬੈੱਡ ਆ ਰਿਹਾ ਹੈ ਜਦੋਂਕਿ ਪਿਛਲੀ ਸਦੀ ਦੇ ਅੰਤ ਤੱਕ ਇਹ ਅੰਕੜਾ 1276 ਸੀ।

ਸਿਹਤ ਸੇਵਾਵਾਂ ਬਾਰੇ ਹੋਰ ਚਿੰਤਾਜਨਕ ਤੱਥ ਦਾ ਪ੍ਰਗਟਾਵਾ ਕਰਦਿਆਂ ਕਿਹਾ ਗਿਆ ਹੈ ਕਿ ਰਾਜ ਵਿਚ ਇਕ ਹਜ਼ਾਰ ਦੇ ਪਿੱਛੇ ਤੀਹ ਬੱਚੇ ਜਨਮ ਵੇਲੇ ਹੀ ਮਰ ਜਾਂਦੇ ਹਨ। ਪੰਜਾਬ ਨਾਲੋਂ ਚਾਰ ਹੋਰ ਰਾਜਾਂ ਵਿਚ ਇਹ ਦਰ ਵੱਧ ਹੈ ਤੇ ਪੰਜਾਬ ਦਾ ਨਾਂ ਪੰਜਵੇਂ ਸਥਾਨ 'ਤੇ ਆ ਰਿਹਾ ਹੈ। ਪੰਜਾਬ ਵਿਚ ਇਕ ਲੱਖ ਵਿਚੋਂ 172 ਗਰਭਵਤੀ ਔਰਤਾਂ ਜਣੇਪੇ ਵੇਲੇ ਹੀ ਦਮ ਤੋੜ ਜਾਂਦੀਆਂ ਹਨ। ਜਨਮ ਦੇ ਕੁਝ ਸਾਲਾਂ ਬਾਅਦ ਤਕ ਬੱਚਿਆਂ ਵਿਚ ਬਿਮਾਰੀ ਨਾਲ ਲੜਨ ਦੀ ਤਾਕਤ ਦੇਣ ਦੇ ਟੀਕੇ ਲਵਾਉਣ ਤੋਂ 17 ਫੀਸਦੀ ਬੱਚੇ ਅਜੇ ਵੀ ਵਾਂਝੇ ਰਹਿ ਰਹੇ ਹਨ।

ਇਥੇ ਹੀ ਬੱਸ ਨਹੀਂ ਪੰਜ ਸਾਲ ਤੋਂ ਘੱਟ ਉਮਰ ਦੇ 52 ਫ਼ੀਸਦੀ ਬੱਚਿਆਂ ਨੂੰ ਟੱਟੀਆਂ ਤੇ ਉਲਟੀਆਂ ਵੇਲੇ ਪੀਣ ਲਈ ਓਆਰਐਸ ਵੀ ਨਸੀਬ ਨਹੀਂ ਹੋ ਰਿਹਾ। ਆਧੁਨਿਕਤਾ ਦੇ ਯੁੱਗ ਵਿਚ ਪੰਜਾਬ ਵਿਚ ਸਿਰਫ਼ 61 ਫੀਸਦੀ ਔਰਤਾਂ ਬੱਚਿਆਂ ਨੂੰ ਹਸਪਤਾਲਾਂ ਵਿਚ ਜਨਮ ਦੇ ਰਹੀਆਂ। ਹਸਪਤਾਲਾਂ ਵਿਚ ਹੋ ਰਹੀ ਡਿਲਵਰੀ ਵਿਚੋਂ 22 ਫੀਸਦੀ ਮਾਵਾਂ ਸਰਕਾਰੀ ਤੇ 39 ਫੀਸਦੀ ਪ੍ਰਾਈਵੇਟ ਹਸਪਤਾਲਾਂ ਵਿਚ ਜਾ ਰਹੀਆਂ ਹਨ। ਸਾਹ ਦੀ ਤਕਲੀਫ਼ ਤੋਂ ਪੀੜਤ ਸਿਰਫ਼ 13 ਫੀਸਦੀ ਬੱਚੇ ਹੀ ਲਾਗ਼ ਲਈ ਐਂਟੀਬਾਇਟਕ ਦਵਾਈ ਲੈ ਰਹੇ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਲਈ ਅਜੇ ਵੀ ਘੱਟ ਬਜਟ ਰੱਖਿਆ ਜਾ ਰਿਹਾ ਹੈ। ਇਸ ਦੇ ਉਲਟ ਕੇਂਦਰੀ ਸਕੀਮਾਂ ਦਾ ਪੂਰਾ ਪੈਸਾ ਵੀ ਨਹੀਂ ਵਰਤਿਆ ਜਾ ਰਿਹਾ ਹੈ। ਸਿਹਤ ਬਜਟ ਵਿਚ ਮੈਡੀਕਲ ਤੇ ਸਰਜੀਕਲ ਲਈ 20 ਫੀਸਦੀ ਹਿੱਸਾ ਰੱਖਣ ਦੀ ਸਲਾਹ ਦਿੱਤੀ ਗਈ ਹੈ। ਇਹ ਵੀ ਦੱਸਿਆ ਗਿਆ ਹੈ ਕਿ 1980-81 ਵਿਚ ਕੁੱਲ ਬਜਟ ਵਿੱਚ ਜਨ ਸਿਹਤ ਦਾ ਹਿੱਸਾ ਨੌਂ ਫੀਸਦੀ ਰੱਖਿਆ ਗਿਆ ਸੀ ਜਿਹੜਾ ਕਿ ਬਾਅਦ ਵਿਚ ਘਟ ਕੇ 6.97 ਤੇ ਅੱਜ 4.35 ਫੀਸਦੀ ਰਹਿ ਗਿਆ ਹੈ। ਇੱਥੇ ਹੀ ਬੱਸ ਨਹੀਂ ਮੈਡੀਕਲ ਸਿੱਖਿਆ, ਖੋਜ ਤੇ ਟ੍ਰੇਨਿੰਗ ਦਾ ਮਿਆਰ ਲਗਾਤਾਰ ਥੱਲੇ ਡਿੱਗਦਾ ਜਾ ਰਿਹਾ ਹੈ। ਮੈਡੀਕਲ ਸਟਾਫ ਦੀ ਕਿੱਲਤ ਕਾਰਨ ਮੁਢਲੀ ਤੇ ਸੈਕੰਡਰੀ ਸਿਹਤ ਦੀ ਹਾਲਤ ਦਿਨ-ਬ-ਦਿਨ ਵਿਗੜਦੀ ਜਾ ਰਹੀ ਹੈ। ਹਸਪਤਾਲਾਂ ਵਿਚ ਇਲਾਜ ਮਹਿੰਗਾ ਹੋਣ ਕਰਕੇ ਲੋਕ ਪ੍ਰਾਈਵੇਟ ਹਸਪਤਾਲਾਂ ਵਿਚ ਇਲਾਜ ਕਰਾਉਣ ਲਈ ਮਜਬੂਰ ਹੋ ਰਹੇ ਹਨ। ਪੰਜਾਬ ਵਾਸੀਆਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਬਜਟ ਵਿਚ ਪ੍ਰਤੀ ਵਿਅਕਤੀ 1700 ਰੁਪਏ ਸਾਲਾਨਾ ਦਾ ਪ੍ਰਬੰਧ ਕਰਨ ਦੀ ਲੋੜ ਹੈ। ਇਹ ਰਿਪੋਰਟ ਸਰਕਾਰ ਨੂੰ ਜਨਵਰੀ ਵਿਚ ਪੇਸ਼ ਕੀਤੀ ਗਈ।

## ਕੈਨੇਡੀਅਨ ਅਧਿਕਾਰੀ ਨੇ ਰੂਸ ਨੂੰ ਵੇਚੀ ਗੁਪਤ ਸੂਚਨਾ

**ਮਾਸਕੋ:** ਕੈਨੇਡੀਅਨ ਜਲ ਸੈਨਾ ਦਾ ਅਧਿਕਾਰੀ ਜਿਸ 'ਤੇ ਦੇਸ਼ ਧ੍ਰੋਹ ਦਾ ਕੇਸ ਚੱਲ ਰਿਹਾ ਹੈ, ਨੇ ਰੂਸ ਦੀ ਫੌਜ ਨੂੰ ਕੈਨੇਡਾ ਬਾਰੇ ਗੁਪਤ ਸੂਚਨਾ ਦੇਣ ਲਈ ਕਰੀਬ 72 ਹਜ਼ਾਰ ਡਾਲਰ ਲਏ। ਇਸ ਕੇਸ ਦੇ ਮੁਲਾਜ਼ਮ ਸਬ-ਲੈਫਟੀਨੈਂਟ ਜੈਫਰੀ ਪਾਲ ਡੈਲਿਸਲੇ ਨੂੰ ਜਨਵਰੀ 2012 'ਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਹੋਲੀਫੈਕਸ ਵਿਖੇ ਕੈਨੇਡਾ ਦੇ ਜਲ ਸੈਨਾ ਖੁਫੀਆ ਵਿਭਾਗ ਵਿਚ ਤਾਇਨਾਤ ਸੀ। ਫੈਡਰਲ ਕਰਾਊਨ ਅਟਾਰਨੀ ਲਿਨੇ ਡੀਕੈਰੀ ਨੇ ਦੱਸਿਆ ਕਿ ਡੈਲਿਸਲੇ ਨੇ 2007 ਤੋਂ 2011 ਤਕ ਰੂਸ ਨੂੰ ਗੁਪਤ ਸੂਚਨਾ ਦੇਣ ਬਦਲੇ 71,817 ਡਾਲਰ ਵਸੂਲੇ।

**CountryWide Cargo Movers Inc.**
13308 Regal Crest Dr., Clfton, VA 20124

ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਫਲੋਰਿਡਾ ਤੋਂ ਮੈਰੀਲੈਂਡ
ਅਤੇ ਮਿਡਵੈਸਟ ਤੇ
ਕੈਲੀਫੋਰਨੀਆ ਲਈ
ਪੱਕੇ ਰੂਟ
ਪੇਮੈਂਟ 40 ਸੈਂਟ ਪ੍ਰਤੀ ਮੀਲ
ਰੀਫਰ ਅਤੇ ਡਰਾਈ ਲੋਡ



ਸੰਪਰਕ ਕਰੋ, ਰਾਜ
ਫੋਨ: 703-349-1977 ਜਾਂ 703-565-4857

**Gas Station For Sale**
In Upper Michigan (Absent Owner)
Excellent Hwy Location
Excellent Rent $4625 from Burger King
Sale Gas: 65,000 Gallons, Inside $40,000
*Asking Price $ 925,000*
Contact: Ph. 414-788-8005

ਗੈਸ ਸਟੇਸ਼ਨ ਵਿਕਾਊ ਹੈ
ਮਿਸ਼ੀਗਨ ਅਤੇ ਵਿਸਕਾਨਸਿਨ ਦੇ ਬਾਰਡਰ 'ਤੇ ਬਹੁਤ ਹੀ ਵਧੀਆ ਲੋਕੇਸ਼ਨ। ਬਰਗਰ ਕਿੰਗ ਤੋਂ 4625 ਡਾਲਰ ਦਾ ਮਾਸਿਕ ਰੈਂਟ
ਗੈਸ ਸੇਲ: 65,000 ਗੈਲਨ, ਇਨਸਾਈਡ ਸੇਲ: 40,000 ਡਾਲਰ
*ਕੀਮਤ: $925,000*
ਸੰਪਰਕ ਕਰੋ: 414-788-8005

**Short Sale Specialist**
Selling HUD homes anywhere in California



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
@916-612-5773
visit: www.hudhomestore.com
Serving from Bay Area to Sacramento

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**
Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
***National Truck Driving School***

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਪਾਕਿਸਤਾਨ 'ਚ ਇਤਿਹਾਸਕ ਗੁਰਦੁਆਰਿਆਂ ਦਾ ਮੰਦਾ ਹਾਲ

**ਅੰਮ੍ਰਿਤਸਰ:** ਪਾਕਿਸਤਾਨ ਸਰਕਾਰ ਵੱਲੋਂ ਭਾਵੇਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਾਕਿਸਤਾਨ ਵਿਚ ਇਤਿਹਾਸਕ ਗੁਰਦੁਆਰੇ ਪੂਰੀ ਤਰ੍ਹਾਂ ਸੁਰੱਖਿਅਤ ਹਨ ਪਰ ਅਸਲ ਤਸਵੀਰ ਕੁਝ ਹੋਰ ਹੀ ਹੈ। ਗੁਰਦੁਆਰਾ ਖਾਰਾ ਸਾਹਿਬ, ਗੁਰਦੁਆਰਾ ਭਾਈ ਬੰਨੂ ਤੇ ਗੁਰਦੁਆਰਾ ਕੇਰ ਸਾਹਿਬ ਦੀ ਸ਼ਾਨ ਨੂੰ ਤਹਿਸ-ਨਹਿਸ ਕਰਦਿਆਂ ਇਨ੍ਹਾਂ ਦੀਆਂ ਕੰਧਾਂ ਤੇ ਪਾਥੀਆਂ ਥੱਪੀਆਂ ਜਾ ਰਹੀਆਂ ਹਨ ਤੇ ਅੰਦਰ ਪਸ਼ੂ ਬੰਨ੍ਹੇ ਜਾ ਰਹੇ ਹਨ।

ਗੁਜਰਾਂਵਾਲਾ ਦੀ ਤਹਿਸੀਲ ਨੌਸ਼ਹਿਰਾ ਵਿਰਕਾਂ ਦੇ ਪਿੰਡ ਬੁੱਢਾ ਗੋਰਾਇਆਂ ਦੇ ਕੋਲ ਹੀ ਪਿੰਡ ਭਾਈ ਕੇ ਮੱਟੂ ਵਿਚਲੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਬੰਧਤ ਗੁਰਦੁਆਰਾ ਖਾਰਾ ਸਾਹਿਬ ਦੀਆਂ ਦੀਵਾਰਾਂ 'ਤੇ ਜਿੱਥੇ ਪਾਥੀਆਂ ਥੱਪੀਆਂ ਜਾ ਰਹੀਆਂ ਹਨ, ਉਥੇ ਹੀ ਗੁਰਦੁਆਰਾ ਸਾਹਿਬ ਦੇ ਪ੍ਰਕਾਸ਼ ਹਾਲ ਵਿਚ ਪਸ਼ੂ ਬੰਨ੍ਹੇ ਜਾ ਰਹੇ ਹਨ। ਜ਼ਿਲ੍ਹਾ ਮੰਡੀ ਬਹਾਉਦੀਨ ਦੀ ਤਹਿਸੀਲ ਫਾਲੀਆਂ ਦੇ ਪਿੰਡ ਮਾਂਗਟ ਵਿਚ ਸ੍ਰੀ ਗੁਰੂ ਅਰਜਨ ਦੇਵ ਦੇ ਪ੍ਰੇਮੀ ਸਿੱਖ ਭਾਈ ਬੰਨੂ ਦੇ ਨਿਵਾਸ ਵਾਲੇ ਸਥਾਨ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਆਲੀਸ਼ਾਨ ਗੁਰਦੁਆਰਾ ਤੇ ਕੋਲ ਹੀ ਵਿਸ਼ਾਲ ਤੇ ਸੁੰਦਰ ਤਲਾਅ ਦਾ ਨਿਰਮਾਣ ਕਰਵਾਇਆ ਸੀ। ਗੁਰਦੁਆਰੇ ਦੀਆਂ ਦੀਵਾਰਾਂ 'ਤੇ ਆਸ-ਪਾਸ ਦੇ ਘਰਾਂ ਵਾਲਿਆਂ ਵੱਲੋਂ ਪਾਥੀਆਂ ਥੱਪੀਆਂ ਜਾਂਦੀਆਂ ਹਨ। ਮੰਡੀ ਬਹਾਉਦੀਨ ਕੋਲ ਇਕ ਹੋਰ ਪਿੰਡ ਜੈਸੁਖ ਵਿਚ ਸ੍ਰੀ ਗੁਰੂ ਨਾਨਕ ਦੇਵ ਦੀ ਯਾਦਗਾਰ ਗੁਰਦੁਆਰਾ ਕੇਰ ਸਾਹਿਬ ਹੈ। ਇਸ ਗੁਰਦੁਆਰੇ ਦੇ ਦਰਬਾਰ ਤੇ ਸਰੋਵਰ ਦੀ ਸੇਵਾ ਵੀ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਮੌਜੂਦਾ ਸਮੇਂ ਇਸ ਅਸਥਾਨ 'ਤੇ ਕਬਜ਼ਾਧਾਰੀ ਲੋਕ ਕਿਸੇ ਸ਼ਰਧਾਲੂ ਨੂੰ ਇਸ ਸਥਾਨ ਦੇ ਲਾਗੇ ਵੀ ਨਹੀਂ ਜਾਣ ਦਿੰਦੇ



ਗੁਦੁਆਰਾ ਟਿੱਬਾ ਸਾਹਿਬ, ਪਾਕਪਟਨ।

ਤੇ ਇਸ ਦੇ ਅੰਦਰ-ਬਾਹਰ ਦੀਆਂ ਕੰਧਾਂ ਨੂੰ ਪਾਥੀਆਂ ਥੱਪਣ ਲਈ ਤੇ ਗੁਰਦੁਆਰੇ ਦੇ ਹਾਲ ਨੂੰ ਤੂੜੀ ਰੱਖਣ ਵਾਲੇ ਸਟੋਰ ਵਜੋਂ ਇਸਤੇਮਾਲ ਕਰ ਰਹੇ ਹਨ।

ਉਪਰੋਕਤ ਗੁਰਦੁਆਰਿਆਂ ਦੇ ਇਲਾਵਾ ਵੀ ਗੁਰਦੁਆਰਾ ਅਜੀਤਸਰ, ਦਰਬਾਰ ਬਾਬਾ ਸ੍ਰੀਚੰਦ (ਓਕਾੜਾ), ਗੁਰਦੁਆਰਾ ਮਾਮੇਸਰ, ਛੋਟਾ ਨਾਨਕਿਆਣਾ, ਗੁਰਦੁਆਰਾ ਦਫ਼ਤੂਹ, ਗੁਰਦੁਆਰਾ ਥੰਮ੍ਹ ਸਾਹਿਬ (ਕਸੂਰ), ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ (ਨੈਨਾਕੋਟ), ਗੁਰਦੁਆਰਾ ਬਾਬਾ ਜਮੀਅਤ ਸਿੰਘ, ਗੁਰਦੁਆਰਾ ਹਡਿਆਰਾ, ਗੁਰਦੁਆਰਾ ਰਾਮਪੁਰਾ ਖੁਰਦ, ਗੁਰਦੁਆਰਾ ਪਢਾਣਾਂ, ਗੁਰਦੁਆਰਾ ਛੇਵੀਂ ਪਾਤਸ਼ਾਹੀ ਢਿੱਲਵਾਂ (ਲਾਹੌਰ), ਗੁਰਦੁਆਰਾ ਭਾਈ ਲਾਲੂ, ਗੁਰਦੁਆਰਾ ਦਮਦਮਾ ਸਾਹਿਬ (ਗੁਜਰਾਂਵਾਲਾ), ਗੁਰਦੁਆਰਾ ਅਜਨੀਆ ਵਾਲਾ, ਗੁਰਦੁਆਰਾ ਪਹਿਲੀ ਪਾਤਸ਼ਾਹੀ ਹਫ਼ਤ ਮਦਰ (ਸ਼ੇਖ਼ੂਪੁਰਾ), ਗੁਰਦੁਆਰਾ ਟਾਹਲੀ ਸਾਹਿਬ (ਨਾਰੋਵਾਲ), ਗੁਰਦੁਆਰਾ ਗਲੋਟੀਆਂ (ਸਿਆਲਕੋਟ) ਸਹਿਤ ਦੋ ਦਰਜਨ ਤੋਂ ਵਧੇਰੇ ਗੁਰਦੁਆਰਾ ਸਾਹਿਬਾਨ ਦੀ ਸ਼ਾਨ ਇਸੇ ਪ੍ਰਕਾਰ ਤਹਿਸ-ਨਹਿਸ ਕੀਤੀ ਜਾ ਰਹੀ ਹੈ।

## ਪੁਰਸ਼ਾਂ ਦੇ ਮੁਕਾਬਲੇ ਮਹਿਲਾ ਕਾਰੋਬਾਰੀਆਂ ਦੀ ਬੱਲੇ-ਬੱਲੇ

**ਲੰਡਨ:** ਆਪਣੀਆਂ ਕੰਪਨੀਆਂ ਚਲਾਉਣ ਵਾਲੀਆਂ ਮਹਿਲਾ ਕਾਰੋਬਾਰੀ ਪੁਰਸ਼ਾਂ ਦੇ ਮੁਕਾਬਲੇ 17 ਫੀਸਦੀ ਵਧੇਰੇ ਕਮਾਈ ਕਰਦੀਆਂ ਹਨ। ਇਹ ਖੁਲਾਸਾ ਬਰਤਾਨੀਆ ਵਿਚ ਕੀਤੇ ਗਏ ਅਧਿਐਨ ਦੇ ਆਧਾਰ 'ਤੇ ਕੀਤਾ ਗਿਆ ਹੈ। ਪਾਰਟ-ਟਾਈਮ ਕੰਮ ਕਰਦੇ ਪੁਰਸ਼ਾਂ ਦੇ ਮੁਕਾਬਲੇ ਪਾਰਟ-ਟਾਈਮ ਕੰਮ ਕਰਨ ਵਾਲੀਆਂ ਮਹਿਲਾਵਾਂ ਵੀ ਪੰਜ ਫੀਸਦੀ ਵਧੇਰੇ ਕਮਾਈ ਕਰਦੀਆਂ ਹਨ। ਇਸੇ ਤਰ੍ਹਾਂ 20 ਸਾਲ ਉਮਰ ਵਰਗ ਦੇ ਜਿਹੜੇ ਪੁਰਸ਼ ਪੂਰਾ ਸਮਾਂ ਕੰਮ ਕਰਦੇ ਹਨ, ਉਹ ਮਹਿਲਾਵਾਂ ਦੇ ਮੁਕਾਬਲੇ ਅੱਧਾ ਫੀਸਦੀ ਘੱਟ ਕਮਾਈ ਕਰਦੇ ਹਨ।

'ਡੇਲੀ ਮੇਲ' ਦੀ ਰਿਪੋਰਟ ਅਨੁਸਾਰ ਬਰਤਾਨੀਆ ਵਿਚ ਪੁਰਸ਼ਾਂ ਦੇ ਮੁਕਾਬਲੇ ਮਹਿਲਾਵਾਂ 17 ਫੀਸਦੀ ਵੱਧ ਕਮਾਈ ਕਰਦੀਆਂ ਹਨ। ਇਹ ਸਰਵੇਖਣ ਬਾਰਕਲੇਜ਼ ਵੈਲਥ ਐਂਡ ਇਨਵੈਸਟਮੈਂਟ ਮੈਨੇਜਮੈਂਟ ਵੱਲੋਂ ਕਰਵਾਇਆ ਗਿਆ ਜਿਸ ਵਿਚ ਦੋ ਹਜ਼ਾਰ ਤੋਂ ਵੱਧ ਵਿਅਕਤੀਆਂ ਨੂੰ ਖੋਜ ਦਾ ਆਧਾਰ ਬਣਾਇਆ ਗਿਆ। ਇਸ ਤੋਂ ਪਤਾ ਲੱਗਿਆ ਕਿ ਆਪਣੀਆਂ ਕੰਪਨੀਆਂ ਚਲਾਉਣ ਵਾਲੀਆਂ ਮਹਿਲਾਵਾਂ ਆਪਣਾ ਮਿਹਨਤਾਨਾ 382000 ਪੌਂਡ ਰੱਖਦੀਆਂ ਹਨ ਜੋ ਪੁਰਸ਼ਾਂ ਦੇ 327000 ਪੌਂਡ ਦੇ ਮੁਕਾਬਲੇ 16.8 ਫੀਸਦੀ ਵੱਧ ਹੈ।

# ਸੜਕ ਹਾਦਸੇ ਘਟਾਉਣ ਲਈ ਗੰਭੀਰ ਨਹੀਂ ਪੰਜਾਬ ਦੀ ਟਰੈਫਿਕ ਪੁਲਿਸ

**ਚੰਡੀਗੜ੍ਹ:** ਸ਼ਰਾਬ ਪੀ ਕੇ ਤੇ ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਕਾਰਨ ਭਾਵੇਂ ਪੰਜਾਬ ਵਿਚ ਨਿੱਤ ਦਿਨ ਸੜਕ ਹਾਦਸਿਆਂ ਵਿਚ ਵੱਡੀ ਤਬਾਹੀ ਹੋ ਰਹੀ ਹੈ ਪਰ ਰਾਜ ਦੀ ਟਰੈਫਿਕ ਪੁਲਿਸ ਅਨੁਸਾਰ ਸਭ ਠੀਕ-ਠਾਕ ਹੈ। ਸੂਚਨਾ ਦੇ ਅਧਿਕਾਰ (ਆਰਟੀਆਈ) ਤਹਿਤ ਰਾਜ ਦੇ

**ਮਹਿਜ਼ ਡਿਊਟੀ ਪੂਰੀ ਕਰਕੇ ਸਾਰਿਆ ਜਾ ਰਿਹੈ ਕੰਮ**

ਚਾਰ ਜ਼ਿਲ੍ਹਿਆਂ ਤੋਂ ਹਾਸਲ ਕੀਤੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਜਿਥੇ ਲੋਕ ਸ਼ਰਾਬ ਪੀ ਕੇ ਵਾਹਨ ਚਲਾਉਣ ਤੋਂ ਗੁਰੇਜ਼ ਕਰਦੇ ਹਨ, ਉਥੇ ਤੈਅ ਰਫਤਾਰ ਤੋਂ ਤੇਜ਼ ਗੱਡੀਆਂ ਚਲਾਉਣ ਵਾਲਿਆਂ ਦੀ ਗਿਣਤੀ ਵੀ ਨਾਮਾਤਰ ਹੀ ਹੈ। ਦੂਸਰੇ ਪਾਸੇ ਸੜਕ ਹਾਦਸਿਆਂ ਦੇ ਅੰਕੜਿਆਂ ਅਨੁਸਾਰ ਰਾਜ ਦੀਆਂ ਸੜਕਾਂ ਉਪਰ ਬਹੁਤੇ ਹਾਦਸੇ ਸ਼ਰਾਬ ਪੀ ਕੇ ਤੇ ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਕਾਰਨ ਵਾਪਰਦੇ ਹਨ।

ਜ਼ਿਲ੍ਹਾ ਤਰਨ ਤਾਰਨ ਦੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪਿਛਲੇ ਵਰ੍ਹੇ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲੇ ਸਿਰਫ ਛੇ ਵਿਅਕਤੀ ਟਰੈਫਿਕ ਪੁਲਿਸ ਨੂੰ ਨਜ਼ਰ ਆਏ ਸਨ। ਜ਼ਿਲ੍ਹੇ ਦੀ ਪੁਲਿਸ ਨੇ ਪਿਛਲੇ ਵਰ੍ਹੇ ਦੌਰਾਨ ਨਿਰਧਾਰਤ ਰਫਤਾਰ ਤੋਂ ਤੇਜ਼ ਵਾਹਨ ਚਲਾਉਣ ਸਬੰਧੀ ਸਿਰਫ 12 ਚਲਾਨ ਕੱਟੇ ਹਨ। ਇਸੇ ਜ਼ਿਲ੍ਹੇ ਵਿਚ ਪਿਛਲੇ ਵਰ੍ਹੇ ਦੌਰਾਨ ਵਾਪਰੇ 92 ਸੜਕ ਹਾਦਸਿਆਂ ਵਿਚ 70 ਮੌਤਾਂ ਹੋਈਆਂ ਤੇ 113 ਵਿਅਕਤੀ ਜ਼ਖ਼ਮੀ ਹੋਏ। ਇਸ ਸਮੇਂ ਦੌਰਾਨ ਪੁਲਿਸ ਨੇ ਕੁੱਲ 12,097 ਵਾਹਨਾਂ ਦੇ ਚਲਾਨ ਕੱਟ ਕੇ 30,92,897 ਰੁਪਏ ਜੁਰਮਾਨਾ ਵਸੂਲਿਆ।

ਪੁਲੀਸ ਨੇ ਜ਼ੈਬਰਾ ਕਰਾਸਿੰਗ ਦੀ ਉਲੰਘਣਾ ਕਰਨ, ਹਾਈਬੀਮ 'ਤੇ ਲਾਈਟਾਂ ਚਲਾ ਕੇ ਵਾਹਨ ਚਲਾਉਣ, ਵਾਹਨਾਂ ਦੇ ਸ਼ੀਸ਼ਿਆਂ ਉਪਰ ਕਾਲੀ ਫਿਲਮ ਲਾਉਣ ਤੇ ਸਿਗਰਟ ਪੀਂਦਿਆਂ ਵਾਹਨ ਚਲਾਉਣ ਵਾਲੇ ਕਿਸੇ ਵਿਅਕਤੀ ਦਾ ਚਲਾਨ ਨਹੀਂ ਕੱਟਿਆ। ਇਸੇ ਤਰ੍ਹਾਂ ਪੁਲਿਸ ਜ਼ਿਲ੍ਹਾ ਬਟਾਲਾ ਵਿਚ ਸ਼ਰਾਬ ਪੀ ਕੇ ਵਾਹਨ



ਚਲਾਉਣ ਵਾਲਿਆਂ ਦੇ 36, ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਦੇ 69 ਤੇ ਸਿਗਰਟ ਪੀਂਦਿਆਂ ਵਾਹਨ ਚਲਾਉਣ ਦੇ ਦੋਸ਼ਾਂ ਤਹਿਤ ਸਿਰਫ ਇਕ ਚਲਾਨ ਕੱਟਿਆ ਹੈ। ਪੁਲਿਸ ਨੂੰ ਹਾਈਬੀਮ 'ਤੇ ਲਾਈਟਾਂ ਚਲਾ ਕੇ ਵਾਹਨ ਚਲਾਉਣ ਵਾਲਾ ਕੋਈ ਵਿਅਕਤੀ ਨਜ਼ਰ ਨਹੀਂ ਪਿਆ। ਇਸ ਜ਼ਿਲ੍ਹੇ ਵਿਚ ਪਿਛਲੇ ਵਰ੍ਹੇ ਵਾਪਰੇ 85 ਸੜਕ ਹਾਦਸਿਆਂ ਵਿਚ 64 ਮੌਤਾਂ ਹੋਈਆਂ ਤੇ 72 ਵਿਅਕਤੀ ਜ਼ਖ਼ਮੀ ਹੋਏ। ਟਰੈਫਿਕ ਸਟਾਫ ਨੇ ਕੁੱਲ 7015 ਚਲਾਨ ਕੱਟ ਕੇ 14,77,050 ਰੁਪਏ ਜੁਰਮਾਨਾ ਵਸੂਲਿਆ। ਜ਼ਿਲ੍ਹਾ ਲੁਧਿਆਣਾ (ਦਿਹਾਤੀ) ਵਿਚ ਪਿਛਲੇ ਵਰ੍ਹੇ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ 114 ਤੇ ਤੇਜ਼ ਰਫਤਾਰ ਵਾਹਨ ਚਲਾਉਣ ਦੇ ਸਿਰਫ 20 ਚਲਾਨ ਕੱਟੇ ਗਏ ਹਨ। ਇਥੋਂ ਦੀ ਪੁਲਿਸ ਨੂੰ ਪੂਰੇ ਵਰ੍ਹੇ ਸਿਗਰਟ ਪੀ ਕੇ ਵਾਹਨ ਚਲਾਉਂਦੇ ਸਿਰਫ ਦੋ ਵਿਅਕਤੀ ਦਿੱਸੇ। ਪੁਲਿਸ ਦੇ ਅੰਕੜਿਆਂ ਅਨੁਸਾਰ ਪਿਛਲੇ ਪੂਰੇ ਵਰ੍ਹੇ ਦੌਰਾਨ ਨਾ ਤਾਂ ਕਿਸੇ ਵਾਹਨ ਚਾਲਕ ਨੇ ਲਾਲ ਬੱਤੀ ਦੀ ਉਲੰਘਣਾ ਕੀਤੀ ਤੇ ਨਾ ਹੀ ਹਾਈਬੀਮ 'ਤੇ ਲਾਈਟ ਜਗ੍ਹਾ ਕੇ ਵਾਹਨ ਚਲਾਇਆ। ਜ਼ਿਲ੍ਹੇ ਵਿਚ ਪਿਛਲੇ ਵਰ੍ਹੇ ਕੁੱਲ ਵਾਪਰੇ 117 ਸੜਕ ਹਾਦਸਿਆਂ ਵਿਚ 95 ਮੌਤਾਂ ਹੋਈਆਂ ਤੇ 83 ਵਿਅਕਤੀ ਜ਼ਖ਼ਮੀ ਹੋਏ। ਪੁਲਿਸ ਨੇ ਇਸ ਸਮੇਂ ਦੌਰਾਨ ਕੁੱਲ 13,386 ਚਲਾਨ ਕੱਟ ਕੇ 50,21,850 ਰੁਪਏ ਵਸੂਲੇ। ਫਾਜ਼ਿਲਕਾ ਜ਼ਿਲ੍ਹੇ ਦੀ ਪੁਲੀਸ ਨੂੰ ਪਿਛਲੇ ਸਾਰੇ ਵਰ੍ਹੇ ਦੌਰਾਨ ਇਕ ਵੀ ਵਿਅਕਤੀ ਸ਼ਰਾਬ ਪੀ ਕੇ ਗੱਡੀ ਚਲਾਉਂਦਾ ਜਾਂ ਤੈਅ ਰਫਤਾਰ ਤੋਂ ਤੇਜ਼ ਵਾਹਨ ਚਲਾਉਂਦਾ ਨਹੀਂ ਮਿਲਿਆ। ਜ਼ਿਲ੍ਹੇ ਦੀ ਪੁਲਿਸ ਵੱਲੋਂ ਹਾਈਬੀਮ 'ਤੇ ਲਾਈਟ ਜਗ੍ਹਾ ਕੇ ਤੇ ਸਿਗਰਟ ਪੀਂਦਿਆਂ ਵਾਹਨ ਚਲਾਉਣ ਵਾਲੇ ਸਿਰਫ ਪੰਜ-ਪੰਜ ਵਿਅਕਤੀਆਂ ਦੇ ਚਲਾਨ ਕੱਟੇ ਗਏ ਹਨ। ਜ਼ਿਲ੍ਹੇ ਵਿਚ ਪਿਛਲੇ ਵਰ੍ਹੇ 87 ਸੜਕ ਹਾਦਸਿਆਂ ਵਿਚ 67 ਮੌਤਾਂ ਹੋਈਆਂ ਤੇ 72 ਜਣੇ ਜ਼ਖ਼ਮੀ ਹੋਏ। ਫਾਜ਼ਿਲਕਾ ਜ਼ਿਲ੍ਹੇ ਦੀ ਪੁਲਿਸ ਨੇ ਸਾਲ 2012 ਦੌਰਾਨ 11,681 ਚਲਾਨ ਕੱਟ ਕੇ 52,13,060 ਰੁਪਏ ਜੁਰਮਾਨਾ ਵਸੂਲਿਆ ਹੈ।

## ਅਕਾਲੀ ਆਗੂ ਨੇ ਕਰੋੜਾਂ ਦਾ ਝੋਨਾ ਹੜੱਪਿਆ

**ਚੰਡੀਗੜ੍ਹ:** ਫਰੀਦਕੋਟ ਦੇ ਇੱਕ ਅਕਾਲੀ ਆਗੂ ਦੇ ਸ਼ੈਲਰ 'ਚੋਂ 27 ਹਜ਼ਾਰ ਕੁਇੰਟਲ ਝੋਨਾ ਗਾਇਬ ਹੋ ਗਿਆ। ਇਸ ਦੀ ਕੀਮਤ 6 ਕਰੋੜ ਰੁਪਏ ਬਣਦੀ ਹੈ। ਇਹ ਝੋਨਾ ਪਨਸਪ ਦਾ ਸੀ ਅਤੇ ਪਨਸਪ ਨੇ ਛੜਾਈ ਲਈ ਇਹ ਝੋਨਾ ਸ਼ੈਲਰ ਵਿੱਚ ਰੱਖਿਆ ਸੀ। ਪਨਸਪ ਅਧਿਕਾਰੀਆਂ ਨੇ ਇਸ ਮਾਮਲੇ ਦੀ ਪੜਤਾਲ ਲਈ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦਿੱਤੀ ਹੈ।

ਪਨਸਪ 2011-12 ਵਿਚ ਅਕਾਲੀ ਆਗੂ ਦੇ ਸ਼ੈਲਰ ਵਿਚ 185 ਟਰੱਕ ਝੋਨੇ ਦਾ ਲਾਇਆ ਸੀ। ਸ਼ੈਲਰ ਵਿਚ ਵਿਭਾਗ ਨੇ ਝੋਨੇ ਦੀ ਇੱਕ ਲੱਖ, 11 ਹਜ਼ਾਰ ਬੋਰੀ ਰੱਖੀ ਸੀ ਜਿਸ 'ਚੋਂ 54 ਹਜ਼ਾਰ ਬੋਰੀ ਚੌਲ ਤਿਆਰ ਕੀਤੇ ਗਏ। ਪਨਸਪ ਦੇ ਰਿਕਾਰਡ ਅਨੁਸਾਰ 30 ਦਸੰਬਰ ਤੱਕ 27 ਹਜ਼ਾਰ ਕੁਇੰਟਲ ਚੌਲ ਹੋਣੇ ਚਾਹੀਦੇ ਸਨ ਜਿਸ ਨੂੰ ਅੱਗੇ ਜਨਤਕ ਵੰਡ ਪ੍ਰਣਾਲੀ ਰਾਹੀਂ ਰਾਸ਼ਨ ਦੇ ਡਿੱਪੂਆਂ 'ਤੇ ਭੇਜਿਆ ਜਾਣਾ ਸੀ ਪਰ ਇਸ ਸਮੇਂ ਸ਼ੈਲਰ ਵਿੱਚ ਚੌਲਾਂ ਦੀ ਇੱਕ ਵੀ ਬੋਰੀ ਨਹੀਂ ਹੈ। ਡਿਪਟੀ ਕਮਿਸ਼ਨਰ ਰਵੀ ਭਗਤ ਨੇ ਦੱਸਿਆ ਕਿ ਤਹਿਸੀਲਦਾਰ ਗੁਰਤੇਜ ਸਿੰਘ ਮਾਮਲੇ ਦੀ ਜਾਂਚ ਕਰ ਰਹੇ ਹਨ। ਪਨਸਪ ਦੇ ਜ਼ਿਲ੍ਹਾ ਮੈਨੇਜਰ ਸੰਦੀਪ ਬਾਂਸਲ ਮੁਤਾਬਕ ਸ਼ੈਲਰ ਦਾ ਮਾਲਕ ਬਕਾਇਆ ਝੋਨੇ ਦਾ ਨਿਰੀਖਣ ਨਹੀਂ ਕਰਵਾ ਰਿਹਾ।

# ਦਰਬਾਰ ਸਾਹਿਬ ਲਈ ਪੌਡ ਪ੍ਰਣਾਲੀ ਅਗਲੇ ਸਾਲ ਤੋਂ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਦੇਸ਼-ਵਿਦੇਸ਼ ਤੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਉਂਦੇ ਸ਼ਰਧਾਲੂਆਂ ਦੀ ਸਹੂਲਤ ਲਈ ਤੇ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਪੰਜਾਬ ਸਰਕਾਰ ਦੀ ਪ੍ਰਸਤਾਵਿਤ ਯੋਜਨਾ ਪੀਆਰਟੀਐਸ ਪੌਡ ਪ੍ਰਣਾਲੀ (ਪਸੰਜਰ ਰੈਪਿਡ ਟਰਾਂਸਪੋਰਟ ਸਿਸਟਮ) ਲਈ ਉਸਾਰੀ ਕਾਰਜ ਇਸ ਵਰ੍ਹੇ ਜੂਨ ਮਹੀਨੇ ਵਿਚ ਸ਼ੁਰੂ ਹੋਣ ਦੀ ਉਮੀਦ ਹੈ।

ਇਸ ਯੋਜਨਾ ਦਾ ਨੀਂਹ ਪੱਥਰ 2011 ਦੇ ਅਖੀਰ ਵਿਚ ਰੱਖਿਆ ਗਿਆ ਸੀ ਪਰ ਹਾਲ ਬਾਜ਼ਾਰ ਦੇ ਵਪਾਰੀਆਂ ਤੇ ਲੋਕਾਂ ਦੇ ਇਤਰਾਜ਼ਾਂ ਕਾਰਨ ਇਹ ਯੋਜਨਾ ਸਿਰੇ ਨਹੀਂ ਚੜ੍ਹੀ। ਹੁਣ ਸਰਕਾਰ ਵੱਲੋਂ ਇਸ ਦਾ ਰਾਹ ਹਾਲ ਬਾਜ਼ਾਰ ਦੀ ਥਾਂ ਰਾਮ ਬਾਗ ਰਸਤੇ ਬਦਲ ਦਿੱਤਾ ਗਿਆ ਹੈ। ਇਸ ਬਾਰੇ ਗੱਲ ਕਰਦਿਆਂ ਪੰਜਾਬ ਮੁੱਢਲਾ ਢਾਂਚਾ ਰੈਗੂਲੇਟਰੀ ਅਥਾਰਟੀ ਦੀ ਚੇਅਰਪਰਸਨ ਤਲਵਿੰਦਰ ਕੌਰ ਨੇ ਦੱਸਿਆ ਕਿ ਦੋਵਾਂ ਬਾਜ਼ਾਰਾਂ ਦੇ ਕੁਝ ਦੁਕਾਨਦਾਰਾਂ ਨੇ ਇਸ ਮਾਮਲੇ ਵਿਚ ਆਪਣੇ ਇਤਰਾਜ਼ ਦੱਸੇ ਹਨ। ਲੋਕਾਂ ਨੂੰ ਡਰ ਹੈ ਕਿ ਪੌਡ ਪ੍ਰਣਾਲੀ ਲਈ ਬਣਾਏ ਜਾਣ ਵਾਲੇ ਥੰਮ੍ਹਾਂ ਦੇ ਕਾਰਨ ਉਨ੍ਹਾਂ ਦਾ ਵਪਾਰ ਪ੍ਰਭਾਵਿਤ ਹੋਵੇਗਾ,



30 ਤੋਂ 40 ਫੁੱਟ ਦੀ ਉਚਾਈ 'ਤੇ ਚੱਲਣ ਵਾਲੇ ਪੌਡਾਂ ਦੇ ਕਾਰਨ ਲੋਕਾਂ ਦੇ ਘਰਾਂ ਦੀ ਨਿੱਜਤਾ ਪ੍ਰਭਾਵਿਤ ਹੋਵੇਗੀ ਤੇ ਇਸ ਲਈ ਵਰਤੀਆਂ ਜਾਣ ਵਾਲੀਆਂ ਹਾਈ ਵੋਲਟੇਜ ਤਾਰਾਂ ਦੇ ਕਾਰਨ ਖਾਸ ਕਰਕੇ ਬੱਚਿਆਂ ਦੀ ਸੁਰੱਖਿਆ ਨੂੰ ਖ਼ਤਰਾ ਹੈ।

ਉਨ੍ਹਾਂ ਦੱਸਿਆ ਕਿ ਇਤਰਾਜ਼ ਪ੍ਰਗਟਾਉਣ ਵਾਲਿਆਂ ਨੂੰ ਦੱਸਿਆ ਗਿਆ ਹੈ ਕਿ ਪੌਡ ਪ੍ਰਣਾਲੀ ਲਈ ਬਣਾਏ ਜਾਣ ਵਾਲੇ ਥੰਮ੍ਹ ਸਟੀਲ ਦੇ ਹੋਣਗੇ। ਇਸ ਲਈ ਵਧੇਰੇ ਪੁੱਟ ਪੁਟਾਈ ਦੀ ਲੋੜ ਨਹੀਂ ਹੋਵੇਗੀ। ਇਸ ਲਈ ਦੁਕਾਨਦਾਰਾਂ ਦਾ ਵਪਾਰ ਪ੍ਰਭਾਵਿਤ ਨਹੀਂ ਹੋਵੇਗਾ।

ਇਸੇ ਤਰ੍ਹਾਂ ਦੁਕਾਨਾਂ ਦੇ ਉਪਰ ਬਣੇ ਘਰਾਂ ਵਿਚ ਰਹਿੰਦੇ ਲੋਕਾਂ ਦੀ ਨਿੱਜਤਾ 'ਤੇ ਵੀ ਕੋਈ ਅਸਰ ਨਹੀਂ ਹੋਵੇਗਾ। ਇਸ ਵਾਸਤੇ ਹਾਈ ਵੋਲਟੇਜ ਤਾਰਾਂ ਦੀ ਵਰਤੋਂ ਨਹੀਂ ਕੀਤੀ ਜਾ ਰਹੀ, ਇਸ ਲਈ ਬੱਚਿਆਂ ਦੀ ਸੁਰੱਖਿਆ ਨੂੰ ਵੀ ਕੋਈ ਖ਼ਤਰਾ ਨਹੀਂ ਹੈ।

ਉਨ੍ਹਾਂ ਦੱਸਿਆ ਕਿ ਲੋਕਾਂ ਦੇ ਇਤਰਾਜ਼ਾਂ ਦੀ ਬਾਬਤ ਇੱਕ ਮੁਕੰਮਲ ਰਿਪੋਰਟ ਅਗਲੇ 30 ਦਿਨਾਂ ਵਿਚ ਸਰਕਾਰ ਨੂੰ ਸੌਂਪ ਦਿੱਤੀ ਜਾਵੇਗੀ ਜਿਸ ਤੋਂ ਬਾਅਦ ਸਰਕਾਰ ਵੱਲੋਂ ਇਸ ਯੋਜਨਾ ਦੀ ਸ਼ੁਰੂਆਤ ਲਈ ਅਗਲਾ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਸਭ ਕੁਝ ਠੀਕ ਰਹਿੰਦਾ ਹੈ ਤਾਂ ਪੀਆਰਟੀਐਸ ਪੌਡ ਪ੍ਰਣਾਲੀ ਲਈ ਲੋੜੀਂਦਾ ਉਸਾਰੀ ਕਾਰਜ ਇਸ ਵਰ੍ਹੇ ਜੂਨ ਮਹੀਨੇ ਵਿਚ ਸ਼ੁਰੂ ਹੋ ਜਾਵੇਗਾ ਤੇ ਅਗਲੇ 30 ਮਹੀਨਿਆਂ ਵਿਚ ਉਸਾਰੀ ਦਾ ਕਾਰਜ ਮੁਕੰਮਲ ਹੋ ਜਾਵੇਗਾ।ਅਨੁਮਾਨ ਅਨੁਸਾਰ ਇਹ ਯੋਜਨਾ ਦਸੰਬਰ 2015 ਜਾਂ 2016 ਦੇ ਸ਼ੁਰੂ ਵਿਚ ਸ਼ੁਰੂ ਹੋ ਜਾਵੇਗੀ।

# Matrimonials

## ਵਰ ਦੀ ਲੋੜ ਹੈ

ਜੱਟ ਸਿੱਖ ਸੇਖੋਂ ਕੈਲੀਫੋਰਨੀਆ ਰਹਿੰਦੀ ਗਰੀਨ ਕਾਰਡ ਹੋਲਡਰ (ਜੁਲਾਈ 2014 'ਚ ਸਿਟੀਜ਼ਨ ਬਣ ਰਹੀ) ਐਮ ਏ, 33 ਸਾਲਾ, ਕੱਦ 5'-5" ਲੜਕੀ ਲਈ ਅਮਰੀਕਾ 'ਚ ਕੱਚੇ ਜਾਂ ਪੱਕੇ ਤੌਰ 'ਤੇ ਰਹਿੰਦੇ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਫੋਟੋ ਤੇ ਵੇਰਵਾ ਈਮੇਲ ਕਰੋ: prince.kular@yahoo.com

## ਕੰਨਿਆ ਦੀ ਲੋੜ ਹੈ

ਜੱਟ ਸਿੱਖ ਅਟਵਾਲ, ਉਮਰ 38, ਕੱਦ 5'-9" ਕਲੀਨਸ਼ੇਵ ਤਲਾਕਸ਼ੁਦਾ ਅਮਰੀਕਾ ਰਹਿੰਦੇ ਲੜਕੇ ਲਈ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ 'ਚ ਚੰਗਾ ਸੈਟਲ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਸੰਪਰਕ ਕਰੋ, ਫੋਨ: 408-775-0975

ਇੰਡੀਆ ਰਹਿੰਦੇ ਸਰਕਾਰੀ ਮੁਲਾਜ਼ਮ ਵਾਲੀਆ ਸਿੱਖ, ਐਮ ਐਸ ਸੀ ਕੈਮਿਸਟਰੀ ਲੜਕੇ, 27 ਸਾਲ, 5'-8' ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਵਿਚਾਰ ਨਹੀਂ। ਸੰਪਰਕ ਕਰੋ, ਫੋਨ: 575-815-8536, ਇੰਡੀਆ 91-94641-21807 ਜਾਂ ਈਮੇਲ: walia@gmail.com

ਜੱਟ ਸਿੱਖ ਸੁਨੱਖੇ, ਬੀ ਏ, 35 ਸਾਲ, 5'-10", ਅਮਰੀਕੀ ਗਰੀਨ ਕਾਰਡਹੋਲਡਰ ਪਰਿਵਾਰ ਨਾਲ ਰਹਿ ਰਹੇ ਲੜਕੇ ਲਈ ਸੁਨੱਖੀ ਲੜਕੀ ਦੀ ਲੋੜ ਹੈ। ਸੰਪਰਕ ਕਰੋ: 510-880-9381 ਜਾਂ 510-688-3354

To Advertise with Punjab Times
Call: 847-359-0746

# ਪੰਜਾਬੀ ਜੀਵਨ ਸ਼ੈਲੀ ਦੇਖ ਗਦਗਦ ਹੋਏ ਕੈਨੇਡੀਅਨ ਆਗੂ

**ਚੰਡੀਗੜ੍ਹ:** ਭਾਰਤ ਫੇਰੀ 'ਤੇ ਆਏ ਮਨੀਟੋਬਾ (ਕੈਨੇਡਾ) ਦੇ ਮੁੱਖ ਮੰਤਰੀ ਗ੍ਰੈਗ ਸੈਲਿੰਗਰ ਨੇ ਪੰਜਾਬ ਦੇ ਪਿੰਡ-ਪਿੰਡ ਜਾ ਕੇ ਜਿਥੇ ਲੋਕਾਂ ਦੀ ਜੀਵਨ ਸ਼ੈਲੀ ਨੂੰ ਗਹੁ ਨਾਲ ਦੇਖਿਆ ਉਥੇ ਉਹ ਜੱਲ੍ਹਿਆਂਵਾਲਾ ਬਾਗ ਤੇ ਵਾਹਗਾ ਸਰਹੱਦ 'ਤੇ ਕੌਮਾਂਤਰੀ ਫੌਜੀ ਪਰੇਡ ਵੀ ਦੇਖਣ ਪੁੱਜੇ। ਉਨ੍ਹਾਂ ਇਸ ਦੌਰੇ ਬਾਰੇ ਦੱਸਿਆ ਕਿ ਉਨ੍ਹਾਂ ਦਾ ਮਕਸਦ ਪੰਜਾਬੀਆਂ ਦੀ ਜੀਵਨ ਸ਼ੈਲੀ ਨੂੰ ਨੇੜਿਓਂ ਤੱਕਣਾ ਹੈ ਕਿਉਂਕਿ ਮਨੀਟੋਬਾ ਸੂਬੇ ਵਿਚ ਤਕਰੀਬਨ 25000 ਪੰਜਾਬੀ ਰਹਿੰਦੇ ਹਨ।

ਉਨ੍ਹਾਂ ਕਿਹਾ ਕਿ ਮਨੀਟੋਬਾ ਪੁੱਜਣ ਵਾਲੇ ਸਾਰੇ ਕੌਮਾਂਤਰੀ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਮਦਦ ਦਿੱਤੀ ਜਾਂਦੀ ਹੈ ਤੇ ਸਰਕਾਰ ਵਿਦਿਆਰਥੀਆਂ ਨੂੰ ਵਰਕ ਪਰਮਿਟ ਦੇਣ ਲਈ ਬਹੁਤ ਉਦਾਰ ਹੈ। ਉਨ੍ਹਾਂ ਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਉਨ੍ਹਾਂ ਨੇ ਪੰਜਾਬ ਨਾਲ ਆਪਣੇ ਸੂਬੇ ਦੇ ਸਬੰਧਾਂ ਨੂੰ ਬੜ੍ਹਾਵਾ ਦੇਣ ਲਈ ਲੋਕਾਂ ਤੇ ਪਰਿਵਾਰਕ ਪੱਧਰ 'ਤੇ ਮੇਲ-ਜੋਲ ਦਾ ਰਾਹ ਅਪਣਾਇਆ ਹੈ। ਇਥੇ ਭਾਰਤੀ ਉਦਯੋਗ ਮਹਾਂਸੰਘ (ਸੀਆਈਆਈ) ਦੇ ਖੇਤਰੀ ਸਦਰਮੁਕਾਮ 'ਤੇ ਉਦਯੋਗ ਤੇ ਵਪਾਰ ਜਗਤ ਦੇ ਮਹਾਰਥੀਆਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਸ੍ਰੀ ਸੈਲਿੰਗਰ ਨੇ ਹਰਿਆਣਾ ਦੀ ਮੋਹਰੀ ਰਾਜਸੀ ਲੀਡਰਸ਼ਿਪ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਇਲਾਕੇ, ਸਮਾਜਕ ਢਾਂਚੇ ਤੇ ਆਲਾ-ਦੁਆਲਾ ਆਪਣੇ ਅੱਖੀਂ ਦੇਖਣਾ ਚਾਹੁੰਦਾ ਸਨ ਜਿਥੋਂ ਉਨ੍ਹਾਂ ਦੇ ਸੂਬੇ ਦੀਆਂ ਮਾਨਵੀ ਵਸੀਲਿਆਂ ਦੀਆਂ ਲੋੜਾਂ ਦੀ ਭਰਪਾਈ ਹੁੰਦੀ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਮਨੀਟੋਬਾ ਸੂਬੇ ਦੀ ਕੁੱਲ ਵਸੋਂ ਚੰਡੀਗੜ੍ਹ ਨਾਲੋਂ ਵੀ ਘੱਟ ਹੈ ਪਰ ਉਥੇ ਤਕਰੀਬਨ 25000 ਪੰਜਾਬੀ ਰਹਿੰਦੇ ਹਨ। ਪੰਜਾਬੀ ਮਨੀਟੋਬਾ ਦੀ ਅੱਠਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਸ੍ਰੀ ਸੈਲਿੰਗਰ ਪਹਿਲੀ ਵਾਰ ਭਾਰਤ ਆਏ ਹਨ ਤੇ ਚੰਡੀਗੜ੍ਹ ਦੀ ਖੂਬਸੂਰਤੀ ਤੇ ਰੌਕ ਗਾਰਡਨ ਦੀ ਵਿਲੱਖਣਤਾ ਤੋਂ ਬਹੁਤ ਪ੍ਰਭਾਵਤ ਹੋਏ ਹਨ। ਉਨ੍ਹਾਂ ਦੇ ਵਫ਼ਦ ਵਿਚ ਮਨੀਟੋਬਾ ਅਸੈਂਬਲੀ ਵਿਚ ਭਾਰਤੀ-ਕੈਨੇਡਿਆਈ ਭਾਈਚਾਰੇ ਦੇ ਇਕਲੌਤੇ ਨੁਮਾਇੰਦੇ ਮਹਿੰਦਰ ਸਰਾਂ ਤੇ ਸੱਤਾਧਾਰੀ ਨਿਊ ਡੈਮੋਕਰੈਟਿਕ ਪਾਰਟੀ ਦੇ ਕੁਲਵਿੰਦਰ ਤੂਰ ਸਣੇ ਕਈ ਉੱਘੇ ਮੈਂਬਰ ਸ਼ਾਮਲ ਹਨ।

ਆਪਣੇ ਦੌਰੇ ਦਾ ਮੁੱਖ ਮਨੋਰਥ ਦੱਸਦਿਆਂ ਸ੍ਰੀ ਸੈਲਿੰਗਰ ਨੇ ਕਿਹਾ ਕਿ ਉਨ੍ਹਾਂ ਦੀ ਆਵਾਸ ਵਿਧੀ ਬਹੁਤ ਸਰਲ ਹੈ ਤੇ ਵਿਦਿਅਕ ਪ੍ਰਣਾਲੀ ਬਿਹਤਰੀਨ ਤੇ ਕਫਾਇਤੀ ਮੰਨੀ ਜਾਂਦੀ ਹੈ। ਮਨੀਟੋਬਾ ਪੁੱਜਣ ਵਾਲੇ ਸਾਰੇ ਕੌਮਾਂਤਰੀ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਮਦਦ ਦਿੱਤੀ ਜਾਂਦੀ ਹੈ। ਅਰਧ ਹੁਨਰਮੰਦ ਤੇ ਹੁਨਰਮੰਦ ਆਵਾਸ ਲਈ ਇਕ ਵਿਸ਼ੇਸ਼ ਸੂਬਾਈ ਪ੍ਰੋਗਰਾਮ ਐਮ ਪੀ ਐਨ ਪੀ ਬਣਿਆ ਹੋਇਆ ਹੈ। ਉਨ੍ਹਾਂ ਪੰਜਾਬ ਤੇ ਹਰਿਆਣਾ ਨਾਲ ਮਿਲ ਕੇ ਇਥੇ ਫੂਡ ਸੈਂਟਰ ਬਣਾਉਣ ਬਾਰੇ ਸਮਝੌਤੇ ਸਹੀਬੰਦ ਕੀਤੇ ਹਨ।



ਕੈਨੇਡੀਅਨ ਆਗੂ ਗ੍ਰੈਗ ਸੈਲਿੰਗਰ ਅੰਮ੍ਰਿਤਸਰ 'ਚ ਪਿੰਗਲਵਾੜਾ ਵਿਖੇ ਬੱਚਿਆਂ ਨਾਲ।



# ਸੰਤ ਕੁੰਦਨ ਸਿੰਘ ਦੀ ਸਾਲਾਨਾ ਬਰਸੀ ਮਨਾਈ

**ਫਰਿਜ਼ਨੋ (ਬਿਊਰੋ):** ਮਹਾਨ ਤਪੱਸਵੀ ਸੰਤ ਬਾਬਾ ਕੁੰਦਨ ਸਿੰਘ ਕਲੇਰਾਂ ਵਾਲਿਆਂ ਦੀ ਸਸਲਾਨਾ ਬਰਸੀ ਇਥੇ ਗੁਰਦੁਆਰਾ ਨਾਨਕਸਰ ਚੈਰੀ ਰੋਡ ਵਿਖੇ ਸੰਗਤ ਵੱਲੋਂ ਬੜੀ ਸ਼ਰਧਾ ਨਾਲ ਵਿਸ਼ੇਸ਼ ਦੀਵਾਨ ਸਜਾ ਕੇ ਮਨਾਈ ਗਈ। ਇਸ ਸਬੰਧੀ ਚਾਰ ਅਖੰਡ ਪਾਠਾਂ ਦੇ ਭੋਗ ਮਰਿਆਦਾ ਅਨੁਸਾਰ ਪਾਏ ਗਏ।

ਸਜੇ ਦੀਵਾਨ 'ਚ ਭਾਈ ਦਵਿੰਦਰ ਸਿੰਘ ਸੋਢੀ, ਭਾਈ ਇਕਬਾਲ ਸਿੰਘ ਝੋਰੜਾ ਤੇ ਭਾਈ ਸੁਖਵਿੰਦਰ ਅਤੇ ਹਰਵਿੰਦਰ ਸਿੰਘ, ਭਾਈ ਗੁਰਵਿੰਦਰ ਸਿੰਘ ਤੇ ਭਾਈ ਮੋਹਣ ਸਿੰਘ, ਭਾਈ ਹਰਭਜਨ ਸਿੰਘ ਤੇ ਭਾਈ ਦਾਰਾ ਸਿੰਘ, ਭਾਈ ਜਸਪਾਲ ਸਿੰਘ ਪਾਉਂਟਾ ਸਾਹਿਬ ਦੇ ਪੰਥ ਪ੍ਰਸਿਧ ਰਾਗੀ ਜਥਿਆਂ ਵੱਲੋਂ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ ਗਿਆ। ਗੁਰੂ ਘਰ ਦੇ ਮੁਖ ਸੇਵਾਦਾਰ ਡਾ. ਸੁਖਜੀਤ ਸਿੰਘ ਚਾਹਲ ਨੇ ਬਾਬਾ ਕੁੰਦਨ ਸਿੰਘ ਦੀ ਜੀਵਨ ਗਾਥਾ ਸੰਗਤਾਂ ਨਾਲ ਸਾਂਝੀ ਕੀਤੀ। ਗੁਰੂ ਕਾ ਲੰਗਰ ਅਤੁਟ ਵਰਤਿਆ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)
Cell: (510)-677-9942
Shop: (510)-505-9605





MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Emirates Asiana Airlines KOREAN AIR SINGAPORE AIRLINES CATHAY PACIFIC Lufthansa CHINA AIRLINES



ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

FARMERS INSURANCE GROUP Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



# ਕਾਰਗਿਲ ਜੰਗ: ਚਾਰ ਪਾਕਿਸਤਾਨੀ ਜਨਰੈਲਾਂ ਦੀ ਸੀ ਸ਼ਰਾਰਤ?

**ਇਸਲਾਮਾਬਾਦ:** ਲੈਫਟੀਨੈਂਟ ਜਨਰਲ (ਸੇਵਾ-ਮੁਕਤ) ਸ਼ਾਹਿਦ ਅਜ਼ੀਜ਼ ਨੇ ਦਾਅਵਾ ਕੀਤਾ ਹੈ ਕਿ ਕਾਰਗਿਲ ਯੁੱਧ ਦੌਰਾਨ ਪਾਕਿਸਤਾਨ ਸੈਨਾ ਵੱਲੋਂ ਭਾਰਤੀ ਖੇਤਰ ਅੰਦਰ ਜਦੋਂ ਘੁਸਪੈਠ ਕੀਤੀ ਗਈ ਸੀ ਤਾਂ ਸੈਨਾ ਦੀ ਅਗਵਾਈ ਪਾਕਿਸਤਾਨੀ ਫੌਜ ਦੇ ਚਾਰ ਜਰਨੈਲਾਂ ਨੇ ਸੰਭਾਲੀ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਫੌਜ ਨੇ ਸਭ ਤੋਂ ਪਹਿਲਾਂ ਘੁਸਪੈਠ 18 ਦਸੰਬਰ, 1998 ਨੂੰ ਕੀਤੀ ਸੀ ਜਦੋਂ ਕੈਪਟਨ ਨਦੀਮ ਤੇ ਕੈਪਟਨ ਅਲੀ ਨੂੰ ਹੌਲਦਾਰ ਲਲਿਕ ਜਨ ਸਮੇਤ ਭਾਰਤੀ ਖੇਤਰ ਦੀ ਜਾਂਚ ਕਰਨ ਵਾਸਤੇ ਭੇਜਿਆ ਗਿਆ ਸੀ।

ਇਸ ਮਗਰੋਂ ਪਾਕਿਸਤਾਨੀ ਸੈਨਾ ਦੀਆਂ ਕਈ ਟੁਕੜੀਆਂ ਨੇ ਕੰਟਰੋਲ ਰੇਖਾ ਪਾਰ ਕੀਤੀ ਤੇ ਭਾਰਤੀ ਖੇਤਰ 'ਚ ਦਾਖਲ ਹੋ ਗਈਆਂ। ਇਸ ਦੌਰਾਨ ਪਾਕਿ ਫੌਜ ਵਿਚ ਇਹ ਮੁਕਾਬਲਾ ਹੋ ਰਿਹਾ ਸੀ ਕਿ ਕੌਣ ਭਾਰਤੀ ਖੇਤਰ ਵਿਚ ਸਭ ਤੋਂ ਅੱਗੇ ਵਧਦਾ ਹੈ। ਇਸ ਮਗਰੋਂ ਕੁਝ ਭੇਡ ਪਾਲਕਾਂ ਨੇ ਪਾਕਿਸਤਾਨੀ ਫੌਜ ਦੀ ਭਾਰਤ ਵਿਚ ਮੌਜੂਦਗੀ ਬਾਰੇ ਪ੍ਰਸ਼ਾਸਨ ਤੇ ਫੌਜ ਨੂੰ ਸੂਚਿਤ ਕੀਤਾ।

ਕਰਨਲ ਅਸ਼ਫਾਕ ਹੁਸੈਨ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਕਾਰਗਿਲ ਘੁਸਪੈਠ ਦੌਰਾਨ ਪਾਕਿਸਤਾਨ ਨੇ ਕੋਈ ਖਾਸ ਟੀਚਾ ਨਹੀਂ ਮਿਥਿਆ ਸੀ ਤੇ ਪਾਕਿ ਫੌਜ ਦਾ ਮੰਤਵ ਸਿਰਫ ਭਾਰਤੀ ਖੇਤਰ ਬਾਰੇ ਜਾਣਕਾਰੀ ਲੈਣਾ ਸੀ। ਉਨ੍ਹਾਂ ਕਿਹਾ ਕਿ ਕਾਰਗਿਲ ਅਪਰੇਸ਼ਨ ਮੇਜਰ ਜਨਰਲ ਜਾਵੇਦ ਹਸਨ ਦੇ ਦਿਮਾਗ ਦੀ ਉਪਜ ਸੀ। ਹਸਨ ਨੇ ਯੋਜਨਾ ਬਣਾਈ ਕਿ ਕੰਟਰੋਲ ਰੇਖਾ ਨੇੜੇ ਭਾਰਤੀ ਪੁਜ਼ੀਸ਼ਨਾਂ 'ਤੇ ਕਬਜ਼ਾ ਕੀਤਾ ਜਾਵੇ ਤੇ ਇਸ ਬਾਰੇ ਉਨ੍ਹਾਂ ਨੇ ਤਤਕਾਲੀ ਰਾਵਲਪਿੰਡੀ ਕੋਰਜ਼ ਕਮਾਂਡਰ



ਲੈਫਟੀਨੈਂਟ ਜਨਰਲ ਮਹਿਮੂਦ ਅਹਿਮਦ, ਤਤਕਾਲੀ ਚੀਫ ਆਫ ਜਨਰਲ ਸਟਾਫ ਲੈਫਟੀਨੈਂਟ ਜਨਰਲ ਮੁਹੰਮਦ ਅਜ਼ੀਜ਼ ਤੇ ਮੁਸ਼ੱਰਫ ਤੋਂ ਸਹਿਯੋਗ ਵੀ ਮੰਗਿਆ। ਇਸ ਮਗਰੋਂ ਮੁਸ਼ੱਰਫ ਨੇ ਕੰਟਰੋਲ ਰੇਖਾ ਪਾਰ ਕੀਤੀ ਤੇ ਇਕ ਮਹੀਨੇ ਮਗਰੋਂ ਭਾਰਤ ਤੇ ਪਾਕਿਸਤਾਨ ਦਰਮਿਆਨ ਕਾਰਗਿਲ ਦਾ ਯੁੱਧ ਹੋਇਆ। ਹੁਸੈਨ ਨੇ ਆਪਣੀ ਕਿਤਾਬ ਲਿਖਣ ਦੌਰਾਨ ਉਨ੍ਹਾਂ ਫੌਜੀ ਅਧਿਕਾਰੀਆਂ ਦੀ ਵੀ ਇੰਟਰਵਿਊ ਲਈ ਜਿਨ੍ਹਾਂ ਨੇ ਕਾਰਗਿਲ ਯੁੱਧ ਵਿਚ ਹਿੱਸਾ ਲਿਆ ਸੀ। ਹੁਸੈਨ ਨੇ ਮੁਸ਼ੱਰਫ ਦੇ ਉਸ ਦਾਅਵੇ ਨੂੰ ਵੀ ਝੁਠਲਾਇਆ ਹੈ ਜਿਸ ਵਿਚ ਮੁਸ਼ੱਰਫ ਨੇ ਕਿਹਾ ਸੀ ਕਿ ਕਾਰਗਿਲ ਅਪਰੇਸ਼ਨ ਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਫੌਜ ਦੇ ਕਮਾਂਡਿੰਗ ਅਫਸਰਾਂ ਤੇ ਬ੍ਰਿਗੇਡੀਅਰਾਂ ਤੋਂ ਪੁੱਛਿਆ ਕਿ ਕਾਰਗਿਲ ਅਪਰੇਸ਼ਨ ਦਾ ਮੰਤਵ ਕੀ ਸੀ ਪਰ ਕੋਈ ਵੀ ਅਧਿਕਾਰੀ ਤਸੱਲੀਬਖਸ਼ ਜਵਾਬ ਨਹੀਂ ਦੇ ਸਕਿਆ।

ਉਨ੍ਹਾਂ ਕਿਹਾ ਕਿ ਪਾਕਿ ਕਮਾਂਡਰਾਂ ਨੂੰ ਆਸ ਸੀ ਕਿ ਭਾਰਤੀ ਫੌਜ ਨੂੰ ਘੁਸਪੈਠ ਬਾਰੇ ਪਤਾ ਨਹੀਂ ਲੱਗੇਗਾ ਪਰ ਅਜਿਹਾ ਨਹੀਂ ਹੋ ਸਕਿਆ। ਹੁਸੈਨ ਮੁਸ਼ੱਰਫ ਦੇ ਉਸ ਦਾਅਵੇ ਨੂੰ ਵੀ ਝੁਠਲਾਇਆ ਹੈ ਜਿਸ ਵਿਚ ਮੁਸ਼ੱਰਫ ਨੇ ਕਿਹਾ ਸੀ ਕਿ ਕਾਰਗਿਲ ਯੁੱਧ ਦੌਰਾਨ ਪਾਕਿਸਤਾਨ ਦੇ ਸਿਰਫ 270 ਫੌਜੀ ਹੀ ਮਾਰੇ ਗਏ ਸਨ। ਉਨ੍ਹਾਂ ਕਿਹਾ ਕਿ ਇਕ ਖੋਜ ਦੌਰਾਨ ਇਸ ਯੁੱਧ ਵਿਚ ਪਾਕਿਸਤਾਨ ਦੇ ਤਕਰੀਬਨ ਇਕ ਹਜ਼ਾਰ ਫੌਜੀ ਮਾਰੇ ਗਏ ਸਨ ਪਰ ਇਸ ਬਾਰੇ ਸਰਕਾਰੀ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ।

## ਕਾਰਗਿਲ ਵਿਚ ਉਲਝਿਆ ਮੁਸ਼ੱਰਫ !

**ਇਸਲਾਮਾਬਾਦ:** ਕਾਰਗਿਲ ਜੰਗ ਨਾਲ ਜੁੜੇ ਅਹਿਮ ਖੁਲਾਸਿਆਂ ਤੋਂ ਬਾਅਦ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਜਨਰਲ ਪ੍ਰਵੇਜ਼ ਮੁਸ਼ੱਰਫ਼ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਇਸ ਜੰਗ ਵਿਚ ਸਿੱਧੇ ਤੌਰ 'ਤੇ ਸ਼ਾਮਲ ਹੋਣ ਤੇ ਦੇਸ਼ 'ਤੇ ਬੇਵਜ੍ਹਾ ਜੰਗ ਥੋਪਣ ਨੂੰ ਲੈ ਕੇ ਪਾਕਿਸਤਾਨ ਵਿਚ ਇਸ ਖ਼ਿਲਾਫ਼ ਜਾਂਚ ਕਰਾਉਣ ਦੀ ਮੰਗ ਤੇਜ਼ ਹੋ ਰਹੀ ਹੈ। ਪਾਕਿ ਦੀ ਖੁਫ਼ੀਆ ਏਜੰਸੀ ਆਈਐਸਆਈ ਦੇ ਸੇਵਾ-ਮੁਕਤ ਨਿਰਦੇਸ਼ਕ ਜਿਆਊਦੀਨ ਬੱਟ ਦਾ ਕਹਿਣਾ ਹੈ ਕਿ ਪ੍ਰਵੇਜ਼ ਮੁਸ਼ੱਰਫ਼ ਜੰਗ ਦੇ ਅਪਰਾਧੀ ਹਨ ਤੇ ਜੇ ਇਸ ਮਾਮਲੇ ਵਿਚ ਜਾਂਚ ਹੁੰਦੀ ਹੈ ਤਾਂ ਉਨ੍ਹਾਂ ਨੂੰ ਫਾਂਸੀ ਤੋਂ ਕੋਈ ਨਹੀਂ ਬਚਾ ਸਕਦਾ। ਬੱਟ ਨੇ ਇਥੋਂ ਤੱਕ ਕਹਿ ਦਿੱਤਾ ਕਿ ਮੁਸ਼ੱਰਫ਼ ਦੇ ਕਿਸੇ ਵੀ ਬਿਆਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਹਰ ਵਾਰ ਇਸ ਮੁੱਦੇ 'ਤੇ ਪਾਕਿ ਜਨਤਾ ਨੂੰ ਹਨੇਰੇ ਵਿਚ ਰੱਖਿਆ ਹੈ। ਬੱਟ ਨੇ ਇਥੋਂ ਤੱਕ ਕਿਹਾ ਕਿ ਇਸ ਮਾਮਲੇ ਵਿਚ ਜਾਂਚ ਹੋਣ ਤੋਂ ਬਾਅਦ ਮੁਸ਼ੱਰਫ਼ ਨੂੰ ਫਾਂਸੀ ਤੋਂ ਕੋਈ ਨਹੀਂ ਬਚਾ ਸਕਦਾ। ਬੱਟ ਨੇ ਕਰਨਲ ਅਸ਼ਫਾਕ ਹੁਸੈਨ ਦੀ ਕਿਤਾਬ ਨੂੰ ਮੁਸ਼ੱਰਫ਼ ਖ਼ਿਲਾਫ਼ ਪੁਖ਼ਤਾ ਚਾਰਜਸ਼ੀਟ ਕਰਾਰ ਦਿੱਤਾ ਹੈ। ਪਾਕਿਸਤਾਨ ਦੀ ਮੁੱਖ ਵਿਰੋਧੀ ਪਾਰਟੀ ਪੀਐਮਐਲ (ਐਨ) ਨੇ 1999 ਵਿਚ ਭਾਰਤ ਨਾਲ ਹੋਈ ਕਾਰਗਿਲ ਜੰਗ ਦੀ ਜੁਡੀਸ਼ਲ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਪਾਰਟੀ ਦੇ ਸੀਨੀਅਰ ਆਗੂ ਨਿਸਾਰ ਅਲੀ ਖ਼ਾਨ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਦੇ ਕਰੀਬੀ ਫੌਜੀ ਅਧਿਕਾਰੀ ਨੇ ਜੋ ਇੰਕਸਾਫ ਕੀਤਾ ਹੈ, ਉਸ ਤੋਂ ਬਾਅਦ ਕਾਰਗਿਲ ਜੰਗ ਬਾਰੇ ਜੁਡੀਸ਼ਲ ਜਾਂਚ ਜ਼ਰੂਰੀ ਹੋ ਗਈ ਹੈ।

## ਮੁਸ਼ੱਰ.ਫ ਖੁਦ ਪਹੁੰਚਿਆ ਸੀ ਕਾਰਗਿਲ

**ਇਸਲਾਮਾਬਾਦ:** ਭਾਰਤ ਤੇ ਪਾਕਿਸਤਾਨ ਦਰਮਿਆਨ ਕਾਰਗਿਲ ਯੁੱਧ ਤੋਂ ਕੁਝ ਹਫਤੇ ਪਹਿਲਾਂ ਜਨਰਲ ਪਰਵੇਜ਼ ਮੁਸ਼ੱਰਫ਼ ਨੇ ਹੈਲੀਕਾਪਟਰ ਰਾਹੀਂ ਕੰਟਰੋਲ ਰੇਖਾ ਪਾਰ ਕੀਤੀ ਤੇ 11 ਕਿਲੋਮੀਟਰ ਭਾਰਤੀ ਸਰਹੱਦ ਅੰਦਰ ਦਾਖਲ ਹੋ ਕੇ ਰਾਤ ਵੀ ਬਿਤਾਈ ਸੀ। ਇਹ ਖੁਲਾਸਾ ਪਾਕਿ ਫੌਜ ਦੇ ਮੀਡੀਆ ਵਿਭਾਗ ਦੇ ਸੀਨੀਅਰ ਅਧਿਕਾਰੀ ਕਰਨਲ (ਸੇਵਾ-ਮੁਕਤ) ਅਸ਼ਫਾਕ ਹੁਸੈਨ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਜਨਰਲ ਮੁਸ਼ੱਰਫ ਨੇ 28 ਮਾਰਚ, 1999 ਨੂੰ ਕੰਟਰੋਲ ਰੇਖਾ ਪਾਰ ਕੀਤੀ ਸੀ। ਉਨ੍ਹਾਂ ਨਾਲ '80 ਬ੍ਰਿਗੇਡ' ਦੇ ਕਮਾਂਡਰ ਬ੍ਰਿਗੇਡੀਅਰ ਮਸੂਦ ਅਸਮਲ ਵੀ ਸ਼ਾਮਲ ਸਨ ਤੇ ਦੋਹਾਂ ਨੇ ਜ਼ਿਕਰੀਆ ਮੁਸ਼ਤਾਕਰ ਨਾਂ ਦੀ ਥਾਂ 'ਤੇ ਰਾਤ ਬਿਤਾਈ। ਇਥੇ ਕਰਨਲ ਅਮਜਦ ਸ਼ਬੀਰ ਦੀ ਅਗਵਾਈ ਵਿਚ ਪਾਕਿ ਫੌਜੀ ਦਸਤਾ ਵੀ ਮੌਜੂਦ ਸੀ। ਉਸ ਸਮੇਂ ਜਨਰਲ ਮੁਸ਼ੱਰਫ ਪਾਕਿ ਫੌਜ ਦੇ ਮੁਖੀ ਸਨ ਤੇ ਰਾਤ ਕੱਟਣ ਮਗਰੋਂ ਉਹ ਅਗਲੇ ਦਿਨ ਪਾਕਿਸਤਾਨ ਪਰਤ ਗਏ। ਇਹ ਸਾਰੀ ਜਾਣਕਾਰੀ ਅਸ਼ਫਾਕ ਹੁਸੈਨ ਵੱਲੋਂ ਲਿਖੀ ਪੁਸਤਕ 'ਵਿਟਨੈਸ ਟੂ ਬਲੰਡਰ: ਕਾਰਗਿਲ ਸਟੋਰੀ ਅਨਫੋਲਡਜ਼' ਵਿਚ ਦਿੱਤੀ ਗਈ ਹੈ। ਇਹ ਪੁਸਤਕ 2008 ਵਿਚ ਛਪੀ ਸੀ।

# ਆਈ.ਐਸ.ਆਈ. ਸੀ ਪੂਰੀ ਤਰ੍ਹਾਂ ਬੇਖਬਰ

**ਇਸਲਾਮਾਬਾਦ:** ਪਾਕਿਸਤਾਨ ਦੇ ਸਾਬਕਾ ਜਨਰਲ ਨੇ ਆਪਣੀ ਕਿਤਾਬ ਵਿਚ ਖੁਲਾਸਾ ਕੀਤਾ ਹੈ ਕਿ ਸਾਬਕਾ ਫੌਜੀ ਸ਼ਾਸਕ ਜਨਰਲ ਪਰਵੇਜ਼ ਮੁਸ਼ੱਰਫ ਨੇ 1999 ਵਿਚ ਪਾਕਿ ਫੌਜੀਆਂ ਦੀ ਕਾਰਗਿਲ ਵਿਚ ਘੁਸਪੈਠ ਦੀ ਕਾਰਵਾਈ ਨੂੰ ਇੰਨਾ ਗੁਪਤ ਰੱਖਿਆ ਸੀ ਕਿ ਇਸ ਦੀ ਭਿਣਕ ਖੁਫੀਆ ਏਜੰਸੀ ਆਈਐਸਆਈ ਨੂੰ ਵੀ ਨਹੀਂ ਪਈ ਸੀ। ਸਾਬਕਾ ਲੈਫਟੀਨੈਂਟ ਜਨਰਲ (ਸੇਵਾਮੁਕਤ) ਸ਼ਾਹਿਦ ਅਜ਼ੀਜ਼ ਨੇ ਆਪਣੀ ਨਵੀਂ ਕਿਤਾਬ ਵਿਚ ਕਾਰਗਿਲ ਲੜਾਈ ਬਾਰੇ ਤੱਥ ਛਾਪ ਕੇ ਪਾਕਿਸਤਾਨ ਦੀ ਸਿਆਸਤ ਵਿਚ ਤਰਥੱਲੀ ਮਚਾ ਦਿੱਤੀ ਹੈ। ਉਸ ਵੇਲੇ ਆਈਐਸਆਈ ਦੇ ਵਿਸ਼ਲੇਸ਼ਨ ਵਿੰਗ ਦੇ ਮੁਖੀ ਰਹੇ ਜਨਰਲ ਅਜ਼ੀਜ਼ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਇਸ ਕਾਰਵਾਈ ਦਾ ਪਤਾ ਭਾਰਤੀ ਫੌਜ ਵਿਚਾਲੇ ਰਾਬਤੇ ਤੋਂ ਹੀ ਲੱਗਾ ਸੀ। ਉਨ੍ਹਾਂ ਲਿਖਿਆ ਹੈ ਕਿ 1999 ਵਿਚ ਤਿੰਨ ਜਾਂ ਚਾਰ ਮਈ ਨੂੰ ਜਦੋਂ ਉਨ੍ਹਾਂ ਅਜਨਬੀ ਵਾਇਰਲੈਸ ਰਾਹੀਂ ਹੁੰਦੀ ਗੱਲਬਾਤ ਸੁਣੀ ਤਾਂ ਤੁਰੰਤ ਏਜੰਸੀ ਦੇ ਮੁਖੀ ਲੈਫ. ਜਨਰਲ ਜ਼ਿਆਉਦੀਨ ਬੱਟ ਨੇ ਧਿਆਨ ਵਿਚ ਲਿਆਂਦਾ। ਜਨਰਲ ਅਜ਼ੀਜ਼ ਨੇ ਖੁਲਾਸਾ ਕੀਤਾ ਹੈ ਕਿ ਇਨ੍ਹਾਂ ਵਾਇਰਲੈਸ ਆਵਾਜ਼ਾਂ ਤੋਂ ਸਪਸ਼ਟ ਹੋ ਗਿਆ ਕਿ 10 ਕਾਰਪਸ ਦੇ ਸਿਪਾਹੀ ਕੰਟਰੋਲ ਰੇਖਾ ਦੇ ਨਾਲ ਜੰਗੀ ਅਪਰੇਸ਼ਨ ਚਲਾ



ਰਹੇ ਹਨ। ਆਪਣੀ ਕਿਤਾਬ 'ਫਾਰ ਹਾਓ ਲਾਂਗ ਦਿਸ ਸਾਇਲੈਂਸ' ਵਿਚ ਜਨਰਲ ਅਜ਼ੀਜ਼ ਨੇ ਲਿਖਿਆ ਹੈ ਕਿ ਕਾਰਗਿਲ ਵਿਚ ਸਾਰਾ ਅਪਰੇਸ਼ਨ ਉਸ ਵੇਲੇ ਦੇ ਫੌਜ ਦੇ ਮੁਖੀ ਜਨਰਲ ਪਰਵੇਜ਼ ਮੁਸ਼ੱਰਫ, ਲੈਫ. ਜਨਰਲ ਅਜ਼ੀਜ਼ ਮੁਹੰਮਦ ਖਾਨ, 10 ਕਾਰਪਸ ਦੇ ਮੁਖੀ ਲੈਫ. ਜਨਰਲ ਮਹਿਮੂਦ ਅਹਿਮਦ ਤੇ ਮੇਜਰ ਜਨਰਲ ਜਾਵੇਦ ਹਸਨ ਨੇ ਚਲਾਇਆ ਸੀ। ਇਨ੍ਹਾਂ ਚਾਰਾਂ ਜਨਰਲਾਂ ਤੋਂ ਬਿਨਾਂ ਹੋਰ ਕੋਈ ਵੀ ਸੀਨੀਅਰ ਫੌਜੀ ਅਫਸਰ ਇਸ ਕਾਰਵਾਈ ਬਾਰੇ ਨਹੀਂ ਜਾਣਦਾ ਸੀ। ਇਥੋਂ ਤਕ ਕਿ ਸ਼ੁਰੂ ਵਿਚ ਤਾਂ 10 ਕਾਰਪਸ ਹੈੱਡਕੁਆਰਟਰ ਦਾ ਸਟਾਫ ਵੀ ਇਸ ਅਪਰੇਸ਼ਨ ਬਾਰੇ ਕੁਝ ਨਹੀਂ ਜਾਣਦਾ ਸੀ। ਮਿਲਟਰੀ ਅਪਰੇਸ਼ਨ ਡਾਇਰੈਕਟੋਰੇਟ ਨੂੰ ਵੀ ਉਦੋਂ ਹੀ ਪਤਾ ਲੱਗਾ ਜਦੋਂ ਸਭ ਕੁਝ ਹੋ ਚੁੱਕਾ ਸੀ। ਆਈਐਸਆਈ ਦੇ ਮੁਖੀ ਬੱਟ ਨੂੰ ਬਾਅਦ ਵਿਚ ਪਤਾ ਲੱਗਾ ਕਿ ਪਾਕਿਸਤਾਨੀ ਫੌਜੀਆਂ ਨੇ ਕੰਟਰੋਲ ਰੇਖਾ ਨੇੜੇ ਕਈ ਭਾਰਤੀ ਇਲਾਕਿਆਂ ਦਾ ਕੰਟਰੋਲ ਸੰਭਾਲ ਲਿਆ ਹੈ। ਇਹ ਇਲਾਕੇ ਜਾਂ ਤਾਂ ਖਾਲੀ ਪਏ ਸਨ ਜਾਂ ਫਿਰ ਸਰਦੀ ਦੇ ਮੌਸਮ ਕਰਕੇ ਭਾਰਤੀ ਫੌਜ ਇਥੋਂ ਚਲੀ ਗਈ ਸੀ।

# ਨਵਾਜ਼ ਸ਼ਰੀ.ਫ ਨੂੰ ਪਤਾ ਸੀ ਸਾਰੀ ਕਹਾਣੀ

**ਇਸਲਾਮਾਬਾਦ:** 1999 ਵਿਚ ਕਾਰਗਿਲ ਵਿਚ ਰਣਨੀਤਕ ਪੱਖੋਂ ਅਹਿਮ ਚੋਟੀਆਂ ਉਤੇ ਕਬਜ਼ਾ ਕਰਨ ਲਈ ਪਾਕਿਸਤਾਨ ਵੱਲੋਂ ਛੇੜੀ ਜੰਗ 'ਚਾਰ ਬੰਦਿਆਂ ਦਾ ਸ਼ੋਅ' ਸੀ ਤੇ ਇਸ ਦਾ ਸੂਤਰਧਾਰ ਸਾਬਕਾ ਸੈਨਾ ਮੁਖੀ ਜਨਰਲ ਪ੍ਰਵੇਜ਼ ਮੁਸ਼ੱਰਫ ਸੀ ਤੇ ਤਤਕਾਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਵੀ ਇਸ ਮਾਮਲੇ ਤੋਂ ਪੂਰੀ ਤਰ੍ਹਾਂ ਹਨੇਰੇ ਵਿਚ ਨਹੀਂ ਰੱਖਿਆ ਗਿਆ ਸੀ। ਲੈਫਟੀਨੈਂਟ ਜਨਰਲ (ਸੇਵਾਮੁਕਤ) ਸ਼ਾਹਿਦ ਅਜ਼ੀਜ਼ ਨੇ ਪਿਛਲੇ ਦਿਨੀਂ ਲੇਖ ਵਿਚ ਇਹ ਪ੍ਰਗਟਾਵਾ ਕਰਕੇ ਨਵੀਂ ਚਰਚਾ ਛੇੜ ਦਿੱਤੀ ਹੈ ਕਿ ਕਾਰਗਿਲ ਅਪਰੇਸ਼ਨ ਵਿਚ ਪਾਕਿਸਤਾਨੀ ਸੈਨਾ ਦੇ ਜਵਾਬ ਸ਼ਾਮਲ ਸਨ। ਇਸ ਸਬੰਧੀ ਨਵਾਂ ਪ੍ਰਗਟਾਵਾ ਕਰਦਿਆਂ ਸੇਵਾਮੁਕਤ ਜਨਰਲ ਨੇ ਕਿਹਾ ਕਿ ਇਸ ਅਸਫਲ ਕਾਰਵਾਈ ਵਿਚ ਚਾਰ ਬੰਦਿਆਂ ਦਾ ਹੱਥ ਸੀ ਤੇ ਮੁਢਲੇ ਤੌਰ 'ਤੇ ਇਸ ਦੇ ਵੇਰਵੇ ਸੈਨਾ ਦੇ ਜਨਰਲਾਂ ਤੋਂ ਵੀ ਛੁਪਾਏ ਗਏ ਸਨ। ਜਦੋਂ ਕਾਰਗਿਲ ਵਿਚ ਕਾਰਵਾਈ ਸ਼ੁਰੂ ਹੋਈ ਤਾਂ ਸਿਰਫ ਤਤਕਾਲੀ ਸੈਨਾ ਮੁਖੀ ਮੁਸ਼ੱਰਫ, ਲੈਫਟੀਨੈਂਟ ਜਨਰਲ ਮੁਹੰਮਦ



ਅਜ਼ੀਜ਼, ਉੱਤਰੀ ਖੇਤਰ ਕਮਾਂਡ ਮੁਖੀ ਮੁੱਖ ਲੈਫਟੀਨੈਂਟ ਜਨਰਲ ਜਾਵੇਦ ਹਸਨ ਤੇ 10ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਮੁਹੰਮਦ ਅਹਿਮਦ ਨੂੰ ਇਸ ਦੀ ਜਾਣਕਾਰੀ ਸੀ। ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਉਸ ਸਮੇਂ ਇਹ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੂੰ ਕਾਰਗਿਲ ਵਿਚ ਹਮਲੇ ਦੀ ਜਾਣਕਾਰੀ ਨਹੀਂ ਹੈ ਪਰ ਜਨਰਲ ਅਜ਼ੀਜ਼ ਵੱਲੋਂ ਕੀਤੇ ਦਾਅਵੇ ਅਨੁਸਾਰ ਉਨ੍ਹਾਂ ਨੂੰ ਇਸ ਬਾਰੇ ਪੂਰੀ ਤਰ੍ਹਾਂ ਹਨੇਰੇ ਵਿਚ ਨਹੀਂ ਰੱਖਿਆ ਗਿਆ ਸੀ।

# ਪਾਕਿਸਤਾਨ ਅਜੇ ਵੀ ਜਹਾਦੀਆਂ ਦਾ ਗੜ੍ਹ !

ਚੰਡੀਗੜ੍ਹ: ਓਸਾਮਾ ਬਿਨ ਲਾਦਿਨ ਦੇ ਮਾਰੇ ਜਾਣ ਤੇ ਅਲ-ਕਾਇਦਾ ਦੇ ਕਮਜ਼ੋਰ ਪੈ ਜਾਣ ਦੇ ਬਾਵਜੂਦ ਪਾਕਿਸਤਾਨ ਵਿਚ ਹਾਲੇ ਵੀ ਅਜਿਹੇ ਕੱਟੜ ਮੁਸਲਮਾਨਾਂ ਦੀ ਬਹੁਤਾਤ ਹੈ ਜੋ ਜਹਾਦ ਲਈ ਆਪਣੀ ਜਾਨ ਦੇਣ ਲਈ ਤਿਆਰ ਰਹਿੰਦੇ ਹਨ। ਅਮਰੀਕਾ ਦੇ ਡਰੋਨ ਹਮਲਿਆਂ ਦਾ ਵੀ ਇਨ੍ਹਾਂ 'ਤੇ ਕੋਈ ਅਸਰ ਨਹੀਂ ਹੋ ਰਿਹਾ।

ਮੱਧ ਪੂਰਬ ਤੇ ਅਫਰੀਕਾ ਵਿਚ ਨਵੇਂ ਯੁੱਧ ਖੇਤਰ ਉੱਭਰ ਰਹੇ ਹਨ ਪਰ ਪਾਕਿਸਤਾਨ ਦੀ ਉੱਤਰ ਪੱਛਮੀ ਕਬਾਇਲੀ ਪੱਟੀ ਵਿਚ ਅਜਿਹੇ ਵਿਦੇਸ਼ੀ ਰੰਗਰੂਟਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਜੋ ਇਥੋਂ ਨਾਲੋਂ ਵੀ ਮਾੜੇ ਹਾਲਾਤ ਵਾਲੇ ਦੇਸ਼ਾਂ ਵਿਚੋਂ ਇਧਰ ਭੇਜੇ ਜਾਂਦੇ ਹਨ। ਅਫਗਾਨਿਸਤਾਨ ਵਿਚੋਂ ਸੋਵੀਅਤ ਦੇਸ਼ ਦੀਆਂ ਫੌਜਾਂ ਕੱਢਣ ਲਈ 1980ਵਿਆਂ ਵਿਚ ਛੇੜੇ ਗਏ ਜਹਾਦ ਤੋਂ ਬਾਅਦ ਦੁਨੀਆਂ ਭਰ ਤੋਂ ਕੱਟੜਪੰਥੀ ਮੁਸਲਮਾਨਾਂ ਨੂੰ ਅਫਗਾਨ-ਪਾਕਿਸਤਾਨ ਦੇ ਸਰਹੱਦੀ ਖੇਤਰ ਵਿਚ ਟਰੇਨਿੰਗ ਦੇਣ ਦਾ ਸਿਲਸਿਲਾ ਤੁਰਿਆ ਆਉਂਦਾ ਹੈ। ਇਹੋ ਜਹਾਦੀ ਫਿਰ ਅਲ-ਕਾਇਦਾ ਜਾਂ ਹੋਰ



ਅਤਿਵਾਦੀ ਜਥੇਬੰਦੀਆਂ ਵਿਚ ਸ਼ਾਮਲ ਹੋ ਜਾਂਦੇ ਹਨ। 2001 ਦੇ ਅਖੀਰ ਵਿਚ ਜਦੋਂ ਅਮਰੀਕਾ ਦੀ ਅਗਵਾਈ ਵਾਲੀਆਂ ਫੌਜਾਂ ਨੇ ਕਾਬੁਲ ਵਿਚੋਂ ਤਾਲਿਬਾਨ ਨੂੰ ਖਦੇੜ ਦਿੱਤਾ ਤਾਂ ਉਨ੍ਹਾਂ ਸਰਹੱਦ ਪਾਰ ਕਰਕੇ ਪਾਕਿਸਤਾਨ ਵਿਚ ਸ਼ਰਨ ਲੈ ਲਈ।

ਹੁਣ ਜਦੋਂ ਵਾਸ਼ਿੰਗਟਨ ਤੇ ਨਾਟੋ ਦੀ ਅਗਵਾਈ ਵਾਲੀਆਂ ਫੌਜਾਂ ਨੇ ਅਫਗਾਨਿਸਤਾਨ ਵਿਚ ਅਗਲੇ ਸਾਲ ਆਪਣੀ ਮੁਹਿੰਮ ਖਤਮ ਕਰ ਦੇਣੀ ਹੈ ਤਾਂ ਤਾਲਿਬਾਨ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਵਿਦੇਸ਼ੀ ਸਹਿਯੋਗੀ ਹੁਣ ਇਥੇ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਨਵੇਂ ਟਿਕਾਣੇ ਲੱਭ ਰਹੇ ਹਨ।

ਇਕ ਅਫਗਾਨੀ ਤਾਲਿਬਾਨ ਨੇ ਆਪਣੀ ਪਛਾਣ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਅਲ-ਕਾਇਦਾ ਹੁਣ ਆਪਣਾ ਧਿਆਨ ਸੀਰੀਆ, ਲਿਬੀਆ, ਇਰਾਕ ਜਾਂ ਮਾਲੀ 'ਤੇ ਕੇਂਦਰਤ ਕਰ ਰਿਹਾ ਹੈ। ਸਥਾਨਕ ਅਧਿਕਾਰੀਆਂ ਦਾ ਅਨੁਮਾਨ ਹੈ ਕਿ ਪਿਛਲੇ 10 ਸਾਲਾਂ ਵਿਚ ਅੱਧੇ ਜਾਂ ਦੋ ਤਿਹਾਈ ਤੋਂ ਵੱਧ ਅਤਿਵਾਦੀ ਮਾਰੇ ਜਾ ਚੁੱਕੇ ਹਨ। ਪਿਛਲੇ ਦੋ ਸਾਲਾਂ ਦੌਰਾਨ ਅਲਕਾਇਦਾ ਦੇ ਕਈ ਅਰਬੀ ਮੈਂਬਰ, ਖਾਸ ਕਰਕੇ ਲਿਬੀਆ ਤੇ ਸੀਰੀਆ ਦੇ ਨਾਗਰਿਕ, ਸੀਰੀਆ ਦੀ ਖਾਨਾਜੰਗੀ 'ਚ ਸ਼ਾਮਲ ਹੋ ਗਏ ਤੇ ਇਨ੍ਹਾਂ ਸਦਕਾ ਹੀ 2011 ਵਿਚ ਲਿਬੀਆ ਦੇ ਤਾਨਾਸ਼ਾਹ ਮੁਅੱਮਰ ਗੱਦਾਫੀ ਦਾ ਤਖ਼ਤਾ ਪਲਟ ਦਿੱਤਾ ਗਿਆ। ਇਸੇ ਤਰ੍ਹਾਂ ਕੁਝ ਹੋਰ ਅਤਿਵਾਦੀ ਇਰਾਕ, ਸੋਮਾਲੀਆ ਜਾਂ ਯਮਨ ਵਿਚ ਦਾਖਲ ਹੋ ਚੁੱਕੇ ਹਨ।

## ਕਾਰਗਿਲ : ਘਟਨਾਕ੍ਰਮ

*ਦਸੰਬਰ, 1998 ਨੂੰ ਕਾਰਗਿਲ ਵਿਚ ਪਾਕਿ ਫੌਜ ਨੇ ਘੁਸਪੈਠ ਕੀਤੀ।*

*3 ਮਈ, 1999 ਨੂੰ ਚਰਵਾਹਾ ਨੇ ਭਾਰਤੀ ਫੌਜ ਨੂੰ ਜਾਣਕਾਰੀ ਦਿੱਤੀ।*

*5 ਮਈ, 1999 ਨੂੰ ਕਾਰਗਿਲ ਵਿਚ ਗਸ਼ਤ ਕਰ ਰਹੇ ਪੰਜ ਭਾਰਤੀ ਫੌਜੀ ਸ਼ਹੀਦ।*

*15 ਮਈ, 1999 ਨੂੰ ਭਾਰਤੀ ਸੈਨਾ ਦੇ 'ਆਪ੍ਰੇਸ਼ਨ ਵਿਜੇ' ਦੀ ਸ਼ੁਰੂਆਤ।*

*26 ਮਈ, 1999 ਨੂੰ ਭਾਰਤੀ ਹਵਾਈ ਸੈਨਾ ਨੇ ਘੁਸਪੈਠੀਆਂ 'ਤੇ ਹਵਾਈ ਹਮਲੇ।*

*6 ਜੂਨ, 1999 ਨੂੰ ਭਾਰਤੀ ਸੈਨਾ ਨੇ ਜ਼ਮੀਨੀ ਕਾਰਵਾਈ ਤੇਜ਼ ਕੀਤੀ।*

*15 ਜੂਨ, 1999 ਨੂੰ ਅਮਰੀਕੀ ਰਾਸ਼ਟਰਪਤੀ ਬਿਲ ਕਿਲੰਟਨ ਵੱਲੋਂ ਦਖ਼ਲ।*

*4 ਜੁਲਾਈ, 1999 ਨੂੰ ਭਾਰਤੀ ਫੌਜ ਵੱਲੋਂ ਟਾਈਗਰ ਹਿੱਲ ਫਤਹਿ।*

*11 ਜੁਲਾਈ, 1999 ਨੂੰ ਬਟਾਇਕ ਸੈਕਟਰ ਵਿਚ ਭਾਰਤੀ ਫੌਜ ਕਾਮਯਾਬ।*

*26 ਜੁਲਾਈ, 1999 ਨੂੰ ਭਾਰਤੀ ਫੌਜ ਦਾ 'ਆਪ੍ਰੇਸ਼ਨ ਵਿਜੇ' ਮੁਕੰਮਲ।*

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ
ਫੋਨ: 209-992-7185

***ਕਾਂਗਰਸ ਨਾਲ ਰਲ ਕੇ ਨਹੀਂ, ਇੱਕਲਿਆਂ ਹੀ ਚੋਣ ਲੜੇਗਾ ਸਾਂਝਾ ਮੋਰਚਾ-ਮਨਪ੍ਰੀਤ ਬਾਦਲ**

-ਰਲ ਕੇ ਲੜੇ ਤਾਂ ਤਾਇਆ ਜੀ ਦਾ ਉਮੀਦਵਾਰ ਹਾਰ ਜੂ ਭਾਈ।

***ਸਰਨਾ ਹੁਣ ਕਾਂਗਰਸ 'ਚ ਸ਼ਾਮਿਲ ਹੋ ਜਾਣ-ਮੱਕੜ**

-ਜਿਵੇਂ ਅਸੀਂ ਭਾਜਪਾ (ਆਰ ਐਸ ਐਸ) 'ਚ ਸ਼ਾਮਿਲ ਹੋ ਗਏ ਆਂ।

***ਅਗਲਾ 'ਬਜਟ' ਜ਼ਿੰਮੇਵਾਰੀ ਵਾਲਾ ਹੋਵੇਗਾ-ਚਿਦੰਬਰਮ**

-ਆਹੋ! ਵੋਟਾਂ ਜੁ ਆ ਅਗਲੇ ਸਾਲ!

***ਮੇਰੀ ਮਾਂ ਮੇਰੇ ਕਮਰੇ ਵਿਚ ਆਈ ਤੇ ਰੋ ਪਈ...ਤੇ ਆਖਿਆ ਕਿ ਬੇਟਾ ਸਿਆਸਤ ਜ਼ਹਿਰ ਹੈ-ਰਾਹੁਲ ਗਾਂਧੀ**

-ਕਾਕਾ ਜਾਂ ਇਹ ਤੇਰੀ ਮਾਂ ਨਹੀਂ'ਗੀ ਜਾਂ ਫੇਰ ਸਿਆਸਤ ਜ਼ਹਿਰ ਨਹੀਂ'ਗੀ।

***ਦਿੱਲੀ ਦੇ ਸਿੱਖ ਬਾਦਲਕਿਆਂ ਦੇ ਭਰਮਾਊ ਵਾਇਦਿਆਂ ਦੇ ਜਾਲ 'ਚ ਨਾ ਫਸਣ-ਹਰਵਿੰਦਰ ਸਿੰਘ ਸਰਨਾ**

-ਸਾਡੇ ਜਾਲ 'ਚ ਭਾਵੇਂ ਫਸ ਜਾਣ।

***ਲੁਟੇਰਿਆਂ ਨੇ ਨਕਲੀ ਪੁਲਿਸ ਵਾਲੇ ਬਣ ਕੇ ਲੁੱਟਿਆ-ਇੱਕ ਖਬਰ**

-ਅਸਲੀ ਪੁਲਿਸ ਦਾ ਹੱਕ ਮਾਰਿਆ।

***ਪਰਵਾਸੀਆਂ ਨਾਲ ਕੀਤਾ ਹਰ ਵਾਅਦਾ ਪੂਰਾ ਕਰਾਂਗੇ-ਬਾਦਲ**

-ਹਮਕੋ ਮਾਲੂਮ ਹੈ ਜੰਨਤ ਕੀ ਹਕੀਕਤ ਲੇਕਿਨ...ਵਾਅਦੇ ਤਾਂ ਤੁਸੀਂ ਉਨ੍ਹਾਂ ਦੇ ਵੀ ਪੂਰੇ ਨਹੀਂ ਕਰਦੇ ਜਿਨ੍ਹਾਂ ਦੀਆਂ ਵੋਟਾਂ ਨਾਲ ਸਰਕਾਰ ਬਣਾਉਂਦੇ ਓਂ। ਪਰਵਾਸੀਆਂ ਦੀਆਂ ਤਾਂ ਸੁਖ ਨਾਲ ਕੁਲ ਵੋਟਾਂ ਈ 87 ਨੇ।

***ਬਲਾਤਕਾਰੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ-ਬਾਦਲ**

-ਤੇ ਭ੍ਰਿਸ਼ਟਾਚਾਰੀਆਂ ਨੂੰ ਰਾਸ਼ਟਰਪਤੀ ਐਵਾਰਡ।

# ਇੰਮੀਗਰੇਸ਼ਨ ਸੋਧਾਂ ਦੇ ਮਾਮਲੇ 'ਤੇ ਰਿਪਬਲਿਕਨ ਪਾਰਟੀ 'ਚ ਰੱਫੜ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਪਰਵਾਸੀਆਂ ਨੂੰ ਇੰਮੀਗਰੇਸ਼ਨ ਦੇਣ ਦੇ ਮਾਮਲੇ 'ਤੇ ਰਿਪਬਲਿਕਨ ਪਾਰਟੀ ਵਿਚ ਰੱਫੜ ਪੈ ਗਿਆ ਹੈ। ਯਾਦ ਰਹੇ ਕਿ ਸੱਤਾਧਾਰੀ ਡੈਮੋਕਰੇਟਿਕ ਪਾਰਟੀ ਇੰਮੀਗਰੇਸ਼ਨ ਬਾਰੇ ਸੋਧਾਂ ਦੀ ਪੈਰਵੀ ਬੜੇ ਧੜੱਲੇ ਨਾਲ ਕਰ ਰਹੀ ਹੈ ਅਤੇ ਇਸ ਬਾਰੇ ਕਾਂਗਰਸ ਵਿਚ ਬਿੱਲ ਵੀ ਪੇਸ਼ ਕੀਤਾ ਜਾ ਚੁਕਾ ਹੈ। ਰਿਪਬਲਿਕਨ ਪਾਰਟੀ ਦਾ ਇੱਕ ਹਿੱਸਾ ਇਸ ਬਿੱਲ ਦੀ ਹਮਾਇਤ ਕਰ ਰਿਹਾ ਹੈ ਜਦਕਿ ਦੂਜਾ ਹਿੱਸਾ ਇਨ੍ਹਾਂ ਇੰਮੀਗਰੇਸ਼ਨ ਸੋਧਾਂ ਦੇ ਉੱਕਾ ਹੀ ਖ਼ਿਲਾਫ਼ ਹੈ।

ਰਿਪਬਲਿਕਨ ਪਾਰਟੀ ਦਾ ਇੱਕ ਧੜਾ ਇਹ ਮਹਿਸੂਸ ਕਰਦਾ ਹੈ ਕਿ ਜੇ ਰਾਸ਼ਟਰਪਤੀ ਚੋਣਾਂ ਜਿੱਤਣੀਆਂ ਹਨ ਤਾਂ ਲਾਤੀਨੀ ਅਮਰੀਕੀ ਵੋਟਰਾਂ ਵੱਲ ਧਿਆਨ ਧਰਨਾ ਪਵੇਗਾ। ਵਰਣਨਯੋਗ ਹੈ ਕਿ ਰਾਸ਼ਟਰਪਤੀ ਬਰਾਕ ਓਬਾਮਾ ਦੀ ਇਸ ਵਾਰ ਦੀ ਜਿੱਤ ਵਿਚ ਇਨ੍ਹਾਂ ਵੋਟਰਾਂ ਦਾ ਵੱਡਾ ਯੋਗਦਾਨ ਰਿਹਾ ਹੈ। ਰਿਪਬਲਿਕਨ ਪਾਰਟੀ ਦੇ ਇਸ ਧੜੇ ਮੁਤਾਬਕ ਇਨ੍ਹਾਂ ਵੋਟਰਾਂ ਦੀਆਂ ਵੋਟਾਂ ਖਿੱਚਣ ਲਈ ਇੰਮੀਗਰੇਸ਼ਨ ਸੋਧਾਂ ਵਿਚ ਵਿਰੋਧ ਹੁਣ ਛੱਡ ਦੇਣਾ ਚਾਹੀਦਾ ਹੈ। ਦੂਜੇ ਧੜੇ ਦਾ ਕਹਿਣਾ ਹੈ ਕਿ ਪਾਰਟੀ ਦੇ ਸਿਧਾਂਤਾਂ ਮੁਤਾਬਕ ਇਹ ਗੱਲ ਠੀਕ ਨਹੀਂ। ਇਸ ਲਈ ਪਾਰਟੀ ਨੂੰ ਇੰਮੀਗਰੇਸ਼ਨ ਸੋਧਾਂ ਦੇ ਮਾਮਲੇ ਵਿਚ ਇੰਨਾ ਵੀ ਉਤਸ਼ਾਹ ਵਿਚ ਨਹੀਂ ਆਉਣਾ ਚਾਹੀਦਾ।

ਇਸ ਵੇਲੇ ਅਮਰੀਕਾ ਵਿਚ ਲਾਤੀਨੀ ਅਮਰੀਕਾ ਤੋਂ ਆਏ ਲੱਖਾਂ ਗੈਰ-ਕਾਨੂੰਨੀ ਬਾਸ਼ਿੰਦੇ ਰਹਿ ਰਹੇ ਹਨ ਅਤੇ ਇਸ ਵਸੋਂ ਦਾ ਸਦਾ ਹੀ ਡੈਮੋਕਰੇਟਿਕ ਪਾਰਟੀ ਵੱਲ ਝੁਕਾ ਰਿਹਾ ਹੈ। 2008 ਵਿਚ ਹੋਈਆਂ ਰਾਸ਼ਟਰਪਤੀ ਚੋਣਾਂ ਦੌਰਾਨ ਸ੍ਰੀ ਓਬਾਮਾ ਨੇ ਇਨ੍ਹਾਂ ਵੋਟਾਂ ਦਾ 67 ਫੀਸਦੀ ਹਿੱਸਾ ਖਿੱਚ ਲਿਆ ਸੀ ਅਤੇ ਹੁਣ ਹੋਈਆਂ ਚੋਣਾਂ ਵਿਚ ਇਹ ਫੀਸਦ ਵਧ ਕੇ 71 ਤੱਕ ਪਹੁੰਚ ਗਈ। ਜ਼ਿਕਰ ਕਰਨਾ ਬਣਦਾ ਹੈ ਕਿ ਹਾਲ ਹੀ ਵਿਚ ਦੋਹਾਂ ਪਾਰਟੀਆਂ ਨਾਲ ਸਬੰਧਤ 8 ਸੈਨੇਟਰਾਂ ਨੇ ਜਿਹੜਾ ਬਿੱਲ ਪੇਸ਼ ਕੀਤਾ ਹੈ, ਉਸ ਵਿਚ ਕੁਝ ਖਾਸ ਸ਼ਰਤਾਂ ਨਾਲ ਗੈਰ-ਕਾਨੂੰਨੀ ਪਰਵਾਸੀਆਂ ਨੂੰ ਪੱਕੀ ਨਾਗਰਿਕਤਾ ਦੇਣ ਦਾ ਪ੍ਰਬੰਧ ਹੈ।

ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਿਛਲੇ ਹਫਤੇ ਲਾਸ ਵੇਗਸ ਵਿਚ ਇਕ ਸਮਾਗਮ ਵਿਚ ਅਮਰੀਕਾ ਦੇ ਆਵਾਸੀ ਕਾਨੂੰਨਾਂ ਵਿਚ ਸੁਧਾਰ ਲਈ ਰਾਹ ਮੋਕਲਾ ਕਰਦਿਆਂ ਕਿਹਾ ਸੀ ਕਿ ਵੇਲਾ ਵਿਹਾ ਚੁੱਕੇ ਪੁਰਾਣੇ ਆਵਾਸ ਢਾਂਚੇ ਦੀ ਥਾਂ ਹੁਣ ਬਿਲਕੁਲ ਨਵੇਂ ਢਾਂਚੇ ਦੀ ਜ਼ਰੂਰਤ ਹੈ। ਇਸ ਨਾਲ ਅਮਰੀਕੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲੇਗਾ।

ਰਾਸ਼ਟਰਪਤੀ ਓਬਾਮਾ ਦੀ ਇਸ ਟਿੱਪਣੀ ਉਪਰੰਤ ਜਿਥੇ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਪਰਵਾਸੀਆਂ ਵਿਚ ਆਸ ਦੀ ਇਕ ਨਵੀਂ ਕਿਰਨ ਜਾਗੀ, ਉਥੇ ਨਾਲ ਹੀ ਨਵੀਂ ਆਵਾਸ ਨੀਤੀ ਦੀ ਸੰਭਾਵਨਾ ਨੇ ਰਿਪਬਲਿਕਨਾਂ ਵਿਚ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ।

# ਜਾਅਲੀ ਰੁਜ਼ਗਾਰ ਸਕੀਮ ਦਾ ਇਕ ਵੱਡਾ ਸਕੈਂਡਲ ਬੇਨਕਾਬ

**ਸੈਕਰਾਮੈਂਟੋ (ਬਿਊਰੋ):** ਫੈਡਰਲ ਜਾਂਚ ਅਧਿਕਾਰੀਆਂ ਨੇ ਉਤਰੀ ਕੈਲੀਫੋਰਨੀਆ ਵਿਚ ਜਾਅਲੀ ਰੁਜ਼ਗਾਰ ਰਾਹੀਂ ਅਨਇੰਪਲਾਇਮੈਂਟ ਅਤੇ ਡਿਸਏਬਲਿਟੀ ਲਾਭ ਲੈਣ ਦੇ ਇਕ ਵੱਡੇ ਸਕੈਂਡਲ ਨੂੰ ਬੇਨਕਾਬ ਕੀਤਾ ਹੈ। ਇਸ ਸਿਲਸਿਲੇ ਵਿਚ ਹੁਣ ਤੱਕ 21 ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁਕਾ ਹੈ ਅਤੇ ਹੋਰ ਗ੍ਰਿਫਤਾਰੀਆਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਰਿਹਾ। ਅਧਿਕਾਰੀਆਂ ਅਨੁਸਾਰ ਇਸ ਸਕੀਮ ਅਧੀਨ ਕੋਈ 50 ਲੱਖ ਡਾਲਰ ਦਾ ਗਬਨ ਕੀਤਾ ਗਿਆ।

ਅਧਿਕਾਰੀਆਂ ਅਨੁਸਾਰ ਇਹ ਸਾਰੀ ਸਾਜਿਸ਼ ਇਕ ਪਰਿਵਾਰ ਦੁਆਲੇ ਘੁੰਮਦੀ ਹੈ ਜਿਸ ਦਾ ਦਾਅਵਾ ਸੀ ਕਿ ਉਤਰੀ ਕੈਲੀਫੋਰਨੀਆ ਵਿਚ ਇਸ ਦੀਆਂ ਕਈ ਖੇਤੀ ਰੁਜ਼ਗਾਰ ਕੰਪਨੀਆਂ ਰਾਹੀਂ ਲੋਕਾਂ ਨੂੰ ਰੁਜ਼ਗਾਰ ਦਿਤਾ ਜਾਂਦਾ ਹੈ। ਇਨ੍ਹਾਂ ਕੰਪਨੀਆਂ ਵਲੋਂ ਭਾਈਚਾਰੇ ਦੇ ਲੋਕਾਂ ਨੂੰ ਜਾਅਲੀ ਪੇ-ਸਟਬ ਜਾਰੀ ਕੀਤੇ ਜਾਂਦੇ ਅਤੇ ਸਰਕਾਰ ਨੂੰ ਇਨ੍ਹਾਂ ਕੰਪਨੀਆਂ ਰਾਹੀਂ ਰੁਜ਼ਗਾਰ ਦੀਆਂ ਜਾਅਲੀ ਰਿਪੋਰਟਾਂ ਦਿੱਤੀਆਂ ਜਾਂਦੀਆਂ। ਇਸ ਜਾਅਲੀ ਸਕੀਮ ਰਾਹੀਂ ਰੁਜ਼ਗਾਰ ਹਾਸਲ ਕਰਨ ਵਾਲੇ ਲੋਕ ਦਾਅਵੇ ਕਰਦੇ ਕਿ ਉਨ੍ਹਾਂ ਨੂੰ ਲੇਆਫ ਕਰ ਦਿੱਤਾ ਗਿਆ ਹੈ ਅਤੇ ਹਾਸਲ ਹੋਈਆਂ ਜਾਅਲੀ ਪੇ-ਸਟਬਾਂ ਰਾਹੀਂ ਅਨਇੰਪਲਾਇਮੈਂਟ, ਡਿਸਏਬਲਿਟੀ ਇੰਸ਼ੋਰੈਂਸ ਜਾਂ ਦੋਵੇਂ ਲਿਆ ਕਰਦੇ। ਇਸ ਸਾਰੀ ਸਕੀਮ ਨੂੰ ਜਾਅਲੀ ਰੁਜ਼ਗਾਰ ਸਕੀਮ ਵਜੋਂ ਜਾਣਿਆ ਜਾਂਦਾ ਹੈ।

ਸੂਤਰਾਂ ਅਨੁਸਾਰ ਇਸ ਜਾਅਲੀ ਰੁਜ਼ਗਾਰ ਸਕੀਮ ਪਿਛੇ ਕੰਮ ਕਰਦੇ ਪਰਿਵਾਰ ਵਿਚ ਮੁਹੰਮਦ ਨਵਾਜ਼ ਖਾਨ (56), ਮੁਹੰਮਦ ਆਦਮ ਖਾਨ (31), ਇਕੀਲਾ ਬੇਗਮ ਖਾਨ (31) ਅਤੇ ਮੁਹੰਮਦ ਸ਼ਾਹਬਾਜ਼ ਖਾਨ (56) ਨੂੰ ਮਈ 2012 ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਇਸ ਸਕੀਮ ਤਹਿਤ 17 ਹੋਰ ਵਿਅਕਤੀਆਂ ਨੂੰ ਦੋਸ਼ੀ ਕਰਾਰ ਦੇ ਕੇ ਗ੍ਰਿਫਤਾਰ ਕੀਤਾ ਜਾ ਚੁਕਾ ਹੈ। ਇਸ ਸਾਰੀ ਸਾਜਿਸ਼ ਦੌਰਾਨ 400 ਤੋਂ ਵੱਧ ਵੱਖ ਵੱਖ ਲੋਕਾਂ ਨੂੰ ਰੁਜ਼ਗਾਰ ਦੀਆਂ ਪੇ-ਸਟਬਾਂ ਜਾਰੀ ਕੀਤੀਆਂ ਗਈਆਂ ਜਿਨ੍ਹਾਂ ਤਹਿਤ 2000 ਤੋਂ ਵੱਧ ਬੇਰੁਜ਼ਗਾਰੀ ਅਤੇ ਅੰਗਹੀਣਤਾ ਲਾਭ ਦੇ ਦਾਅਵੇ ਕੀਤੇ ਗਏ।

ਸੂਤਰਾਂ ਅਨੁਸਾਰ ਜਦੋਂ ਜਾਂਚ ਅਧਿਕਾਰੀਆਂ ਨੇ ਕੁਝ ਵਿਅਕਤੀਆਂ ਦੀ ਪੁੱਛ ਪੜਤਾਲ ਕੀਤੀ ਤਾਂ ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਉਹ ਕਿਹੜੇ ਫਾਰਮਾਂ ਅਤੇ ਕਿਹੜੀਆਂ ਥਾਂਵਾਂ ਉਤੇ ਕੰਮ ਕਰਦੇ ਰਹੇ ਸਨ। ਕੁਝ ਮਾਮਲਿਆਂ ਵਿਚ ਤਾਂ ਉਨ੍ਹਾਂ ਦੀ ਤਨਖਾਹ ਆਮ ਖੇਤੀ ਕਾਮਿਆਂ ਨੂੰ ਮਿਲਦੀ ਮਜ਼ਦੂਰੀ ਤੋਂ ਕਿਤੇ ਵੱਧ ਸੀ। ਮਿਸਾਲ ਵਜੋਂ ਪੀਚ ਤੋੜਨ ਦਾ ਰੇਟ 15 ਡਾਲਰ ਫੀ ਘੰਟਾ ਦੱਸਿਆ ਗਿਆ। 76 ਸਾਲਾ ਇਕ ਹੋਰ ਵਿਅਕਤੀ ਨੇ ਦਾਅਵਾ ਕੀਤਾ ਕਿ ਉਸ ਨੂੰ ਪਰੂਨ ਪੈਕ ਕਰਨ ਅਤੇ ਉਨ੍ਹਾਂ ਦੀ ਗਰੇਡਿੰਗ ਕਰਨ ਲਈ 110 ਡਾਲਰ ਪ੍ਰਤੀ ਟੋਕਰੀ ਦਿੱਤੇ ਜਾਂਦੇ ਸਨ।

ਜਾਂਚ ਅਧਿਕਾਰੀਆਂ ਅਨੁਸਾਰ ਸਾਰੇ ਕਥਿਤ ਦੋਸ਼ੀ ਦੋਸ਼ ਸਾਬਤ ਹੋਣ ਤੱਕ ਬੇਕਸੂਰ ਮੰਨੇ ਜਾਣਗੇ। ਜਿਨ੍ਹਾਂ ਨੂੰ ਫੈਡਰਲ ਸਰਕਾਰ ਦੇ ਅਧਿਕਾਰੀਆਂ ਵਲੋਂ ਗ੍ਰਿਫਤਾਰ ਕੀਤਾ ਗਿਆ, ਉਨ੍ਹਾਂ ਉਪਰ ਦੋਸ਼ ਹੈ ਕਿ ਬੇਰੁਜ਼ਗਾਰੀ ਭੱਤਾ ਲੈਣ ਲਈ ਉਨ੍ਹਾਂ ਜਾਅਲੀ ਪੇ-ਸਟਬਾਂ ਦੀ ਵਰਤੋਂ ਕੀਤੀ। ਰਿਪੋਰਟ ਅਨੁਸਾਰ ਇਨ੍ਹਾਂ ਸਭਨਾਂ ਨੇ ਆਪਣੇ ਆਪ ਨੂੰ ਬੇਕਸੂਰ ਦੱਸਦਿਆਂ ਜਿਊਰੀ ਟਰਾਇਲ ਦੀ ਮੰਗ ਕੀਤੀ ਹੈ। ਉਨ੍ਹਾਂ ਸਭਨਾਂ ਨੂੰ ਜ਼ਮਾਨਤ ਉਤੇ ਰਿਹਾ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਅਗਲੀ ਪੇਸ਼ੀ 20 ਮਾਰਚ ਨੂੰ ਹੋਵੇਗੀ।

ਇਸੇ ਜਾਂਚ ਤਹਿਤ ਹੀ ਐਫ ਬੀ ਆਈ, ਫੈਡਰਲ ਸਟੇਟ ਡਿਪਾਰਟਮੈਂਟ ਅਤੇ ਕੈਲੀਫੋਰਨੀਆ ਰੁਜ਼ਗਾਰ ਵਿਕਾਸ ਵਿਭਾਗ ਦੇ ਅਧਿਕਾਰੀਆਂ ਵਲੋਂ ਪਿਛਲੇ ਦਿਨੀਂ ਯੂਬਾ ਸਿਟੀ ਦੇ ਬਲਕਾਰ ਸਿੰਘ (50), ਹਰਵਿੰਦਰ ਕੌਰ (37) ਅਤੇ ਹਰਜਿੰਦਰ ਕੌਰ ਥਾਂਦੀ (34) ਨੂੰ ਗ੍ਰਿਫਤਾਰ ਕੀਤਾ ਗਿਆ। ਬਾਕੀ ਦੇ ਮੁਲਜ਼ਮਾਂ ਜੀਤ ਕੌਰ (62), ਦਲਜੀਤ ਕੌਰ ਸੰਘਾ (41), ਸੁਖਵਿੰਦਰ ਕੌਰ (54), ਦਰਸ਼ਨ ਰਾਣੀ (44)-ਸਾਰੇ ਯੂਬਾ ਸਿਟੀ ਵਾਸੀ, ਅਵਤਾਰ ਕੌਰ ਬੈਂਸ (73)-ਰੋਜ਼ਵਿਲ ਵਾਸੀ ਅਤੇ ਸੀਰੀਜ਼ ਦੇ ਮੋ ਪੈਗਨੀ ਦੀ ਅਦਾਲਤ ਵਿਚ ਪੇਸ਼ੀ ਬਾਅਦ ਦੀ ਕਿਸੇ ਤਾਰੀਖ 'ਤੇ ਹੋਵੇਗੀ। ਅਧਿਕਾਰੀਆਂ ਅਨੁਸਾਰ ਸਟਰ ਕਾਊਂਟੀ ਦੇ ਘੱਟੋ ਘੱਟ 17 ਵਿਅਕਤੀਆਂ ਉਤੇ ਅਜਿਹੇ ਦੋਸ਼ ਹਨ ਅਤੇ ਇਹ ਜਾਅਲਸਾਜ਼ੀ ਪਿਛਲੇ ਕਰੀਬ 20 ਸਾਲ ਤੋਂ ਚਲਦੀ ਆ ਰਹੀ ਸੀ।

ਸੂਤਰਾਂ ਅਨੁਸਾਰ ਇਸ ਸਿਲਸਿਲੇ ਵਿਚ ਯੂਬਾ ਸਿਟੀ ਦੇ 6 ਵਿਅਕਤੀਆਂ ਨੂੰ ਅਪਰੈਲ 2012 ਅਤੇ 6 ਹੋਰਨਾਂ ਨੂੰ ਅਗਸਤ 2012 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਹੋਰ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਰਿਹਾ। ਫੈਡਰਲ ਅਧਿਕਾਰੀਆਂ ਅਨੁਸਾਰ ਕਥਿਤ ਦੋਸ਼ੀਆਂ ਵਲੋਂ ਲਈਆਂ ਜਾਂਦੀਆਂ ਜਾਅਲੀ ਤਨਖਾਹਾਂ ਦੇ ਇਕ ਹਜ਼ਾਰ ਡਾਲਰ ਵਿਚੋਂ 250 ਡਾਲਰ ਇਹ ਜਾਅਲੀ ਸਕੀਮ ਚਲਾ ਰਹੀਆਂ ਕੰਪਨੀਆਂ ਨੂੰ ਦਿੱਤੇ ਜਾਂਦੇ ਸਨ।

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ **ਹੋਮੀਓਪੈਥੀ** ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577

# ਪਰਲਜ਼ ਪੁਰੇਵਾਲ ਖੇਡ ਮੇਲਾ ਹਕੀਮਪੁਰ 2 ਮਾਰਚ ਤੋਂ

**ਮੁਕੰਦਪੁਰ (ਬਿਊਰੋ):** ਹਕੀਮਪੁਰ ਦਾ ਪੁਰੇਵਾਲ ਖੇਡ ਮੇਲਾ ਪਰਲਜ਼ ਗਰੁਪ ਨੇ ਅਪਨਾ ਲਿਆ ਹੈ ਜੋ 2-3 ਮਾਰਚ ਨੂੰ ਹੋਵੇਗਾ। ਕਬੱਡੀ ਲਈ 20 ਲੱਖ ਰੁਪਏ ਦੇ ਇਨਾਮ ਰੱਖੇ ਗਏ ਹਨ। ਤਿੰਨਾਂ ਕਬੱਡੀ ਫੈਡਰੇਸ਼ਨਾਂ ਦੀਆਂ 6-6 ਟੀਮਾਂ ਇਸ ਕਬੱਡੀ ਟੂਰਨਾਮੈਂਟ ਵਿਚ ਭਾਗ ਲੈਣਗੀਆਂ।

ਪ੍ਰਬੰਧਕਾਂ ਅਨੁਸਾਰ ਪਹਿਲਾ ਇਨਾਮ 5 ਲੱਖ, ਦੂਜਾ 4 ਲੱਖ, ਤੀਜਾ 3 ਲੱਖ ਤੇ ਚੌਥਾ 2 ਲੱਖ ਰੁਪਏ ਦਾ ਹੋਵੇਗਾ। ਪਹਿਲਾ ਰਾਊਂਡ ਹਾਰਨ ਵਾਲੀਆਂ ਟੀਮਾਂ ਨੂੰ 30-30 ਤੇ ਦੂਜੇ ਰਾਊਂਡ ਵਾਲੀਆਂ ਨੂੰ 60-60 ਹਜ਼ਾਰ ਰੁਪਏ ਦਿੱਤੇ ਜਾਣਗੇ। ਲੱਖ ਲੱਖ ਰੁਪਏ ਦੇ ਇਨਾਮ ਬੈਸਟ ਧਾਵੀ ਤੇ ਬੈਸਟ ਰੇਡਰ ਲਈ ਹਨ। ਕੁਸ਼ਤੀਆਂ ਦੇ ਸੱਤ ਟਾਈਟਲਾਂ ਲਈ 15 ਲੱਖ ਰੁਪਏ ਦੇ ਇਨਾਮ ਹਨ। ਮਹਾਂਭਾਰਤ ਕੇਸਰੀ ਹਕੀਮਪੁਰ ਦਾ ਪਹਿਲਾ ਇਨਾਮ 1 ਲੱਖ 21 ਹਜ਼ਾਰ, ਦੂਜਾ 71, ਤੀਜਾ 41 ਤੇ ਚੌਥਾ 25 ਹਜ਼ਾਰ ਰੁਪਏ ਦਾ ਹੈ। ਪੰਜਾਬ ਦੀ ਤਕੜੀ ਖਿਡਾਰਨ ਨੂੰ 51 ਹਜ਼ਾਰ ਰੁਪਏ ਦਾ ਮਾਤਾ ਸੁਰਜੀਤ ਕੌਰ ਪੁਰੇਵਾਲ ਅਵਾਰਡ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਵਾਲੀਬਾਲ, ਬੈਲਗੱਡੀਆਂ ਦੀ ਦੌੜ, ਹਲਟ ਦੌੜ, ਕੁੱਤਿਆਂ ਦੀ ਦੌੜ, ਘੋੜ ਦੌੜ ਤੇ ਰੱਸਾਕਸ਼ੀ ਲਈ 10 ਲੱਖ ਰੁਪਏ ਦੇ ਇਨਾਮ ਹਨ। ਹਰ ਅਥਲੈਟਿਕਸ ਈਵੈਂਟ ਦਾ ਪਹਿਲਾ ਇਨਾਮ 7500, ਦੂਜਾ 5000 ਤੇ ਤੀਜਾ 3500 ਰੁਪਏ ਹੈ। ਹਕੀਮਪੁਰ ਦੇ ਜੰਮਪਲ ਤੇ ਬੀ. ਸੀ. ਕੈਨੇਡਾ ਦੇ ਵਸਨੀਕ ਪੁਰੇਵਾਲ ਭਰਾ ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਨੇ ਆਪਣੇ ਸਵਰਗਵਾਸੀ ਪਿਤਾ ਸ. ਹਰਬੰਸ ਸਿੰਘ ਪੁਰੇਵਾਲ ਦੀ ਯਾਦ ਵਿਚ ਇਹ ਮੇਲਾ 1988 ਵਿਚ ਸ਼ੁਰੂ ਕੀਤਾ ਸੀ।



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ
ਉਨੇ ਹੀ ਮਿੰਟ ਕੱਟੇ ਜਾਣਗੇ
*24/7 Customer Service Available*
*Same rate for lanline and mobile.*
ਟੋਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 9 ਫਰਵਰੀ 2013*

## ਸਿੱਖੀ ਅਤੇ ਸਿਆਸਤ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਕੱਲ੍ਹ ਤੱਕ ਕੋਈ ਖਾਸ ਅਹਿਮੀਅਤ ਨਹੀਂ ਸੀ ਰੱਖਦੀ ਪਰ ਪਿਛਲੇ ਕੁਝ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ, ਧਾਰਮਿਕ ਸੰਸਥਾਵਾਂ ਅਤੇ ਪੰਜਾਬ ਦੀ ਸਿਆਸਤ ਵਿਚ ਜਿਸ ਤਰ੍ਹਾਂ ਅਤੇ ਜਿੰਨੀ ਤੇਜ਼ੀ ਨਾਲ ਬਾਦਲ ਪਰਿਵਾਰ ਦੀ ਚੜ੍ਹਾਈ ਹੋਈ ਹੈ, ਉਸ ਨੇ ਸਾਰੀ ਤੰਦ-ਤਾਣੀ ਹੋਰ ਦੀ ਹੋਰ ਬਣਾ ਦਿੱਤੀ ਹੈ। ਬਾਦਲਾਂ ਨੇ ਆਪਣੇ ਖਿਲਾਫ ਉਠਦੇ ਹਰ ਆਗੂ ਨੂੰ ਭੰਨ੍ਹਣ ਲਈ ਹਰ ਹੀਲਾ ਵਰਤਿਆ। ਇਸ ਕੰਮ ਲਈ ਸਿਆਸੀ ਨੈਤਿਕਤਾ ਅਤੇ ਧਾਰਮਿਕ ਮਰਿਆਦਾ ਨੂੰ ਠੋਕਰ ਤੱਕ ਮਾਰੀ ਗਈ। ਖਾੜਕੂਵਾਦ ਵਾਲੇ ਦੌਰ ਅਤੇ ਉਸ ਤੋਂ ਬਾਅਦ ਬੇਅੰਤ ਸਿੰਘ ਸਰਕਾਰ ਵੇਲੇ ਕਿਸੇ ਨੂੰ ਇਹ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਲਾਵੇ ਤੋਂ ਬਾਅਦ ਬਾਦਲਾਂ ਨੇ ਪੰਥ ਅਤੇ ਪੰਜਾਬ ਨੂੰ ਇਸ ਕਦਰ ਜੱਫਾ ਮਾਰ ਲੈਣਾ ਹੈ। ਕਿਸੇ ਸਿਆਸੀ ਵਿਸ਼ਲੇਸ਼ਣਕਾਰ ਦੇ ਗੇੜ ਵਿਚ ਵੀ ਇਹ ਵਰਤਾਰਾ ਨਹੀਂ ਸੀ ਆਇਆ। ਉਦੋਂ ਤਾਂ ਕੁਝ ਵਿਸ਼ਲੇਸ਼ਣਕਾਰ ਇਨ੍ਹਾਂ ਅਕਾਲੀ ਆਗੂਆਂ ਨੂੰ ਮੱਤਾਂ ਦਿੰਦੇ ਨਹੀਂ ਸਨ ਥੱਕਦੇ। ਇਨ੍ਹਾਂ ਮੱਤਾਂ ਉਤੇ ਬਾਦਲਾਂ ਨੇ ਕਿੰਨਾ ਕੁ ਅਮਲ ਕੀਤਾ, ਇਹ ਤਾਂ ਵੱਖਰਾ ਵਿਚਾਰਨ ਵਾਲਾ ਮਸਲਾ ਹੈ, ਪਰ ਬਾਦਲਾਂ ਨੇ ਆਪਣੀ ਸਿਆਸਤ ਲਈ ਰਾਹ ਲੱਭਣ ਹਿਤ ਆਪ ਹੀ ਉਹ ਰਣਨੀਤੀ ਘੜੀ ਜੋ ਹੁਣ ਬੜੇ ਘਾਤਕ ਰੂਪ ਵਿਚ ਸਭ ਦੇ ਸਾਹਮਣੇ ਹੈ। ਸੰਸਾਰ ਭਰ ਵਿਚ ਚੋਖੀ ਉਥਲ-ਪੁਥਲ ਦੀ ਗਵਾਹ ਬਣੀ 20ਵੀਂ ਸਦੀ ਦਾ ਅੰਤ ਅਤੇ ਨਵੀਂ ਨਿਵੇਕਲੀ 21ਵੀਂ ਸਦੀ ਦਾ ਆਗਾਜ਼ ਬਾਦਲਾਂ ਦੀ ਸਰਕਾਰ ਵੇਲੇ ਹੀ ਹੋਇਆ। ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਵੀ ਇਸੇ ਸਮੇਂ ਦੌਰਾਨ ਮਨਾਈ ਗਈ। ਇਸ ਸਮੇਂ ਦੌਰਾਨ ਹੀ ਲੋਕਾਂ ਨੇ ਚਤੁਰ ਮੰਨੇ ਜਾਂਦੇ ਅਤੇ ਧਾਰਮਿਕ ਤੇ ਸਿਆਸੀ ਪਿੜ ਵਿਚ ਲੰਮੀ ਪਾਰੀ ਖੇਡਣ ਵਾਲੇ ਜਥੇਦਾਰ ਗੁਰਬਚਨ ਸਿੰਘ ਟੌਹੜਾ ਦਾ ਗੜ੍ਹ ਖੱਖੜੀਆਂ ਹੁੰਦਾ ਦੇਖਿਆ। ਸਿੱਖ ਸਿਆਸਤ ਵਿਚ ਜਥੇਦਾਰ ਟੌਹੜਾ, ਬਾਦਲਾਂ ਲਈ ਸ਼ਾਇਦ ਆਖਰੀ ਵੱਡੀ ਵੰਗਾਰ ਸਨ। ਮੌਤ ਤੋਂ ਕੁਝ ਮਹੀਨੇ ਪਹਿਲਾਂ ਉਹ ਵੀ ਸਭ ਛੱਡ-ਛਡਾ ਕੇ ਬਾਦਲ ਨਾਲ ਜਾ ਰਲੇ ਸਨ। ਇਸ ਰਲੇਵੇਂ ਦੇ ਨਾਲ ਹੀ ਬਾਦਲਾਂ ਦੀ ਹਰ ਪਾਸੇ ਝੰਡੀ ਹੋ ਗਈ। 1999 ਵਿਚ ਬਾਦਲਾਂ ਨੂੰ ਛੱਡ ਕੇ ਅਤੇ ਜਥੇਦਾਰ ਟੌਹੜਾ ਨਾਲ ਰਲ ਕੇ ਦਿੱਲੀ ਵਿਚ ਬਾਦਲਾਂ ਖਿਲਾਫ ਮੋਰਚਾ ਬੰਨ੍ਹਣ ਵਾਲੇ ਅਕਾਲੀ ਆਗੂ ਪਰਮਜੀਤ ਸਿੰਘ ਸਰਨਾ ਹੀ ਵਿਰੋਧ ਦੀ ਫਾਕ ਰਹਿ ਗਿਆ ਸੀ ਜਿਸ ਨੂੰ ਹੁਣ ਬਾਦਲਾਂ ਨੇ ਆਪਣੀ ਕੂਟਨੀਤੀ ਅਤੇ ਰਣਨੀਤੀ ਨਾਲ ਇਕ ਵਾਰ ਤਾਂ ਖਦੇੜ ਦਿੱਤਾ ਹੈ। ਸਾਲ ਕੁ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਨੂੰ ਬਾਦਲਾਂ ਲਈ ਵੱਡਾ ਖਤਰਾ ਮੰਨਿਆ ਗਿਆ ਸੀ ਪਰ ਚੋਣ ਪਿੜ ਵਿਚ ਉਹ ਬਾਦਲਾਂ ਲਈ ਸਹਾਈ ਹੀ ਹੋਏ। ਤਕਰੀਬਨ ਸਾਰੇ ਸਿਆਸੀ ਮਾਹਿਰ ਇਕਸੁਰ ਹਨ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਬੇੜਾ ਮਨਪ੍ਰੀਤ ਕਾਰਨ ਹੀ ਡੁੱਬਿਆ। ਉਂਜ ਚੋਣਾਂ ਦੇ ਨਤੀਜਿਆਂ ਤੱਕ ਇਸ ਬਾਰੇ ਨਾ ਤਾਂ ਕਾਂਗਰਸ ਅਤੇ ਨਾ ਹੀ ਮਨਪ੍ਰੀਤ ਨੂੰ ਕੋਈ ਖਬਰ-ਖਦਸ਼ਾ ਸੀ। ਖਾੜਕੂ ਸਿਆਸਤ ਨੂੰ ਤਾਂ ਜਾਪਦਾ ਹੈ, ਬਾਦਲ ਨੇ ਕਦੀ ਬਹੁਤਾ ਗੌਲਿਆ ਵੀ ਨਹੀਂ। ਸ. ਪ੍ਰਕਾਸ਼ ਸਿੰਘ ਬਾਦਲ ਦੀ ਗਿਣਤੀ-ਮਿਣਤੀ ਸਦਾ ਇਹੀ ਰਹੀ ਹੈ ਕਿ ਆਖਰਕਾਰ ਟਾਕਰੇ ਤਾਂ ਚੋਣ ਦੇ ਮੈਦਾਨ ਵਿਚ ਹੀ ਹੋਣੇ ਹਨ ਅਤੇ ਇਸ ਜੰਗ ਦਾ ਉਹ ਧੁਨੰਤਰ ਖਿਡਾਰੀ ਹੈ। ਖਾੜਕੂਵਾਦ ਵਾਲੇ ਦੌਰ ਵਿਚ ਉਹ ਉੱਕਾ ਹੀ ਖਾਮੋਸ਼ ਰਹੇ ਸਨ ਅਤੇ ਬਾਅਦ ਵਿਚ ਉਨ੍ਹਾਂ ਆਪਣੀ ਕੂਟਨੀਤੀ ਰਾਹੀਂ ਖਾੜਕੂਆਂ ਦੇ ਕਿਸੇ ਵੀ ਆਗੂ ਨੂੰ ਮੈਦਾਨ ਵਿਚ ਨੇੜੇ ਵੀ ਨਹੀਂ ਲੱਗਣ ਦਿੱਤਾ। ਹੁਣ ਤਾਂ ਬਹੁਤੇ ਲੀਡਰਾਂ ਨੂੰ ਆਪਣਾ ਦੁੱਖ ਫਰੋਲਣ ਲਈ ਵੀ ਕੋਈ ਨਹੀਂ ਲੱਭ ਰਿਹਾ।

ਸਿੱਖੀ ਵਿਚ ਮੀਰੀ-ਮੀਰੀ, ਭਾਵ ਧਰਮ ਅਤੇ ਸਿਆਸਤ ਦੇ ਸੁਮੇਲ ਨੂੰ ਬਹੁਤ ਅਹਿਮ ਅਤੇ ਜ਼ਰੂਰੀ ਤਸੱਵਰ ਕੀਤਾ ਗਿਆ ਹੈ। ਇਸ ਮੁਤਾਬਕ ਗੁਰਮੁਖ ਸਮਾਜ ਦੀ ਸਿਰਜਣਾ ਲਈ ਧਰਮ ਨੇ ਸਿਆਸਤ ਦੀ ਅਗਵਾਈ ਕਰਨੀ ਸੀ, ਪਰ ਜਦੋਂ ਪੰਜਾਬ ਵਿਚ ਧਰਮ ਅਤੇ ਸਿਆਸਤ ਵਾਲੇ ਇਸ ਸਿਧਾਂਤ ਦੀ ਸਭ ਤੋਂ ਵੱਡੀ ਮੱਦਾਹ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਸ. ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਆਈ ਤਾਂ ਉਨ੍ਹਾਂ ਇਸ ਸਿਧਾਂਤ ਨੂੰ ਉੱਕਾ ਹੀ ਉਲਟਾ ਦਿੱਤਾ। ਉਨ੍ਹਾਂ ਸਿਆਸੀ ਪਿੜ ਵਿਚ ਆਪਣਾ ਠੁੱਕ ਬੰਨ੍ਹਣ ਲਈ ਧਰਮ ਅਤੇ ਧਾਰਮਿਕ ਸੰਸਥਾਵਾਂ ਦੀ ਓਟ ਲਈ। ਇਸ ਸਮੇਂ ਦੌਰਾਨ ਜਥੇਦਾਰ ਟੌਹੜਾ ਵੀ ਬਰਾਬਰ ਉਨ੍ਹਾਂ ਦੇ ਨਾਲ ਚੱਲ ਰਹੇ ਸਨ, ਪਰ ਉਦੋਂ ਦੋਵੇਂ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਆਪੋ-ਆਪਣੇ ਮੋਰਚੇ ਮੱਲੇ ਹੋਏ ਸਨ। ਜਥੇਦਾਰ ਟੌਹੜਾ ਦੇ ਪ੍ਰਸ਼ੰਸਕ ਇੰਨਾ ਤਾਂ ਜ਼ਰੂਰ ਕਹਿੰਦੇ ਹਨ ਕਿ ਉਨ੍ਹਾਂ ਸੱਤਾ ਵਿਚ ਹੁੰਦਿਆਂ ਹੋਰ ਲੀਡਰਾਂ ਵਾਂਗ ਲੰਮੀ-ਚੌੜੀ ਜਾਇਦਾਦ ਨਹੀਂ ਬਣਾਈ, ਉਹ ਆਖਰੀ ਸਮੇਂ ਤੱਕ ਆਪਣੇ ਜੱਦੀ ਪਿੰਡ ਹੀ ਸਾਦਾ ਜੀਵਨ ਬਤੀਤ ਕਰਦੇ ਰਹੇ; ਇਹ ਗੱਲ ਬਿਨਾਂ ਸ਼ੱਕ ਹੈ ਵੀ ਵੱਡੀ, ਪਰ ਉਨ੍ਹਾਂ ਨੇ ਪੰਥ ਅਤੇ ਪੰਜਾਬ ਲਈ ਕੋਈ ਵੱਖਰੀ ਅਤੇ ਨਿਵੇਕਲੀ ਸਿਆਸਤ ਦਾ ਮੁੱਢ ਬੰਨ੍ਹਿਆ ਹੋਵੇ, ਅਜਿਹਾ ਸਵਾਲ ਅੱਜ ਵੀ ਸਵਾਲ ਹੀ ਹੈ। ਅਸਲ ਵਿਚ ਇਹੀ ਉਹ ਨੁਕਤਾ ਸੀ ਜਿਸ ਉਤੇ ਪਹਿਰਾ ਨਾ ਦੇਣ ਕਾਰਨ ਬਾਦਲਾਂ ਦੀ ਗਿਣਤੀ-ਮਿਣਤੀ ਵਾਲੀ ਸਿਆਸਤ ਦਾ ਹੱਥ ਉਪਰ ਹੁੰਦਾ ਗਿਆ। ਬਾਦਲਾਂ ਦੀ ਇਸ ਸਿਆਸਤ ਦਾ ਤੋੜ ਪੰਥ ਤੇ ਪੰਜਾਬ ਲਈ ਨਿੱਗਰ ਅਤੇ ਪੂਰੀ ਤਰ੍ਹਾਂ ਕਾਇਮ ਸਿਆਸਤ ਹੀ ਹੋ ਸਕਦੀ ਸੀ। ਅਜਿਹੀ ਸਿਆਸਤ ਬਾਝੋਂ ਹੀ ਹਰ ਪਿੜ ਵਿਚ ਹੋਰ ਆਗੂ ਪਛੜਦੇ ਪਛੜਦੇ ਪਛੜ ਗਏ। ਬਾਦਲ, ਸਿਆਸਤ ਵਿਚ ਪਹਿਲਾਂ ਹੀ ਕਿਸੇ ਦੇ ਪੈਰ ਨਹੀਂ ਸਨ ਲੱਗਣ ਦਿੰਦੇ, ਤੇ ਹੁਣ ਧਾਰਮਿਕ ਸੰਸਥਾਵਾਂ ਵਿਚ ਵੀ ਜੈ-ਜੈਕਾਰ ਹੋ ਗਈ ਹੈ। ਕੁਝ ਵਿਸ਼ਲੇਸ਼ਣਕਾਰਾਂ ਨੇ ਬਾਦਲਾਂ ਦੀ ਇਸ ਚੜ੍ਹਾਈ ਨੂੰ ਉਨ੍ਹਾਂ ਦੇ ਅੰਤ ਦੀ ਸ਼ੁਰੂਆਤ ਵੀ ਆਖਿਆ ਹੈ। ਇਹ ਠੀਕ ਵੀ ਹੈ; ਤਬਦੀਲੀ ਕੁਦਰਤ ਦਾ ਅਟੱਲ ਨੇਮ ਹੈ। ਇਸ ਮੁਤਾਬਕ ਹਰ ਖੇਤਰ ਵਿਚ ਤਬਦੀਲੀ ਹੋਣੀ ਹੀ ਹੋਣੀ ਹੈ, ਪਰ ਬਾਦਲਾਂ ਦੀ ਬੁਰਛਾਗਰਦ ਸਿਆਸਤ ਦਾ ਤੋੜ ਫਿਲਹਾਲ ਕਿਸੇ ਪਾਸੇ ਨਜ਼ਰੀਂ ਨਹੀਂ ਪੈ ਰਿਹਾ। ਕੱਲ੍ਹ ਨੂੰ ਸੰਭਵ ਹੈ ਕਿ ਇਸ ਸਿਆਸਤ ਨੂੰ ਮਾਤ ਦੇਣ ਲਈ ਕਿਸੇ ਨਿੱਗਰ ਲੀਡਰਸ਼ਿਪ ਦੀ ਕਾਂਗ ਚੜ੍ਹ ਆਵੇ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹੁਣ ਵਾਰੀ ਮੋਗੇ ਦੀ!*

ਅਫ਼ਸਰਸ਼ਾਹੀ ਤੇ ਵਰਕਰਾਂ ਮੰਨ ਲੈਣਾ, ਆਇਆ ਉਪਰੋਂ ਜਿਵੇਂ ਫੁਰਮਾਨ ਮੀਆਂ।
ਅੱਖੀਂ ਦੇਖ ਕੇ ਵਿਕਦੀਆਂ ਮੁੱਲ ਵੋਟਾਂ, ਆਉਣੀ ਕਿਸੇ ਨੂੰ ਨਹੀਂ ਕਚਿਆਣ ਮੀਆਂ।
ਚੋਰ ਮੋਰੀਆਂ ਤੇ ਹੇਰਾ-ਫੇਰੀਆਂ ਨੇ, ਲੋਕ ਰਾਜ ਦਾ ਕਰਨਾ ਕਲਿਆਣ ਮੀਆਂ।
ਵੋਟਾਂ ਪਾਉਂਦਿਆਂ ਕਿਸੇ ਨੇ ਸੋਚਣਾ ਨਾ, ਕਰਦਾ ਕੌਣ ਪੰਜਾਬ ਦਾ ਘਾਣ ਮੀਆਂ।
ਲੋਕਾਂ ਫੇਰ ਖਾਮੋਸ਼ੀ ਹੀ ਧਾਰ ਲੈਣੀ, ਘੇਸਲ ਵੱਟਣੀ ਬਣ ਕੇ ਅਨਜਾਣ ਮੀਆਂ।
ਰਹੀ ਦਿੱਲੀ ਵਿਚ ਜਿਵੇਂ ਤਰਥੱਲ ਪੈਂਦੀ, ਮੋਗੇ ਵਿਚ ਹੁਣ ਪਊ ਘਸਮਾਣ ਮੀਆਂ!

# ਜਾਤ ਤੇ ਧਰਮ ਬਾਰੇ ਵਧ ਰਹੀ ਅਸਹਿਣਸ਼ੀਲਤਾ

## ਹੁਣ ਭਾਰਤੀ ਆਗੂ ਦੇਣ ਜਵਾਬ

*ਭਾਰਤ ਦੀ ਵੋਟ ਆਧਾਰਤ ਸਿਆਸਤ ਨੇ ਵੱਖ ਵੱਖ ਭਾਈਚਾਰਿਆਂ ਨੂੰ ਇਕ ਦੂਜੇ ਦੇ ਖਿਲਾਫ ਲਿਆ ਖੜ੍ਹਾ ਕੀਤਾ ਹੈ। ਬੇਯਕੀਨੀ ਦਾ ਇਹ ਆਲਮ ਹੁਣ ਲੋਕਾਂ ਦੀ ਮਾਨਸਿਕਤਾ ਵਿਚ ਬਹੁਤ ਡੂੰਘਾ ਲੱਥ ਚੁੱਕਾ ਹੈ। ਜਦੋਂ ਵੀ ਕੋਈ ਕਲਾਕਾਰ ਜਾਂ ਕਾਰਕੁਨ, ਕਿਸੇ ਮੁੱਦੇ ਬਾਰੇ ਆਪਣੀ ਕੋਈ ਰਾਏ ਪ੍ਰਗਟ ਕਰਦਾ ਹੈ ਤਾਂ ਮਿਥ ਕੇ ਵਿਰੋਧ ਦੀ ਲੜੀ ਚਲਾ ਦਿੱਤੀ ਜਾਂਦੀ ਰਹੀ ਹੈ। ਸੰਸਾਰ ਦੇ ਮਸ਼ਹੂਰ ਚਿੱਤਰਕਾਰ ਐਮ.ਐਫ. ਹੁਸੈਨ ਨੂੰ ਇਸੇ ਬੁਰਛਾਗਰਦੀ ਕਰ ਕੇ ਭਾਰਤ ਛੱਡਣਾ ਪੈ ਗਿਆ ਸੀ। ਹਾਲ ਹੀ ਵਿਚ ਅਦਾਕਾਰ ਕਮਲ ਹਾਸਨ, ਸਮਾਜ ਸ਼ਾਸਤਰੀ ਅਸ਼ੀਸ਼ ਨੰਦੀ ਅਤੇ ਸਲਮਾਨ ਰਸ਼ਦੀ ਬਾਰੇ ਭਾਰਤ ਵਿਚ ਜੋ ਵਿਵਾਦ ਅਰੰਭ ਹੋਇਆ, ਉਸ ਦਾ ਮੁੱਖ ਕਾਰਨ ਸਿਆਸੀ ਆਗੂਆਂ ਵੱਲੋਂ ਆਪਣੇ ਵੋਟ ਬੈਂਕ ਨੂੰ ਮੁੱਖ ਰੱਖ ਕੇ ਸਿਆਸੀ ਸਰਗਰਮੀ ਕਰਨਾ ਹੀ ਸੀ। ਅਜਿਹਾ ਕਰਦਿਆਂ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨੂੰ ਵੀ ਲਾਂਭੇ ਕਰ ਦਿੱਤਾ ਗਿਆ। ਇਸ ਲੇਖ ਵਿਚ ਪੂਨਮ ਕੌਸ਼ਿਸ਼ ਨੇ ਇਸ ਵਧ ਰਹੀ ਅਸਹਿਣਸ਼ੀਲਤਾ, ਜੋ ਹੁਣ ਬੁਰਛਾਗਰਦੀ ਵਿਚ ਵਟ ਗਈ ਹੈ, ਬਾਰੇ ਕੁਝ ਨੁਕਤੇ ਉਠਾਏ ਹਨ। - ਸੰਪਾਦਕ*

**ਪੂਨਮ ਕੌਸ਼ਿਸ਼**

ਸਿਆਸੀ ਜਹਾਦੀਆਂ ਤੋਂ ਬਾਅਦ ਹੁਣ ਸੱਭਿਆਚਾਰਕ ਅਤਿਵਾਦੀਆਂ ਦੀ ਤੂਤੀ ਬੋਲ ਰਹੀ ਹੈ। ਭਾਰਤ ਦੇ ਸਿਆਸੀ ਆਗੂ ਧਰਮ ਅਤੇ ਜਾਤ ਦਾ ਇਸਤੇਮਾਲ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਕਰ ਰਹੇ ਹਨ ਅਤੇ ਹਰ ਵਿਚਾਰ ਨੂੰ ਦੇਸ਼ਧ੍ਰੋਹ ਦਾ ਮੁੱਦਾ ਬਣਾਇਆ ਜਾਂਦਾ ਹੈ। ਇਹੋ ਉਨ੍ਹਾਂ ਦੀ ਦੇਸ਼ ਭਗਤੀ ਹੈ।

ਰਤਾ ਕੁ ਗੌਰ ਕਰੋ...ਭਾਰਤ ਦੇ 64ਵੇਂ ਗਣਤੰਤਰ ਦਿਵਸ ਸਮਾਗਮ ਦੀ ਅਜੇ ਸਮਾਪਤੀ ਵੀ ਨਹੀਂ ਸੀ ਹੋਈ ਕਿ ਦੇਸ਼ ਦੇ 3 ਸੂਬਿਆਂ ਰਾਜਸਥਾਨ, ਤਾਮਿਲਨਾਡੂ ਤੇ ਪੱਛਮੀ ਬੰਗਾਲ ਨੇ ਦੇਸ਼ ਦੇ ਧਰਮ ਨਿਰਪੱਖ ਅਤੇ ਜਮਹੂਰੀ ਅਕਸ 'ਤੇ ਦਾਗ਼ ਲਗਾਉਣ ਦਾ ਕੰਮ ਕੀਤਾ। ਉਥੇ ਸੰਵਿਧਾਨ ਦੀ ਧਾਰਾ 19 (1) ਦੀ ਉਲੰਘਣਾ ਕੀਤੀ। ਇਹ ਧਾਰਾ ਨਾਗਰਿਕਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੀ ਗਾਰੰਟੀ ਦਿੰਦੀ ਹੈ। ਪ੍ਰਸਿੱਧ ਸਮਾਜ ਸ਼ਾਸਤਰੀ ਆਸ਼ੀਸ਼ ਨੰਦੀ ਵਲੋਂ ਜੈਪੁਰ ਸਾਹਿਤ ਸੰਮੇਲਨ 'ਚ ਅਨੁਸੂਚਿਤ ਜਾਤਾਂ ਅਤੇ ਜਨਜਾਤਾਂ ਨੂੰ ਭ੍ਰਿਸ਼ਟਾਚਾਰੀ ਕਹਿਣ ਵਿਰੁੱਧ ਰਾਜਸਥਾਨ ਸਰਕਾਰ ਨੇ ਉਨ੍ਹਾਂ ਵਿਰੁੱਧ ਅਨੁਸੂਚਿਤ ਜਾਤੀ ਅੱਤਿਆਚਾਰ ਰੋਕੂ ਐਕਟ ਦੇ ਅਧੀਨ ਐੱਫ.ਆਈ.ਆਰ. ਦਰਜ ਕੀਤੀ। ਨੰਦੀ ਨੇ ਭਲਾ ਕੀ ਕਿਹਾ ਸੀ? ਕਿਸੇ ਨੇ ਇਸ ਤੱਥ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ। ਬੱਸ, ਭੇਡਚਾਲ ਵਿਚ ਗੱਲ ਅਗਾਂਹ ਤੋਂ ਅਗਾਂਹ ਵਧਦੀ ਗਈ। ਨੰਦੀ ਨੇ ਕਿਹਾ ਸੀ-"ਇਹ ਸੱਚ ਹੈ ਕਿ ਭ੍ਰਿਸ਼ਟਾਚਾਰ ਦੇ ਜ਼ਿਆਦਾਤਰ ਮਾਮਲੇ ਹੋਰ ਪੱਛੜੇ ਵਰਗਾਂ ਅਤੇ ਅਨੁਸੂਚਿਤ ਜਾਤਾਂ 'ਚ ਮਿਲ ਰਹੇ ਹਨ ਅਤੇ ਇਹ ਅਨੁਸੂਚਿਤ ਜਨਜਾਤੀਆਂ 'ਚ ਵੀ ਵਧਣ ਲੱਗੇ ਹਨ।" ਇਸ ਬਿਆਨ ਤੋਂ ਦੁਖੀ ਦਲਿਤ ਨੇਤਾ ਮਾਇਆਵਤੀ ਜੋ ਬਸਪਾ ਦੀ ਪ੍ਰਧਾਨ ਵੀ ਹਨ ਅਤੇ ਲੋਕ ਜਨਸ਼ਕਤੀ ਪਾਰਟੀ ਦੇ ਨੇਤਾ ਰਾਮ ਵਿਲਾਸ ਪਾਸਵਾਨ ਨੇ ਆਸ਼ੀਸ਼ ਨੰਦੀ ਨੂੰ ਆਪਣੀ ਗ੍ਰਿਫ਼ਤਾਰੀ ਤੋਂ ਬਚਣ ਲਈ ਸੁਪਰੀਮ ਕੋਰਟ ਦੀ ਪਨਾਹ 'ਚ ਜਾਣ ਲਈ ਮਜਬੂਰ ਕਰ ਦਿੱਤਾ।

ਦੂਜਾ ਮਾਮਲਾ ਤਾਮਿਲਨਾਡੂ ਸਰਕਾਰ ਨਾਲ ਸਬੰਧਤ ਹੈ। ਇਸ ਸਰਕਾਰ ਨੇ ਪ੍ਰਸਿੱਧ ਫ਼ਿਲਮ ਅਭਿਨੇਤਾ ਕਮਲ ਹਾਸਨ ਦੀ ਅਤਿਵਾਦ ਦੇ ਵਿਸ਼ੇ 'ਤੇ ਬਣੀ ਫ਼ਿਲਮ 'ਵਿਸ਼ਵਰੂਪਮ' ਉਤੇ ਇਸ ਕਰ ਕੇ ਪਾਬੰਦੀ ਲਗਾ ਦਿੱਤੀ ਕਿ 'ਇਸ ਫ਼ਿਲਮ ਨਾਲ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਲੱਗੇਗੀ ਤੇ ਸੂਬੇ 'ਚ ਕਾਨੂੰਨ-ਵਿਵਸਥਾ ਦੀ ਸਮੱਸਿਆ ਪੈਦਾ ਹੋਵੇਗੀ'। ਹੈਰਾਨੀ ਇਸ ਗੱਲ ਦੀ ਹੈ ਕਿ ਚੇਨਈ ਹਾਈਕੋਰਟ ਨੇ ਵੀ ਰਾਜ ਸਰਕਾਰ ਦੇ ਹੁਕਮ ਨੂੰ ਜਾਇਜ਼ ਦੱਸਿਆ, ਹਾਲਾਂਕਿ ਇਸ ਫ਼ਿਲਮ ਨੂੰ ਸੈਂਸਰ ਬੋਰਡ ਨੇ ਮਨਜ਼ੂਰੀ ਦੇ ਦਿੱਤੀ ਸੀ। ਇਹ ਫ਼ਿਲਮ ਕੇਰਲ ਅਤੇ ਆਂਧਰਾ ਪ੍ਰਦੇਸ਼ 'ਚ ਦਿਖਾਈ ਕੀਤੀ ਜਾ ਚੁੱਕੀ ਹੈ ਜਿਥੇ ਕਾਨੂੰਨ-ਵਿਵਸਥਾ ਦੀ ਕੋਈ ਸਮੱਸਿਆ ਪੈਦਾ ਨਹੀਂ ਹੋ ਰਹੀ। ਇੰਨੇ ਰੱਫੜ ਤੋਂ ਬਆਦ ਹੁਣ ਇਸ ਫ਼ਿਲਮ ਉਤੋਂ ਪਾਬੰਦੀ ਹਟਾ ਵੀ ਲਈ ਗਈ ਹੈ।

ਇਸ ਤੋਂ ਦੁਖੀ ਹੋਏ ਕਮਲ ਹਾਸਨ ਨੇ ਮਿਸਾਲੀ ਚਿੱਤਰਕਾਰ ਐੱਮ.ਐੱਫ. ਹੁਸੈਨ ਵਾਂਗ ਦੇਸ਼ ਛੱਡਣ ਦੀ ਧਮਕੀ ਵੀ ਦਿੱਤੀ ਸੀ ਅਤੇ ਕਿਹਾ ਸੀ ਕਿ "ਜੇ ਹੁਸੈਨ ਅਜਿਹਾ ਕਰ ਸਕਦੇ ਹਨ ਤਾਂ ਹਾਸਨ ਵੀ ਕਰ ਸਕਦੇ ਹਨ।" ਕੌਮਾਂਤਰੀ ਪ੍ਰਸਿੱਧੀ ਵਾਲੇ ਚਿੱਤਰਕਾਰ ਐੱਮ.ਐੱਫ. ਹੁਸੈਨ ਨੂੰ ਸੰਘ ਪਰਿਵਾਰ ਨਾਲ ਸਬੰਧਤ ਜਥੇਬੰਦੀਆਂ ਨੇ ਹਿੰਦੂ ਦੇਵਤਿਆਂ ਅਤੇ ਭਾਰਤ ਮਾਤਾ ਦੇ ਵਿਵਾਦਪੂਰਨ ਚਿੱਤਰ ਬਣਾਉਣ 'ਤੇ ਦੇਸ਼ ਛੱਡਣ ਲਈ ਮਜਬੂਰ ਕਰ ਦਿੱਤਾ ਸੀ।

ਸਿਆਸੀ ਅਸਹਿਣਸ਼ੀਲਤਾ ਇਥੇ ਹੀ ਖਤਮ ਨਹੀਂ ਹੁੰਦੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪ੍ਰਸਿੱਧ ਨਾਵਲਕਾਰ ਸਲਮਾਨ ਰਸ਼ਦੀ ਨੂੰ ਆਪਣੇ ਨਾਵਲ 'ਮਿਡਨਾਈਟਸ ਚਿਲਡਰਨ' ਉਤੇ ਬਣੀ ਫ਼ਿਲਮ ਦੀ ਮਸ਼ਹੂਰੀ ਲਈ ਕੋਲਕਾਤਾ ਆਉਣ ਤੋਂ ਰੋਕ ਦਿੱਤਾ। ਇਸ ਦਾ ਕਾਰਨ ਸੁਰੱਖਿਆ ਦੱਸਿਆ ਗਿਆ। ਰਸ਼ਦੀ ਨਿਰਾਸ਼ ਹੋ ਕੇ ਲੰਡਨ ਵਾਪਿਸ ਚਲੇ ਗਏ।

ਅੱਜ ਅਸੀਂ ਜਿਸ ਸਿਆਸੀ ਮਾਹੌਲ 'ਚ ਰਹਿ ਰਹੇ ਹਾਂ ਆਸ਼ੀਸ਼ ਨੰਦੀ, ਕਮਲ ਹਾਸਨ ਤੇ ਸਲਮਾਨ ਰਸ਼ਦੀ ਉਸ ਮਾਹੌਲ ਦੇ ਸੌੜੇਪਣ ਦਾ ਪ੍ਰਤੀਕ ਹਨ ਜਿਥੇ ਸਰਲ ਜਿਹੇ ਬਿਆਨ ਨੂੰ ਵੀ ਤੋੜ-ਮਰੋੜ ਕੇ ਨੇਤਾਵਾਂ ਦੇ ਸੌੜੇ ਹਿੱਤਾਂ ਦੀ ਪੂਰਤੀ ਲਈ ਉਨ੍ਹਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ; ਤਾਂ ਕਿ ਉਨ੍ਹਾਂ ਦੇ ਆਪਣੇ ਚੋਣ ਹਲਕਿਆਂ 'ਚ ਉਨ੍ਹਾਂ ਦਾ ਅਕਸ ਚੰਗਾ ਬਣੇ, ਪਰ ਇਸ ਨਾਲ ਵਿਚਾਰਨਯੋਗ ਸਵਾਲ ਉੱਠਦਾ ਹੈ ਕਿ ਕੀ ਭਾਰਤ ਅਸਹਿਣਸ਼ੀਲਤਾ ਅਤੇ ਸੱਭਿਆਚਾਰਕ ਅਤਿਵਾਦ ਵੱਲ ਵਧ ਰਿਹਾ ਹੈ?

ਕੀ ਸਿਆਸਤਦਾਨ ਸਾਡੇ ਜਨਤਕ ਜੀਵਨ 'ਚ ਵਿਚਾਰਾਂ ਦੇ ਟਕਰਾਅ ਤੋਂ ਡਰਦੇ ਹਨ? ਕੀ ਇਹ ਸਿਰਫ਼ ਸੰਯੋਗ ਹੈ ਜਾਂ ਭਾਰਤ ਦੀ ਗੋਡੇ ਟੇਕ ਕੇ ਪ੍ਰਤੀਕਿਰਿਆ ਕਰਨ ਦੀ ਮਾਨਸਿਕਤਾ ਹੈ ਜਿਸ ਕਾਰਨ ਦੱਖਣ ਦੇ ਮਹਾਨ ਫ਼ਿਲਮ ਅਭਿਨੇਤਾ ਹਾਸਨ ਨੂੰ ਆਪਣੀ ਧਰਮ ਨਿਰਪੱਖਤਾ ਸਿੱਧ ਕਰਨ ਲਈ ਲੋਕਾਂ ਸਾਹਮਣੇ ਆਉਣਾ ਪਿਆ, ਜਾਂ ਨੰਦੀ ਨੂੰ ਸੁਪਰੀਮ ਕੋਰਟ ਜਾਣਾ ਪਿਆ, ਤੇ ਸਲਮਾਨ ਰਸ਼ਦੀ ਨੂੰ ਵਾਪਸ ਜਾਣਾ ਪਿਆ? ਕੌੜੀ ਸੱਚਾਈ ਇਹ ਹੈ ਕਿ ਅੱਜ ਭਾਰਤ ਧਾਰਮਿਕ ਜਨੂੰਨ, ਸੌੜੀ ਮਾਨਸਿਕਤਾ ਅਤੇ ਸੱਭਿਆਚਾਰਕ ਅਤਿਵਾਦ ਦੇ ਸ਼ਿਕੰਜੇ 'ਚ ਹੈ, ਜਿਥੇ ਕੋਈ ਵੀ ਇਤਿਹਾਸਕਾਰ ਜਾਂ ਸਮਾਜ ਸ਼ਾਸਤਰੀ ਇਮਾਨਦਾਰੀ ਨਾਲ ਆਪਣਾ ਖੋਜ ਕਾਰਜ ਨਹੀਂ ਕਰ ਸਕਦਾ। ਸੱਭਿਆਚਾਰਕ ਅਤਿਵਾਦ ਸੌੜੀ ਸਿਆਸਤ ਦਾ ਘਿਣਾਉਣਾ ਚਿਹਰਾ ਬਣ ਗਿਆ ਹੈ।

ਸਿੱਟੇ ਵਜੋਂ ਅਜਿਹੇ ਹਾਲਾਤ ਬਣ ਗਏ ਹਨ ਕਿ ਸਿਰਫ਼ ਖ਼ੁਦ ਨਾਲ ਮਤਲਬ ਰੱਖਣ ਵਾਲੇ ਭਾਰਤੀ ਆਗੂ ਮੌਕਾ ਮਿਲਦਿਆਂ ਹੀ ਸੁਰਖ਼ੀਆਂ 'ਚ ਰਹਿਣਾ ਚਾਹੁੰਦੇ ਹਨ। ਨਿੱਜੀ ਆਜ਼ਾਦੀ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ। ਆਪਣਾ ਵੋਟ ਬੈਂਕ ਨੂੰ ਖੁਸ਼ ਕਰਨ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਉਹ ਆਮ ਆਦਮੀ 'ਚ ਮੱਤਭੇਦ ਪੈਦਾ ਕਰ ਕੇ ਝੂਠੇ ਧਰਮ ਨਿਰਪੱਖ ਦੀਆਂ ਗੱਲਾਂ ਕਰਦੇ ਹਨ ਅਤੇ ਇਉਂ ਉਹ ਧਨਾਢ ਅਤੇ ਸ਼ਕਤੀਸ਼ਾਲੀ ਬਣ ਜਾਂਦੇ ਹਨ। ਇਸੇ ਕਾਰਨ ਭਾਰਤ 'ਚ ਜਾਤੀ ਅਤੇ ਧਾਰਮਿਕ ਨਫ਼ਰਤ ਤੇ ਹਿੰਸਾ ਵਧ ਰਹੀ ਹੈ।

ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ। ਕਈ ਫ਼ਿਲਮਾਂ, ਕਿਤਾਬਾਂ ਅਤੇ ਕਾਰਟੂਨਾਂ 'ਤੇ ਪਹਿਲਾਂ ਵੀ ਪਾਬੰਦੀ ਲਗਾਈ ਜਾ ਚੁੱਕੀ ਹੈ ਅਤੇ ਕਈ ਕਲਾਕਾਰਾਂ ਨੂੰ ਵਤਨ ਛੱਡਣ ਲਈ ਮਜਬੂਰ ਕੀਤਾ ਗਿਆ ਹੈ। ਜੇ ਅੱਜ ਕੋਈ ਕਿਸੇ ਫ਼ਿਲਮ ਨੂੰ ਪਸੰਦ ਨਹੀਂ ਕਰਦਾ ਤਾਂ ਉਹ ਭੀੜ ਇਕੱਠੀ ਕਰ ਕੇ ਸਿਨੇਮਾ ਹਾਲ ਨੂੰ ਅੱਗ ਲਗਾ ਦਿੰਦਾ ਹੈ। ਜੇ ਕੋਈ ਕਿਸੇ ਨਾਵਲ ਨੂੰ ਪਸੰਦ ਨਹੀਂ ਕਰਦਾ ਤਾਂ ਉਹ ਉਸ 'ਤੇ ਸਰਕਾਰ ਤੋਂ ਪਾਬੰਦੀ ਲਗਾਉਣ ਦੀ ਮੰਗ ਕਰਦਾ ਹੈ ਜਾਂ ਉਸ ਲੇਖਕ ਵਿਰੁੱਧ ਫ਼ਤਵਾ ਜਾਰੀ ਕਰ ਦਿੰਦਾ ਹੈ।

ਹੁਣੇ-ਹੁਣੇ ਭਾਰਤ 'ਚ ਮੁਸਲਮਾਨ ਹੋਣ ਬਾਰੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਸ਼ਾਹਰੁਖ਼ ਖ਼ਾਨ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਪਾਕਿਸਤਾਨ ਦੇ ਅੰਦਰੂਨੀ ਸੁਰੱਖਿਆ ਮਾਮਲਿਆਂ ਬਾਰੇ ਮੰਤਰੀ ਰਹਿਮਾਨ ਮਲਿਕ ਵਲੋਂ ਸ਼ਾਹਰੁਖ਼ ਖ਼ਾਨ ਨੂੰ ਸੁਰੱਖਿਆ ਦੇਣ ਬਾਰੇ ਬਿਆਨ ਦੇਣ ਕਰ ਕੇ ਉਹ ਭਾਰਤ-ਪਾਕਿ ਵਿਵਾਦ 'ਚ ਫਸ ਗਏ ਤੇ ਸ਼ਾਹਰੁਖ਼ ਨੂੰ ਕਹਿਣਾ ਪਿਆ ਕਿ ਉਨ੍ਹਾਂ ਨੂੰ ਭਾਰਤੀ ਹੋਣ 'ਤੇ ਮਾਣ ਹੈ।

ਇਸ ਤੋਂ ਪਹਿਲਾਂ ਕਾਰਟੂਨਿਸਟ ਅਸੀਮ ਤ੍ਰਿਵੇਦੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਇਕ ਹੋਰ ਪ੍ਰਸਿੱਧ ਕਾਰਟੂਨਿਸਟ ਮਰਹੂਮ ਸ਼ੰਕਰ ਦੇ ਬਣਾਏ ਡਾ. ਅੰਬੇਦਕਰ ਬਾਰੇ ਕਾਰਟੂਨਾਂ ਨੂੰ ਐੱਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ 'ਚੋਂ ਹਟਾਇਆ ਗਿਆ, ਜਦਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਦੇਸ਼ਧ੍ਰੋਹ ਸੰਬੰਧੀ ਕਾਨੂੰਨਾਂ ਨੂੰ ਇਤਰਾਜ਼ਯੋਗ ਅਤੇ ਅਣਲੋੜੀਂਦੇ ਦੱਸਿਆ ਸੀ। ਇਸ ਸੂਰਤ ਵਿਚ ਭਾਰਤ ਦਾ ਭਵਿੱਖ ਕੀ ਹੋਵੇਗਾ? ਕੀ ਇਥੇ ਸ਼ਾਹਰੁਖ਼ ਖ਼ਾਨ ਨੂੰ ਫਿਰ ਨਿਸ਼ਾਨਾ ਬਣਾਇਆ ਜਾਵੇਗਾ? 'ਵਿਸ਼ਵਰੂਪਮ' ਵਰਗੀਆਂ ਫ਼ਿਲਮਾਂ 'ਤੇ ਅਨਿਸ਼ਚਿਤਤਾ ਦੇ ਬੱਦਲ ਛਾਏ ਰਹਿਣਗੇ ਜਾਂ ਨੰਦੀ ਲਈ ਹੋਰ ਪ੍ਰੇਸ਼ਾਨੀਆਂ ਪੈਦਾ ਹੋਣਗੀਆਂ? ਕੀ ਅਜਿਹੇ ਮਾਹੌਲ 'ਚ ਅਸੀਂ ਆਪਣੇ ਆਗੂਆਂ 'ਤੇ ਭਰੋਸਾ ਕਰ ਸਕਦੇ ਹਾਂ?

ਪੁਰਾਤਨਪੰਥੀ ਅਤੇ ਕੱਟੜਵਾਦੀ ਮੁਸਲਮਾਨ ਆਸ਼ੀਸ਼ ਨੰਦੀ, ਕਮਲ ਹਾਸਨ ਅਤੇ ਸਲਮਾਨ ਰਸ਼ਦੀ ਨਾਲ ਨਫ਼ਰਤ ਕਰ ਸਕਦੇ ਹਨ, ਉਹ ਉਨ੍ਹਾਂ ਦੇ ਪੁਤਲੇ ਸਾੜ ਸਕਦੇ ਹਨ ਪਰ ਭਾਰਤ ਨੂੰ ਅਜਿਹੇ ਆਪੇ ਬਣੇ ਸਰਪ੍ਰਸਤਾਂ ਦੀ ਲੋੜ ਨਹੀਂ ਜੋ ਲੋਕਾਂ ਨੂੰ ਦੱਸਣ ਕਿ ਉਨ੍ਹਾਂ (ਲੋਕਾਂ) ਨੇ ਕੀ ਪੜ੍ਹਨਾ ਹੈ, ਕਿਹੜੀਆਂ ਫ਼ਿਲਮਾਂ ਦੇਖਣੀਆਂ ਹਨ, ਕਿਹੋ ਜਿਹੇ ਕੱਪੜੇ ਪਹਿਨਣੇ ਹਨ ਅਤੇ ਕੀ ਖਾਣਾ ਹੈ? ਸਭ ਨੂੰ ਆਸਥਾ, ਭਰੋਸੇ ਅਤੇ ਪ੍ਰੇਮ ਦੀ ਆਜ਼ਾਦੀ ਮਿਲਣੀ ਚਾਹੀਦੀ ਹੈ।

ਭਾਰਤ 'ਚ ਜਿਸ ਤੇਜ਼ੀ ਨਾਲ ਸਹਿਣਸ਼ੀਲਤਾ ਖਤਮ ਹੁੰਦੀ ਜਾ ਰਹੀ ਹੈ, ਉਹ ਫਿਕਰ ਵਾਲੀ ਗੱਲ ਹੈ। ਇਹ ਗੱਲ ਵਿਸਾਰੀ ਜਾ ਰਹੀ ਹੈ ਕਿ ਜੇ ਬੰਦੇ ਨੂੰ ਆਜ਼ਾਦੀ ਤੋਂ ਵਾਂਝਾ ਕਰ ਦਿੱਤਾ ਗਿਆ ਤਾਂ ਭਾਈਚਾਰੇ ਦੀ ਆਜ਼ਾਦੀ ਵੀ ਕੁਚਲੀ ਜਾਵੇਗੀ। ਬੁੱਧੀਜੀਵੀਆਂ ਦੇ ਅਧਿਕਾਰਾਂ ਦੀ ਹਰ ਕੀਮਤ 'ਤੇ ਰੱਖਿਆ ਹੋਣੀ ਚਾਹੀਦੀ ਹੈ ਅਤੇ ਇਹ ਸਪੱਸ਼ਟ ਸੰਦੇਸ਼ ਦਿੱਤਾ ਜਾਣਾ ਚਾਹੀਦਾ ਹੈ ਕਿ ਕੋਈ ਵੀ ਭਾਈਚਾਰਾ, ਜਾਤ ਜਾਂ ਸਮੂਹ ਹਿੰਸਾ ਦੀ ਧਮਕੀ ਨਹੀਂ ਦੇ ਸਕਦਾ ਅਤੇ ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਆਪਣੀ ਗੱਲ ਸੁਣਨ ਦਾ ਜਮਹੂਰੀ ਅਧਿਕਾਰ ਗੁਆ ਬੈਠੇਗਾ।

# ਔਰਤਾਂ ਖਿਲਾਫ਼ ਹਿੰਸਾ ਰੋਕਣ ਦਾ ਸਵਾਲ

## ਜਸਟਿਸ ਵਰਮਾ ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ ਆਰਡੀਨੈਂਸ

*ਦਿੱਲੀ ਸਮੂਹਕ ਜਬਰ ਜਨਾਹ ਕਾਂਡ ਨੇ ਸਮੁੱਚੇ ਭਾਰਤ ਨੂੰ ਝੰਜੋੜ ਕੇ ਦਿੱਤਾ ਸੀ। ਦੋਸ਼ੀਆਂ ਨੂੰ ਸਜ਼ਾ ਦਿਵਾਉਣ ਖਾਤਰ ਲੋਕ ਸੜਕਾਂ ਉਤੇ ਉਤਰ ਆਏ ਸਨ। ਲੋਕ ਰੋਹ ਕਾਰਨ ਸਰਕਾਰ ਨੂੰ ਇਸ ਮਾਮਲੇ ਬਾਰੇ ਸਖਤ ਪੈਂਤੜਾ ਮੱਲਣਾ ਪਿਆ ਅਤੇ ਇਸ ਨੇ ਸਬੰਧਤ ਕਾਨੂੰਨ ਵਿਚ ਸੋਧ ਲਈ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਵਰਮਾ ਦੀ ਅਗਵਾਈ ਹੇਠ ਕਮੇਟੀ ਬਣਾ ਦਿੱਤੀ। ਇਸ ਕਮੇਟੀ ਨੇ ਤੁਰੰਤ ਆਪਣੀ ਰਿਪੋਰਟ ਸਰਕਾਰ ਦੇ ਸਪੁਰਦ ਕਰ ਦਿੱਤੀ। ਇਸ ਰਿਪੋਰਟ ਵਿਚ ਵਿਵਾਦਾਂ ਵਿਚ ਘਿਰੇ ਅਫਸਪਾ ਕਾਨੂੰਨ ਬਾਰੇ ਵੀ ਤਿੱਖੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ। ਸਰਕਾਰ ਨੇ ਹੁਣ ਇਸ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਆਰਡੀਨੈਂਸ ਜਾਰੀ ਕਰ ਦਿੱਤਾ ਹੈ, ਪਰ ਸਰਕਾਰ ਨੇ ਜਸਟਿਸ ਵਰਮਾ ਕਮੇਟੀ ਦੀਆਂ ਕੁਝ ਸਿਫਾਰਸ਼ਾਂ ਦਰਕਿਨਾਰ ਕਰ ਦਿੱਤੀਆਂ ਹਨ। ਇਸ ਲੇਖ ਵਿਚ ਬੂਟਾ ਸਿੰਘ ਨੇ ਸਰਕਾਰ ਦੇ ਇਸ ਪੈਂਤੜੇ ਬਾਰੇ ਚਰਚਾ ਕੀਤੀ ਹੈ। -ਸੰਪਾਦਕ*

ਕੇਂਦਰ ਸਰਕਾਰ ਵਲੋਂ ਤਾਜ਼ਾ ਆਰਡੀਨੈਂਸ-2013 ਬਣਾਉਂਦੇ ਵਕਤ ਜਸਟਿਸ ਵਰਮਾ ਕਮੇਟੀ ਦੀਆਂ ਬਹੁਤ ਸਾਰੀਆਂ ਸਿਫ਼ਾਰਸ਼ਾਂ ਬਿਨਾਂ ਕਿਸੇ ਦਲੀਲ ਦੇ ਠੁਕਰਾ ਦਿੱਤੀਆਂ ਗਈਆਂ ਜੋ ਇਸ ਕਮੇਟੀ ਨੇ ਔਰਤਾਂ ਖ਼ਿਲਾਫ਼ ਹਿੰਸਾ ਨੂੰ ਠੱਲ੍ਹ ਪਾਉਣ ਲਈ ਕਾਨੂੰਨੀ ਸੁਧਾਰ ਕਰਨ ਬਾਰੇ ਕੀਤੀਆਂ ਸਨ। ਰਾਸ਼ਟਰਪਤੀ ਵੱਲੋਂ ਵੀ ਇੰਨ-ਬਿੰਨ ਆਰਡੀਨੈਂਸ ਉੱਪਰ ਦਸਤਖ਼ਤ ਕਰ ਕੇ ਇਸ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਹੁਣ ਸੰਸਦ ਦੇ ਬਜਟ ਸੈਸ਼ਨ ਵਿਚ ਇਸ ਨੂੰ ਬਿੱਲ ਵਜੋਂ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ। ਦਿੱਲੀ ਵਿਚ ਹੋਏ ਸਮੂਹਕ ਜਬਰ

**ਬੂਟਾ ਸਿੰਘ**
ਫ਼ੋਨ:91-94634-74342

ਜਨਾਹ ਵਿਰੁੱਧ ਉੱਠੀ ਜ਼ੋਰਦਾਰ ਆਵਾਜ਼ ਦੇ ਜਨਤਕ ਦਬਾਅ ਕਾਰਨ ਹੀ ਕੇਂਦਰੀ ਹਕੂਮਤ ਨੂੰ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜਸਟਿਸ ਜੇ.ਐੱਸ. ਵਰਮਾ ਦੀ ਅਗਵਾਈ 'ਚ ਕਮੇਟੀ ਬਣਾਉਣੀ ਪਈ ਸੀ। ਇਸ ਕਮੇਟੀ ਵਿਚ ਜਸਟਿਸ ਵਰਮਾ ਦੇ ਨਾਲ ਨਾਲ ਸੁਪਰੀਮ ਕੋਰਟਤ ਦੀ ਹੀ ਇਕ ਹੋਰ ਸਾਬਕਾ ਮੁੱਖ ਜਸਟਿਸ ਲੀਲਾ ਸੇਠ ਅਤੇ ਸਾਬਕਾ ਸਾਲਿਸਟਰ ਜਨਰਲ ਸੁਬਰਾਮਨੀਅਮ ਨੂੰ ਸ਼ਾਮਲ ਕੀਤਾ ਗਿਆ ਸੀ। ਕਮੇਟੀ ਔਰਤਾਂ ਵਿਰੁੱਧ ਜੁਰਮ ਕਰਨ ਵਾਲਿਆਂ ਨਾਲ ਨਜਿੱਠਣ ਲਈ ਫੌਜਦਾਰੀ ਕਾਨੂੰਨ ਵਿਚ ਸੁਧਾਰਾਂ ਸਬੰਧੀ ਢੁੱਕਵੇਂ ਸੁਝਾਅ ਦੇਣ ਲਈ ਬਣਾਈ ਗਈ ਸੀ। ਕਮੇਟੀ ਵੱਲੋਂ ਐਨ ਮਿੱਥੇ ਸਮੇਂ 'ਚ ਆਪਣੀ ਰਿਪੋਰਟ ਹਕੂਮਤ ਦੇ ਸਪੁਰਦ ਕਰ ਦਿੱਤੀ ਗਈ। ਛੇ ਸੌ ਇਕੱਤੀ ਸਫ਼ਿਆਂ ਦੀ ਰਿਪੋਰਟ ਵਿਚ ਕਮੇਟੀ ਨੇ ਵੱਖ-ਵੱਖ ਪੱਖਾਂ ਤੋਂ ਬਹੁਤ ਸਾਰੀਆਂ ਸਿਫਾਰਸ਼ਾਂ ਕੀਤੀਆਂ ਜੋ ਸਮੁੱਚੀ ਪਹੁੰਚ ਅਤੇ ਖ਼ਾਸ ਸਿਫ਼ਾਰਸ਼ਾਂ ਦੇ ਨੁਕਤਾ-ਨਜ਼ਰ ਤੋਂ ਗੌਲਣਯੋਗ ਅਤੇ ਅਹਿਮ ਹੋਣ ਦੇ ਨਾਲ ਨਾਲ ਕਈ ਸਵਾਲ ਵੀ ਖੜ੍ਹੇ ਕਰਦੀਆਂ ਸਨ; ਪਰ ਕਮੇਟੀ ਦੀਆਂ ਸਿਫ਼ਾਰਸ਼ਾਂ ਦਾ ਉਹੀ ਹਸ਼ਰ ਹੋਇਆ ਜੋ ਪਹਿਲੀਆਂ ਕਈ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਦਾ ਹੋਇਆ ਸੀ। ਇਹ ਪਹੁੰਚ ਦੱਸਦੀ ਹੈ ਕਿ ਹੁਕਮਰਾਨਾਂ ਦਾ ਇਸ ਗੰਭੀਰ ਮਸਲੇ ਪ੍ਰਤੀ ਆਪਣਾ ਰਵੱਈਆ ਬਦਲਣ ਅਤੇ ਔਰਤਾਂ ਖ਼ਿਲਾਫ਼ ਜੁਰਮਾਂ ਨੂੰ ਰੋਕਣ ਦਾ ਕੋਈ ਇਰਾਦਾ ਨਹੀਂ ਹੈ।

ਕਮੇਟੀ ਨੇ ਬਿਲਕੁਲ ਸਹੀ ਨੋਟਿਸ ਲਿਆ ਸੀ ਕਿ "ਜਬਰ ਜਨਾਹ ਦੀ ਪੀੜਤ ਉੱਪਰ ਥੋਪੀ ਸ਼ਰਮਿੰਦਗੀ-ਇੱਜ਼ਤ ਦੀ ਸਥਾਪਤ ਧਾਰਨਾ (ਪੈਰਾਡਾਇਮ) ਨੂੰ ਤਿੱਖੀ ਪੜਚੋਲ ਹੇਠ ਲਿਆਉਣਾ ਰਾਜ ਤੇ ਸਿਵਲ ਸਮਾਜ ਦਾ ਫਰਜ਼ ਬਣਦਾ ਹੈ" ਜੋ ਅਸਲ ਦੋਸ਼ੀ ਦੀ ਥਾਂ ਪੀੜਤ ਔਰਤ ਨੂੰ ਹੀ ਦੋਸ਼ੀ ਬਣਾ ਧਰਦੀ ਹੈ ਅਤੇ ਔਰਤ ਨੂੰ ਸਮਾਜ ਦੀਆਂ ਨਜ਼ਰਾਂ 'ਚ ਡੇਗ ਦਿੰਦੀ ਹੈ। ਰਿਪੋਰਟ ਵਿਚ ਇਕ ਪੀੜਤ ਔਰਤ ਦਾ ਬੜਾ ਭਾਵਪੂਰਤ ਹਵਾਲਾ ਦਿੱਤਾ ਗਿਆ ਜਿਸ ਦਾ ਕਹਿਣਾ ਹੈ: "ਜਬਰ ਜਨਾਹ ਭਿਆਨਕ ਹੈ, ਪਰ ਇਹ ਉਨ੍ਹਾਂ ਕਾਰਨਾਂ ਕਰ ਕੇ ਭਿਆਨਕ ਨਹੀਂ ਹੈ ਜੋ ਭਾਰਤੀ ਔਰਤਾਂ ਦੇ ਦਿਮਾਗਾਂ 'ਚ ਕੁੱਟ ਕੁੱਟ ਕੇ ਭਰੇ ਜਾਂਦੇ ਹਨ।... ...ਮੈਂ ਇਸ ਵਿਚਾਰ ਨੂੰ ਉਸੇ ਤਰ੍ਹਾਂ ਰੱਦ ਕਰਦੀ ਹਾਂ ਕਿ ਮੇਰੀ ਪਵਿੱਤਰਤਾ ਮੇਰੇ ਗੁਪਤ ਅੰਗ 'ਚ ਹੈ, ਜਿਵੇਂ ਇਸ ਵਿਚਾਰ ਨੂੰ ਕਿ ਮਰਦਾਂ ਦੀ ਅਕਲ ਦਾ ਖ਼ਾਨਾ ਉਨ੍ਹਾਂ ਦੀ ਜਣਨ ਇੰਦਰੀ 'ਚ ਹੁੰਦਾ ਹੈ।"

ਕਮੇਟੀ ਨੇ ਜਬਰ ਜਨਾਹ ਦੀ ਮੌਜੂਦਾ ਸੀਮਤ ਪ੍ਰੀਭਾਸ਼ਾ ਦੀ ਚੀਰਫਾੜ ਕਰਦਿਆਂ ਇਸ ਦਾ ਦਾਇਰਾ ਵਧਾਉਣ 'ਤੇ ਜ਼ੋਰ ਦਿੱਤਾ ਸੀ ਜਿਸ ਦਾ ਫ਼ਾਇਦਾ ਉਠਾ ਕੇ ਦੋਸ਼ੀ ਕਾਨੂੰਨੀ ਤੇ ਤਕਨੀਕੀ ਆਧਾਰ 'ਤੇ ਬਣਦੀ ਸਜ਼ਾ ਤੋਂ ਬਚ ਨਿਕਲਦੇ ਹਨ, ਕਿਉਂਕਿ ਉਨ੍ਹਾਂ ਦਾ ਜੁਰਮ, ਜਬਰ ਜਨਾਹ ਦੇ ਘੇਰੇ 'ਚ ਨਹੀਂ ਆਉਂਦਾ। ਕਮੇਟੀ ਨੇ ਲਿੰਗਕ ਹਿੰਸਾ ਦੇ ਉਨ੍ਹਾਂ ਸਾਰੇ ਰੂਪਾਂ ਨੂੰ ਪ੍ਰੀਭਾਸ਼ਾ 'ਚ ਸ਼ਾਮਲ ਕੀਤਾ ਜਿਨ੍ਹਾਂ ਦੀ ਤਾਸੀਰ ਜਬਰ ਜਨਾਹ ਤੋਂ ਵੱਖਰੀ ਨਹੀਂ ਹੈ ਸਿਰਫ਼ ਰੂਪ ਵੱਖਰਾ ਹੈ। ਦਰਅਸਲ ਇਨ੍ਹਾਂ ਦਾ ਮੰਤਵ ਜਬਰ ਜਨਾਹ ਵਾਲਾ ਹੀ ਹੁੰਦਾ ਹੈ। ਹਕੂਮਤ ਨੇ ਉਲਟਾ ਜਬਰ ਜਨਾਹ ਨੂੰ ਆਮ ਲਿੰਗਕ ਜੁਰਮਾਂ ਨਾਲ ਰਲਗੱਡ ਕਰ ਦਿੱਤਾ ਹੈ। ਸਿਫਾਰਸ਼ ਦਾ ਦੂਜਾ ਅਹਿਮ ਨੁਕਤਾ ਉਸ ਪ੍ਰਚਲਤ ਕਾਨੂੰਨੀ ਧਾਰਨਾ ਨੂੰ ਰੱਦ ਕਰਨ ਬਾਰੇ ਸੀ ਜੋ ਵਿਆਹੁਤਾ ਔਰਤ ਦੇ ਪਤੀ ਵਲੋਂ ਉਸ ਦੀ ਸਹਿਮਤੀ ਵਿਰੁੱਧ ਉਸ ਨਾਲ ਹਮਬਿਸਤਰ ਹੋਣ ਨੂੰ ਜਬਰ ਜਨਾਹ ਨਹੀਂ ਮੰਨਦੀ। ਸਰ ਮੈਥਿਊ ਹੇਲ ਦੇ ਉਸ ਵੇਲਾ ਵਿਹਾ ਚੁੱਕੇ ਫਰਮਾਨ ਨੂੰ ਰੱਦ ਕਰਨਾ ਜ਼ਰੂਰੀ ਹੈ ਜੋ ਕਹਿੰਦਾ ਹੈ ਕਿ 'ਪਤੀ ਨੂੰ ਆਪਣੀ ਕਾਨੂੰਨੀ ਪਤਨੀ ਨਾਲ ਜਬਰੀ ਹਮਬਿਸਤਰ ਹੋਣ ਨੂੰ ਜਬਰ ਜਨਾਹ ਨਹੀਂ ਕਿਹਾ ਜਾ ਸਕਦਾ'। ਇਹ ਭਾਰਤ ਦੇ ਕਾਨੂੰਨੀ ਸੁਧਾਰਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਕਿਸੇ ਕਮੇਟੀ ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਮਹਿਜ਼ ਦੋਸ਼ੀ ਅਤੇ ਸ਼ਿਕਾਇਤ ਕਰਤਾ ਦਰਮਿਆਨ ਗ੍ਰਹਿਸਥੀ ਰਿਸ਼ਤੇ ਦੇ ਆਧਾਰ 'ਤੇ ਪਤੀ ਵਲੋਂ ਪਤਨੀ ਨਾਲ ਹਮਬਿਸਤਰ ਹੋਣ ਨੂੰ ਉਸ ਦੀ ਸਹਿਮਤੀ ਫਰਜ਼ ਨਹੀਂ ਕੀਤਾ ਜਾਣਾ ਚਾਹੀਦਾ; ਕਿਉਂਕਿ ਇੱਥੇ ਔਰਤ ਦੀ ਆਜ਼ਾਦੀ ਤੇ ਉਸ ਦੀ ਹਸਤੀ ਦੀ ਸਲਾਮਤੀ ਦਾ ਸਵਾਲ ਹੈ। ਕਮੇਟੀ ਦੀ ਇਹ ਸਿਫ਼ਾਰਸ਼ ਵੀ ਬਹੁਤ ਅਹਿਮ ਹੈ ਕਿ ਕਿਸੇ ਔਰਤ ਵਲੋਂ ਜਬਰ ਜਨਾਹ ਕੀਤੇ ਜਾਣ ਸਮੇਂ ਜਿਸਮਾਨੀ ਵਿਰੋਧ ਨਾ ਕਰ ਸਕਣ ਦੀ ਸੂਰਤ 'ਚ ਇਸ ਨੂੰ ਉਸ ਦੀ ਰਜ਼ਾਮੰਦੀ ਨਹੀਂ ਮੰਨਿਆ ਜਾਣਾ ਚਾਹੀਦਾ।

ਕਮੇਟੀ ਵਲੋਂ ਅਫਸਪਾ ਕਾਨੂੰਨ (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ-1958) ਦੇ ਛੇਵੇਂ ਹਿੱਸੇ ਅਤੇ ਅਜਿਹੇ ਹੋਰ ਕਾਨੂੰਨਾਂ 'ਚ ਸੋਧ ਕੀਤੇ ਜਾਣ 'ਤੇ ਜ਼ੋਰ ਦਿੰਦਿਆਂ ਸਰਕਾਰੀ ਹਥਿਆਰਬੰਦ ਤਾਕਤਾਂ ਖ਼ਿਲਾਫ਼ ਲਿੰਗਕ ਹਿੰਸਾ ਦੇ ਮਾਮਲੇ ਦਰਜ ਕਰਨ ਲਈ ਗ੍ਰਹਿ ਮੰਤਰਾਲੇ ਦੀ ਅਗਾਊਂ ਮਨਜ਼ੂਰੀ ਦੀ ਸ਼ਰਤ ਖ਼ਤਮ ਕਰਨ ਦੀ ਸਿਫ਼ਾਰਸ਼ ਕੀਤੀ ਗਈ ਸੀ। ਕਮੇਟੀ ਦਾ ਮੰਨਣਾ ਹੈ ਕਿ ਸੁਰੱਖਿਆ ਤਾਕਤਾਂ ਤੇ ਫ਼ੌਜ ਵਲੋਂ ਔਰਤਾਂ ਖ਼ਿਲਾਫ਼ ਜੁਰਮਾਂ ਨੂੰ ਜੁਰਮ ਮੰਨ ਕੇ ਕਾਨੂੰਨੀ ਕਾਰਵਾਈ ਹੇਠ ਲਿਆਉਣਾ ਜ਼ਰੂਰੀ ਹੈ। (ਸਫ਼ਾ 220) ਨਾਲ ਹੀ ਅਜਿਹਾ ਜੁਰਮ ਕਰਨ ਵਾਲੇ ਰਾਜਕੀ ਮਸ਼ੀਨੀਰੀ ਦੇ ਪੁਰਜਿਆਂ ਦੇ ਉੱਪਰਲੇ ਅਧਿਕਾਰੀਆਂ (ਕਮਾਂਡ) ਦੀ ਜਵਾਬਦੇਹੀ ਤੈਅ ਕਰਦਿਆਂ ਉਨ੍ਹਾਂ ਨੂੰ ਵੀ ਦੋਸ਼ੀ ਮੰਨਣ ਦੀ ਸਿਫ਼ਾਰਸ਼ ਕੀਤੀ ਗਈ ਜਿਨ੍ਹਾਂ ਨੂੰ ਆਪਣੇ ਮਾਤਹਿਤਾਂ ਵਲੋਂ ਔਰਤਾਂ ਵਿਰੁੱਧ ਜੁਰਮ ਕੀਤੇ ਜਾਣ ਜਾਂ ਖ਼ਾਸ ਹਾਲਾਤ 'ਚ ਅਜਿਹੇ ਜੁਰਮ ਨੂੰ ਅੰਜਾਮ ਦਿੱਤੇ ਜਾਣ ਦੀ ਸੰਭਾਵਨਾ ਦੀ ਜਾਣਕਾਰੀ ਹੁੰਦੀ ਹੈ। 1947 ਦੀ ਸੱਤਾ ਬਦਲੀ ਦੇ ਸਮੇਂ ਤੋਂ ਹੀ ਰਾਜ ਦੇ ਇਸ਼ਾਰੇ 'ਤੇ ਇਹ ਵਰਤਾਰਾ ਚਲ ਰਿਹਾ ਹੈ। ਕਸ਼ਮੀਰ, ਉੱਤਰ-ਪੂਰਬ, ਗੁਜਰਾਤ ਅਤੇ ਨਕਸਲੀ ਲਹਿਰ ਦੇ ਜ਼ੋਰ ਵਾਲੇ ਇਲਾਕਿਆਂ ਅੰਦਰ ਪੁਲਿਸ, ਨੀਮ-ਫ਼ੌਜੀ ਤਾਕਤਾਂ ਅਤੇ ਭਾਰਤੀ ਫ਼ੌਜ ਵਲੋਂ ਵੱਡੇ ਪੈਮਾਨੇ 'ਤੇ ਔਰਤਾਂ ਨਾਲ ਜਬਰ ਜਨਾਹਾਂ ਤੇ ਲਿੰਗਕ ਹਿੰਸਾ ਦੀਆਂ ਲਗਾਤਾਰ ਰਿਪੋਰਟਾਂ ਨੂੰ ਦੇਖਦਿਆਂ ਇਸ ਸਿਫ਼ਾਰਸ਼ ਦੀ ਬਹੁਤ ਅਹਿਮੀਅਤ ਹੈ; ਕਿਉਂਕਿ ਜਿਨ੍ਹਾਂ ਇਲਾਕਿਆਂ ਨੂੰ ਗੜਬੜ ਵਾਲਾ ਇਲਾਕੇ ਕਰਾਰ ਦੇ ਕੇ ਅਫ਼ਸਪਾ ਜਾਂ ਇਸ ਤਰ੍ਹਾਂ ਦੇ ਕਾਨੂੰਨ 65 ਸਾਲਾਂ ਤੋਂ ਲਾਗੂ ਹੁੰਦੇ ਆ ਰਹੇ ਹਨ, ਉੱਥੇ ਔਰਤਾਂ ਉੱਪਰ ਘੋਰ ਹਿੰਸਾ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਕੀਤੀ ਹੀ ਨਹੀਂ ਸਕਦੀ, ਕਿਉਂਕਿ ਰਾਜ ਵਲੋਂ ਉਨ੍ਹਾਂ ਨੂੰ ਵਿਸ਼ੇਸ਼ ਕਾਨੂੰਨੀ ਛੋਟ ਦਿੱਤੀ ਗਈ ਹੈ। ਇਹ ਉੱਥੋਂ ਦੀਆਂ ਔਰਤਾਂ ਹੀ ਜਾਣਦੀਆਂ ਹਨ ਕਿ ਰਾਜ ਵਲੋਂ ਸੁਰੱਖਿਆ ਬਲਾਂ ਨੂੰ ਮਨਮਾਨੀਆਂ ਦੀ ਖੁੱਲ੍ਹ ਅਤੇ ਕੋਈ ਡਰ-ਭੈਅ ਨਾ ਹੋਣ ਦੇ ਹਾਲਾਤ 'ਚ ਉਨ੍ਹਾਂ ਨਾਲ ਕੀ ਬੀਤਦੀ ਹੈ। ਇਸ ਨੂੰ ਲਫ਼ਜ਼ਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।

ਮੌਜੂਦਾ ਕੇਂਦਰੀ ਕਾਨੂੰਨ ਮੰਤਰੀ ਦੀ ਅਗਵਾਈ ਹੇਠ ਤਸ਼ੱਦਦ ਬਾਰੇ ਸਰਕਾਰੀ ਬਿੱਲ ਨੂੰ ਦੁਬਾਰਾ ਘੋਖਣ ਲਈ ਕਈ ਸਾਲ ਪਹਿਲਾਂ ਜੋ ਸੰਸਦੀ ਸਿਲੈਕਟ ਕਮੇਟੀ ਬਣਾਈ ਗਈ ਸੀ ਉਸ ਨੇ ਵੀ ਉਪਰਲੇ ਅਫ਼ਸਰਾਂ ਦੀ ਜਵਾਬਦੇਹੀ ਦਾ ਮੁੱਦਾ ਵਿਸਤਾਰ'ਚ ਵਿਚਾਰ ਕੇ ਕਮਾਂਡ ਦੀ ਜਵਾਬਦੇਹੀ ਨੂੰ ਵੀ ਇਸ ਵਿਚ ਸ਼ਾਮਲ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਇਸੇ ਤਰ੍ਹਾਂ ਔਰਤਾਂ ਦੀ ਇੰਪਾਵਰਮੈਂਟ ਕਮੇਟੀ ਨੇ ਨੀਮ ਫ਼ੌਜ ਤੇ ਫ਼ੌਜ ਦੇ ਮੈਂਬਰਾਂ ਦੇ ਜੁਰਮਾਂ ਨੂੰ ਫੌਜਦਾਰੀ ਕਾਨੂੰਨ ਦੇ ਘੇਰੇ 'ਚ ਲਿਆਉਣ 'ਤੇ ਜ਼ੋਰ ਦਿੱਤਾ ਸੀ, ਪਰ ਫ਼ੌਜਾਂ ਦੇ ਮੁਖੀਆਂ ਦੇ ਤਿੱਖੇ ਵਿਰੋਧ ਕਾਰਨ ਹੁਕਮਰਾਨਾਂ ਨੇ ਇਹ ਸਿਫ਼ਾਰਸ਼ਾਂ ਪਹਿਲਾਂ ਵੀ ਠੰਢੇ ਬਸਤੇ 'ਚ ਪਾਈਆਂ ਹੋਈਆਂ ਸਨ ਅਤੇ ਹੁਣ ਵਰਮਾ ਕਮੇਟੀ ਦੀ ਸਿਫ਼ਾਰਸ਼ ਵੀ ਨਹੀਂ ਮੰਨੀ। ਹੁਕਮਰਾਨ ਚਾਹੁੰਦੇ ਨਹੀਂ ਕਿ ਅਜਿਹੇ ਅਧਿਕਾਰੀਆਂ ਖ਼ਿਲਾਫ਼ ਕੋਈ ਕਾਰਵਾਈ ਹੋਵੇ ਅਤੇ ਔਰਤਾਂ ਇਸ ਸੰਤਾਪ ਤੋਂ ਮੁਕਤ ਹੋਣ। ਰਾਜ ਕਮੇਟੀ ਦੀ ਉਪਰੋਕਤ ਸਿਫ਼ਾਰਸ਼ ਪ੍ਰਤੀ ਗ਼ੌਰ ਕਿਉਂ ਕਰੇਗਾ ਜੋ ਦੱਬੇ-ਕੁਚਲੇ, ਨਿਤਾਣੇ ਤੇ ਹਾਸ਼ੀਏ 'ਤੇ ਧੱਕੇ ਅਵਾਮ ਦੀ ਹੱਕ-ਜਤਾਈ ਨੂੰ ਕੁਚਲਣ ਤੇ ਉਨ੍ਹਾਂ ਦਾ ਮਨੋਬਲ ਤੋੜਨ ਲਈ ਜਬਰ ਜਨਾਹ ਨੂੰ ਸੋਚੇ-ਸਮਝੇ ਰੂਪ 'ਚ ਹਥਿਆਰ ਵਜੋਂ ਵਰਤ ਰਿਹਾ ਹੈ?

ਇੱਥੇ ਇਹ ਪੱਖ ਗ਼ੌਰ ਕਰਨ ਵਾਲਾ ਹੈ ਕਿ ਕਮੇਟੀ ਨੂੰ ਅਫ਼ਸਪਾ ਕਾਨੂੰਨ ਨੂੰ ਮੁਕੰਮਲ ਰੂਪ 'ਚ ਖ਼ਤਮ ਕਰਨ ਦੀ ਸਿਫ਼ਾਰਸ਼ ਕਰਨ ਦੀ ਜ਼ਰੂਰਤ ਕਿਉਂ ਮਹਿਸੂਸ ਨਹੀਂ ਹੋਈ ਜਿਸ ਤਹਿਤ ਅਖੌਤੀ 'ਗੜਬੜਗ੍ਰਸਤ' ਇਲਾਕਿਆਂ ਵਿਚ ਅਵਾਮ ਵਿਰੁੱਧ ਤਰ੍ਹਾਂ ਤਰ੍ਹਾਂ ਦੀ ਰਾਜਕੀ ਹਿੰਸਾ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ ਅਤੇ ਜਿਸ ਨੂੰ ਪੂਰੀ ਤਰ੍ਹਾਂ ਖ਼ਤਮ ਕੀਤੇ ਜਾਣ ਦੀ ਮੰਗ ਇਨ੍ਹਾਂ ਰਾਜਾਂ ਦੇ ਲੋਕ ਲਗਾਤਾਰ ਕਰਦੇ ਆ ਰਹੇ ਹਨ। ਦਹਾਕਿਆਂ ਤੋਂ ਨਸ਼ਰ ਹੋ ਰਹੀਆਂ ਪ੍ਰਮਾਣਿਤ ਰਿਪੋਰਟਾਂ ਦੇ ਬਾਵਜੂਦ ਕਮੇਟੀ ਵਲੋਂ ਮਹਿਜ਼ "ਜਿੰਨਾ ਛੇਤੀ ਹੋ ਸਕੇ ਅਫਸਪਾ ਤੇ




ਅਫਸਪਾ ਵਰਗੇ ਕਾਨੂੰਨੀ ਪ੍ਰੋਟੋਕੋਲ ਦਾ ਰੀਵਿਊ ਕਰਨ" ਦੀ ਸਿਫ਼ਾਰਸ਼ ਹੀ ਕੀਤੀ ਗਈ। ਜਬਰ ਜਨਾਹ ਬੇਸ਼ਕ ਔਰਤਾਂ ਉੱਪਰ ਜ਼ੁਲਮਾਂ ਅਤੇ ਹੋਰ ਰਾਜਕੀ ਹਿੰਸਾ ਦਾ ਮੁੱਖ ਤੇ ਵਹਿਸ਼ੀਆਨਾ ਰੂਪ ਹੈ, ਪਰ ਰਾਜਕੀ ਹਿੰਸਾ ਨਿਰੀ ਇਸ ਰੂਪ ਤੱਕ ਮਹਿਦੂਦ ਨਹੀਂ ਹੈ। ਅਫਸਪਾ ਵਰਗੇ ਜਾਬਰ ਕਾਨੂੰਨਾਂ ਦੀ ਹਿੰਸਾ ਦਾ ਦਾਇਰਾ ਬਹੁਤ ਵਸੀਹ ਹੈ। ਇੰਫਾਲ ਵਿਚ ਮਨੀਪੁਰੀ ਔਰਤਾਂ ਨੇ ਨਿਰਵਸਤਰ ਹੋ ਕੇ ਅਫਸਪਾ ਵਿਰੁੱਧ ਰੋਸ ਵਿਖਾਵਾ ਕੀਤਾ ਅਤੇ ਇਰੋਮ ਸ਼ਰਮੀਲਾ 12 ਸਾਲ ਤੋਂ ਅਫਸਪਾ ਵਾਪਸ ਲੈਣ ਦੀ ਮੰਗ ਨੂੰ ਲੈ ਕੇ ਮਰਨ ਵਰਤ 'ਤੇ ਬੈਠੀ ਹੋਈ ਹੈ। ਕੀ ਅਵਾਮੀ ਆਵਾਜ਼ ਦੇ ਮੱਦੇਨਜ਼ਰ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਖ਼ਤਮ ਕੀਤੇ ਜਾਣ ਦੀ ਸਿਫ਼ਾਰਸ਼ ਕਰਨਾ ਵਕਤ ਦਾ ਤਕਾਜ਼ਾ ਨਹੀਂ? ਫਿਰ ਕਮੇਟੀ ਵਲੋਂ ਇਸ ਨੂੰ ਔਰਤਾਂ ਨਾਲ ਜਬਰ ਜਨਾਹ ਕਰਨ ਵਾਲੇ ਰਾਜਕੀ ਮੁਜਰਮਾਂ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹ ਦੇਣ ਵਾਲੇ ਕਾਨੂੰਨ ਦੇ ਸਿਰਫ਼ ਇਕ ਹਿੱਸੇ 'ਚ ਸੋਧ ਕਰਨ ਤੱਕ ਮਹਿਦੂਦ ਕਿਉਂ ਕੀਤਾ ਗਿਆ?ਇਹ ਵੀ ਧਿਆਨ 'ਚ ਰਹਿਣਾ ਚਾਹੀਦਾ ਹੈ ਕਿ ਕਮੇਟੀ ਦੱਬੀਆਂ-ਕੁਚਲੀਆਂ ਜਾਤਾਂ, ਆਦਿਵਾਸੀ, ਗ਼ਰੀਬ ਤੇ ਕਮਜ਼ੋਰ ਵਰਗਾਂ ਦੀਆਂ ਔਰਤਾਂ ਉੱਪਰ ਆਪਣੀ ਸਮਾਜੀ, ਆਰਥਿਕ ਤੇ ਸਿਆਸੀ ਤਾਕਤ ਵਰਤ ਕੇ ਲਿੰਗਕ ਜ਼ੁਲਮ ਕਰਨ ਦੇ ਖ਼ਾਸ ਪਹਿਲੂ ਨੂੰ ਮੁਖ਼ਾਤਿਬ ਨਹੀਂ ਹੋਈ ਜਿਨ੍ਹਾਂ ਨੂੰ ਆਪਣੀ ਨਿਤਾਣੀ ਤੇ ਬੇਵਸ ਹਾਲਤ ਕਾਰਨ ਲਿੰਗਕ ਹਿੰਸਾ ਦਾ ਸਭ ਤੋਂ ਵੱਧ ਸੰਤਾਪ ਝੱਲਣਾ ਪੈਂਦਾ ਹੈ। ਔਰਤ ਜਥੇਬੰਦੀਆਂ ਤੇ ਹੋਰ ਅਗਾਂਹਵਧੂ ਤਾਕਤਾਂ ਲਗਾਤਾਰ ਮੰਗ ਉਠਾਉਂਦੀਆਂ ਰਹੀਆਂ ਹਨ ਕਿ ਇਨ੍ਹਾਂ ਹਿੱਸਿਆਂ ਨਾਲ ਜਬਰ ਜਨਾਹ ਨੂੰ ਆਮ ਨਾਲੋਂ ਵੱਧ ਸੰਗੀਨ ਲਿੰਗਕ ਜੁਰਮ ਮੰਨਿਆ ਜਾਣਾ ਚਾਹੀਦਾ ਹੈ ਅਤੇ ਅਜਿਹੇ ਬਾਰਸੂਖ਼ ਮੁਜਰਮਾਂ ਲਈ ਆਮ ਜਬਰ ਜਨਾਹ ਨਾਲੋਂ ਵਧੇਰੇ ਸਜ਼ਾ ਦੀ ਕਾਨੂੰਨੀ ਵਿਵਸਥਾ ਹੋਣੀ ਚਾਹੀਦੀ ਹੈ।

ਜਬਰ ਜਨਾਹ ਦੀਆਂ ਪੀੜਤਾਂ ਦੀ ਕਾਫ਼ੀ ਤਾਦਾਦ ਉਨ੍ਹਾਂ ਗ਼ਰੀਬ ਔਰਤਾਂ ਤੇ ਬੱਚੀਆਂ ਦੀ ਹੁੰਦੀ ਹੈ ਜੋ ਅਸੁਰੱਖਿਅਤ ਮਾਹੌਲ 'ਚ ਰਹਿੰਦੀਆਂ ਤੇ ਕੰਮ ਕਰਦੀਆਂ ਹਨ। ਬਾਲੜੀਆਂ ਨਾਲ ਜਬਰ ਜਨਾਹਾਂ ਦੇ ਜ਼ਿਆਦਾਤਰ ਮਾਮਲੇ ਇਸ ਕਾਰਨ ਵਾਪਰਦੇ ਹਨ ਕਿ ਇਸ ਰਾਜ ਪ੍ਰਬੰਧ 'ਚ ਕਰੈੱਚ ਜਾਂ ਹੋਰ ਕੋਈ ਮਹਿਫੂਜ਼ ਇੰਤਜ਼ਾਮ ਆਮ ਅਤੇ ਗ਼ਰੀਬ ਲੋਕਾਂ ਦੀ ਪਹੁੰਚ 'ਚ ਨਹੀਂ ਹਨ ਜਿੱਥੇ ਕੰਮਕਾਜੀ ਮਾਵਾਂ ਆਪਣੀਆਂ ਬਾਲੜੀਆਂ ਨੂੰ ਸਾਂਭ-ਸੰਭਾਲ ਲਈ ਛੱਡ ਕੇ ਜਾ ਸਕਣ। ਜਦਕਿ ਕਿਰਤੀਆਂ ਦੀ ਸੁਰੱਖਿਆ ਪੱਖੋਂ ਕੰਮ ਦੇ ਹਾਲਾਤ ਵੱਧ ਤੋਂ ਵੱਧ ਨਾਖ਼ੁਸ਼ਗਵਾਰ ਬਣਦੇ ਜਾਂਦੇ ਹਨ। ਰਾਜ ਵਲੋਂ ਨਾਗਰਿਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਕਿਨਾਰਾ ਕਰ ਲੈਣ ਕਾਰਨ ਪੱਕੇ ਕਿਰਤੀਆਂ ਦੀ ਥਾਂ ਠੇਕੇ ਦੇ ਆਰਜ਼ੀ ਦਿਹਾੜੀਦਾਰਾਂ ਖ਼ਾਸ ਕਰ ਕੇ ਪਰਵਾਸੀ ਔਰਤਾਂ ਦੀ ਕਿਰਤ ਸ਼ਕਤੀ 'ਚ ਵਧ ਰਹੀ ਗਿਣਤੀ, ਜਨਤਕ ਸੇਵਾਵਾਂ ਦੇ ਨਿੱਜੀਕਰਨ ਨਾਲ ਖ਼ਤਮ ਹੋ ਰਹੀ ਜਵਾਬਦੇਹੀ, ਗ਼ਰੀਬ ਲੋਕਾਂ ਲਈ ਬਿਜਲੀ, ਪਖ਼ਾਨਿਆਂ ਵਰਗੀਆਂ ਜ਼ਰੂਰੀ ਲੋੜਾਂ ਦੀ ਅਣਹੋਂਦ ਆਦਿ, ਇਹ ਸਭ ਔਰਤਾਂ ਲਈ ਪੂਰੀ ਤਰ੍ਹਾਂ ਅਸੁਰੱਖਿਅਤ ਹਾਲਾਤ ਹਨ ਜੋ ਸਿੱਧੇ ਤੌਰ 'ਤੇ ਸਰਕਾਰੀ ਨੀਤੀਆਂ ਦੇ ਪੈਦਾ ਕੀਤੇ ਹੋਏ ਹਨ। ਇਨ੍ਹਾਂ ਹਾਲਾਤ ਵਿਚ ਇਹ ਔਰਤਾਂ ਲਿੰਗਕ ਹਿੰਸਾ ਝੱਲਣ ਲਈ ਮਜਬੂਰ ਕੀਤੀਆਂ ਹੋਈਆਂ ਹਨ। ਇਸ ਪ੍ਰਸੰਗ 'ਚ ਕਮੇਟੀ ਨੇ ਠੀਕ ਹੀ ਕਿਹਾ ਹੈ ਕਿ "ਸਾਡਾ ਵਿਸ਼ਵਾਸ ਹੈ ਕਿ ਜਦੋਂ ਅਮੀਰ ਲਗਾਤਾਰ ਹੋਰ ਅਮੀਰ ਹੋ ਰਹੇ ਹੋਣ ਅਤੇ ਜਨਤਾ ਦਾ ਪੈਸਾ ਅਜਾਈਂ ਉਡਾਇਆ ਜਾ ਰਿਹਾ ਹੋਵੇ ਤਾਂ ਵਸੀਲਿਆਂ ਦੀ ਥੁੜ੍ਹ ਦੀ ਝੂਠੀ ਦਲੀਲ ਦੇ ਕੇ ਰਾਜ ਬੁਨਿਆਦੀ ਹੱਕਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ"। ਇਸ ਲਈ ਦਲਿਤ, ਕਬਾਇਲੀ ਤੇ ਗ਼ਰੀਬ ਔਰਤਾਂ ਦੀ ਸੁਰੱਖਿਆ ਨੂੰ ਵੱਧ ਤਵੱਜੋਂ ਦੇਣ ਦੀ ਲੋੜ ਬਣਦੀ ਹੈ, ਪਰ ਹੱਥਲੀ ਰਿਪੋਰਟ 'ਚ ਮੁੜ-ਵਸੇਬੇ ਦੀਆਂ ਮੌਜੂਦ ਸਕੀਮਾਂ ਦਾ ਕੋਈ ਰੀਵਿਊ ਤੱਕ ਨਹੀਂ। ਸਿਰਫ਼ ਜਬਰ ਜਨਾਹ ਦੇ ਦੋਸ਼ੀ ਵਲੋਂ ਪੀੜਤ ਨੂੰ ਇਲਾਜ ਦਾ ਖ਼ਰਚਾ ਦੇਣ ਦਾ ਜ਼ਿਕਰ ਕੀਤਾ ਗਿਆ। ਲੋੜ ਇਸ ਗੱਲ ਦੀ ਹੈ ਕਿ ਆਰਥਿਕ ਤੇ ਸਮਾਜਕ ਤੌਰ 'ਤੇ ਦੱਬੇ-ਕੁਚਲੇ ਵਰਗਾਂ ਦੀਆਂ ਪੀੜਤ ਔਰਤਾਂ ਲਈ ਭਰਵੀਂ ਮੁੜ-ਵਸੇਬਾ ਸਕੀਮ ਬਣਾਈ ਜਾਵੇ। ਇਸ ਨੂੰ ਸਰਸਰੀ ਤੌਰ 'ਤੇ 'ਜਬਰ ਜਨਾਹ ਦਾ ਮੁੱਲ ਵੱਟਣਾ' ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਜਬਰ ਜਨਾਹ ਨਾਲ ਇਨ੍ਹਾਂ ਔਰਤਾਂ ਦੀ ਪੂਰੀ ਜ਼ਿੰਦਗੀ ਹੀ ਗੜਬੜਾ ਜਾਂਦੀ ਹੈ। ਉਨ੍ਹਾਂ ਨੂੰ ਰੁਜ਼ਗਾਰ ਦੇ ਖੁੱਸ ਜਾਣ ਕਾਰਨ ਗੁਜ਼ਾਰੇ ਦੇ ਵਸੀਲਿਆਂ ਦੀ ਅਣਹੋਂਦ, ਕਿਰਾਏ ਦੀ ਰਿਹਾਇਸ਼ ਬਦਲਣ ਦੀ ਦਿੱਕਤ, ਕਾਨੂੰਨੀ ਲੜਾਈ 'ਚ ਦਿਹਾੜੀਆਂ ਟੁੱਟਣ ਕਾਰਨ ਆਰਥਿਕ ਮੰਦਹਾਲੀ ਤੋਂ ਇਲਾਵਾ ਕਾਨੂੰਨੀ ਲੜਾਈ ਲੜਨ ਲਈ ਵੀ ਆਰਥਿਕ ਮਦਦ ਦੀ ਭਾਰੀ ਜ਼ਰੂਰਤ ਹੁੰਦੀ ਹੈ ਜਿਸ ਨੂੰ ਤੁਰੰਤ ਮੁਖ਼ਾਤਿਬ ਹੋਣਾ ਜ਼ਰੂਰੀ ਬਣਦਾ ਸੀ।

ਦੂਜੇ ਪਾਸੇ, ਕਮੇਟੀ ਵਲੋਂ ਮੌਤ ਦੀ ਸਜ਼ਾ ਦੀ ਬੇਤੁਕੀ ਮੰਗ ਨੂੰ ਕੋਈ ਤਵੱਜੋਂ ਨਾ ਦੇਣਾ ਕਾਬਲੇ-ਤਾਰੀਫ਼ ਪਹੁੰਚ ਸੀ, ਕਿਉਂਕਿ ਮੌਤ ਦੀ ਸਜ਼ਾ ਦੀ ਕਾਨੂੰਨੀ ਪੇਸ਼ਬੰਦੀ ਨਾ ਸਿਰਫ਼ ਰਾਜ ਨੂੰ ਕਿਸੇ ਮੁਜਰਮ ਦੀ ਜਾਨ ਲੈਣ ਅਤੇ ਹੋਰ ਜਾਬਰ ਬਨਣ ਦਾ ਆਪਾਸ਼ਾਹ ਅਧਿਕਾਰ ਦਿੰਦੀ ਹੈ, ਸਗੋਂ ਜੁਰਮਾਂ ਦੇ ਅਸਲ ਕਾਰਨਾਂ ਨੂੰ ਛੁਪਾ ਕੇ ਸਾਰਾ ਧਿਆਨ ਦੋਇਮ ਕਾਰਨਾਂ ਵੱਲ ਭਟਕਾਉਣ ਦਾ ਸਾਧਨ ਵੀ ਹੈ। ਅਜਿਹੀ ਮੰਗ ਜੁਰਮਾਂ ਦੀ ਜੰਮਣ ਭੋਂਇ ਇਸ ਸਮਾਜੀ-ਆਰਥਿਕ ਹਾਲਾਤ ਦੀ ਬੁਨਿਆਦੀ ਭੂਮਿਕਾ ਨੂੰ ਨਜ਼ਰ-ਅੰਦਾਜ਼ ਕਰਦੀ ਹੈ ਜਿਸ ਨਾਲ ਰਾਜ ਤੇ ਰਾਜ ਕਰਦੀਆਂ ਤਾਕਤਾਂ ਇਨ੍ਹਾਂ ਹਾਲਾਤ ਨੂੰ ਕਾਇਮ ਰੱਖਣ ਦੀ ਆਪਣੀ ਮੁੱਖ ਜਵਾਬਦੇਹੀ ਤੋਂ ਬਚ ਜਾਂਦੀਆਂ ਹਨ। ਸਰਕਾਰ ਨੇ ਇਸ ਬਾਦਲੀਲ ਸਿਫ਼ਾਰਸ਼ ਨੂੰ ਪੂਰੀ ਤਰ੍ਹਾਂ ਰੱਦ ਕਰ ਕੇ ਔਰਤਾਂ ਵਿਰੁੱਧ ਘੋਰ ਜੁਰਮ ਦੇ ਮਾਮਲਿਆਂ ਦੇ ਨਾਂ ਹੇਠ ਮੌਤ ਦੀ ਸਜ਼ਾ ਆਰਡੀਨੈਂਸ 'ਚ ਸ਼ਾਮਲ ਕਰ ਦਿੱਤੀ। ਇਸੇ ਤਰ੍ਹਾਂ ਕਮੇਟੀ ਨੇ ਲਿੰਗਕ ਜੁਰਮਾਂ ਦੇ ਦੋਸ਼ੀ ਸਿਆਸਤਦਾਨਾਂ ਉੱਪਰ ਚੋਣਾਂ ਲੜਨ 'ਤੇ ਪਾਬੰਦੀ ਲਾਉਣ ਦੀ ਸਿਫ਼ਾਰਸ਼ ਕੀਤੀ ਸੀ। ਸਰਕਾਰ ਨੇ ਇਹ ਵੀ ਨਹੀਂ ਮੰਨੀ। ਉਨ੍ਹਾਂ ਦਾ ਤਰਕ ਸਮਝ ਆਉਂਦਾ, ਹੁਕਮਰਾਨ ਆਪਣੇ ਹੀ ਕੋੜਮੇ ਦੇ ਵੱਡੇ ਹਿੱਸੇ ਨੂੰ ਔਰਤਾਂ ਨੂੰ ਨਿਆਂ ਦੇਣ ਖ਼ਾਤਰ ਬਲੀ ਦੇ ਬੱਕਰੇ ਕਿਉਂ ਬਣਾਉਣਾ ਚਾਹੁਣਗੇ।

ਵੱਡਾ ਹਾਸਲ ਇਹ ਸੀ ਕਿ ਰਿਪੋਰਟ ਨੇ ਜਬਰ ਜਨਾਹ ਦੇ ਮਰਦ ਪ੍ਰਧਾਨ ਸੱਭਿਆਚਾਰ ਨਾਲ ਰਾਜ ਤੇ ਪ੍ਰਸ਼ਾਸਨ ਦੇ ਰਿਸ਼ਤੇ ਦੀਆਂ ਤਹਿਆਂ ਫਰੋਲਦਿਆਂ ਇਸ ਦੇ ਸੰਸਥਾਗਤ ਰੂਪਾਂ ਨੂੰ ਸਾਹਮਣੇ ਲਿਆਉਣ ਦੀ ਜੁਰਅਤ ਕੀਤੀ। ਔਰਤਾਂ ਵਿਰੁੱਧ ਜੁਰਮਾਂ ਨੂੰ ਮਹਿਜ਼ ਅਪਰਾਧੀ ਹਮਲੇ ਵਜੋਂ ਦੇਖਣ ਦੀ ਬਜਾਏ ਕਮੇਟੀ ਨੇ ਇਨ੍ਹਾਂ ਨੂੰ ਲਿੰਗਕ ਰਿਸ਼ਤਿਆਂ ਦੀ ਹਕੀਕਤ, ਭਾਵ ਮਰਦ ਪ੍ਰਧਾਨ ਸੱਭਿਆਚਾਰ ਦੇ ਵਿਸ਼ਾਲ ਪ੍ਰਸੰਗ 'ਚ ਰੱਖ ਕੇ ਪੇਸ਼ ਕੀਤਾ। ਇਸ ਨੇ ਔਰਤਾਂ ਵਿਰੁੱਧ ਹਿੰਸਾ ਦੇ ਮਾਮਲਿਆਂ ਦੀ ਸੁਣਵਾਈ ਲਈ ਫਾਸਟ ਟਰੈਕ ਅਦਾਲਤਾਂ ਦੀ ਥਾਂ ਸਮੁੱਚੇ ਨਿਆਂ ਪ੍ਰਬੰਧ ਨੂੰ ਚੁਸਤ-ਦਰੁਸਤ ਕਰਨ 'ਤੇ ਸਹੀ ਜ਼ੋਰ ਦਿੱਤਾ। ਇਸ ਨੇ ਰਾਜ ਵਲੋਂ ਚਲਾਏ ਜਾ ਰਹੇ ਬਾਲ ਆਸ਼ਰਮਾਂ, ਸੁਰੱਖਿਆ ਆਸ਼ਰਮਾਂ ਵਰਗੀਆਂ ਸੰਸਥਾਵਾਂ ਅੰਦਰ ਜਬਰ ਜਨਾਹ ਦੇ ਸੱਭਿਆਚਾਰ ਦੇ ਸੰਸਥਾਕਰਨ ਤੇ ਵਿਆਪਕ ਭ੍ਰਿਸ਼ਟਾਚਾਰ ਦਾ ਗੰਭੀਰ ਨੋਟਿਸ ਲਿਆ। ਇਸ ਨੇ ਸਪਸ਼ਟ ਕੀਤਾ ਕਿ ਬਾਲ-ਫਰੋਸ਼ੀ ਦੀਆਂ ਕੜੀਆਂ ਪੁਲਿਸ ਦੀ ਮਿਲੀਭੁਗਤ ਨਾਲ ਲਿੰਗਕ ਸ਼ੋਸ਼ਣ ਦੇ ਵਿਆਪਕ ਵਰਤਾਰੇ ਨਾਲ ਕਿਵੇਂ ਜੁੜਦੀਆਂ ਹਨ।

ਕਮੇਟੀ ਨੇ ਔਰਤਾਂ ਵਿਰੁੱਧ ਲਿੰਗਕ ਹਿੰਸਾ ਦੇ ਮਸਲੇ ਦੇ ਕੁਝ ਪਹਿਲੂਆਂ ਨੂੰ ਵਧੀਆ ਉਜਾਗਰ ਕੀਤਾ। ਇਸ ਨੇ ਠੀਕ ਹੀ ਕਿਹਾ ਕਿ ਕਾਨੂੰਨ ਤਾਂ ਪਹਿਲਾਂ ਹੀ ਬਥੇਰੇ ਹਨ ਲੋੜ ਇਨ੍ਹਾਂ ਦੀ ਸਹੀ ਅਮਲਦਾਰੀ ਦੀ ਅਤੇ ਇਸ ਨੂੰ ਲਾਗੂ ਕਰਨ ਵਾਲੀਆਂ ਸਰਕਾਰੀ ਏਜੰਸੀਆਂ ਪੁਲਿਸ ਤੇ ਪ੍ਰਸ਼ਾਸਨਿਕ ਮਸ਼ੀਨਰੀ ਦੇ ਰਵੱਈਏ ਨੂੰ ਬਦਲੇ ਜਾਣ ਦੀ ਹੈ। ਰਿਪੋਰਟ ਔਰਤਾਂ ਉੱਪਰ ਹਿੰਸਾ ਵਿਰੁੱਧ ਲੜਾਈ 'ਚ ਇਕ ਸਾਰਥਕ ਕਦਮ ਹੈ ਜੋ ਕਮੇਟੀ ਦੀ ਆਪਣੀ ਹਾਂਪੱਖੀ ਪਹੁੰਚ ਦੇ ਨਾਲ ਨਾਲ ਔਰਤ ਜਥੇਬੰਦੀਆਂ ਸਮੇਤ ਸਮੂਹ ਅਗਾਂਹਵਧੂ ਤਾਕਤਾਂ ਵਲੋਂ ਬਣਾਏ ਦਬਾਅ ਦਾ ਨਤੀਜਾ ਹੈ। ਕੇਂਦਰ ਸਰਕਾਰ ਵਲੋਂ ਆਰਡੀਨੈਂਸ ਬਣਾਉਣ ਸਮੇਂ ਹਾਂਪੱਖੀ ਸਿਫ਼ਾਰਸ਼ਾਂ ਨੂੰ ਰੱਦ ਕਰ ਦਿੱਤੇ ਜਾਣ ਤੋਂ ਇਕ ਵਾਰ ਫਿਰ ਇਹ ਸਪਸ਼ਟ ਹੋ ਗਿਆ ਹੈ ਕਿ ਹੁਕਮਰਾਨਾਂ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਐਨੀ ਆਸਾਨੀ ਨਾਲ ਆਪਣਾ ਰਵੱਈਆ ਬਦਲ ਲੈਣਗੇ ਅਤੇ ਔਰਤਾਂ ਉੱਪਰ ਜ਼ੁਲਮਾਂ ਨੂੰ ਰੋਕਣ ਲਈ ਤਿਆਰ ਹੋ ਜਾਣਗੇ। ਕਮੇਟੀ ਨੇ ਜ਼ੋਰ ਦਿੱਤਾ ਸੀ ਕਿ ਹਾਂਪੱਖੀ ਕਾਨੂੰਨ ਬਣ ਜਾਣਾ ਹੀ ਕਾਫ਼ੀ ਨਹੀਂ ਹੈ ਇਨ੍ਹਾਂ ਨੂੰ ਲਾਗੂ ਕਰਨ ਲਈ ਹੁਕਮਰਾਨਾਂ 'ਚ ਰਾਜਨੀਤਕ ਇੱਛਾ ਦਾ ਹੋਣਾ ਬਹੁਤ ਜ਼ਰੂਰੀ ਹੈ। ਤਾਜ਼ਾ ਆਰਡੀਨੈਂਸ ਨੇ ਇਕ ਵਾਰ ਫਿਰ ਦਿਖਾ ਦਿੱਤਾ ਹੈ ਕਿ ਹੁਕਮਰਾਨ ਤਾਂ ਇਸ ਸਬੰਧ 'ਚ ਕਾਰਗਰ ਕਾਨੂੰਨ ਬਣਾਉਣ ਲਈ ਲੋੜੀਂਦੇ ਕਾਨੂੰਨੀ ਸੁਧਾਰ ਕਰਨ ਲਈ ਵੀ ਤਿਆਰ ਨਹੀਂ ਹਨ ਅਮਲਦਾਰੀ ਤਾਂ ਬਹੁਤ ਦੂਰ ਦੀ ਗੱਲ ਹੈ। ਇਹ ਚੇਤੇ ਰੱਖਣਾ ਹੋਰ ਵੀ ਵੱਧ ਜ਼ਰੂਰੀ ਹੈ ਕਿ ਜਾਗਰੂਕ ਅਵਾਮ ਦਾ ਲਗਾਤਾਰ ਦਬਾਅ ਹੀ ਹਾਂਪੱਖੀ ਸਿਫ਼ਾਰਸ਼ਾਂ ਨੂੰ ਮੰਨਣ ਅਤੇ ਕਾਨੂੰਨਾਂ ਦੀ ਪ੍ਰਭਾਵਸ਼ਾਲੀ ਅਮਲਦਾਰੀ ਦਾ ਸਾਧਨ ਬਣ ਸਕਦਾ ਹੈ। ਇਸ ਦੀ ਅਣਹੋਂਦ 'ਚ ਇਹ ਸੀਮਤ ਹਾਸਲ ਵੀ ਹਕੂਮਤੀ ਫਾਈਲਾਂ ਦਾ ਸ਼ਿੰਗਾਰ ਬਣ ਕੇ ਰਹਿ ਜਾਵੇਗਾ।

# ਵਿਚਾਰਾਂ ਦੀ ਆਜ਼ਾਦੀ ਨਾਲ ਜੁੜੇ ਸਵਾਲਾਂ ਬਾਰੇ ਪਾਸਕੂ ਸੋਚ !

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਸਲਮਾਨ ਰਸ਼ਦੀ ਦੁਨੀਆਂ ਭਰ ਵਿਚ ਮੁਸਲਿਮ ਸਮਾਜ ਵਿਚਲੇ ਕੱਟੜਪੰਥੀਆਂ ਨੂੰ ਬੁਰਾ ਲੱਗਦਾ ਹੈ, ਬੰਗਲਾ ਦੇਸ਼ ਦੀ ਲੇਖਿਕਾ ਤਸਲੀਮਾ ਨਸਰੀਨ ਵੀ ਉਨ੍ਹਾਂ ਨੂੰ ਬੁਰੀ ਲੱਗਦੀ ਹੈ, ਪਰ ਭਾਰਤ ਵਿਚ ਉਨ੍ਹਾਂ ਦੋਵਾਂ ਦੇ ਪੱਖ ਵਿਚ ਹਵਾ ਬਣਾਉਣ ਲਈ ਜਿਹੜੇ ਲੋਕ ਤਿਆਰ ਹੁੰਦੇ ਹਨ, ਉਹ ਕੁਝ ਹੋਰ ਗੱਲਾਂ ਬਾਰੇ ਚੁੱਪ ਹੋ ਜਾਂਦੇ ਹਨ। ਵਿਭੂਤੀ ਨਾਰਾਇਣ ਰਾਏ ਨਾਂ ਦਾ ਇੱਕ ਪੁਲਿਸ ਅਫਸਰ ਹੈ, ਜਿਸ ਨੇ ਇੱਕ ਨਾਵਲ 'ਕਰਫਿਊ' ਲਿਖਿਆ ਸੀ, ਜਿਸ ਵਿਚ ਇਹ ਦੱਸਿਆ ਗਿਆ ਸੀ ਕਿ ਭਾਰਤ ਵਿਚ ਘੱਟ-ਗਿਣਤੀਆਂ ਵੱਲ ਪ੍ਰਸ਼ਾਸਨ ਤੇ ਪੁਲਿਸ ਵਿਚਲੇ ਲੋਕਾਂ ਦਾ ਵਿਹਾਰ ਅਣ-ਸੁਖਾਵਾਂ ਹੁੰਦਾ ਜਾਂਦਾ ਹੈ। ਜਦੋਂ ਹਿੰਦੂ ਕੱਟੜਪੰਥੀਏ ਉਸ ਲੇਖਕ ਦੇ ਪਿੱਛੇ ਪੈ ਗਏ ਤਾਂ ਸਲਮਾਨ ਰਸ਼ਦੀ ਜਾਂ ਤਸਲੀਮਾ ਨਸਰੀਨ ਦੀ ਹਮਾਇਤ ਕਰਨ ਵਾਲੇ ਓਦੋਂ ਵਿਭੂਤੀ ਨਾਰਾਇਣ ਦੇ ਪੱਖ ਵਿਚ ਨਹੀਂ ਸਨ ਬੋਲੇ। ਜੇ ਸਲਮਾਨ ਰਸ਼ਦੀ ਤੇ ਤਸਲੀਮਾ ਨੇ ਆਪਣੇ ਧਰਮ ਦੇ ਅੰਦਰ ਦਾ ਸੱਚ ਬਾਹਰ ਲਿਆ ਕੇ ਠੀਕ ਕੀਤਾ ਸੀ ਤਾਂ ਵਿਭੂਤੀ ਨੇ ਵੀ ਇਹੋ ਕੁਝ ਬਾਹਰ ਕੱਢਿਆ ਸੀ, ਉਸ ਦੀ ਵਾਰੀ ਚੁੱਪ ਰਹਿਣਾ ਸੋਚ ਦੀ ਤੱਕੜੀ ਵਿਚ ਪਾਸਕੂ ਹੋਣ ਦੀ ਨਿਸ਼ਾਨੀ ਸੀ।***

ਵਿਚਾਰਾਂ ਦੀ ਆਜ਼ਾਦੀ ਬਾਰੇ ਤਾਂ ਸ਼ਾਇਦ ਸਾਰੇ ਲੋਕ ਸਹਿਮਤ ਹੋ ਜਾਣ, ਪਰ ਜਿਥੋਂ ਤੱਕ ਵਿਚਾਰ ਪ੍ਰਗਟ ਕਰਨ ਦੇ ਅਧਿਕਾਰਾਂ ਦੀ ਸੀਮਾ ਦਾ ਸਵਾਲ ਹੈ, ਉਥੇ ਆ ਕੇ ਕੁਝ ਮੱਤਭੇਦ ਪੈਦਾ ਹੋ ਜਾਂਦੇ ਹਨ। ਅਸੀਂ ਜੈ ਪ੍ਰਕਾਸ਼ ਨਾਰਾਇਣ ਦੀ ਦੱਸੀ ਹੋਈ ਕਿਸੇ ਸੰਪੂਰਨ ਆਜ਼ਾਦੀ ਦੀ ਗੱਲ ਨਹੀਂ ਕਹਿ ਸਕਦੇ ਕਿ ਹਰ ਕਿਸੇ ਨੂੰ ਹਰ ਗੱਲ ਦੀ ਆਜ਼ਾਦੀ ਹੋਣੀ ਚਾਹੀਦੀ ਹੈ, ਸਗੋਂ ਆਜ਼ਾਦੀ ਦੀਆਂ ਕੁਝ ਹੱਦਾਂ ਦੇ ਪੱਖ ਵਿਚ ਹਾਂ। ਮਿਸਾਲ ਵਜੋਂ ਇਹ ਆਜ਼ਾਦੀ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ ਕਿ ਫਰੀਦਕੋਟ ਵਾਲੇ ਨਿਸ਼ਾਨ ਸਿੰਘ ਤੇ ਉਸ ਦੇ ਜੋਟੀਦਾਰਾਂ ਵਾਂਗ ਕਿਸੇ ਦੇ ਘਰ ਜਾ ਕੇ ਉਸ ਦੀ ਧੀ ਨੂੰ ਚਿੱਟੇ ਦਿਨ ਚੁੱਕ ਲਿਜਾਵੇ ਤੇ ਇਹ ਵੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ ਕਿ ਕੋਈ ਕਿਸੇ ਸੜਕ ਉਤੇ ਗੱਡੀ ਚਲਾਉਣ ਸਮੇਂ ਇਹ ਜ਼ਿਦ ਕਰੇ ਕਿ ਜੇ ਬਾਕੀ ਲੋਕ ਖੱਬੇ ਹੱਥ ਜਾਂਦੇ ਹਨ ਤਾਂ ਮੈਂ ਸੱਜੇ ਹੱਥ ਜਾਵਾਂਗਾ। ਕਈ ਦੇਸ਼ਾਂ ਵਿਚ ਸੱਜੇ ਹੱਥ ਗੱਡੀ ਚਲਾਉਣ ਦਾ ਕਾਨੂੰਨ ਹੈ, ਉਥੋਂ ਆਇਆ ਕੋਈ ਅਮਰੀਕਨ, ਕਨੇਡੀਅਨ ਜਾਂ ਜਰਮਨੀ ਦਾ ਨਾਗਰਿਕ ਭਾਰਤ ਵਿਚ ਆ ਕੇ ਏਦਾਂ ਦੀ ਖੁੱਲ੍ਹ ਦੀ ਮੰਗ ਕਦੇ ਨਹੀਂ ਕਰਦਾ, ਸਗੋਂ ਦੇਸ਼ ਦੇ ਕਾਨੂੰਨ ਅਨੁਸਾਰ ਚੱਲਦਾ ਹੈ। ਮੁਸ਼ਕਿਲ ਇਹ ਹੈ ਕਿ ਦੇਸ਼ ਦੇ ਕਾਨੂੰਨ ਦੇ ਮੁਤਾਬਕ ਜਿਨ੍ਹਾਂ ਗੱਲਾਂ ਦੀ ਖੁੱਲ੍ਹ ਸਾਡੇ ਸਮਾਜ ਤੇ ਸੰਵਿਧਾਨ ਨੇ ਸਾਨੂੰ ਦਿੱਤੀ ਹੋਈ ਹੈ, ਉਸ ਨੂੰ ਵੀ ਹੁਣ ਖੋਹਿਆ ਜਾਣ ਲੱਗਾ ਹੈ। ਇਸ ਹਫਤੇ ਇੱਕ ਫਿਲਮ 'ਵਿਸ਼ਵ ਰੂਪਮ' ਦੇ ਮਾਮਲੇ ਵਿਚ ਇਹੋ ਹੋਇਆ ਹੈ, ਜਿਸ ਬਾਰੇ ਇੱਕ ਬਹਿਸ ਅਦਾਲਤਾਂ ਵਿਚ ਚੱਲ ਰਹੀ ਹੈ ਤੇ ਦੂਸਰੀ ਮੀਡੀਏ ਦੇ ਰਾਹੀਂ ਸਮਾਜ ਵਿਚ ਵੀ ਚੱਲ ਪਈ ਹੈ।

ਫਿਲਮਾਂ ਵੇਖਣ ਦੇ ਸ਼ੌਕੀਨਾਂ ਵਿਚ ਮੈਂ ਨਹੀਂ। ਮੁੱਛ ਫੁੱਟਦੀ ਉਮਰ ਵਿਚ ਕਦੇ ਵੇਖੀਆਂ ਸਨ। ਬੀਤੇ ਪੰਝੀ ਸਾਲਾਂ ਦੌਰਾਨ ਮੈਂ ਸਿਰਫ ਤਿੰਨ ਫਿਲਮਾਂ ਵੇਖੀਆਂ ਸਨ, ਇੱਕ ਤਾਂ ਰਾਜਸੀ ਆਗੂ ਬਣ ਗਏ ਗੁੰਡਿਆਂ ਬਾਰੇ ਸੁਚੇਤ ਕਰਦੀ ਸੀ, ਦੂਸਰੀ ਦਹਿਸ਼ਤਗਰਦੀ ਬਾਰੇ ਤੇ ਤੀਸਰੀ ਭਾਰਤ-ਪਾਕਿਸਤਾਨ ਵਿਚਾਲੇ ਹੋਈ ਇੱਕ ਜੰਗ ਬਾਰੇ। ਪਹਿਲੀਆਂ ਦੋ ਦੋਸਤਾਂ ਦੇ ਕਹਿਣ ਉਤੇ ਸਿਨਮੇ ਵਿਚ ਵੇਖਣ ਜਾਣਾ ਪਿਆ ਤੇ ਤੀਸਰੀ ਘਰ ਵਿਚ ਛੁੱਟੀ ਵਾਲੇ ਦਿਨ ਟੈਲੀਵੀਜ਼ਨ ਉਤੇ ਵੇਖ ਲਈ ਸੀ। ਜੇ ਕਿਸੇ ਫਿਲਮ ਦੀ ਕਹਾਣੀ ਮੈਂ ਦਸ-ਪੰਦਰਾਂ ਮਿੰਟਾਂ ਵਿਚ ਪੜ੍ਹ ਸਕਦਾ ਹਾਂ ਤਾਂ ਉਸ ਨੂੰ ਵੇਖਣ ਲਈ ਤਿੰਨ ਘੰਟੇ ਦਾ ਸਮਾਂ ਲਾਉਣਾ ਮੈਨੂੰ ਮੂਰਖਤਾ ਲੱਗਦਾ ਹੈ ਪਰ ਇਹ ਮੇਰੇ ਵਿਚਾਰ ਹਨ। 'ਵਿਸ਼ਵ ਰੂਪਮ' ਫਿਲਮ ਲਈ ਵੀ ਮੇਰੇ ਮਨ ਵਿਚ ਕੋਈ ਖਿੱਚ ਨਹੀਂ। ਕੁਝ ਦੂਸਰੇ ਲੋਕਾਂ ਦੀ ਨਜ਼ਰ ਵਿਚ ਏਦਾਂ ਦੇ ਵਿਚਾਰ ਰੱਖਣ ਕਰ ਕੇ ਮੈਂ ਵੀ ਮੂਰਖ ਹੋਵਾਂਗਾ। ਇਹ ਉਨ੍ਹਾਂ ਦੇ ਵਿਚਾਰ ਹੋਣਗੇ। ਜੇ ਮੈਨੂੰ ਹਰ ਤਰ੍ਹਾਂ ਦੇ ਵਿਚਾਰ ਰੱਖਣ ਦਾ ਹੱਕ ਹੈ ਤਾਂ ਜਿਨ੍ਹਾਂ ਨੂੰ ਮੇਰੇ ਨਾਲ ਸਹਿਮਤੀ ਨਹੀਂ, ਇਹ ਹੱਕ ਉਨ੍ਹਾਂ ਨੂੰ ਵੀ ਓਨਾ ਹੀ ਹੈ। ਜਿਸ ਯੁੱਗ ਵਿਚ ਅਸੀਂ ਰਹਿੰਦੇ ਹਾਂ, ਉਸ ਵਿਚ ਆਪਣੇ ਵਿਚਾਰ ਰੱਖਣ ਦਾ ਹੱਕ ਹਰ ਕਿਸੇ ਨੂੰ ਹੈ ਤੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਵੀ ਮੰਨਿਆ ਜਾਂਦਾ ਹੈ।




*ਫਿਲਮ 'ਵਿਸ਼ਵ ਰੂਪਮ' ਦਾ ਇਕ ਦ੍ਰਿਸ਼*

'ਵਿਸ਼ਵ ਰੂਪਮ' ਫਿਲਮ ਦਾ ਵਿਸ਼ਾ ਦਹਿਸ਼ਤਗਰਦੀ ਹੈ, ਜੋ ਇਸ ਵੇਲੇ ਸਾਰੇ ਸੰਸਾਰ ਦੇ ਲੋਕਾਂ ਲਈ ਭਖਦਾ ਸਵਾਲ ਹੈ। ਜੇ ਕੋਈ ਚਿੰਤਕ ਤੇ ਕੁਝ ਕਲਾਕਾਰ ਇਸ ਬਾਰੇ ਕੋਈ ਰਾਏ ਪੇਸ਼ ਕਰਦੇ ਹਨ ਤਾਂ ਉਸ ਨੂੰ ਇੱਕ ਵਿਚਾਰ ਦੇ ਤੌਰ 'ਤੇ ਵੇਖਣਾ-ਸਮਝਣਾ ਚਾਹੀਦਾ ਹੈ ਤੇ ਫਿਰ ਉਸ ਦੀ ਹਮਾਇਤ ਵੀ ਕੀਤੀ ਜਾ ਸਕਦੀ ਹੈ ਤੇ ਉਸ ਨੂੰ ਰੱਦ ਵੀ ਕੀਤਾ ਜਾ ਸਕਦਾ ਹੈ। ਫਿਲਮ ਦਾ ਵਿਰੋਧ ਇਸ ਦੇ ਚੱਲਣ ਤੋਂ ਵੀ ਪਹਿਲਾਂ ਹੀ ਸ਼ੁਰੂ ਹੋ ਗਿਆ। ਵਿਰੋਧ ਕਰਨ ਵਾਲੇ ਖੁਦ ਮੰਨਦੇ ਹਨ ਕਿ ਇਸ ਵਿਚ ਕੀ ਗੱਲ ਗਲਤ ਹੈ ਤੇ ਇਹ ਇਤਰਾਜ਼ਯੋਗ ਕਿਉਂ ਹੈ, ਇਸ ਦਾ ਉਨ੍ਹਾਂ ਨੂੰ ਪਤਾ ਨਹੀਂ ਪਰ ਇਹ ਗੱਲ ਕਹੀ ਜਾਂਦੇ ਹਨ ਕਿ ਇਸ ਫਿਲਮ ਦੇ ਰਾਹੀਂ ਉਨ੍ਹਾਂ ਦੇ ਧਰਮ ਦੀ ਹੇਠੀ ਕੀਤੀ ਗਈ ਹੈ। ਬਿਨਾਂ ਵੇਖੇ ਤੋਂ ਹੇਠੀ ਹੋਣ ਦੀ ਗੱਲ ਉਹ ਉਕਸਾਉਣ ਵਾਲਿਆਂ ਦੇ ਕਹਿਣ ਉਤੇ ਕਹਿੰਦੇ ਹਨ। ਭਾਰਤ 'ਚ ਬਹੁਤ ਸਾਰੇ ਲੋਕ ਆਪਣੇ ਸਿਰ ਨਾਲ ਨਹੀਂ ਸੋਚਦੇ, ਇਸ ਲਈ ਛੇਤੀ ਉਕਸਾਏ ਜਾਂਦੇ ਹਨ।

ਇਹ ਫਿਲਮ ਸੈਂਸਰ ਬੋਰਡ ਨੇ ਪਾਸ ਕੀਤੀ ਤੇ ਫਿਰ ਕੁਝ ਰਾਜਾਂ ਵਿਚ ਇਸ ਦੇ ਜਾਰੀ ਹੋਣ ਤੋਂ ਕੋਈ ਅਮਨ-ਕਾਨੂੰਨ ਦੀ ਸਮੱਸਿਆ ਨਹੀਂ ਆਈ। ਕੁਝ ਹੋਰ ਰਾਜਾਂ ਵਿਚ ਲੋਕਾਂ ਦੇ ਵਿਰੋਧ ਦੇ ਬਹਾਨੇ ਹੇਠ ਰੋਕ ਦਿੱਤੀ ਗਈ। ਜਦੋਂ ਇਹ ਰੋਕੀ ਗਈ, ਸਿਰਫ ਵਿਰੋਧ ਦੀ ਧਮਕੀ ਦਿੱਤੀ ਗਈ ਸੀ, ਵਿਰੋਧ ਨਹੀਂ ਸੀ ਹੋਇਆ। ਧਮਕੀ ਦੇਣ ਦਾ ਕੰਮ ਕੁਝ ਸੰਸਥਾਵਾਂ ਕਰਦੀਆਂ ਹਨ ਤੇ ਇਸ ਨੂੰ ਮੰਨ ਕੇ ਅਗਲੀ ਕਾਰਵਾਈ ਕਈ ਵਾਰੀ ਰਾਜਸੀ ਕਾਰਨਾਂ ਕਰ ਕੇ ਤੇ ਕਦੀ ਇਸ ਧਾਰਨਾ ਦੇ ਕਾਰਨ ਹੁੰਦੀ ਹੈ ਕਿ ਅੜਿੱਕਾ ਪਾ ਦਿੱਤਾ ਜਾਵੇ ਤਾਂ ਕੁਹਾੜੇ ਹੇਠ ਆਉਣ ਵਾਲਿਆਂ ਤੋਂ ਕੁਝ ਮਾਲ ਕਢਾਇਆ ਜਾ ਸਕਦਾ ਹੈ। ਅਸਲੀਅਤ ਦਾ ਸਿਰਫ ਉਨ੍ਹਾਂ ਦੋਵਾਂ ਧਿਰਾਂ ਨੂੰ ਪਤਾ ਹੁੰਦਾ ਹੈ। ਤਾਮਿਲ ਨਾਡੂ ਦੇ ਕੇਸ ਵਿਚ ਅਸਲੀਅਤ ਕੀ ਹੈ, ਇਸ ਬਾਰੇ ਬਾਹਰ ਭਾਵੇਂ ਕੁਝ ਨਹੀਂ ਕਿਹਾ ਜਾ ਰਿਹਾ, ਪਰ ਇਹ ਖਦਸ਼ਾ ਰੱਦ ਨਹੀਂ ਕੀਤਾ ਜਾ ਸਕਦਾ ਕਿ ਕੁਝ ਲੋਕ ਇਸ ਬਹਾਨੇ ਫਿਲਮ ਬਣਾਉਣ ਵਾਲੇ ਦੀ ਜੇਬ ਕੱਟਣੀ ਚਾਹੁੰਦੇ ਹੋਣ। ਭਾਰਤ ਵਿਚ ਜੇ ਕਿਸੇ ਰਾਜ ਵਿਚ ਦੰਗੇ ਹੋ ਜਾਣ ਤਾਂ ਜਿਸ ਭਾਈਚਾਰੇ ਵਿਰੁਧ ਹਿੰਸਾ ਹੋ ਰਹੀ ਹੋਵੇ, ਉਸ ਦੇ ਲੋਕਾਂ ਨੂੰ ਹਿੰਸਾ ਤੋਂ ਬਚਾਈ ਰੱਖਣ ਦੇ ਜਜ਼ੀਏ ਵਜੋਂ ਵੀ ਪੈਸੇ ਲੈਣ ਤੱਕ ਦੀ ਖੇਡ ਹੁੰਦੀ ਰਹਿੰਦੀ ਹੈ। ਆਖਰ ਭਾਰਤ ਜੁ ਹੋਇਆ।

ਅਸੀਂ ਇਸ ਫਿਲਮ ਦੇ ਵਿਚਾਰਾਂ ਦੀ ਹਮਾਇਤ ਜਾਂ ਵਿਰੋਧਤਾ ਵਿਚ ਕੁਝ ਨਹੀਂ ਕਹਿ ਰਹੇ, ਕਿਉਂਕਿ ਕਹਾਣੀ ਦੇ ਬਾਰੇ ਸਾਰੀ ਜਾਣਕਾਰੀ ਸਾਡੇ ਕੋਲ ਨਹੀਂ, ਪਰ ਇਹ ਕਹਿਣ ਦੀ ਲੋੜ ਸਮਝਦੇ ਹਾਂ ਕਿ ਹੁਣ ਭਾਰਤ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਖਤਰੇ ਖੜੇ ਹੋਣਾ ਆਮ ਹੁੰਦਾ ਜਾ ਰਿਹਾ ਹੈ। ਹਾਲੇ ਥੋੜ੍ਹਾ ਚਿਰ ਪਹਿਲਾਂ ਮੁੰਬਈ ਵਿਚ ਇੱਕ ਕਾਰਟੂਨਿਸਟ ਅਸੀਮ ਤ੍ਰਿਵੇਦੀ ਦੇ ਖਿਲਾਫ ਕੇਸ ਬਣਿਆ ਸੀ ਕਿ ਉਸ ਨੇ ਭਾਰਤ ਦੀ ਪਾਰਲੀਮੈਂਟ ਅਤੇ ਦੇਸ਼ ਦੇ ਕੌਮੀ ਚਿੰਨ੍ਹ ਦੀ ਬੇਅਦਬੀ ਕੀਤੀ ਹੈ। ਕੇਸ ਬਣਾਉਣ ਵਾਲਿਆਂ ਨੂੰ ਬਾਅਦ ਵਿਚ ਸ਼ਰਮਿੰਦੇ ਹੋਣਾ ਪਿਆ। ਦੇਸ਼ ਦੀ ਸਿਖਰਲੀ ਅਦਾਲਤ ਨੇ ਇਹ ਕਿਹਾ ਕਿ ਉਸ ਨੂੰ ਇਹੋ ਜਿਹੀ ਗੱਲ ਨਹੀਂ ਸੀ ਕਰਨੀ ਚਾਹੀਦੀ, ਪਰ ਜੇ ਕਰ ਦਿੱਤੀ ਹੈ ਤਾਂ ਸਾਡਾ ਸਮਾਜ ਏਨਾ ਪਰਪੱਕ ਹੋਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਹਜ਼ਮ ਕਰ ਸਕੇ, ਇਸ ਨਾਲ ਉਸ ਦੇ ਵਿਰੁਧ ਦੇਸ਼ ਧਰੋਹ ਦਾ ਕੇਸ ਨਹੀਂ ਬਣਾਇਆ ਜਾ ਸਕਦਾ।

ਅਮਰੀਕਾ ਵਿਚ ਬਹੁਤ ਸਖਤ ਕਾਨੂੰਨ ਹਨ। ਇਹ ਗੱਲ ਉਥੋਂ ਦੀ ਸੁਪਰੀਮ ਕੋਰਟ ਵੀ ਇੱਕ ਵਾਰੀ ਆਪਣੇ ਦੇਸ਼ ਦੇ ਕੌਮੀ ਝੰਡੇ ਦੇ ਸਬੰਧ ਵਿਚ ਕਹਿ ਚੁੱਕੀ ਹੈ ਕਿ ਇਸ ਦਾ ਸਾਰਿਆਂ ਨੂੰ ਸਤਿਕਾਰ ਕਰਨਾ ਚਾਹੀਦਾ ਹੈ, ਪਰ ਜੇ ਕੋਈ ਨਹੀਂ ਕਰਦਾ ਜਾਂ ਰੋਸ ਦੀ ਭਾਵਨਾ ਹੇਠ ਇਸ ਦੀ ਬੇਅਦਬੀ ਕਰਦਾ ਹੈ ਤਾਂ ਇਸ ਨੂੰ ਦੇਸ਼ ਨਾਲ ਧਰੋਹ ਕਰਨਾ ਨਹੀਂ ਮੰਨਿਆ ਜਾ ਸਕਦਾ। ਭਾਰਤ ਵਿਚ ਅਜਿਹੇ ਅਨੇਕਾਂ ਕੇਸ ਅਦਾਲਤਾਂ ਵਿਚ ਆਏ ਤੇ ਉਨ੍ਹਾਂ ਦਾ ਜੋ ਹਸ਼ਰ ਹੋਇਆ, ਉਸ ਦਾ ਸਭ ਨੂੰ ਪਤਾ ਹੈ। ਅਜੇ ਪਿੱਛੇ ਜਿਹੇ ਮੁੰਬਈ ਦੀਆਂ ਦੋ ਕੁੜੀਆਂ ਨੂੰ ਇਸ ਗੱਲ ਲਈ ਅੱਧੀ ਰਾਤ ਗ੍ਰਿਫਤਾਰ ਕਰ ਲਿਆ ਗਿਆ ਕਿ ਉਨ੍ਹਾਂ ਵਿਚੋਂ ਇੱਕ ਨੇ ਬਾਲ ਠਾਕਰੇ ਦੀ ਮੌਤ ਉਤੇ ਮੁੰਬਈ ਬੰਦ ਕਰਨ ਦਾ ਵਿਰੋਧ ਕੀਤਾ ਤੇ ਦੂਸਰੀ ਨੇ ਫੇਸਬੁੱਕ ਉਤੇ ਇਸ ਗੱਲ ਦੀ ਹਾਮੀ ਭਰ ਦਿੱਤੀ ਸੀ। ਇਸ ਸਾਧਾਰਨ ਗੱਲ ਨੂੰ ਲੈ ਕੇ ਸ਼ਿਵ ਸੈਨਾ ਨੇ ਜਿਹੜਾ ਹੰਗਾਮਾ ਕੀਤਾ ਤੇ ਜਿਵੇਂ ਇਸ ਹੰਗਾਮੇ ਤੋਂ ਬਾਅਦ ਪੁਲਿਸ ਵਾਲੇ ਅੱਧੀ ਰਾਤ ਕਾਰਵਾਈ ਕਰਨ ਤੁਰ ਪਏ, ਉਸ ਨੂੰ ਦੇਸ਼ ਦੇ ਅਦਾਲਤੀ ਪ੍ਰਬੰਧ ਨੇ ਮਾਨਤਾ ਨਹੀਂ ਸੀ ਦਿੱਤੀ।

ਬਦਕਿਸਮਤੀ ਭਾਰਤ ਦੇਸ਼ ਦੀ ਹੈ ਕਿ ਇਥੇ ਕੁਝ ਆਪੇ ਬਣੇ ਸਮਾਜ ਦੀਆਂ ਰਵਾਇਤਾਂ ਦੇ ਠੇਕੇਦਾਰ ਦੂਸਰਿਆਂ ਨੂੰ ਆਪਣੀ ਗੱਲ ਧੌਂਸ ਨਾਲ ਮਨਵਾਉਣੀ ਚਾਹੁੰਦੇ ਹਨ। ਬਾਲ ਠਾਕਰੇ ਦੇ ਮਰਨ ਉਤੇ ਦੋ ਕੁੜੀਆਂ ਦੀ ਟਿਪਣੀ ਇੱਕ ਕੇਸ ਦਾ ਆਧਾਰ ਬਣ ਗਈ, ਪਰ ਆਪ ਉਸ ਨੇ ਜਿਉਂਦੇ ਜੀਅ ਇੱਕ ਕਾਰਟੂਨਿਸਟ ਦੇ ਤੌਰ ਉਤੇ ਅਤੇ ਅਖਬਾਰ ਦੇ ਸੰਪਾਦਕ ਦੇ ਤੌਰ 'ਤੇ ਕਈ ਲੋਕਾਂ ਦੇ ਵਿਰੁਧ ਮਰਿਆਦਾ ਤੋਂ ਊਣੀਆਂ-ਪੌਣੀਆਂ ਟਿਪਣੀਆਂ ਕੀਤੀਆਂ ਹੋਈਆਂ ਸਨ। ਉਸ ਦੇ ਬਾਲਕੇ ਹੀ ਨਹੀਂ, ਉਨ੍ਹਾਂ ਵਰਗੇ ਕੁਝ ਹੋਰ ਲੋਕ ਵੀ ਕਈ ਵਾਰ ਇੱਕ ਜਾਂ ਦੂਸਰੀ ਥਾਂ ਜਾ ਕੇ ਸੱਭਿਆਚਾਰਕ ਥਾਣੇਦਾਰੀ ਕਰਦੇ ਹੋਏ ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਇਸ ਲਈ ਸ਼ਰਮਿੰਦੇ ਕਰਦੇ ਹਨ ਕਿ ਉਹ ਕਿਸੇ ਗੈਰ-ਮਰਦ ਦੇ ਨਾਲ ਫਿਰਦੀਆਂ ਹਨ। ਮੌਕਾ ਮਿਲ ਜਾਵੇ ਤਾਂ ਉਹ ਖੁਦ ਵੀ ਇਹੋ ਕੁਝ ਕਰ ਲੈਂਦੇ ਹਨ। ਬੰਗਲੌਰ ਵਿਚ ਵੈਲੇਨਟਾਈਨ ਡੇਅ ਮੌਕੇ ਕਾਰਡਾਂ ਦੀਆਂ ਦੁਕਾਨਾਂ ਤੋੜਨ ਤੇ ਬਾਗਾਂ ਜਾਂ ਪਾਰਕਾਂ ਵਿਚ ਬੈਠੇ ਮੁੰਡੇ-ਕੁੜੀਆਂ ਨੂੰ ਕੁਟਾਪਾ ਚਾੜ੍ਹਨ ਵਾਲੀ ਧਾੜ ਦਾ ਇਕ ਲੀਡਰ ਕੁਝ ਸਮਾਂ ਪਿੱਛੋਂ ਖੁਦ ਇੱਕ ਪਰਾਈ ਔਰਤ ਨਾਲ ਫੜਿਆ ਗਿਆ ਸੀ। ਇਹ ਵਿਰੋਧ ਸ਼ਾਇਦ ਇਸ ਭਾਵਨਾ ਹੇਠ ਕੀਤਾ ਜਾਂਦਾ ਹੋਵੇ ਕਿ ਕਿਸੇ ਕੁੜੀ ਨਾਲ ਕੋਈ ਹੋਰ ਮੁੰਡਾ ਕਿਉਂ ਬੈਠਾ ਹੈ, ਇਹ ਮੌਕਾ ਮੈਨੂੰ ਕਿਉਂ ਨਹੀਂ ਮਿਲ ਗਿਆ? ਏਦਾਂ ਦੇ ਲੋਕ ਇਹੋ ਜਿਹੇ ਮੌਕੇ ਲੱਭ ਕੇ ਜਾਂ ਪੈਦਾ ਕਰ ਕੇ ਪੰਜਾਬ ਵਿਚ ਪਾਕਿਸਤਾਨ ਨੂੰ ਜਾਂਦੀ ਬੱਸ ਨੂੰ ਵੱਟੇ ਮਾਰਨ ਵਾਲੇ ਟੋਲੇ ਵਾਂਗ ਮੀਡੀਏ ਵਿਚ ਆਉਣ ਦਾ ਬਹਾਨਾ ਭਾਲਦੇ ਰਹਿੰਦੇ ਹਨ।

ਸਾਡੇ ਸਮਾਜ ਨੇ ਇਸ ਤੋਂ ਪਹਿਲਾਂ ਕਈ ਵਾਰੀ ਵਿਚਾਰਾਂ ਦੇ ਪ੍ਰਗਟਾਵੇ ਦੇ ਕਾਰਨ ਨਮੋਸ਼ੀ ਝੱਲੀ ਹੈ। ਕੁਝ ਦਿਨ ਪਹਿਲਾਂ ਪ੍ਰਸਿੱਧ ਕਲਾਕਾਰ ਸ਼ਾਹਰੁਖ ਖਾਨ ਨੇ ਇੱਕ ਅਖਬਾਰ ਵਿਚ ਇੱਕ ਲੇਖ ਲਿਖਿਆ ਕਿ ਉਸ ਦੇ ਨਾਂ ਦੇ ਪਿੱਛੇ ਖਾਨ ਲੱਗਾ ਹੋਣ ਕਾਰਨ ਕਈ ਲੋਕ ਉਸ ਦੇ ਵਿਰੁਧ ਮੁਜ਼ਾਹਰੇ ਕਰਦੇ ਹਨ। ਉਸ ਨੇ ਇਹ ਗੱਲ ਠੀਕ ਆਖੀ ਹੈ। ਬੀਤੇ ਸਾਲ ਜਦੋਂ ਕ੍ਰਿਕਟ ਦੀ ਆਈ ਪੀ ਐਲ ਲੜੀ ਲਈ ਦੋਵਾਂ ਦੇਸ਼ਾਂ ਵਿਚਾਲੇ ਤਣਾਓ ਕਾਰਨ ਪਾਕਿਸਤਾਨੀ ਖਿਡਾਰੀ ਸ਼ਾਮਲ ਨਾ ਕਰਨ ਦਾ ਫੈਸਲਾ ਲਿਆ ਗਿਆ ਤਾਂ ਸ਼ਾਹਰੁਖ ਨੇ ਕਿਹਾ ਸੀ ਕਿ ਖਿਡਾਰੀਆਂ ਨੂੰ ਤਣਾਓ ਤੋਂ ਵੱਖਰੇ ਰੱਖ ਕੇ ਉਨ੍ਹਾਂ ਨੂੰ ਖੇਡਣ ਲਈ ਆਉਣ ਦੇਣਾ ਚਾਹੀਦਾ ਹੈ। ਇਹ ਗੱਲ ਕ੍ਰਿਕਟ ਬੋਰਡ ਦੇ ਕੁਝ ਹਿੰਦੂ ਅਹੁਦੇਦਾਰਾਂ ਵੀ ਆਖੀ, ਪਰ ਉਨ੍ਹਾਂ ਦਾ ਵਿਰੋਧ ਨਹੀਂ ਕੀਤਾ ਗਿਆ ਤੇ ਸ਼ਾਹਰੁਖ ਦੇ ਕਾਰਟੂਨ ਬਣਾ ਕੇ ਉਸ ਨੂੰ ਇਹ ਕਿਹਾ ਗਿਆ ਕਿ ਪਾਕਿਸਤਾਨ ਚਲਾ ਜਾਵੇ। ਆਪਣੇ ਦਿਲ ਦਾ ਦਰਦ ਬਿਆਨ ਕਰਨ ਲਈ ਸ਼ਾਹਰੁਖ ਖਾਨ ਨੇ ਲੇਖ ਵਿਚ ਇਹ ਗੱਲ ਲਿਖਣ ਵੇਲੇ ਇਹ ਵੀ ਦੱਸਿਆ ਕਿ ਉਸ ਦੇ ਬਾਪ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਪਾਇਆ ਹੈ ਤੇ ਭਾਰਤ ਤੋਂ ਵੱਖਰੇ ਹੋਣ ਬਾਰੇ ਉਹ ਸੋਚ ਵੀ ਨਹੀਂ ਸਕਦਾ, ਪਰ ਉਸ ਦੇ ਇਨ੍ਹਾਂ ਸਪੱਸ਼ਟ ਵਿਚਾਰਾਂ ਦਾ ਵੀ ਵਿਰੋਧ ਕੀਤਾ ਗਿਆ।

ਸਲਮਾਨ ਰਸ਼ਦੀ ਦੁਨੀਆਂ ਭਰ ਵਿਚ ਮੁਸਲਿਮ ਸਮਾਜ ਵਿਚਲੇ ਕੱਟੜਪੰਥੀਆਂ ਨੂੰ ਬੁਰਾ ਲੱਗਦਾ ਹੈ, ਬੰਗਲਾ ਦੇਸ਼ ਦੀ ਲੇਖਿਕਾ ਤਸਲੀਮਾ ਨਸਰੀਨ ਵੀ ਉਨ੍ਹਾਂ ਨੂੰ ਬੁਰੀ ਲੱਗਦੀ ਹੈ, ਪਰ ਭਾਰਤ ਵਿਚ ਉਨ੍ਹਾਂ ਦੋਵਾਂ ਦੇ ਪੱਖ ਵਿਚ ਹਵਾ ਬਣਾਉਣ ਲਈ ਜਿਹੜੇ ਲੋਕ ਤਿਆਰ ਹੁੰਦੇ ਹਨ, ਉਹ ਕੁਝ ਹੋਰ ਗੱਲਾਂ ਬਾਰੇ ਚੁੱਪ ਹੋ ਜਾਂਦੇ ਹਨ। ਵਿਭੂਤੀ ਨਾਰਾਇਣ ਰਾਏ ਨਾਂ ਦਾ ਇੱਕ ਪੁਲਿਸ ਅਫਸਰ ਹੈ, ਜਿਸ ਨੇ ਇੱਕ ਨਾਵਲ 'ਕਰਫਿਊ' ਲਿਖਿਆ ਸੀ, ਜਿਸ ਵਿਚ ਇਹ ਦੱਸਿਆ ਗਿਆ ਸੀ ਕਿ ਭਾਰਤ ਵਿਚ ਘੱਟ-ਗਿਣਤੀਆਂ ਵੱਲ ਪ੍ਰਸ਼ਾਸਨ ਤੇ ਪੁਲਿਸ ਵਿਚਲੇ ਲੋਕਾਂ ਦਾ ਵਿਹਾਰ ਅਣ-ਸੁਖਾਵਾਂ ਹੁੰਦਾ ਜਾਂਦਾ ਹੈ। ਜਦੋਂ ਹਿੰਦੂ ਕੱਟੜਪੰਥੀਏ ਉਸ ਲੇਖਕ ਦੇ ਪਿੱਛੇ ਪੈ ਗਏ ਤਾਂ ਸਲਮਾਨ ਰਸ਼ਦੀ ਜਾਂ ਤਸਲੀਮਾ ਨਸਰੀਨ ਦੀ ਹਮਾਇਤ ਕਰਨ ਵਾਲੇ ਓਦੋਂ ਵਿਭੂਤੀ ਨਾਰਾਇਣ ਦੇ ਪੱਖ ਵਿਚ ਨਹੀਂ ਸਨ ਬੋਲੇ। ਜੇ ਸਲਮਾਨ ਰਸ਼ਦੀ ਤੇ ਤਸਲੀਮਾ ਨੇ ਆਪਣੇ ਧਰਮ ਦੇ ਅੰਦਰ ਦਾ ਸੱਚ ਬਾਹਰ ਲਿਆ ਕੇ ਠੀਕ ਕੀਤਾ ਸੀ ਤਾਂ ਵਿਭੂਤੀ ਨੇ ਵੀ ਇਹੋ ਕੁਝ ਬਾਹਰ ਕੱਢਿਆ ਸੀ, ਉਸ ਦੀ ਵਾਰੀ ਚੁੱਪ ਰਹਿਣਾ ਸੋਚ ਦੀ ਤੱਕੜੀ ਵਿਚ ਪਾਸਕੂ ਹੋਣ ਦੀ ਨਿਸ਼ਾਨੀ ਸੀ। ਇਹ ਪਾਸਕੂ ਭਾਰਤੀ ਸਮਾਜ ਦੇ ਸਾਰੇ ਪੱਖਾਂ ਵਿਚ ਵੇਖਣ ਨੂੰ ਮਿਲ ਜਾਂਦਾ ਹੈ, ਪਰ ਅਸੀਂ ਉਸ ਦਾ ਇੱਕ-ਸਾਰ ਵਿਰੋਧ ਨਹੀਂ ਕਰਦੇ, ਇਹ ਵੇਖਦੇ ਹਾਂ ਕਿ ਇਸ ਤਰ੍ਹਾਂ ਦੇ ਵਿਰੋਧ ਨਾਲ ਕਿਧਰੇ ਸਾਡੇ 'ਆਪਣੇ' ਨਾਰਾਜ਼ ਨਾ ਹੋ ਜਾਣ। ਜਦੋਂ ਤੱਕ ਅਸੀਂ ਸੋਚ ਨੂੰ 'ਆਪਣੇ' ਅਤੇ 'ਪਰਾਏ' ਨਾਲ ਤੋਲਣ ਦੇ ਪੈਂਤੜੇ ਲੈਂਦੇ ਰਹਾਂਗੇ, ਇਹ ਵਰਤਾਰਾ ਸਾਡੇ ਸਮਾਜ ਦਾ ਅੰਗ ਬਣਿਆ ਰਹੇਗਾ।

---

## 'ਖੁਸ਼ਵੰਤਨਾਮਾ: ਦਿ ਲੈਸਨਜ਼ ਆਫ ਮਾਈ ਲਾਈਫ' ਪਾਠਕਾਂ ਦੇ ਰੂਬਰੂ

**ਨਵੀਂ ਦਿੱਲੀ:** ਉਘੇ ਕਾਲਮਨਵੀਸ ਖੁਸ਼ਵੰਤ ਸਿੰਘ ਨੇ ਆਪਣੇ 98ਵੇਂ ਜਨਮ ਦਿਨ ਮੌਕੇ ਨਵੀਂ ਕਿਤਾਬ ਪਾਠਕਾਂ ਦੇ ਰੂਬਰੂ ਕੀਤੀ ਹੈ। ਇਸ ਕਿਤਾਬ ਵਿਚ ਉਸ ਨੇ ਆਪਣੀ ਜ਼ਿੰਦਗੀ, ਤਜਰਬੇ, ਸਿਆਸਤ, ਭਾਰਤ ਦੇ ਭਵਿੱਖ ਤੇ ਧਰਮ ਬਾਰੇ ਵਿਚਾਰ ਪ੍ਰਗਟਾਏ ਹਨ। ਬੀਤੇ ਦਿਨ ਆਪਣੀ ਰਿਹਾਇਸ਼ 'ਤੇ ਇਕ ਨਿੱਜੀ ਸਮਾਗਮ ਦੌਰਾਨ ਇਸ ਲੇਖਕ ਨੇ ਆਪਣਾ ਜਨਮ ਦਿਨ ਮਨਾਇਆ ਤੇ ਆਪਣੀ ਪੁਸਤਕ 'ਖੁਸ਼ਵੰਤਨਾਮਾ: ਦਿ ਲੈਸਨਜ਼ ਆਫ ਮਾਈ ਲਾਈਫ' ਦੀ ਪਹਿਲੀ ਕਾਪੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਹਮਸਫ਼ਰ ਬੀਬੀ ਗੁਰਸ਼ਰਨ ਕੌਰ ਨੂੰ ਭੇਟ ਕੀਤੀ ਜੋ ਇਸ ਲੇਖਕ ਦੇ ਖਾਸ ਮਿੱਤਰਾਂ ਵਿਚੋਂ ਇਕ ਹੈ।

ਜ਼ਿੰਦਗੀ ਵਿਚ ਖੁੱਲ੍ਹ ਕੇ ਜਿਉਣ ਤੇ ਖੁੱਲ੍ਹ ਕੇ ਲਿਖਣ ਵਾਲੇ ਖੁਸ਼ਵੰਤ ਸਿੰਘ ਨੇ ਇਸ ਪੁਸਤਕ ਵਿਚ ਵੀ ਆਪਣੀ ਕਲਮ ਨੂੰ ਖੁੱਲ੍ਹ ਕੇ ਵਰਤਿਆ ਹੈ। ਉਨ੍ਹਾਂ ਨੇ ਬੁਢਾਪੇ ਤੇ ਮੌਤ ਦਾ ਖ਼ੌਫ, ਖੁਸ਼ ਰਹਿਣ ਦੀ ਲੋੜ ਤੇ ਲੰਮੀ ਤੇ ਸਿਹਤਮੰਦ ਜ਼ਿੰਦਗੀ ਜਿਉਣ ਦੇ ਰਾਹ ਦੱਸੇ ਹਨ। ਇਹ ਵੀ ਦੱਸਿਆ ਹੈ ਕਿ ਧਰਮ ਉਨ੍ਹਾਂ ਲਈ ਕੀ ਮਾਅਨੇ ਰੱਖਦਾ ਹੈ।

ਦੇਸ਼ ਦੇ ਉਘੇ ਲੇਖਕਾਂ ਤੇ ਕਲਾਮਨਵੀਸਾਂ ਵਿਚ ਇਕ ਖੁਸ਼ਵੰਤ ਸਿੰਘ ਦਾ ਜਨਮ 2 ਫਰਵਰੀ ਨੂੰ ਪਾਕਿਸਤਾਨ ਵਿਚਲੇ ਪੰਜਾਬ 'ਚ ਹੋਇਆ ਸੀ।

**Bedi & Associates, LLC.**

- Administrative Liaison
- Business Quandary Consultant
- Business Brokerage
- Business Establishment
- Business Management

-ਅਮਰੀਕਾ ਦੀਆਂ 50 ਸਟੇਟਾਂ ਵਿਚ ਕਿਸੇ ਵੀ ਸਰਕਾਰੀ ਅਦਾਰੇ ਨਾਲ ਕਿਸੇ ਵੀ ਤਰ੍ਹਾਂ ਦਾ ਮਸਲਾ ਹੱਲ ਕਰਵਾਉਣ ਜਾਂ
-ਓਹਾਇਓ ਅਤੇ ਨਾਲ ਲਗਦੀਆਂ ਸਟੇਟਾਂ ਵਿਚ ਵਧੀਆ ਬਿਜਨਸ ਖਰੀਦਣ ਲਈ ਸੰਪਰਕ ਕਰੋ

**Cincinnati, Ohio Office**
917 Main Street, #300, Cincinnati, OH 45202
DT. Office. 513-977-4206, ext. 149
**Middletown Office: 513-318-5541**
**Cell: 513-800-7678 or 513-748-5126**

# ਬਾਬਰ ਕਿਆਂ ਦੇ ਬਾਹੂ-ਬਲੀਏ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਧਾੜਵੀਆਂ ਵੱਲੋਂ ਲੜਾਈ ਤੋਂ ਬਾਅਦ ਹੋਈ 'ਜਿੱਤ' ਦੇ ਜਸ਼ਨ ਮਨਾਏ ਜਾ ਰਹੇ ਨੇ...'ਜਿੱਤ ਗਏ, ਬਈ ਜਿੱਤ ਗਏ' ਦੀਆਂ ਚਾਂਭੜਾਂ ਪਾਈਆਂ ਜਾ ਰਹੀਆਂ ਹਨ, ਜੇਤੂ ਜਰਨੈਲਾਂ ਦੀਆਂ ਧੌਣਾਂ ਹਾਰਾਂ ਨਾਲ ਲੱਦੀਆਂ ਪਈਆਂ ਹਨ, ਆਕਾਸ਼ ਗੁੰਜਾਊ ਨਾਅਰੇ ਵੱਜ ਰਹੇ ਨੇ, ਇੱਕ-ਦੂਜੇ ਨੂੰ ਗੱਜ-ਵੱਜ ਕੇ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ, ਛੋਟੇ-ਬੜੇ ਸੈਨਿਕ ਆਪਣੇ ਵੱਡੇ ਕਮਾਂਡਰ ਦੀ ਖ਼ੁਸ਼ਨੂਦੀ ਹਾਸਲ ਕਰਨ ਦੇ ਮਾਰੇ ਅੱਗੇ ਵਧ-ਵਧ ਕੇ ਮੁਬਾਰਕਾਂ ਦੇਣ ਲਈ ਤਰਲੋਮੱਛੀ ਹੋ ਰਹੇ ਨੇ, ਹਰ ਕੋਈ ਚੀਫ਼ ਕਮਾਂਡਰ ਦੀ 'ਸੁਰ' ਤਾਕਤ ਦੇ ਮਸਾਲੇ ਲਾ ਲਾ ਕੇ ਸੋਹਿਲੇ ਗਾ ਰਿਹਾ ਹੈ, ਹਰ ਲੱਲੀ-ਛੱਲੀ ਆਪਣੇ ਮੋਢਿਆਂ 'ਤੇ ਫੀਤੀਆਂ ਲਵਾਉਣ ਦੀ ਹੋੜ ਵਿਚ ਵਿਆਕੁਲ ਹੋਇਆ ਨੱਠਾ-ਭੱਜਾ ਫਿਰਦਾ ਹੈ, ਕਿਤੇ ਬੇਪਨਾਹ ਬਹਾਦਰੀ ਦੀਆਂ ਡੀਂਗਾਂ ਮਾਰੀਆਂ ਜਾ ਰਹੀਆਂ ਹਨ...ਮੁਛਹਿਰਿਆਂ ਨੂੰ ਤਾਅ ਦਿੰਦਿਆਂ ਬਾਹੂ-ਬਲ ਦੀ ਧੌਂਸ ਦਿਖਾਉਣ ਲਈ ਡੌਲੇ ਲਿਸ਼ਕਾਏ ਜਾ ਰਹੇ ਨੇ। ਬੜੀ ਦੂਰੋਂ ਚੱਲ ਕੇ ਲੜਾਈ ਵਿਚ ਜੌਹਰ ਦਿਖਾਲਣ ਆਏ ਹੋਏ ਮੋਟੇ ਢਿੱਡ ਵਾਲੇ ਇਕ ਸੂਰਮੇ ਨੇ ਜਿਉਂ ਹੀ ਦੁਸ਼ਮਣ ਉਤੇ 'ਹੂੰਝਾ ਫੇਰੂ ਫਤਿਹ' ਦੀ ਫੜ੍ਹ ਮਾਰੀ ਤਾਂ ਲਾਗਿਉਂ ਹੋਸ਼-ਹਵਾਸ ਵਾਲਾ ਇਕ ਜਰਨੈਲ ਹੌਲੀ ਦੇਣੀ ਬੋਲਿਆ,

"ਮੰਨਿਆ ਕਿ ਅਸੀਂ ਚਾਲੀ ਦੇ ਚਾਲੀ ਸਿੰਘ ਮਾਰ ਮੁਕਾਏ ਹਨ, ਪਰ ਸਿੱਖਾਂ ਦਾ ਗੁਰੂ ਤਾਂ ਜਿਉਂਦੇ ਜੀਅ ਸਾਡੇ ਹੱਥ ਨਹੀਂ ਆਇਆ...ਕਿਸੇ ਨੂੰ ਪਤਾ ਐ ਗੁਰੂ ਗੋਬਿੰਦ ਸਿੰਘ ਬਾਰੇ?" ਜਰਨੈਲ ਦਾ ਗੰਭੀਰ ਸਵਾਲ ਸੁਣ ਕੇ ਸਾਰੇ ਜਣੇ ਇਕ-ਦੂਜੇ ਵੱਲ ਬਿਟਰ-ਬਿਟਰ ਝਾਕਣ ਲੱਗ ਪਏ।

ਇਹ ਦ੍ਰਿਸ਼ ਸੀ, ਚਮਕੌਰ ਦੀ ਗੜ੍ਹੀ ਦੀ ਕੱਚੀ ਹਵੇਲੀ ਦੇ ਬਾਹਰ ਦਾ, ਜਿਥੇ ਹੁਣੇ-ਹੁਣੇ ਸੰਸਾਰ ਦੀ ਬੇ-ਮੇਚ ਲੜਾਈ ਹੋ ਕੇ ਹਟੀ ਸੀ। ਉੱਚੀ ਆਵਾਜ਼ ਵਿਚ 'ਪੀਰੇ ਹਿੰਦ ਮੇ ਰਵਦ' ਬੋਲਦਿਆਂ ਤਾੜੀ ਮਾਰ ਕੇ ਦਸਵੇਂ ਗੁਰੂ ਜੀ ਇੱਥੋਂ ਰਵਾਨਾ ਹੋ ਗਏ। ਸਿਰਾਂ 'ਤੇ ਕੱਫ਼ਣ ਬੰਨ੍ਹੀ ਬੈਠੇ ਸਿਰਫ ਚਾਲੀ ਸਿੰਘ ਤਹਿ-ਤੇਗ ਹੋਣੇ ਹੀ ਸਨ, ਜਦੋਂ ਉਨ੍ਹਾਂ ਦੇ ਪਿੱਛੇ ਹਲਕੇ ਹੋਏ ਕੁੱਤਿਆਂ ਵਾਂਗ ਹਰਲ ਹਰਲ ਕਰਦਾ ਸਾਰਾ ਮੁਲਖੱਈਆ ਢੁੱਕਿਆ ਹੋਇਆ ਸੀ।

ਕੱਚੀ ਗੜ੍ਹੀ ਦੇ ਅੰਦਰ ਭੁੱਖੇ-ਭਾਣੇ ਸਿਰਫ ਚਾਲੀ ਜਣੇ, ਪਰ ਉਨ੍ਹਾਂ ਨੂੰ ਚੁਤਰਫੀ ਘੇਰਾ ਪਾਈ ਬੈਠਿਆਂ ਦੀ ਗਿਣਤੀ ਦੇਖੋ ਜ਼ਰਾ! ਸੂਬੇਦਾਰ ਵਜੀਦ ਖਾਂ, ਸਰਹਿੰਦ ਵਾਲੇ ਦੀ ਮੱਦਦ ਲਈ ਆਵਤੀ ਆਏ-ਰਾਜਾ ਕਹਿਲੂਰ, ਰਾਜਾ ਕਾਂਗੜਾ, ਰਾਜਾ ਹੰਡੂਰ, ਰਾਜਾ ਨਾਹਨ, ਰਾਜਾ ਕਸੌਲੀ, ਰਾਜਾ ਗੁਲੇਰ, ਰਾਜਾ ਜੰਮੂ, ਰਾਜਾ ਸ੍ਰੀਨਗਰ, ਰਾਜਾ ਬਸੌਲੀ, ਰਾਜਾ ਚੰਦੇਲੀਆ, ਰਾਜਾ ਗੜ੍ਹਵਾਲੀਆ, ਰਾਜਾ ਨੂਰਪੁਰ ਅਤੇ ਰਾਜਾ ਚੰਬਾ!

ਜਿਵੇਂ ਰਾਜਧਾਨੀਆਂ ਵਿਚ ਸੱਤਾ ਮੱਲਣ ਵਾਲੇ ਹਾਕਮ ਸੱਚ ਨੂੰ ਦਬਾਉਣ ਲਈ ਕੋਈ ਵੀ ਹੀਲਾ ਵਰਤਣ ਤੋਂ ਗੁਰੇਜ਼ ਨਹੀਂ ਕਰਦੇ, ਉਨ੍ਹਾਂ ਨੂੰ ਹੰਕਾਰ ਹੁੰਦਾ ਹੈ ਆਪਣੇ ਅਥਾਹ ਖਜ਼ਾਨਿਆਂ ਅਤੇ ਲੱਠਮਾਰ ਬਾਹੂ-ਬਲੀਆਂ ਦਾ, ਜਿਨ੍ਹਾਂ ਦੇ ਆਸਰੇ ਉਹ ਹਮੇਸ਼ਾ ਆਪਣੇ ਵਿਰੋਧੀਆਂ ਨੂੰ ਕੁਚਲ ਸੁੱਟਦੇ ਹਨ। ਇਵੇਂ ਇੱਥੇ ਵੀ ਮੌਕੇ ਦੇ ਹੁਕਮਰਾਨਾਂ ਨੇ ਦਿੱਲੀਉਂ ਚੋਣਵੇਂ ਜਰਨੈਲ ਭੇਜੇ-ਜਰਨੈਲ ਜ਼ਬਰਦਸਤ ਖਾਂ, ਨਾਹਰ ਖਾਂ, ਖਵਾਜਾ ਮਹਿਮੂਦ ਅਲੀ ਖਾਂ, ਗਨੀ ਖਾਂ, ਗੁੱਲ ਖਾਂ, ਮੀਆਂ ਵਜੀਦ ਖਾਂ, ਹੈਬਤ ਖਾਂ, ਭੂਰੇ ਖਾਂ, ਖਲੀਲ ਖਾਂ। ਗੱਲ ਕੀ, ਨਵੇਂ ਸਜੇ ਖਾਲਸਾ ਪੰਥ ਨੂੰ ਨੇਸਤੋ-ਨਾਬੂਦ ਕਰਨ ਲਈ ਆਕੜਖਾਨਾਂ ਦੇ ਇਸ ਘੜਮੱਸ ਵਿਚ ਕਈ 'ਖਾਹ-ਮ-ਖਾਹ' ਵੀ ਪਹੁੰਚੇ ਹੋਏ ਸਨ।

ਪਤਾ ਨਹੀਂ ਦਸਮੇਸ਼ ਗੁਰੂ ਨੇ ਟਿੱਡੀ ਦਲ ਵਾਂਗ ਚੜ੍ਹ ਕੇ ਆਏ ਦੁਸ਼ਮਣਾਂ ਹੱਥੋਂ ਸ਼ਹੀਦ ਹੋਏ ਆਪਣੀ ਜਾਨ ਤੋਂ ਪਿਆਰੇ ਚਾਲੀ ਸਿੰਘਾਂ ਦੀ ਸਹਾਦਤ ਨੂੰ ਜ਼ਫਰਨਾਮੇ ਵਿਚ ਇਹ ਸਤਰਾਂ ਲਿਖਦਿਆਂ ਕਿਵੇਂ ਲਿਆ ਹੋਵੇਗਾ,

ਗੁਰਸ ਨਹਿ ਚਿ-ਕਾਰੇ ਕੁਨਦ ਚਿਹਲ ਨਰ
ਕਿ ਦਹ ਲਖ ਬਰਾਯਦ ਬਰੋ-ਬੇਖ਼ਬਰ।

ਸਿਰਫ ਚਾਲੀਆਂ ਉਤੇ ਲੱਖਾਂ ਦੀ ਗਿਣਤੀ 'ਚ ਚੜ੍ਹਨ ਵਾਲੇ ਬਾਬਰ ਕੇ ਜਾਬਰ, ਸ਼ਰਮ, ਹਯਾ, ਅਸੂਲ, ਸਿਧਾਂਤ ਸਭ ਘੋਲ ਕੇ ਪੀ ਲੈਂਦੇ ਹਨ। ਉਹ ਤਾਂ ਸਿਰਫ਼ ਜਾਇਜ਼-ਨਾਜਾਇਜ਼ ਢੰਗਾਂ ਨਾਲ ਜਿੱਤੀਆਂ ਲੜਾਈਆਂ ਮਗਰੋਂ ਚਾਂਘੀਆਂ ਪਾਉਣੀਆਂ ਜਾਣਦੇ ਨੇ। ਉਹ ਸਮਝਦੇ ਹੁੰਦੇ ਨੇ ਕਿ ਸਾਡੇ ਵੱਲੋਂ ਵਰਤੇ ਗਏ ਨੀਚ ਹਰਬਿਆਂ ਦਾ ਕਿਸੇ ਨੂੰ ਕੋਈ ਭੇਤ ਨਹੀਂ। ਉਹ ਸਿਰਫ ਜਿੱਤ ਦੇ ਨਸ਼ੇ ਵਿਚ ਮਖ਼ਮੂਰ ਹੋ ਕੇ ਚਿੰਘਾੜਾਂ ਹੀ ਮਾਰ ਸਕਦੇ ਨੇ। ਬੇਸਮਝ ਨਹੀਂ ਜਾਣਦੇ ਹੁੰਦੇ ਕਿ ਇਤਿਹਾਸ ਨੇ ਗਧਿਆਂ ਦੇ ਹਿਣਕਣ ਨੂੰ ਕੋਈ ਅਹਿਮੀਅਤ ਨਹੀਂ ਦੇਣੀ,

ਗਧੇ ਹਿਣਕੇ ਨੇ,
ਹਿਣਕਦੇ ਰਹਿਣਗੇ।
ਭਾੜੇ ਦੇ ਟੱਟੂ ਵੀ, ਪਰ
ਨਾ ਹੀ ਗਧੇ, ਨਾ ਹੀ ਭਾੜੇ ਦੇ ਟੱਟੂ,
ਸ਼ਾਨਾਂਮੱਤੀ ਦੌੜ ਦੌੜਦੇ ਨੇ।
ਕੇਵਲ ਘੋੜਿਆਂ ਦਾ ਸਰਪੱਟ ਸੰਗੀਤ ਹੀ,
ਇਤਿਹਾਸ ਦੀ ਸੁਰਮਈ ਸੰਧਿਆ ਵਿਚ
ਜਾਦੂਮਈ ਮਿਠਾਸ ਭਰਦਾ ਏ।
(ਰਮਨ ਕਵੀ ਦੇ ਬੋਲ)

ਧਨ ਦੀਆਂ ਥੈਲੀਆਂ, ਛਲ-ਕਪਟ, ਸੀਨਾ-ਜ਼ੋਰੀਆਂ, ਧੱਕੇਸ਼ਾਹੀਆਂ ਅਤੇ ਧੌਂਸ ਨਾਲ ਜਿੱਤਾਂ ਜਿੱਤਣ ਵਾਲੇ ਬਾਹੂ-ਬਲੀਏ ਕਦੇ ਔਰੰਗਜ਼ੇਬ ਦਾ ਇਤਿਹਾਸ ਨਹੀਂ ਪੜ੍ਹਦੇ ਕਿ ਉਹਦੀ ਕਬਰ 'ਤੇ ਕਿਸੇ ਰਾਤ ਵੀ ਦੀਵਾ ਨਹੀਂ ਜਗਦਾ। ਰਾਜ-ਮਦ ਵਿਚ ਚੂਰ ਹੋਏ ਹੈਂਕੜਬਾਜ਼ ਜਿਨ੍ਹਾਂ ਨੂੰ 'ਹਾਰ ਗਏ' ਸਮਝਦੇ ਨੇ, ਉਨ੍ਹਾਂ ਦੇ ਸ਼ਹੀਦੀ ਅਸਥਾਨਾਂ ਉਪਰ ਸਾਲਾਨਾ ਜੋੜ ਮੇਲੇ ਜੁੜਦੇ ਹਨ, ਜਿੱਥੇ ਆਵਾਮ ਵੱਲੋਂ ਬਾਬਰ ਕੇ ਬਾਹੂ-ਬਲੀਆਂ ਨੂੰ ਰੱਜ ਰੱਜ ਲਾਹਨਤਾਂ ਪਾਈਆਂ ਜਾਂਦੀਆਂ ਹਨ। ਇਹ ਸਿਲਸਿਲਾ ਆਦਿ ਕਾਲ ਤੋਂ ਚੱਲ ਰਿਹਾ ਹੈ।

ਉਕਤ ਇਤਿਹਾਸ ਦੀ ਲੜਾਈ ਦਾ ਥੋੜ੍ਹਾ ਜਿਹਾ ਅਗਲਾ ਹਿੱਸਾ ਵੀ ਫਰੋਲ ਲਈਏ। ਦਸਵੇਂ ਗੁਰੂ ਜੀ ਦੇ ਜੋਤੀ ਜੋਤ ਸਮਾ ਜਾਣ ਬਾਅਦ ਪੰਜਾਬ ਦੇ ਉਜੜੇ ਬਾਗਾਂ ਵਿਚ ਗਾਲੜ੍ਹ ਪਟਵਾਰੀ ਬਣਨੇ ਸ਼ੁਰੂ ਹੋ ਗਏ। ਗੁਰੂ ਕਿਆਂ ਦੇ ਖਾਨਦਾਨਾਂ ਨਾਲ ਸਬੰਧਿਤ ਸ਼ਰੀਕੇਬਾਜ਼ ਗੁਰਦੁਆਰਿਆਂ 'ਤੇ ਕਾਬਜ਼ ਹੋ ਗਏ। ਗੁਰਦੁਆਰਾ ਗੋਲਕਾਂ ਦੀ ਸ਼ਾਇਦ ਮੁੱਢੋਂ ਹੀ ਇਹ ਤ੍ਰਾਸਦੀ ਰਹੀ ਹੈ ਕਿ ਸਿੱਖ ਦੋਖੀ ਬਾਹੂ-ਬਲੀਏ ਗੋਲਕਾਂ ਨੂੰ ਝਪਟ ਝਪਟ ਪੈਂਦੇ ਰਹੇ। ਖਾਸ ਕਰ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਹਰ ਹਕੂਮਤ ਆਪਣੇ ਕਬਜ਼ੇ ਅਧੀਨ ਰੱਖਣਾ ਲੋਚਦੀ ਰਹੀ। ਕਦੇ ਸਿੱਧੇ ਰੂਪ ਵਿਚ ਅਤੇ ਕਦੇ ਆਪਣੀਆਂ ਕਠਪੁਤਲੀਆਂ ਰਾਹੀਂ ਇਹ ਕਬਜ਼ਾ-ਨੀਤੀ ਅਮਲ ਵਿਚ ਆਉਂਦੀ ਰਹੀ।

ਸੋ, ਗੁਰੂ ਸਾਹਿਬ ਦੇ ਸਰੀਰਕ ਵਿਛੋੜੇ ਦੀਆਂ ਨਾਂਦੇੜ ਤੋਂ ਆਈਆਂ ਖ਼ਬਰਾਂ ਸੁਣ ਕੇ ਦਿੱਲੀ ਵਿਖੇ ਰਹਿ ਰਹੇ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਭੇਜਿਆ। ਬੜੀ ਵਿਚਿੱਤਰ ਗੱਲ ਹੈ ਕਿ ਸ੍ਰੀ ਦਰਬਾਰ ਸਾਹਿਬ 'ਤੇ ਕਾਬਜ਼ ਧੀਰਮੱਲੀਏ ਅਤੇ ਸਰਕਾਰੀ ਬਾਹੂ-ਬਲੀਆਂ ਵੱਲੋਂ ਪੰਜਾਬ ਵਿਚ ਪਾਈਆਂ ਜਾ ਰਹੀਆਂ ਚਾਂਭੜਾਂ ਅਤੇ ਸਿੱਖੀ ਸਿਧਾਂਤ ਦੀ ਕੀਤੀ ਜਾ ਰਹੀ ਤੌਹੀਨ ਦੇਖ ਕੇ, ਭਾਈ ਮਨੀ ਸਿੰਘ ਜਿਹਾ ਬ੍ਰਹਮ ਗਿਆਨੀ ਵੀ ਮਾਯੂਸ ਹੋ ਗਿਆ। ਬੰਦ ਬੰਦ ਕਟਵਾ ਕੇ ਸ਼ਹੀਦ ਹੋਣ ਦੀ ਅਦੁੱਤੀ ਮਿਸਾਲ ਕਾਇਮ ਕਰਨ ਵਾਲੇ ਭਾਈ ਮਨੀ ਸਿੰਘ, ਪੰਜਾਬ ਵਿਚ ਹੋ ਰਹੀ ਬੁਰਛਾਗਰਦੀ ਤੇ ਮਚੀ ਹੋਈ ਹਨ੍ਹੇਰਗਰਦੀ ਸਹਾਰ ਨਾ ਸਕੇ। ਦੁਖੀ ਦਿਲ ਨਾਲ ਉਨ੍ਹਾਂ ਮਾਤਾ ਸੁੰਦਰੀ ਜੀ ਨੂੰ ਲਿਖੇ ਇਤਿਹਾਸਕ ਖਤ ਵਿਚ ਕੁਝ ਅਜਿਹੀਆਂ ਸਤਰਾਂ ਲਿਖੀਆਂ,

'ਪੂਜ-ਮਾਤਾ ਜੀ ਚਰਨਾ ਪਰ ਮਨੀ ਸਿੰਘ ਕੀ ਡੰਡੌਤ ਬੰਦਨਾ...ਬਹੁਰੋ ਸਮਾਚਾਰ ਵਾਚਨਾ-ਦੇਸ ਵਿਚ ਖਾਲਸੇ ਦਾ ਬਲ ਛੂਟ ਗਇਆ ਹੈ...ਸਿੰਘ ਪਰਬਤਾਂ ਬਬਾਨਾ ਵਿਚਿ ਜਾਇ ਬਸੇ ਹੈਨ...ਮਲੇਛੋਂ ਕੀ ਦੇਸ ਮੇਂ ਦੋਹੀ ਹੈ...ਬਸਤੀ ਮੇਂ ਬਾਲਕ-ਜੁਵਾਂ ਇਸਤਰੀ ਸਲਾਮਤ ਨਹੀਂ...ਮੂਛ ਮੂਛ ਕਰ ਮਾਰਦੇ ਹੈਨ...ਗੁਰੂ ਦਰੋਹੀ ਬੀ ਉਨ੍ਹਾਂ ਦੇ ਸੰਗ ਮਿਲਿ ਗਏ ਹੈਨ...ਹੰਦਾਲੀਏ ਮਿਲਿ ਕਰ ਮੁਕਬਰੀ ਕਰਦੇ ਹੈਨ...ਸਾਡੇ ਪਰ ਅਬੀ ਤੋ ਅਕਾਲ ਕੀ ਰੱਛਾ ਹੈ...ਕੱਲ੍ਹ ਕੀ ਖ਼ਬਰ ਨਾਹੀਂ...ਸਾਹਿਬਾਂ ਦੇ ਹੁਕਮ ਅਟੱਲ ਹੈਨ...।'

ਅੱਜ ਦਾ ਉਹ ਸਿੱਖ ਵੀ ਭਾਈ ਮਨੀ ਸਿੰਘ ਵਾਂਗ ਮਾਯੂਸ ਤੇ ਚਿੰਤਾਗ੍ਰਸਤ ਹੈ ਜੋ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਧੜੇ ਦੀ ਨਹੀਂ, ਸਗੋਂ ਗੁਰੂਆਂ ਦੇ ਲਾਏ ਬਾਗ ਦੀ ਚੜ੍ਹਦੀ ਕਲਾ ਦੇਖਣੀ ਲੋਚਦਾ ਹੈ। ਉਹ ਇਸ ਗੱਲੋਂ ਵੀ ਬੇਬੱਸ ਦਿਖਾਈ ਦਿੰਦਾ ਹੈ ਕਿ ਮੁਗਲ ਜਾਂ ਅੰਗਰੇਜ਼ ਹਕੂਮਤ ਵੇਲੇ ਦੇ ਬਾਹੂ-ਬਲੀਆਂ ਨਾਲੋਂ ਅਜੋਕੇ ਧਾੜਵੀਆਂ ਨੂੰ ਗੁਰਧਾਮਾਂ 'ਚੋਂ ਕਿਵੇਂ ਕੱਢਿਆ ਜਾਵੇ? ਸਿੱਖੀ ਸੋਮਿਆਂ 'ਤੇ ਹਮਲਾਵਰ ਹੁੰਦੇ ਪੁਰਾਤਨ ਸਮਿਆਂ ਦੇ ਬਾਹੂ-ਬਲੀਏ ਸ਼ਕਲ ਸੂਰਤੋਂ ਗੈਰ-ਸਿੱਖ ਹੋਣ ਕਾਰਨ ਝੱਟ ਪਛਾਣ ਹੋ ਜਾਂਦੇ ਸਨ ਤੇ ਸਾਡੇ ਵਡੇਰੇ ਉਨ੍ਹਾਂ ਨਾਲ ਟੱਕਰ ਲੈ ਲੈਂਦੇ ਸਨ, ਲੇਕਿਨ ਅਜੋਕੇ ਬਾਬਰ ਕਿਆਂ ਦੇ ਲੱਠ-ਮਾਰ ਲੁਟੇਰੇ, ਪਹਿਲਿਆਂ ਨਾਲੋਂ ਕਿਤੇ ਵੱਧ ਖ਼ਤਰਨਾਕ ਤੇ ਨੁਕਸਾਨਦੇਹ ਹਨ, ਕਿਉਂਕਿ ਇਹ ਆਪਣੇ-ਆਪ ਨੂੰ 'ਅਸਲੀ ਖਾਲਸਾ ਪੰਥ' ਕਹਿਣ ਤੱਕ ਚਲੇ ਗਏ ਹਨ। ਇਨ੍ਹਾਂ ਦੇ ਨਿੱਤ ਦੇ ਕਾਰਨਾਮੇ ਸੁਣ-ਸੁਣ ਕੇ ਸਤਿਆ, ਖਪਿਆ, ਖਿਝਿਆ ਤੇ ਬੇਚੈਨ ਹੋਇਆ ਅਜੋਕਾ ਸਿੱਖ ਡੂੰਘੀਆਂ ਸੋਚਾਂ ਵਿਚ ਪਿਆ ਹੋਇਆ ਹੈ ਕਿ ਭਾਈ ਮਨੀ ਸਿੰਘ ਜੀ ਨੇ ਤਾਂ ਮਾਤਾ ਸੁੰਦਰੀ ਜੀ ਨੂੰ ਖ਼ਤ ਲਿਖ ਕੇ ਪੰਜਾਬ ਦੀ ਹਾਲਤ ਤੋਂ ਜਾਣੂੰ ਕਰਵਾ ਦਿੱਤਾ ਸੀ ਪਰ ਅੱਜ ਦਾ ਸਿੱਖ, ਪੰਜਾਬ ਨੂੰ ਲੁੱਟ ਤੇ ਕੁੱਟ ਰਹੇ ਬਾਹੂ-ਬਲੀਆਂ ਦੀ ਸ਼ਿਕਾਇਤ ਕਿੱਥੇ ਕਰੇ?

## ਸੰਪਾਦਕ ਦੀ ਡਾਕ

# ਜਾਇਦਾਦਾਂ ਦੇ ਦੇਣ-ਲੈਣ ਪਿੱਛੇ ਝਗੜੇ

'ਪੰਜਾਬ ਟਾਈਮਜ਼' ਦੇ 12 ਜਨਵਰੀ ਵਾਲੇ ਅੰਕ ਵਿਚ ਖ਼ਬਰ ਸੀ-ਭਰਾਵਾਂ ਵੱਲੋਂ ਬਲਵੰਤ ਰਾਮੂਵਾਲੀਆ 'ਤੇ ਧੋਖਾਧੜੀ ਦਾ ਦੋਸ਼। ਮੈਨੂੰ ਇਸ ਖ਼ਬਰ ਨੇ ਬੜਾ ਹੈਰਾਨ ਕੀਤਾ। ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਨੂੰ ਸਾਰਾ ਪੰਜਾਬੀ ਜਗਤ ਪ੍ਰਸਿੱਧ ਕਵੀਸ਼ਰ, ਸਨਮਾਨਯੋਗ ਅਤੇ ਬੇਦਾਗ ਸ਼ਖ਼ਸੀਅਤ ਦੇ ਤੌਰ 'ਤੇ ਜਾਣਦਾ ਹੈ, ਪਰ ਉਸ ਦੇ ਪੁੱਤਰ 'ਪਾਰਸ' ਕਿਉਂ ਨਹੀਂ ਬਣੇ? ਖ਼ਬਰ ਦੱਸਦੀ ਹੈ ਕਿ ਪਾਰਸ ਜੀ ਦੇ ਛੇ ਧੀਆਂ-ਪੁੱਤਰਾਂ ਦਾ ਆਪਣੇ ਬਾਪ ਦੀ ਜਾਇਦਾਦ ਦੀ ਵੰਡ-ਵੰਡਾਈ ਸਬੰਧੀ ਰੇੜਕਾ ਹੈ, ਰੇੜਕਾ ਵੀ ਕੋਈ ਮਾੜਾ ਮੋਟਾ ਨਹੀਂ, ਸਗੋਂ ਭਰਾ-ਭਰਾ ਇਕ-ਦੂਜੇ ਦਾ ਘਾਣ ਕਰਨ ਦੀ ਹੱਦ ਤੱਕ ਅੱਪੜ ਗਏ ਹਨ। ਇਸ ਤਰ੍ਹਾਂ ਕਰ ਕੇ ਇਨ੍ਹਾਂ ਨੇ ਸਮਾਜ ਵਿਚ ਆਪਣੇ ਰੋਲ ਮਾਡਲ ਹੋਣ ਵਾਲੇ ਰੁਤਬੇ ਨੂੰ ਵੀ ਸੱਟ ਮਾਰੀ ਹੈ। ਇਹ ਮਸਲਾ ਭਾਵੇਂ ਉਨ੍ਹਾਂ ਦਾ ਨਿੱਜੀ/ਪਰਿਵਾਰਕ ਮਸਲਾ ਹੈ, ਪਰ ਇਕ ਤਾਂ ਉਨ੍ਹਾਂ ਆਪ ਹੀ ਇਹ ਮਸਲਾ ਮੀਡੀਆ ਰਾਹੀਂ ਸਾਰਿਆਂ ਸਾਹਮਣੇ ਰੱਖ ਦਿੱਤਾ ਹੈ; ਦੂਜੇ ਇਹ ਪਰਿਵਾਰ ਚੰਗਾ ਮੰਨਿਆ-ਪ੍ਰਮੰਨਿਆ ਅਤੇ ਪ੍ਰਭਾਵਸ਼ਾਲੀ ਹੋਣ ਕਰ ਕੇ ਸਮਾਜ ਵਿਚ ਆਗੂ ਰੋਲ ਨਿਭਾਉਣ ਵਜੋਂ ਵਿਚਰਦਾ ਹੈ।

ਸ. ਬਲਵੰਤ ਸਿੰਘ ਰਾਮੂਵਾਲੀਆ ਨੂੰ ਕਈ ਸਾਲ ਪਹਿਲਾਂ ਮੈਂ ਉਨ੍ਹਾਂ ਦੇ ਦਿੱਲੀ ਵਾਲੇ ਪਤੇ 'ਤੇ ਇਕ ਚਿੱਠੀ ਲਿਖੀ ਜਿਸ ਦੇ ਜਵਾਬ ਵਿਚ ਮੈਨੂੰ ਉਨ੍ਹਾਂ ਤੋਂ ਬੜੀ ਪ੍ਰਭਾਵਸ਼ਾਲੀ ਚਿੱਠੀ ਮਿਲੀ। ਫਿਰ ਮੈਨੂੰ ਦੋ ਚਿੱਠੀਆਂ ਹੋਰ ਲਿਖਣੀਆਂ ਪਈਆਂ ਜਿਨ੍ਹਾਂ ਦੇ ਜਵਾਬ ਵੀ ਰਾਮੂਵਾਲੀਆ ਨੇ ਦਿੱਤੇ। ਆਖ਼ਰੀ ਚਿੱਠੀ ਵਿਚ ਉਨ੍ਹਾਂ ਨੇ ਮੈਨੂੰ ਦਿੱਲੀ ਮਿਲਣ ਲਈ ਵੀ ਲਿਖਿਆ ਪਰ ਮੈਂ ਮਿਲ ਨਾ ਸਕਿਆ। ਉਂਜ ਵੀ ਸ. ਰਾਮੂਵਾਲੀਆ ਉਪਰ ਅੱਜ ਤੱਕ ਵੱਡੇ ਸਰਕਾਰੀ ਅਤੇ ਸੰਵਿਧਾਨਕ ਅਹੁਦਿਆਂ ਉਤੇ ਰਹਿੰਦਿਆਂ ਕਿਸੇ ਗਬਨ, ਘਪਲੇ ਜਾਂ ਰਿਸ਼ਵਤਖੋਰੀ ਦਾ ਜਾਂ ਕੋਈ ਹੋਰ ਗੰਭੀਰ ਦੋਸ਼ ਨਹੀਂ ਲੱਗਾ। ਸ. ਰਾਮੂਵਾਲੀਆ ਦੇ ਭਰਾ ਲੇਖਕ ਇਕਬਾਲ ਰਾਮੂਵਾਲੀਆ ਨੂੰ ਮੈਂ ਇੰਨਾ ਕੁ ਜਾਣਦਾ ਹਾਂ ਕਿ ਉਨ੍ਹਾਂ ਦਾ ਸਿੱਖੀ ਬਾਰੇ ਇਕ ਲੇਖ 'ਪੰਜਾਬ ਟਾਈਮਜ਼' ਵਿਚ ਪੜ੍ਹਨ ਨੂੰ ਮਿਲਿਆ ਸੀ। ਮੈਨੂੰ ਉਹ ਲੇਖ ਬਾਕਮਾਲ ਅਤੇ ਵਧੀਆ ਲੱਗਾ ਸੀ ਜਿਸ ਕਰ ਕੇ ਮੈਂ ਉਨ੍ਹਾਂ ਨੂੰ ਵੱਡਾ ਵਿਦਵਾਨ ਲੇਖਕ ਮੰਨਦਾ ਹਾਂ। ਇਨ੍ਹਾਂ ਦੇ ਹੋਰ ਭੈਣ-ਭਰਾ ਵੀ ਮੇਰੇ ਹਿਸਾਬ ਨਾਲ ਚੰਗੇ ਪੜ੍ਹੇ-ਲਿਖੇ, ਸਿਆਣੇ ਅਤੇ ਦਾਨਿਸ਼ਮੰਦ ਹੀ ਹੋਣਗੇ ਪਰ ਅਖ਼ਬਾਰਾਂ ਵਿਚ ਇਨ੍ਹਾਂ ਦੀ ਸਿਆਣਪ ਅਤੇ ਦਾਨਿਸ਼ਮੰਦੀ ਬਾਰੇ ਜੋ ਪੜ੍ਹਨ ਨੂੰ ਮਿਲਿਆ ਹੈ, ਇਸ ਨਾਲ ਮੇਰੇ ਵਰਗੇ ਕਈ ਹੋਰਾਂ ਨੂੰ ਵੀ ਦੁੱਖ ਹੋਇਆ ਹੋਵੇਗਾ।

ਵਿਚਾਰਨ ਵਾਲੀ ਗੱਲ ਹੈ ਕਿ ਵੱਡੇ ਅਤੇ ਖਾਸ ਅਖਵਾਉਣ ਵਾਲੇ ਰੱਜੇ-ਪੁੱਜੇ ਲੋਕ ਆਮ ਬੰਦਿਆਂ ਨਾਲੋਂ ਕਿਤੇ ਵੱਧ ਭੁੱਖੇ, ਹੋਛੇ ਅਤੇ ਨਿਰਦਈ ਸਾਬਤ ਹੋ ਰਹੇ ਹਨ। ਚੱਢਾ ਭਰਾਵਾਂ (ਪੌਂਟੀ ਤੇ ਹਰਦੀਪ) ਦਾ ਹਾਲ ਸਭ ਨੇ ਵੇਖਿਆ ਹੈ। ਅੰਬਾਨੀ ਭਰਾਵਾਂ ਬਾਰੇ ਵੀ ਅਜਿਹੀਆਂ ਹੀ ਸੂਹਾਂ ਹਨ। ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਦਾ ਵੀ ਆਪਣੇ ਭਰਾ ਨਾਲ ਜਾਇਦਾਦ ਦੀ ਵੰਡ ਪਿੱਛੇ ਵਾਹਵਾ ਰੌਲਾ-ਰੱਪਾ ਸੀ। ਇੰਦਰਾ ਗਾਂਧੀ ਨੇ ਵੀ ਆਪਣੀ ਨੂੰਹ ਮੇਨਿਕਾ ਗਾਂਧੀ ਨੂੰ ਘਰੋਂ ਕੱਢ ਦਿੱਤਾ ਸੀ। ਮਰਹੂਮ ਸਾਬਕਾ ਸਪੀਕਰ ਹਰਚਰਨ ਸਿੰਘ ਅਜਨਾਲਾ ਦੇ ਲੜਕਿਆਂ ਵਿਚ ਵੀ ਬਾਪ ਦੀ ਸਿਆਸੀ ਵਿਰਾਸਤ ਦੀ ਵੰਡ-ਵੰਡਾਈ ਪਿੱਛੇ ਬੜਾ ਝਗੜਾ ਹੋਇਆ ਸੀ। ਮਨਪ੍ਰੀਤ ਸਿੰਘ ਬਾਦਲ ਦਾ ਅਕਾਲੀ ਦਲ ਵਿਚੋਂ ਕੱਢੇ ਜਾਣਾ ਵੀ ਸਿਆਸੀ ਜਾਇਦਾਦ ਦੇ ਹਿੱਸੇ ਦਾ ਲੈਣ-ਦੇਣ ਹੀ ਸੀ। ਅਜੋਕੀ ਵੱਡੇ ਲੋਕਾਂ ਦੀਆਂ ਇਹੋ ਜਿਹੀਆਂ ਹੋਰ ਵੀ ਬਥੇਰੀਆਂ ਮਿਸਾਲਾਂ ਹਨ। ਇਨ੍ਹਾਂ ਲੋਕਾਂ ਦੇ ਹੱਥ ਵਿਚ ਹੀ ਦੇਸ਼, ਕੌਮ ਅਤੇ ਸਮਾਜ ਦੀ ਵਾਗਡੋਰ ਹੈ। ਇਸ ਸੱਭਿਅਕ ਅਤੇ ਉਤਮ ਬੰਦੇ ਦੀ ਅਕਲ ਦੇਖੋ, ਇਕ ਪਾਸੇ ਢੇਰਾਂ ਦੇ ਢੇਰ ਧਨ-ਦੌਲਤਾਂ, ਮਹਿਲ-ਮੁਨਾਰੇ ਅਤੇ ਅਨਾਜ-ਪਦਾਰਥ ਬੇਕਾਰ ਪਏ ਹਨ, ਗਲ-ਸੜ ਰਹੇ ਹਨ; ਦੂਜੇ ਪਾਸੇ ਦੁਨੀਆਂ ਦੇ ਅੱਧੇ ਤੋਂ ਵੀ ਵੱਧ ਲੋਕਾਂ ਨੂੰ ਜਿਉਣ ਵਾਸਤੇ ਘੱਟ ਤੋਂ ਘੱਟ ਵੀ ਪਦਾਰਥ ਪ੍ਰਾਪਤ ਨਹੀਂ। ਇਹ ਰੱਬ ਦਾ ਕਸੂਰ ਹੈ ਕਿ ਬੰਦੇ ਦਾ? ਅਗਾਂਹਵਧੂ ਬੰਦੇ ਨੂੰ ਇਸ ਦਾ ਪਤਾ ਹੈ। ਕਿਸੇ ਸ਼ਾਇਰ ਦੇ ਬੋਲ ਹਨ:

ਇਸ ਸ਼ਹਿਰ ਵਿਚ ਤੂੰ ਦੋਸਤਾ,
ਜਦ ਕਦੇ ਵੀ ਆਵੇਂਗਾ।
ਮੋਹ ਵਫ਼ਾ ਨੂੰ ਛੱਡ ਕੇ,
ਹਰ ਚੀਜ਼ ਇਥੇ ਪਾਵੇਂਗਾ।

*-ਦਲਵਿੰਦਰ ਸਿੰਘ ਅਜਨਾਲਾ*
*ਫੋਨ: 661-834-9770*

## ਮਿੰਨੀ ਕਹਾਣੀ

# ਕਾਰ

ਸਰਬੀ ਹੁਰੀਂ ਦੋ ਭਰਾ ਸਨ। ਦੋਵਾਂ ਕੋਲ ਚੰਗੀ ਜ਼ਮੀਨ ਸੀ। ਜਦੋਂ ਸਰਬੀ ਦਾ ਵਿਆਹ ਹੋਇਆ, ਉਦੋਂ ਦਾਜ ਵਿਚ ਕਾਰਾਂ ਲੈਣ-ਦੇਣ ਦਾ ਬਹੁਤਾ ਰਿਵਾਜ ਨਹੀਂ ਸੀ। ਸਰਬੀ ਦੀ ਵਹੁਟੀ ਨੌਕਰੀ ਕਰਦੀ ਸੀ ਪਰ ਦਾਜ ਵਿਚ ਕਾਰ ਲੈ ਕੇ ਨਹੀਂ ਸੀ ਆਈ। ਉਨ੍ਹਾਂ ਦੇ ਵਿਆਹ ਤੋਂ ਪੰਜ-ਸੱਤ ਸਾਲ ਬਾਅਦ ਕਾਰਾਂ ਲੈਣ-ਦੇਣ ਦਾ ਵਾਹਵਾ ਰਿਵਾਜ ਚੱਲ ਪਿਆ ਸੀ।

ਹੁਣ ਜਦੋਂ ਵੀ ਪਿੰਡ ਵਿਚ ਕਿਸੇ ਨੂੰ ਦਾਜ ਵਿਚ ਕਾਰ ਮਿਲਦੀ ਤਾਂ ਸਰਬੀ ਦੀ ਮਾਂ ਆਪਣੀ ਨੂੰਹ ਹਰਜੀਤ ਨੂੰ ਸੁਣਾ ਕੇ ਕਹਿੰਦੀ, "ਲੈ ਉਸ ਮੁੰਡੇ ਕੋਲ ਤਾਂ ਸਾਰੀ ਚਾਰ ਕਿੱਲੇ ਜ਼ਮੀਨ ਐ, ਕਾਰ ਤਾਂ ਉਹਨੂੰ ਵੀ ਆ ਗਈ। ਮੈਂ ਵੀ ਜੇ ਕਿਤੇ ਸਰਬੀ ਦਾ ਵਿਆਹ ਅੱਜ ਕਰਦੀ ਤਾਂ ਪੱਕਾ ਵੱਡੀ ਕਾਰ ਮਿਲਦੀ, ਮੈਂ ਤਾਂ ਐਵੇਂ ਵਿਆਹ ਦੀ ਕਾਹਲੀ ਕੀਤੀ।" ਸੁਣ ਕੇ ਹਰਜੀਤ ਨੂੰ ਦੁੱਖ ਤਾਂ ਬੜਾ ਲੱਗਦਾ ਪਰ ਉਹ ਚੁੱਪ ਹੀ ਵੱਟ ਲੈਂਦੀ।

ਇੱਕ ਦਿਨ ਬੇਬੇ ਨੇ ਜਦੋਂ ਫੇਰ ਕਾਰ ਵਾਲੀ ਗੱਲ ਦੁਹਰਾਈ ਤਾਂ ਸੁਣ ਕੇ ਹਰਜੀਤ ਤੋਂ ਰਿਹਾ ਨਾ ਗਿਆ। ਉਹ ਬੋਲੀ, "ਭਲਾ ਬੇਬੇ! ਸਾਡੇ ਵਿਆਹ ਵੇਲੇ ਤਾਂ ਫੇਰ ਵੀ ਤੇਰੀ ਜ਼ਮੀਨ ਦੇ ਦੋ ਹਿੱਸੇ ਹੋ ਗਏ ਪਰ ਸਾਡਾ ਬਾਪੂ ਜੀ ਤਾਂ ਸਾਰੀ ਜ਼ਮੀਨ ਦਾ ਇਕੱਲਾ ਮਾਲਕ ਸੀ। ਭਲਾ! ਜੇ ਆਪਾਂ ਬਾਪੂ ਜੀ ਦਾ ਵਿਆਹ ਹੁਣ ਕਰ ਲਈਏ, ਫੇਰ ਇਸ ਹਿਸਾਬ ਨਾਲ ਤਾਂ ਉਸ ਨੂੰ ਵੀ ਦਾਜ ਵਿਚ ਦੋ ਕਾਰਾਂ ਮਿਲ ਸਕਦੀਆਂ ਹਨ।"

ਆਪਣੀ ਉਮੀਦ ਤੋਂ ਉਲਟ ਜਵਾਬ ਸੁਣ ਕੇ ਬੇਬੇ ਨੂੰ ਤਾਂ ਜਿਵੇਂ ਸੱਪ ਹੀ ਸੁੰਘ ਗਿਆ। ਉਹ ਦਿਨ ਗਿਆ। ਜੇ ਕਦੇ ਬੇਬੇ ਨੇ ਦੁਬਾਰਾ ਕਾਰ ਦੀ ਗੱਲ ਵੀ ਤੋਰੀ ਹੋਵੇ।

*-ਰਾਜ ਕੌਰ ਕਮਾਲਪੁਰ*

RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖ਼ਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
Radio CK, PO Box 296, Fremont, CA 94537

# ਵਧਾਈਆਂ! ਵਧਾਈਆਂ! ਵਧਾਈਆਂ!

# ਬੱਲ ਪਰਿਵਾਰ ਤੇ ਤੱਖੜ ਪਰਿਵਾਰ ਨੂੰ ਵਧਾਈਆਂ

## ਰਾਜਾ ਗੁਰਪ੍ਰੀਤ ਸਿੰਘ ਬੱਲ ਅਤੇ ਦਿਲਪ੍ਰੀਤ ਕੌਰ ਤੱਖੜ ਨੂੰ ਵਿਆਹ ਦੀਆਂ ਵਧਾਈਆਂ

## ਵਾਹਿਗੁਰੂ ਨਵਵਿਆਹੀ ਜੋੜੀ ਦੀ ਝੋਲੀ ਖੁਸ਼ੀਆਂ ਨਾਲ ਭਰੇ



ਵਿਆਹ ਪਾਰਟੀ 'ਤੇ ਨਵਵਿਆਹੀ ਜੋੜੀ ਗੁਰਪ੍ਰੀਤ ਸਿੰਘ ਬੱਲ ਅਤੇ ਦਿਲਪ੍ਰੀਤ ਕੌਰ ਤੱਖੜ



ਖੱਬਿਓਂ ਸੱਜੇ- ਰਾਜਾ ਗੁਰਪ੍ਰੀਤ ਸਿੰਘ ਬੱਲ ਦੇ ਪਿਤਾ ਤੇਜਿੰਦਰ ਸਿੰਘ ਬੱਲ, ਮਾਤਾ ਰਾਜਿੰਦਰ ਕੌਰ ਬੱਲ, ਤਾਈ ਅਮਰਜੀਤ ਕੌਰ, ਲਾੜਾ ਗੁਰਪ੍ਰੀਤ, ਛੋਟੀ ਭੈਣ ਪੂਨਮ ਕੌਰ ਬੱਲ ਅਤੇ ਵੱਡਾ ਵੀਰ ਰਾਜਾ ਹਰਪ੍ਰੀਤ ਸਿੰਘ।



ਖੱਬਿਓਂ ਸੱਜੇ-ਪ੍ਰੀਤਮ ਸਿੰਘ ਸੱਗੂ, ਪੱਤਰਕਾਰ ਕੁਲਦੀਪ ਸਿੰਘ ਬੇਦੀ, ਲੜਕੀ ਦੇ ਨਾਨਾ ਜੀ ਤੇ ਮਾਮਾ ਜੀ, ਲੇਖਕ ਤੇ ਫਿਲਮਕਾਰ ਨਿਰਮਲ ਸੌਦਾਗਰ ਦੇ ਨਿੱਕੇ ਵੀਰ ਅਤੇ ਲੜਕੇ ਦੇ ਪਿਤਾ ਤੇਜਿੰਦਰ ਸਿੰਘ ਬੱਲ, ਖੁਦ ਸੌਦਾਗਰ (ਟੋਪੀ ਵਾਲੇ) ਅਤੇ ਗੋਗੀ ਪੁਰੇਵਾਲ ਵਿਆਹੁਤਾ ਜੋੜੀ ਨਾਲ



ਹਮੇਸ਼ਾ ਗੁਰੂ ਘਰ ਦੀ ਸੇਵਾ ਕਰਨ ਵਾਲੇ ਜੱਸੀ ਭਾਅ ਜੀ, ਉਨ੍ਹਾਂ ਦੇ ਸਾਥੀ ਅਤੇ ਮਿੱਤਰ ਗੁਰਨਾਮ ਸਿੰਘ ਤੇ ਬਿੱਟੂ ਭਾਅ ਜੀ ਆਪੋ ਆਪਣੇ ਪਰਿਵਾਰਾਂ ਸਮੇਤ ਵਿਆਹੁਤਾ ਜੋੜੀ ਨੂੰ ਆਸ਼ੀਰਵਾਦ ਦੇਣ ਤੋਂ ਬਾਅਦ। ਜੱਸੀ ਭਾਅ ਦੇ ਨਾਲ ਤੇਜਿੰਦਰ ਸਿੰਘ ਬੱਲ ਵੀ ਨਜ਼ਰ ਆ ਰਹੇ ਹਨ।



ਪਰਿਵਾਰਕ ਮਿੱਤਰ ਓਰਟੈਂਸੀਆ ਅਤੇ ਬੱਚੀ ਨਾਤੀਲੀਆ ਨਵਵਿਆਹੀ ਜੋੜੀ ਨਾਲ







ਲਾੜੀ ਦਿਲਪ੍ਰੀਤ ਕੌਰ ਤੱਖੜ ਦੀ ਨਾਨੀ ਅਤੇ ਨਾਨਾ ਰਣਜੀਤ ਸਿੰਘ ਬ੍ਰਿਗੇਡੀਅਰ, ਡਾ. ਕੈਥਰੀਨ ਮਹਾਂਦੇਵ, ਅੰਗਰੇਜ਼ ਔਰਤ ਪੰਜਾਬੀ ਲਿਬਾਸ ਵਿਚ ਆਪਣੇ ਪਤੀ ਡਾ. ਵਿੰਦਰ ਮਹਾਂਦੇਵ ਨਾਲ, ਮਿਸਟਰ ਯੋਗੇਸ਼ ਆਪਣੀ ਪਤਨੀ ਬੀਨਾ ਨਾਲ ਅਤੇ ਤੇਜਿੰਦਰ ਬੱਲ।



ਲਾੜਾ ਰਾਜਾ ਗੁਰਪ੍ਰੀਤ ਸਿੰਘ ਬੱਲ ਆਪਣੇ ਵੱਡੇ ਵੀਰ ਰਾਜਾ ਹਰਪ੍ਰੀਤ ਸਿੰਘ ਅਤੇ ਛੋਟੀ ਭੈਣ ਪੂਨਮ ਕੌਰ ਬੱਲ ਨਾਲ।

# ਬੇ-ਏਰੀਆ ਵਿਸਾਖੀ ਮੇਲਾ ਅਤੇ ਕੌਮਾਂਤਰੀ ਕਬੱਡੀ ਕੱਪ 27 ਅਪਰੈਲ ਨੂੰ

**ਸੈਨ ਹੋਜ਼ੇ (ਬਿਊਰੋ):** ਬੇ-ਏਰੀਆ ਵਿਸਾਖੀ ਮੇਲਾ 2013 ਅਤੇ ਕੌਮਾਂਤਰੀ ਕਬੱਡੀ ਕੱਪ ਆਉਂਦੀ 27 ਅਪਰੈਲ ਸਨਿੱਚਰਵਾਰ ਨੂੰ ਇਥੇ ਕਰਵਾਇਆ ਜਾਵੇਗਾ। ਇਹ ਫੈਸਲਾ ਬੇ-ਏਰੀਆ ਸਪੋਰਟਸ ਅਤੇ ਕਲਚਰਲ ਐਸੋਸੀਏਸ਼ਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਦੀ ਇਕ ਵਿਸ਼ੇਸ਼ ਮੀਟਿੰਗ ਵਿਚ ਲਿਆ ਗਿਆ।

ਹੇਵਰਡ ਵਿਚ ਅਵਤਾਰ ਸਿੰਘ ਤਾਰੀ ਦੇ ਮਾਊਂਟੇਨ ਮਾਈਕ ਪੀਜ਼ਾ 'ਤੇ ਹੋਈ ਦੋਹਾਂ ਕਲੱਬਾਂ ਦੀ ਇਕ ਸਾਂਝੀ ਮੀਟਿੰਗ, ਜਿਸ ਵਿਚ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸ਼ਾਮਲ ਹੋਏ, ਵਿਚ ਇਕੱਠੇ ਹੋ ਕੇ ਚੱਲਣ ਅਤੇ ਇਸ ਵਾਰ ਦੇ ਮੇਲੇ ਨੂੰ ਇਤਿਹਾਸਕ ਬਣਾਉਣ ਲਈ ਹਰ ਹੀਲਾ ਕਰਨ ਦਾ ਫੈਸਲਾ ਲਿਆ ਗਿਆ। ਦੋਹਾਂ ਕਲੱਬਾਂ ਵਲੋਂ ਜਾਰੀ ਇਕ ਸਾਂਝੇ ਬਿਆਨ ਅਨੁਸਾਰ ਇਸ ਮੇਲੇ ਦੌਰਾਨ ਪੰਜਾਬ ਦੇ ਸਭਿਆਚਾਰ ਨੂੰ ਦਰਸਾਉਂਦੀਆਂ ਆਈਟਮਾਂ ਤੋਂ ਇਲਾਵਾ ਇਕ ਕੌਮਾਂਤਰੀ ਪੱਧਰ ਦਾ ਕਬੱਡੀ ਕੱਪ ਟੂਰਨਾਮੈਂਟ ਵੀ ਕਰਵਾਇਆ ਜਾਵੇਗਾ ਜਿਸ ਵਿਚ ਕੈਨੇਡਾ, ਅਮਰੀਕਾ, ਇੰਗਲੈਂਡ, ਇੰਡੀਆ ਅਤੇ ਪਾਕਿਸਤਾਨ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਸ ਤੋਂ ਇਲਾਵਾ ਵਾਲੀਬਾਲ, ਸਾਕਰ, ਕੁਸ਼ਤੀਆਂ ਅਤੇ ਹੋਰ ਖੇਡਾਂ ਵੀ ਹੋਣਗੀਆਂ।



ਇਸੇ ਦੌਰਾਨ ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਬੇ-ਏਰੀਆ ਸਪੋਰਟਸ ਅਤੇ ਕਲਚਰਲ ਐਸੋਸੀਏਸ਼ਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਵਲੋਂ ਇਕੱਠੇ ਹੋ ਕੇ ਚੱਲਣ ਦੇ ਫੈਸਲੇ ਨੂੰ ਸਹੀ ਦਿਸ਼ਾ 'ਚ ਕਦਮ ਕਰਾਰ ਦਿੰਦਿਆਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਮੇਲੇ ਲਈ ਪੂਰਾ ਸਹਿਯੋਗ ਦਿੱਤਾ ਜਾਵੇਗਾ।

# ਭਾਜਪਾ ਦੇ ਆਗੂ ਮੁੜ ਭਿੜੇ

**ਚੰਡੀਗੜ੍ਹ:** ਪੰਜਾਬ ਦੇ ਸਿਹਤ ਮੰਤਰੀ ਤੇ ਇਸੇ ਵਿਭਾਗ ਦੀ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਵਿਚਕਾਰ ਹੁਣ ਵਿਦੇਸ਼ ਦੌਰੇ ਨੂੰ ਲੈ ਕੇ ਨਵਾਂ ਵਿਵਾਦ ਛਿੜ ਗਿਆ ਹੈ। ਮੰਤਰੀ ਦਾ ਦਾਅਵਾ ਹੈ ਕਿ ਲੰਡਨ ਵਿਚ ਸਿਹਤ ਸੇਵਾਵਾਂ ਦੇ ਵਿਸ਼ੇ 'ਤੇ ਹੋ ਰਹੇ ਅੰਤਰਾਸ਼ਟਰੀ ਸੰਮੇਲਨ ਵਿਚ ਸ਼ਮੂਲੀਅਤ ਲਈ ਸੱਦਾ ਆਉਣ ਤੋਂ ਬਾਅਦ ਹੀ ਵਿਦੇਸ਼ ਦੌਰੇ ਦੀ ਤਿਆਰੀ ਕੀਤੀ ਗਈ ਹੈ। ਸਿਹਤ ਮੰਤਰੀ ਦਾ ਕਹਿਣਾ ਹੈ ਕਿ ਡਾ. ਸਿੱਧੂ ਨੂੰ ਵਿਦੇਸ਼ ਤੋਂ ਸੱਦਾ ਆਉਣ ਬਾਰੇ ਤਾਂ ਕੋਈ ਜਾਣਕਾਰੀ ਨਹੀਂ ਪਰ ਜੇ ਉਹ ਅਜਿਹੀ ਕੋਈ ਜਾਣਕਾਰੀ ਵਿਭਾਗ ਦੇ ਧਿਆਨ ਵਿਚ ਲਿਆਉਂਦੇ ਤਾਂ ਡਾ. ਸਿੱਧੂ ਦੇ ਲੰਡਨ ਜਾਣ ਦੇ ਦੌਰੇ ਨੂੰ ਵੀ ਪ੍ਰਵਾਨਗੀ ਦਿੱਤੀ ਜਾ ਸਕਦੀ ਸੀ। ਡਾ. ਸਿੱਧੂ ਦਾ ਦਾਅਵਾ ਹੈ ਕਿ ਲੰਡਨ ਵਿਚ ਹੋ ਰਿਹਾ ਕੌਮਾਂਤਰੀ ਸੰਮੇਲਨ ਉਨ੍ਹਾਂ ਦੀ ਪਹਿਲਕਮਦੀ 'ਤੇ ਹੋ ਰਿਹਾ ਹੈ ਤੇ ਇਸ ਦੇ ਲਈ ਸੱਦਾ ਵੀ ਉਨ੍ਹਾਂ ਨੂੰ ਹੀ ਆਇਆ ਸੀ।

ਉਨ੍ਹਾਂ ਕਿਹਾ, ਸਿਹਤ ਵਿਭਾਗ ਦੀ ਪ੍ਰਮੁੱਖ ਸਕੱਤਰ ਵਿੰਨੀ ਮਹਾਜਨ ਨੂੰ ਵਿਦੇਸ਼ ਤੋਂ ਆਏ ਸੱਦੇ ਬਾਰੇ ਪੂਰੀ ਜਾਣਕਾਰੀ ਸਮੇਂ ਸਿਰ ਭੇਜ ਦਿੱਤੀ ਗਈ ਸੀ ਤੇ ਜੇ ਸ੍ਰੀ ਮਿੱਤਲ ਨੂੰ ਉਨ੍ਹਾਂ ਦੇ ਵਿਦੇਸ਼ ਜਾਣ ਦੀ ਇੱਛਾ ਜਾਂ ਸੱਦੇ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਤਾਂ ਸਾਰਾ ਕਸੂਰ ਅਫ਼ਸਰਾਂ ਦਾ ਹੈ। ਡਾ. ਸਿੱਧੂ ਨੇ ਇਥੋਂ ਤੱਕ ਕਿਹਾ ਕਿ ਵਿਦੇਸ਼ ਦੌਰੇ ਤੋਂ ਦੂਰ ਰੱਖ ਕੇ ਉਸ ਨਾਲ ਧੋਖਾ ਕੀਤਾ ਗਿਆ ਹੈ। ਸਾਰਾ ਮਾਮਲਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਧਿਆਨ ਵਿਚ ਲਿਆ ਦਿੱਤਾ ਹੈ ਤੇ ਅਗਲੀ ਕਾਰਵਾਈ ਸ. ਬਾਦਲ ਕਰਨਗੇ।

ਮਦਨ ਮੋਹਨ ਮਿੱਤਲ ਦਾ ਕਹਿਣਾ ਹੈ ਕਿ ਵਿਦੇਸ਼ੀ ਸੰਸਥਾ ਰਾਇਲ ਸੁਸਾਇਟੀ ਆਫ਼ ਮੈਡੀਸਨ ਵੱਲੋਂ ਵਿਦੇਸ਼ ਵਿੱਚ ਹੋ ਰਹੇ ਅੰਤਰਾਸ਼ਟਰੀ ਸੰਮੇਲਨ ਲਈ ਸੱਦਾ 20 ਜਨਵਰੀ ਨੂੰ ਭੇਜਿਆ ਗਿਆ ਸੀ ਤੇ ਉਸ ਤੋਂ ਬਾਅਦ ਮੁੱਖ ਮੰਤਰੀ ਨੇ ਵੀ ਇਸ ਵਿਦੇਸ਼ ਦੌਰੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਡਾ. ਸਿੱਧੂ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਮੁੱਖ ਸੰਸਦੀ ਸਕੱਤਰ ਨੇ ਵਿਭਾਗ ਦੇ ਧਿਆਨ 'ਚ ਕੁਝ ਵੀ ਨਹੀਂ ਲਿਆਂਦਾ।

ਰਾਇਲ ਸੁਸਾਇਟੀ ਆਫ਼ ਮੈਡੀਸਨ ਨਾਮੀ ਸੰਸਥਾ ਵੱਲੋਂ 13 ਫਰਵਰੀ ਨੂੰ ਲੰਡਨ ਵਿਚ ਅੰਤਰਰਾਸ਼ਟਰੀ ਸੰਮੇਲਨ ਕਰਵਾਇਆ ਜਾ ਰਿਹਾ ਹੈ। ਇਸ ਸੰਮੇਲਨ ਦਾ ਵਿਸ਼ਾ ਹੈ, ਪੰਜਾਬ ਵਿਚ ਵਿਸ਼ੇਸ਼ ਪੱਧਰ ਦੀਆਂ ਤੇ ਲੋਕਾਂ ਦੀ ਪਹੁੰਚ ਵਾਲੀਆਂ ਸਿਹਤ ਸਹੂਲਤਾਂ ਕਿਵੇਂ ਦਿੱਤੀਆਂ ਜਾ ਸਕਦੀਆਂ ਹਨ। ਇਸ ਸੰਮੇਲਨ ਵਿਚ ਮਦਨ ਮੋਹਨ ਮਿੱਤਲ ਨੂੰ ਬਤੌਰ ਮੁੱਖ ਮਹਿਮਾਨ ਸ਼ਾਮਲ ਕੀਤਾ ਜਾ ਰਿਹਾ ਹੈ। ਸਿਹਤ ਦੇ ਖੇਤਰ ਵਿਚ ਕੰਮ ਕਰਦੀਆਂ ਭਾਰਤ ਦੀਆਂ ਕਈ ਨਾਮੀ ਕੰਪਨੀਆਂ ਜਿਨ੍ਹਾਂ ਵਿਚ ਹੀਰੋ ਗਰੁੱਪ, ਫੋਰਟਿਸ, ਮੈਕਸ ਇੰਡੀਆ ਤੇ ਹੋਰ ਸ਼ਾਮਲ ਹੋ ਰਹੀਆਂ ਹਨ। ਇੰਗਲੈਂਡ ਦੀਆਂ ਛੇ ਕੰਪਨੀਆਂ ਦੇ ਨੁਮਾਇੰਦੇ ਵੀ ਇਸ ਸੰਮੇਲਨ ਵਿਚ ਹਿੱਸਾ ਲੈਣਗੇ। ਡਾ. ਸਿੱਧੂ ਨੇ ਇਸ ਮਾਮਲੇ ਨੂੰ ਮੁੱਦਾ ਬਣਾ ਲਿਆ ਹੈ।

## ਜੌਹਨ ਕੈਰੀ ਬਣੇ ਵਿਦੇਸ਼ ਮੰਤਰੀ

**ਵਾਸ਼ਿੰਗਟਨ:** ਸੈਨੇਟਰ ਜੌਹਨ ਕੇਰੀ ਜੋ ਭਾਰਤ ਨਾਲ ਮਜ਼ਬੂਤ ਸਬੰਧਾਂ ਦੇ ਹੱਕ ਵਿਚ ਹਨ, ਨੇ ਵਿਦੇਸ਼ ਮੰਤਰੀ ਵਜੋਂ ਹਲਫ ਲੈ ਲਿਆ। ਉਨ੍ਹਾਂ ਹਿਲੇਰੀ ਕਲਿੰਟਨ ਦੀ ਥਾਂ ਇਹ ਅਹੁਦਾ ਸੰਭਾਲਿਆ। 69 ਸਾਲਾ ਕੇਰੀ ਨੂੰ ਅਹੁਦੇ ਦੀ ਸਹੁੰ ਸੁਪਰੀਮ ਕੋਰਟ ਦੇ ਜਸਟਿਸ ਏਲੀਨਾ ਕਹਾਨ ਨੇ ਚੁਕਾਈ। ਇਸ ਮੌਕੇ ਉਨ੍ਹਾਂ ਦੀ ਪਤਨੀ ਟ੍ਰੀਜ਼ਾ ਹੇਨਜ਼ ਕੇਰੀ, ਧੀ ਵੈਨੇਸਾ ਤੇ ਭਰਾ ਕੈਮਰੌਨ ਮੌਜੂਦ ਸਨ।

# ਹੋਂਦ ਚਿੱਲੜ ਯਾਦਗਾਰ ਦਾ ਨੀਂਹ ਪੱਥਰ ਤੋੜਨ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ:** ਹੋਂਦ ਚਿੱਲੜ ਕਾਂਡ ਦੀ ਜਾਂਚ ਕਰ ਰਹੇ ਇਕ ਮੈਂਬਰੀ ਕਮਿਸ਼ਨ ਦੇ ਜੱਜ ਟੀਪੀ ਗਰਗ ਨੇ ਹਰਿਆਣਾ ਦੇ ਰੇਵਾੜੀ ਜ਼ਿਲ੍ਹੇ ਦੇ ਪੁਲਿਸ ਮੁਖੀ, ਡਿਪਟੀ ਕਮਿਸ਼ਨਰ ਤੇ ਹਰਿਆਣਾ ਸਰਕਾਰ ਨੂੰ ਜਾਰੀ ਕੀਤੇ ਨੋਟਿਸ ਵਿਚ ਹੋਂਦ ਚਿੱਲੜ ਪਿੰਡ ਵਿਚ ਬਣਾਈ ਜਾਣ ਵਾਲੀ ਯਾਦਗਾਰ ਦਾ ਨੀਂਹ ਪੱਥਰ ਤੋੜ ਦਿੱਤੇ ਜਾਣ ਦੇ ਮਾਮਲੇ ਦੀ ਜਾਂਚ ਕਰ ਕੇ ਰਿਪੋਰਟ ਦੇਣ ਲਈ ਕਿਹਾ ਹੈ।

ਇਸ ਘਟਨਾ ਵਿਚ 32 ਸਿੱਖ ਮਾਰੇ ਗਏ ਸਨ। ਇਸ ਦੌਰਾਨ ਹੋਂਦ ਚਿੱਲੜ ਕਮੇਟੀ ਦੇ ਆਗੂਆਂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਯਾਦਗਾਰ ਬਣਾਉਣ ਲਈ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਪਿਛਲੇ ਸਾਲ ਰੱਖੇ ਨੀਂਹ ਪੱਥਰ ਨੂੰ ਤੋੜ ਦਿੱਤੇ ਜਾਣ ਦਾ ਮਾਮਲਾ ਉਠਾਇਆ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਨੀਂਹ ਪੱਥਰ ਵਾਲੀ ਥਾਂ ਬਾਰੇ 'ਸਟੇਟਸ ਕੋ' ਦੇ ਹੁਕਮ ਜਾਰੀ ਕੀਤੇ ਸਨ ਪਰ ਇਸ ਦੇ ਬਾਵਜੂਦ ਸ਼ਰਾਰਤੀ ਅਨਸਰਾਂ ਨੇ ਨੀਂਹ ਪੱਥਰ ਤੋੜ ਦਿਤਾ ਹੈ। ਉਨ੍ਹਾਂ ਮਾਮਲੇ ਦੀ ਜਾਂਚ ਕਰਵਾ ਕੇ ਦੋਸ਼ੀਆਂ ਖਿਲਾਫ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ।

ਉਨ੍ਹਾਂ ਦੱਸਿਆ ਕਿ ਇਸ ਉਤੇ ਜੱਜ ਨੇ ਕਾਰਵਾਈ ਕਰਦਿਆਂ ਜ਼ਿਲ੍ਹਾ ਪੁਲਿਸ ਮੁਖੀ, ਡਿਪਟੀ ਕਮਿਸ਼ਨਰ ਤੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਅਗਲੀ ਤਾਰੀਖ਼ ਨੂੰ ਜਵਾਬ ਦੇਣ ਲਈ ਕਿਹਾ ਹੈ। ਕੇਸ ਦੀ ਅਗਲੀ ਸੁਣਵਾਈ 19 ਫਰਵਰੀ ਨੂੰ ਹੋਣੀ ਹੈ। ਤਾਲਮੇਲ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਕੇਸ ਦੀ ਸੁਣਵਾਈ ਸਮੇਂ ਜੱਜ ਨੇ ਪੀੜਤਾਂ ਨੂੰ ਕਿਹਾ ਕਿ ਉਹ ਆਪਣੇ ਬਿਆਨ ਸਥਾਨਕ ਲੋਕਾਂ ਕੋਲੋਂ ਅਦਾਲਤ ਦੇ ਸਾਹਮਣੇ ਤਸਦੀਕ ਕਰਵਾਉਣ। ਗਵਾਹ ਅਦਾਲਤ ਵਿਚ ਆ ਕੇ ਇਕੱਲੇ ਇਕੱਲੇ ਘਰ ਵਿਚ ਉਸ ਸਮੇਂ ਰਹਿ ਰਹੇ ਪਰਿਵਾਰਕ ਮੈਂਬਰਾਂ, ਘਰਾਂ ਦੇ ਕੀਮਤੀ ਸਾਮਾਨ ਬਾਰੇ ਜਾਣਕਾਰੀ ਦੇਣ।

# ਐਚ-1 ਬੀ ਵੀਜ਼ੇ ਦਾ ਕੋਟਾ ਦੁੱਗਣਾ ਕਰਨ ਦੀ ਵਕਾਲਤ

**ਵਾਸ਼ਿੰਗਟਨ (ਬਿਊਰੋ):** ਅਵਾਸੀਆਂ ਦੇ ਹੱਕ ਵਿਚ ਨਿੱਤਰਦਿਆਂ ਅਮਰੀਕੀ ਸੈਨੇਟਰਾਂ ਨੇ ਸੈਨੇਟ ਵਿਚ ਨਵਾਂ ਬਿੱਲ ਪੇਸ਼ ਕੀਤਾ ਹੈ ਜਿਸ ਵਿਚ ਐਚ-1ਬੀ ਵੀਜ਼ਿਆਂ ਦਾ ਕੋਟਾ ਦੁੱਗਣਾ ਕਰਨ ਤੇ ਗਰੀਨ ਕਾਰਡ ਦੇ ਅਮਲ ਨੂੰ ਸੌਖਾ ਕਰਨ ਦਾ ਪ੍ਰਬੰਧ ਹੈ।

ਸੈਨੇਟਰ ਮਾਰਕੋ ਰੁਬਿਓ, ਓਰੀਨ ਹੱਚ, ਐਮੀ ਕਲੋਬਾਊਚਰ ਨੇ 'ਇਮੀਗਰੇਸ਼ਨ ਇਨੋਵੇਸ਼ਨ (12) ਐਕਟ ਆਫ 2013' ਪੇਸ਼ ਕੀਤਾ ਹੈ ਜਿਸ ਵਿਚ ਐਚ-1ਬੀ ਕੈਪ 65000 ਤੋਂ ਵਧਾ ਕੇ 1,15,000 ਕਰਨ ਤੇ ਬਾਜ਼ਾਰ ਆਧਾਰਤ ਐਚ-1ਬੀ ਪ੍ਰਬੰਧ ਕਾਇਮ ਕਰਨ ਦਾ ਪ੍ਰਸਤਾਵ ਹੈ।












# ਕਿਲਾ ਰਾਏਪੁਰ ਖੇਡਾਂ

ਫੋਟੋਆਂ: ਸਤਵਿੰਦਰ ਬਸਰਾ (ਲੁਧਿਆਣਾ), ਫੋਨ:91-98766-53143

## ਬੈਲਗੱਡੀਆਂ ਦੀਆਂ ਦੌੜਾਂ ਨੇ ਪਾਈ ਮੇਲੇ ਵਿਚ ਜਾਨ

**ਚੰਡੀਗੜ੍ਹ:** ਸੰਸਾਰ ਪ੍ਰਸਿੱਧ ਮਿੰਨੀ ਪੇਂਡੂ ਉਲੰਪਿਕਸ 77ਵੀਆਂ ਕਿਲ੍ਹਾ ਰਾਏਪੁਰ ਖੇਡਾਂ ਵਿਚ ਬੈਲਗੱਡੀਆਂ ਦੀਆਂ ਦੌੜਾਂ ਸ਼ੁਰੂ ਹੋਣ ਨਾਲ ਮੁੜ ਜਾਨ ਪੈ ਗਈ ਹੈ। ਪਿਛਲੇ ਸਾਲ ਸਰਕਾਰ ਵੱਲੋਂ ਬੈਲਗੱਡੀਆਂ ਦੀਆਂ ਦੌੜਾਂ 'ਤੇ ਪਾਬੰਦੀ ਲਾ ਦਿੱਤੀ ਗਈ ਸੀ ਪਰ ਖੇਡ ਪ੍ਰੇਮੀਆਂ ਦੇ ਵਿਰੋਧ ਕਾਰਨ ਇਹ ਫੈਸਲਾ ਵਾਪਸ ਲੈਣਾ ਪਿਆ। ਇਸ ਵਾਰ ਹੋਈਆਂ ਬੈਲਗੱਡੀਆਂ ਦੀਆਂ ਦੌੜਾਂ ਨੇ ਕਿਲ੍ਹਾ ਰਾਏਪੁਰ ਖੇਡਾਂ ਵਿਚ ਜਾਨ ਪਾ ਦਿੱਤੀ। ਕਿਲਾ ਰਾਏਪੁਰ ਦੀਆਂ ਖੇਡਾਂ ਰਵਾਇਤੀ ਤੌਰ 'ਤੇ ਬੈਲ ਗੱਡੀਆਂ ਦੀਆਂ ਦੌੜਾਂ ਲਈ ਵੱਖਰੀ ਪਛਾਣ ਰੱਖਦੀਆਂ ਹਨ। ਸਰਦ ਰੁੱਤ ਦੇ ਖਾਤਮੇ 'ਤੇ ਹੋਣ ਵਾਲੇ ਇਸ ਖੇਡ ਮੇਲੇ ਲਈ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਵੱਡੀ ਗਿਣਤੀ ਵਿਚ ਆਉਂਦੇ ਹਨ। ਸਾਰੇ ਪੰਜਾਬ ਦੇ ਖੇਡ ਪ੍ਰੇਮੀ ਇਨ੍ਹਾਂ ਖੇਡਾਂ ਲਈ ਕਈ ਮਹੀਨੇ ਪਹਿਲਾਂ ਹੀ ਤਿਆਰੀ ਸ਼ੁਰੂ ਕਰ ਦਿੰਦੇ ਹਨ। ਖਾਸ ਤੌਰ 'ਤੇ ਗੱਡੀਆਂ ਦੀਆਂ ਦੌੜਾਂ ਦੇ ਸ਼ੌਕੀਨ ਤਾਂ ਆਪਣੇ ਬਲਦਾਂ ਨੂੰ ਦੌੜਾਂ ਲਈ ਤਿਆਰ ਕਰਨ ਵਾਸਤੇ ਸਾਲ ਭਰ ਤਿਆਰੀਆਂ ਕਰਦੇ ਰਹਿੰਦੇ ਹਨ। ਸਿਰਫ ਕਿਲਾ ਰਾਏਪੁਰ ਦੀਆਂ ਖੇਡਾਂ ਹੀ ਨਹੀਂ ਸਗੋਂ ਸ਼ਾਇਦ ਹੀ ਪੰਜਾਬ ਦਾ ਕੋਈ ਖੇਡ ਮੇਲਾ ਹੋਵੇਗਾ ਜਿੱਥੇ ਬਲਦਾਂ ਦੀਆਂ ਦੌੜਾਂ ਨਾ ਹੋਣ ਸਗੋਂ ਕਈ ਖੇਡਾਂ ਤਾਂ ਸਿਰਫ ਬਲਦਾਂ ਦੀਆਂ ਦੌੜਾਂ ਲਈ ਹੀ ਕਰਵਾਈਆਂ ਜਾਂਦੀਆਂ ਹਨ।

ਪਿਛਲੇ ਸਾਲ ਕੇਂਦਰੀ ਪਸ਼ੂ ਭਲਾਈ ਬੋਰਡ ਵੱਲੋਂ ਕਿਲਾ ਰਾਏਪੁਰ ਦੀਆਂ ਖੇਡਾਂ ਸ਼ੁਰੂ ਹੋਣ ਮੌਕੇ ਪੰਜਾਬ ਦੇ ਮੁੱਖ ਸਕੱਤਰ ਨੂੰ ਬਕਾਇਦਾ ਪੱਤਰ ਲਿਖ ਕੇ ਕਿਹਾ ਸੀ ਕਿ ਖੇਡਾਂ ਵਿਚ ਬਲਦ ਗੱਡੀਆਂ ਦੀ ਦੌੜ ਰੋਕਣੀ ਯਕੀਨੀ ਬਣਾਈ ਜਾਵੇ। ਇਸ ਪੱਤਰ ਵਿਚ ਨੋਟੀਫਿਕੇਸ਼ਨ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਸੀ ਕਿ ਕੇਂਦਰ ਨੇ ਪਸ਼ੂਆਂ 'ਤੇ ਨਿਰਦਈਪੁਣਾ ਰੋਕਣ ਲਈ ਬਣੇ ਐਕਟ 1960 ਦੀ ਧਾਰਾ 22 ਤਹਿਤ ਜੁਲਾਈ, 2011 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਬਲਦਾਂ ਦੀਆਂ ਦੌੜਾਂ ਤੇ ਭਿੜਨ ਵਾਲੀਆਂ ਖੇਡਾਂ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਐਕਟ ਅਧੀਨ ਹੀ ਪਸ਼ੂ ਭਲਾਈ ਬੋਰਡ ਬਣਿਆ ਸੀ ਜਿਸ ਦੀ ਸਲਾਹ 'ਤੇ ਸਰਕਾਰ ਪਸ਼ੂਆਂ ਉੱਤੇ ਅੱਤਿਆਚਾਰ ਰੋਕਣ ਲਈ ਨੋਟੀਫਿਕੇਸ਼ਨ ਜਾਰੀ ਕਰਦੀ ਹੈ। ਇਸ ਬੋਰਡ ਨੇ ਵੇਖਣਾ ਹੁੰਦਾ ਹੈ ਕਿ ਪਸ਼ੂਆਂ ਨਾਲ ਖੇਡਾਂ ਜਾਂ ਦੌੜਾਂ ਵਿਚ ਕਿਹੋ ਜਿਹਾ ਵਤੀਰਾ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਬਹੁਤ ਮਾਮਲੇ ਬੋਰਡ ਦੇ ਫ਼ੈਸਲੇ 'ਤੇ ਨਿਰਭਰ ਕਰਦੇ ਹਨ। ਇਸ ਤੋਂ ਪਹਿਲਾਂ ਬੋਰਡ ਨੇ ਬਾਂਦਰ, ਰਿੱਛ ਤੇ ਸ਼ੇਰ ਜਾਤੀ ਦੀਆਂ ਵੱਖ-ਵੱਖ ਨਸਲਾਂ ਨੂੰ ਸਿਖਾਉਣ ਤੇ ਤਮਾਸ਼ੇ ਵਿਖਾਉਣ 'ਤੇ ਪਾਬੰਦੀ ਲਾ ਦਿੱਤੀ ਸੀ।

ਇਹ ਪਹਿਲੀ ਵਾਰ ਹੋਇਆ ਸੀ ਕਿ ਬਲਦ ਵੀ ਇਸ ਸ਼੍ਰੇਣੀ ਵਿਚ ਆ ਗਏ ਸਨ। ਇਸ ਤੋਂ ਪਹਿਲਾਂ ਦੱਖਣ ਵਿਚ ਬਲਦਾਂ ਦੇ ਭੇੜ ਕਰਵਾਏ ਜਾਂਦੇ ਸਨ ਤੇ ਉਨ੍ਹਾਂ ਭੇੜਾਂ ਵਿਚ ਜਾਨਵਰ ਬੁਰੀ ਤਰ੍ਹਾਂ ਲਹੂ ਲੁਹਾਣ ਹੋ ਜਾਂਦੇ ਸਨ। ਉਂਜ ਪੰਜਾਬ ਵਿਚ ਬਲਦਾਂ ਦੀਆਂ ਦੌੜਾਂ ਦਾ ਬਹੁਤ ਪੁਰਾਣਾ ਇਤਿਹਾਸ ਹੈ ਪਰ ਪਿਛਲੇ ਕਈ ਸਾਲਾਂ ਤੋਂ ਇਹ ਦੌੜਾਂ ਪਿੰਡਾਂ ਵਿਚ ਬਹੁਤ ਖਿੱਚ ਦਾ ਕੇਂਦਰ ਬਣ ਗਈਆਂ ਹਨ। ਇਨ੍ਹਾਂ ਦੌੜਾਂ ਵਾਲੇ ਬਲਦਾਂ ਨੂੰ ਦੇਸੀ ਘਿਉ ਤੇ ਹੋਰ ਕਈ ਤਰ੍ਹਾਂ ਦੀ ਖੁਰਾਕ ਖਵਾਉਂਦੇ ਹਨ। ਖਾਸ ਢੰਗ ਨਾਲ ਇਨ੍ਹਾਂ ਜਾਨਵਰਾਂ ਦੀ ਕਸਰਤ ਕਰਵਾਈ ਜਾਂਦੀ ਹੈ। ਜਿਹੜੇ ਬਲਦ ਖੇਡਾਂ ਵਿਚ ਨਾਮਣਾ ਖੱਟਦੇ ਹਨ, ਉਨ੍ਹਾਂ 'ਤੇ ਸ਼ਰਤਾਂ ਲੱਗਦੀਆਂ ਹਨ। ਇਸ ਬਾਰੇ ਕੋਈ ਦੋ ਰਾਏ ਨਹੀਂ ਹੈ ਕਿ ਬਲਦਾਂ ਦੇ ਸ਼ੌਕੀਨ ਉਨ੍ਹਾਂ ਦੀ ਪੁੱਤਾਂ ਨਾਲੋਂ ਵੱਧ ਸੇਵਾ ਕਰਦੇ ਹਨ। ਹੁਣ ਗੱਡੇ ਤੇ ਗੱਡੀਆਂ ਪੰਜਾਬ ਵਿਚੋਂ ਗਾਇਬ ਹੋਣ ਲੱਗੇ ਹਨ ਤੇ ਸਿਰਫ ਦੌੜਾਂ ਦੇ ਸ਼ੌਕੀਨ ਹੀ ਬਲਦਾਂ ਨੂੰ ਪਾਲਦੇ ਹਨ।

## ਖੇਡਾਂ ਦੇ ਦ੍ਰਿਸ਼



ਖਾਲਸਈ ਜਲੌਅ !



ਜ਼ੋਰ ਜਵਾਨੀ ਦਾ!



ਕਰਤੱਬ!



ਜੋਸ਼!



ਚੱਕ ਜਵਾਨਾ! ਬੋਰੀ ਚੁੱਕ ਰਿਹਾ ਇਕ ਗੱਭਰੂ।



ਨੱਚ ਬੱਲੀਏ!ਊਠਣੀ ਨਚਾ ਰਿਹਾ ਇਕ ਬਜ਼ੁਰਗ।



ਪਰਦੇਸੀ ਰੰਗ! ਮੇਲਾ ਦੇਖਣ ਆਇਆ ਵਿਦੇਸ਼ੀ ਟੱਬਰ ਨਿਹੰਗ ਸਿੰਘਾਂ ਨਾਲ।

## ਮੁਕੰਦਪੁਰ ਅਕੈਡਮੀ ਨੇ ਜਿੱਤਿਆ ਸੌ ਤੋਲੇ ਦਾ ਸੋਨੇ ਦਾ ਕੱਪ

**ਡੇਹਲੋਂ:** ਇਨ੍ਹਾਂ ਖੇਡਾਂ ਵਿਚ ਭਗਵੰਤ ਯਾਦਗਾਰੀ ਸੌ ਤੋਲੇ ਸੋਨੇ ਦੇ ਕੱਪ ਲਈ ਹਾਕੀ ਮੁਕਾਬਲੇ, ਕਬੱਡੀ ਓਪਨ, ਬੈਲ ਗੱਡੀਆਂ ਦੀਆਂ ਦੌੜਾਂ, ਘੋੜ ਸਵਾਰੀ, ਟਰੈਕਟਰ ਦੌੜਾਂ, ਟਰਾਲੀ ਦੀ ਲਦਾਈ ਤੇ ਲੁਹਾਈ, ਮੋਟਰਸਾਈਕਲਾਂ ਦੇ ਕਰਤੱਬ, ਕੁੱਤਿਆਂ ਦੀਆਂ ਦੌੜਾਂ, ਗਿੱਧਾ, ਭੰਗੜਾ, ਐਥਲੈਟਿਕਸ, ਸਾਈਕਲ ਦੌੜ, ਵਿਰਾਸਤੀ, ਸੱਭਿਆਚਾਰਕ ਤੇ ਅਧੁਨਿਕ ਖੇਡਾਂ ਦੇ ਮੁਕਾਬਲੇ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਕੈਬਨਿਟ ਮੰਤਰੀ ਸਰਵਣ ਸਿੰਘ ਫ਼ਿਲੌਰ ਨੇ ਸੱਭਿਆਚਾਰਕ ਵਿਭਾਗ ਵੱਲੋਂ ਦਿੱਤੇ ਜਾਣ ਵਾਲੇ 25 ਲੱਖ ਰੁਪਏ ਜਲਦ ਭੇਜਣ ਦਾ ਐਲਾਨ ਕੀਤਾ ਜਦੋਂਕਿ ਖ਼ਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਪੰਜ ਲੱਖ ਦੇਣ ਦਾ ਐਲਾਨ ਕੀਤਾ। ਕਿਲ੍ਹਾ ਰਾਏਪੁਰ ਮਿੰਨੀ ਉਲੰਪਿਕਸ ਵਿਚ ਖਿੱਚ ਦੇ ਕੇਂਦਰ ਬੈਲਗੱਡੀਆਂ ਦੇ ਫ਼ਾਈਨਲ ਹੀਟ ਮੁਕਾਬਲੇ ਵਿਚੋਂ ਸੁੱਖ ਨਾਗਰਾ, ਗੋਲੂ ਜੋਧਾਂ ਦੀ ਬੈਲਗੱਡੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਭਗਵੰਤ ਯਾਦਗਾਰੀ ਸੌ ਤੋਲੇ ਦੇ ਹਾਕੀ ਕੱਪ ਦੌਰਾਨ ਮੁਕੰਦਪੁਰ ਤੇ ਹਾਂਸ ਕਲਾਂ ਦੀਆਂ ਟੀਮਾਂ ਦਰਮਿਆਨਮੁਕਾਬਲਾ ਹੋਇਆ ਜਿਨ੍ਹਾਂ ਵਿਚ ਪਹਿਲੇ ਤੈਅ ਸਮੇਂ ਵਿਚ 1-1 ਗੋਲਾਂ ਦੀ ਬਰਾਬਰੀ ਰਹੀ ਪਰ ਮੁਕੰਦਪੁਰ ਅਕੈਡਮੀ ਨੇ ਹਾਂਸ ਕਲਾਂ ਕਲੱਬ ਨੂੰ ਟਾਈ ਬਰੇਕਰ ਦੌਰਾਨ 9-8 ਗੋਲਾਂ ਦੇ ਨਾਲ ਹਰਾ ਕੇ ਸੌ ਤੋਲੇ ਸੋਨੇ ਦੇ ਹਾਕੀ ਕੱਪ 'ਤੇ ਕਬਜ਼ਾ ਕੀਤਾ। ਅੰਡਰ 17 ਸਾਲ ਲੜਕਿਆਂ ਦੇ ਫ਼ਾਈਨਲ ਮੁਕਾਬਲੇ ਦੌਰਾਨ ਜਰਖ਼ੜ ਅਕੈਡਮੀ ਨੇ ਕਿਲ੍ਹਾ ਰਾਏਪੁਰ ਨੂੰ 9-8 ਗੋਲਾਂ ਹਰਾਕੇ ਟਰਾਫ਼ੀ ਅਪਣੇ ਨਾਂ ਕਰਵਾਈ। ਲੜਕੀਆਂ ਦੇ ਹਾਕੀ ਮੁਕਾਬਲੇ ਵਿਚੋਂ ਬਠਿੰਡਾ ਨੇ ਕੈਰੋ ਕਲੱਬ ਦੀ ਟੀਮ ਨੂੰ 9-6 ਦੇ ਹਰਾ ਕੇ ਟਰਾਫ਼ੀ 'ਤੇ ਕਬਜ਼ਾ ਕੀਤਾ। ਟਰਾਲੀ ਦੀ ਲਦਾਈ ਤੇ ਲੁਹਾਈ ਮੁਕਾਬਲੇ ਵਿਚੋਂ ਗੁਰਦੀਪ ਸਿੰਘ ਰਾਏਕੋਟ ਐਫ.ਸੀ.ਆਈ. ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਬੱਡੀ ਓਪਨ ਦੇ ਫ਼ਾਈਨਲ ਮੁਕਾਬਲੇ ਦੌਰਾਨ ਬੁਰਜ ਹਰੀ ਸਿੰਘ ਦੀ ਟੀਮ ਨੇ ਮਲਕ ਨੂੰ 25-9 ਅੰਕਾਂ ਨਾਲ ਹਰਾ ਕੇ ਗਰੇਵਾਲ ਸਪੋਰਟਸ ਟਰਾਫ਼ੀ 'ਤੇ ਕਬਜ਼ਾ ਕੀਤਾ।

## ਇਉਂ ਤੁਰਿਆ ਖੇਡਾਂ ਦਾ ਇਤਿਹਾਸ

**ਚੰਡੀਗੜ੍ਹ:** ਕਿਲਾ ਰਾਏਪੁਰ ਦਾ ਪੇਂਡੂ ਖੇਡ ਮੇਲਾ ਪੰਜਾਬ ਦੇ ਪੇਂਡੂ ਉਲੰਪਿਕਸ ਦੇ ਨਾਂ ਨਾਲ ਮਸ਼ਹੂਰ ਹੈ। ਇਹ ਸਭ ਤੋਂ ਵੱਡਾ ਪੇਂਡੂ ਖੇਡ ਮੇਲਾ ਹੈ। ਇਸ ਵਰ੍ਹੇ ਦਾ ਇਹ 76ਵਾਂ ਖੇਡ ਮੇਲਾ 9 ਤੋਂ 12 ਫਰਵਰੀ ਤੱਕ ਗਰੇਵਾਲਾਂ ਦੀ ਤੀਜੀ ਪੀੜੀ ਵੱਲੋਂ ਕਰਵਾਇਆ ਗਿਆ। ਇਨ੍ਹਾਂ ਖੇਡਾਂ ਦਾ ਆਰੰਭ 1933 ਵਿੱਚ ਕਿਲਾ ਰਾਏਪੁਰ ਦੇ ਮੋਢੀਆਂ ਨੇ ਰਲ ਕੇ ਕੀਤਾ। ਉਨ੍ਹਾਂ ਗਰੇਵਾਲ ਸਪੋਰਟਸ ਐਸੋਸੀਏਸ਼ਨ ਦਾ ਗਠਨ ਕੀਤਾ ਜਿਸ ਦੇ ਮੋਢੀ ਇੰਦਰ ਸਿੰਘ ਗਰੇਵਾਲ ਨੂੰ ਥਾਪਿਆ ਗਿਆ। ਹਿੰਦ-ਪਾਕਿ ਦੀ ਵੰਡ ਤੱਕ ਗਰੇਵਾਲ ਇਸ ਐਸੋਸੀਏਸ਼ਨ ਦੇ ਪ੍ਰਧਾਨ ਰਹੇ।



ਵੰਡ ਹੋਣ ਤੋਂ ਪਹਿਲਾਂ ਇਸ ਖੇਡ ਮੇਲੇ 'ਚ ਲਾਹੌਰ ਦੀ ਕਬੱਡੀ ਟੀਮ ਵੀ ਹਿੱਸਾ ਲਿਆ ਕਰਦੀ ਸੀ। ਭਾਰਤ-ਪਾਕਿ ਵੰਡ ਪਿੱਛੋਂ ਇਸ ਮੇਲੇ 'ਚ ਆਧੁਨਿਕ ਖੇਡਾਂ ਅਥਲੈਟਿਕਸ, ਹਾਕੀ, ਵਾਲੀਬਾਲ ਤੇ ਜਿਮਨਾਸਟਿਕ ਨੂੰ ਵੀ ਸ਼ਾਮਲ ਕੀਤਾ ਗਿਆ।

1955 ਵਿਚ ਗੁਆਂਢੀ ਪਿੰਡ ਦੇ ਧਨਾਢ ਵਪਾਰੀ ਪ੍ਰਹਿਲਾਦ ਸਿੰਘ ਨੇ ਆਪਣੇ ਪੁੱਤਰ ਭਗਵੰਤ ਸਿੰਘ ਦੀ ਯਾਦ ਵਿਚ 100 ਤੋਲੇ ਦਾ ਸ਼ੁੱਧ ਸੋਨੇ ਦਾ ਕੱਪ ਬਣਾ ਕੇ ਇਸ ਐਸੋਸੀਏਸ਼ਨ ਨੂੰ ਦਿੱਤਾ ਜੋ ਹਾਕੀ ਮੁਕਾਬਲਿਆਂ ਲਈ ਰੱਖਿਆ ਗਿਆ। ਸਾਲ 1964 ਵਿੱਚ ਗਰੇਵਾਲ ਸਪੋਰਟਸ ਐਸੋਸੀਏਸ਼ਨ ਦਾ ਕਾਰਜ ਕੌਮੀ ਪੱਧਰ ਦੇ ਖਿਡਾਰੀ ਹਰਭਜਨ ਸਿੰਘ ਤੇ ਦਲਜੀਤ ਸਿੰਘ ਨੂੰ ਸੌਂਪਿਆ ਗਿਆ। ਇਸੇ ਸਦਕਾ 1977 ਦੇ ਖੇਡ ਮੇਲੇ 'ਚ ਖੇਡ ਪ੍ਰੇਮੀਆਂ ਦੀ ਗਿਣਤੀ ਤਿੰਨ ਲੱਖ ਤੋਂ ਉਪਰ ਪਹੁੰਚੀ। ਇਸ ਖੇਡ ਮੇਲੇ 'ਚ ਰਵਾਇਤੀ ਤੇ ਨਵੀਨ ਖੇਡਾਂ ਦਾ ਖੂਬਸੂਰਤ ਸੁਮੇਲ ਹੁੰਦਾ ਹੈ।

# ਪੰਜਾਬੀ ਗੀਤਕਾਰ ਮੰਚ ਵਲੋਂ ਆਜ਼ਾਦ ਜਲੰਧਰੀ ਨੂੰ ਗੁਰਦਾਸ ਰਾਮ ਆਲਮ ਐਵਾਰਡ




*ਜਨਾਬ ਆਜ਼ਾਦ ਜਲੰਧਰੀ ਸਨਮਾਨ ਹਾਸਲ ਕਰਦੇ ਹੋਏ*

**ਫਰੀਮਾਂਟ, ਕੈਲੀਫੋਰਨੀਆ (ਬਿਊਰੋ):** ਪੰਜਾਬੀ ਗੀਤਕਾਰਾਂ ਦੀ ਜਥੇਬੰਦੀ ਪੰਜਾਬੀ ਗੀਤਕਾਰ ਮੰਚ, ਕੈਲੀਫੋਰਨੀਆ ਵਲੋਂ ਆਪਣਾ ਪਲੇਠਾ ਗੁਰਦਾਸ ਰਾਮ ਆਲਮ ਐਵਾਰਡ ਉਘੇ ਪੰਜਾਬੀ ਸ਼ਾਇਰ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਨੂੰ ਦੇ ਕੇ ਸਨਮਾਨਤ ਕੀਤਾ ਗਿਆ। ਇਹ ਪੁਰਸਕਾਰ ਉਨ੍ਹਾਂ ਨੂੰ 27 ਜਨਵਰੀ ਨੂੰ ਇਥੇ ਇੰਡੀਆ ਕਿਚਨ ਰੈਸਟੋਰੈਂਟ ਵਿਚ ਕੀਤੇ ਗਏ ਇਕ ਵਿਸ਼ੇਸ਼ ਸਮਾਗਮ ਦੌਰਾਨ ਦਿੱਤਾ ਗਿਆ।

ਮੰਚ ਸੰਚਾਲਨ ਕਰਦਿਆਂ ਪੰਜਾਬੀ ਗੀਤਕਾਰ ਮੰਚ ਦੇ ਪ੍ਰਧਾਨ ਮੱਖਣ ਲੁਹਾਰ ਨੇ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਣ ਲਈ ਜਨਾਬ ਆਜ਼ਾਦ ਜਲੰਧਰੀ, ਚਰਨ ਸਿੰਘ ਮੱਲ੍ਹਣ, ਤਰਲੋਚਨ ਸਿੰਘ ਦੁਪਾਲਪੁਰ, ਈਸ਼ਰ ਸਿੰਘ ਮੋਮਨ ਅਤੇ ਦਲਵੀਰ ਦਿਲ ਨਿੱਜਰ ਨੂੰ ਸੱਦਾ ਦਿੱਤਾ। ਸ੍ਰੀ ਮੱਖਣ ਲੁਹਾਰ ਨੇ ਕਿਹਾ ਕਿ ਜਨਾਬ ਜਲੰਧਰੀ ਨੇ ਜਿੱਥੇ ਮਿਆਰੀ ਗੀਤ ਲਿਖੇ ਹਨ ਉਥੇ ਗਜ਼ਲ ਵੀ ਖੂਬ ਨਿਭਾਈ ਹੈ। ਪੰਜਾਬੀ ਗੀਤਕਾਰ ਮੰਚ ਦੇ ਜਨਰਲ ਸਕੱਤਰ ਸ੍ਰੀ ਬਿੱਕਰ ਐਸ਼ੀ ਕੰਮੇਆਣਾ ਨੇ ਇਸ ਮੌਕੇ ਬੋਲਦਿਆਂ ਸਹਿਯੋਗ ਲਈ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ, ਸੈਕਰਾਮੈਂਟੋ, ਬੇਏਰੀਆ ਅਤੇ ਵਿਪਸਾਅ ਆਦਿ ਸਾਹਿਤਕ ਜਥੇਬੰਦੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕਲਮਕਾਰਾਂ ਨੂੰ ਸਾਹਿਤ ਰਚਨਾ ਵੇਲੇ ਮਿਆਰ, ਮਾਨਵਤਾ ਅਤੇ ਇਨਸਾਨੀਅਤ ਦਾ ਪੱਲਾ ਨਹੀਂ ਛੱਡਣਾ ਚਾਹੀਦਾ।



ਸਮਾਗਮ ਨੂੰ ਸੰਬੋਧਨ ਕਰਦਿਆਂ ਜਨਾਬ ਆਜ਼ਾਦ ਜਲੰਧਰੀ ਨੇ ਆਪਣੇ ਲੰਮੇ ਸਾਹਿਤਕ ਸਫਰ ਦੀ ਵਾਰਤਾ ਸੁਣਾਈ ਅਤੇ ਸਰੋਤਿਆਂ ਨੂੰ ਆਪਣੇ ਖੂਬਸੂਰਤ ਸ਼ੇਅਰਾਂ ਨਾਲ ਨਿਵਾਜਿਆ। ਉਨ੍ਹਾਂ ਨਵਦੀਪ ਪੰਨੂ, ਰਾਠੇਸ਼ਵਰ ਸੂਰਾਪੁਰੀ, ਅਜੀਤ ਰਾਮ ਬੰਗੜ, ਨੀਲਮ ਸੈਣੀ, ਜੀਵਨ ਰੱਤੂ, ਕੁਲਦੀਪ ਸਿੰਘ ਢੀਂਡਸਾ, ਤਾਰਾ ਸਿੰਘ ਸਾਗਰ ਅਤੇ ਹੋਰ ਸਰੋਤਿਆਂ ਦੇ ਸਵਾਲਾਂ ਦੇ ਬੜੇ ਢੁਕਵੇਂ ਜਵਾਬ ਦਿੱਤੇ। ਜਗਤਾਰ ਗਿੱਲ, ਆਸ਼ਾ ਸ਼ਰਮਾ, ਅਮਰੀਕ ਲਾਖਾ ਅਤੇ ਪ੍ਰੇਮ ਕੁਮਾਰ ਚੁੰਬਰ ਨੇ ਵੀ ਆਜ਼ਾਦ ਜਲੰਧਰੀ ਦੀ ਸ਼ਾਇਰੀ ਬਾਰੇ ਆਪਣੇ ਵਿਚਾਰ ਪ੍ਰਗਟਾਏ।

ਇਸ ਸਮਾਗਮ ਦੌਰਾਨ ਗੁਰਦੇਵ ਘਣਗਸ ਦੀ ਪੁਸਤਕ 'ਸੱਤਰ ਦੇ ਲਾਗ' ਅਤੇ ਅਮਰੀਕ ਹਮਰਾਜ ਦੀ ਪੁਸਤਕ 'ਸੋਹਣੀ ਦੀ ਨਣਾਨ ਹੀਰ ਦਾ ਚਾਚਾ' ਦੀ ਘੁੰਡ ਚੁਕਾਈ ਕੀਤੀ ਗਈ। ਇਸ ਮੌਕੇ ਹਾਜ਼ਰ ਸ਼ਾਇਰਾਂ ਤੇ ਲੇਖਕਾਂ ਨੇ ਆਪੋ-ਆਪਣੀਆਂ ਰਚਨਾਵਾਂ ਸਰੋਤਿਆਂ ਦੀ ਨਜ਼ਰ ਕੀਤੀਆਂ। ਉਘੇ ਕਲਮਕਾਰਾਂ ਤੇ ਸਰੋਤਿਆਂ ਵਿਚ ਪਲਵਿੰਦਰ ਮਾਹੀ, ਹਰਬੰਸ ਜਗਿਆਸੂ, ਕਮਲ ਬੰਗਾ, ਕੇਵਲ ਕ੍ਰਿਸ਼ਨ ਬੋਲੀਨਾ, ਚਰਨਜੀਤ ਸਿੰਘ ਪੰਨੂ, ਬਲਬੀਰ ਸ਼ੀਮਾਰ, ਦਿਲਾਵਰ ਚਾਹਲ, ਮੇਜਰ ਭੁਪਿੰਦਰ ਦਲੇਰ, ਸੁਰਿੰਦਰ ਸੀਰਤ, ਹਰਭਜਨ ਢਿੱਲੋਂ, ਦਲਜੀਤ ਸੂਦ, ਅਮਰ ਵਾਕਾਵਿਲ, ਮਹਿੰਦਰ ਘੱਗ, ਅਮਰਜੀਤ ਜੌਹਲ, ਅਮਰੀਕ ਜੌਹਲ, ਕਸ਼ਮੀਰ ਹੀਰਾ, ਰਮੇਸ਼ ਬੰਗੜ, ਗੁਰਮੀਤ ਬਰਸਾਲ, ਪ੍ਰੋ. ਸੁਰਜੀਤ ਨਨੂਆ, ਜਗਮੋਹਨ ਸਿੰਘ, ਹੈਰੀ ਸਿੰਘ, ਅਜੈ ਕੁਮਾਰ ਚਿੱਟੀ, ਹਰਬੰਸ ਲਾਲ, ਮੋਹਨ ਲਾਲ, ਸੰਤ ਰਾਮ, ਅਮਰ ਦੜੌਚ, ਮਨਜੀਤ ਰੱਲ੍ਹ, ਮਾਣਕ ਜੇ ਸਿੰਘ, ਰਾਮ ਲਾਲ ਰੱਤੂ, ਓਮ ਪ੍ਰਕਾਸ਼ ਕਮਲ, ਜੋਤੀ ਸਿੰਘ, ਜਸਵੀਰ ਚਾਹਲ ਅਤੇ ਮਨਿੰਦਰ ਲਾਲੀ ਸ਼ਾਮਲ ਸਨ। ਬਲਬੀਰ ਖਿੰਦ ਨੇ ਵਧੀਆ ਸਾਊਂਡ ਸਿਸਟਮ ਦੇ ਕੇ ਪ੍ਰੋਗਰਾਮ ਨੂੰ ਖੂਬਸੂਰਤ ਬਣਾਇਆ।

# ਸੱਜਣ ਕੁਮਾਰ ਖ਼ਿਲਾਫ਼ ਕੇਸ ਦੀ ਜਿਰ੍ਹਾ ਮੁਕੰਮਲ

**ਨਵੀਂ ਦਿੱਲੀ:** ਕਾਂਗਰਸ ਆਗੂ ਸੱਜਣ ਕੁਮਾਰ ਤੇ ਪੰਜ ਹੋਰ ਵਿਅਕਤੀਆਂ ਵਿਰੁਧ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦੇ ਕੇਸ ਦੀ ਜਿਰ੍ਹਾ ਦੀ ਕਾਰਵਾਈ ਪੂਰੀ ਹੋ ਗਈ ਹੈ। ਇਸ ਦੌਰਾਨ ਮੁਲਜ਼ਮਾਂ ਨੇ ਸ਼ਿਕਾਇਤਕਰਤਾ ਅਤੇ ਮੁੱਖ ਗਵਾਹਾਂ ਦੇ ਵਿਚਾਰ ਬਾਰੇ ਕਿੰਤੂ ਕੀਤੇ ਤੇ ਉਨ੍ਹਾਂ 'ਤੇ ਵਾਰ-ਵਾਰ ਆਪਣਾ ਸਟੈਂਡ ਬਦਲਣ ਦੇ ਦੋਸ਼ ਲਾਏ। ਸੀ ਬੀ ਆਈ ਨੇ ਪਿਛਲੇ ਸਾਲ 31 ਮਾਰਚ ਨੂੰ ਕੇਸ ਵਿਚ ਅੰਤਿਮ ਜਿਰ੍ਹਾ ਦੀ ਕਾਰਵਾਈ ਸ਼ੁਰੂ ਕੀਤੀ ਸੀ।

ਦਿੱਲੀ ਹਾਈ ਕੋਰਟ ਨੇ ਫਰਵਰੀ 2010 ਵਿਚ 1984 ਵਿਚ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਹੋਏ ਸਿੱਖ ਕਤਲੇਆਮ ਦੇ ਸਾਰੇ ਬਕਾਇਆ ਕੇਸਾਂ ਦੇ ਤੇਜ਼ੀ ਨਾਲ ਨਿਬੇੜੇ ਦੇ ਹੁਕਮ ਦਿੱਤੇ ਸਨ। ਹਾਈ ਕੋਰਟ ਨੇ ਇਹ ਵੀ ਆਖਿਆ ਸੀ ਕਿ ਇਨ੍ਹਾਂ ਕੇਸਾਂ ਦੀ ਹੇਠਲੀਆਂ ਅਦਾਲਤਾਂ ਵਿਚ ਕਾਰਵਾਈ ਛੇ ਮਹੀਨਿਆਂ ਵਿਚ ਪੂਰੀ ਕੀਤੀ ਜਾਵੇ। ਸੱਜਣ ਕੁਮਾਰ ਅਤੇ ਹੋਰ ਮੁਲਜ਼ਮਾਂ ਦੀ ਤਰਫੋਂ ਪੇਸ਼ ਹੋਏ ਐਡਵੋਕੇਟ ਅਨਿਲ ਸ਼ਰਮਾ ਨੇ ਜ਼ਿਲ੍ਹਾ ਜੱਜ ਜੇ ਆਰ ਆਰੀਅਨ ਨੂੰ ਦੱਸਿਆ ਕਿ ਇਹ ਕੇਸ ਤੱਥਾਂ 'ਤੇ ਆਧਾਰਤ ਨਾ ਹੋਣ ਕਰਕੇ ਇਹ ਕਾਨੂੰਨੀ ਨਜ਼ਰ ਤੋਂ ਟਿਕਾਊ ਵੀ ਨਹੀਂ ਹੈ।





M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

The Anu Attorney Immigration Law Firm
Law offices of Anu Peshawaria



*Anu Peshawaria*
*Attorney at Law*

*More than 25 years of experienced *Internationally Awarded-Extraordinary ability
*Served as Legal Advisor to Govt. of India, Embassy of India, Washington, DC

*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation and Filing

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਭਾਰਤ ਸਰਕਾਰ ਨੇ ਕੱਢੀ ਲੋਕਪਾਲ ਬਿੱਲ ਦੀ ਜਾਨ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਸੋਧੇ ਹੋਏ ਲੋਕਪਾਲ ਬਿੱਲ ਨੂੰ ਹਰੀ ਝੰਡੀ ਦਿਖਾ ਦਿੱਤੀ ਹੈ ਜਿਸ ਨਾਲ ਪਾਰਲੀਮੈਂਟ ਵਿਚ ਇਸ ਬਾਰੇ ਬਹਿਸ ਹੋਣ ਦਾ ਰਾਹ ਸਾਫ਼ ਹੋ ਗਿਆ ਹੈ ਪਰ ਸਰਕਾਰ ਨੇ ਸੋਧਾਂ ਨਾਲ ਅਸਲ ਲੋਕਪਾਲ ਬਿੱਲ ਦੀ ਜਾਨ ਕੱਢ ਦਿੱਤੀ ਹੈ। ਨਵੇਂ ਬਿੱਲ ਵਿਚ ਕੇਂਦਰ ਸਰਕਾਰ ਨੂੰ ਸੂਬਿਆਂ ਵਿਚ ਲੋਕਾਯੁਕਤ ਕਾਇਮ ਕਰਨ ਤੋਂ ਵੱਖ ਕਰ ਦਿੱਤਾ ਗਿਆ ਹੈ। ਸੋਧੇ ਹੋਏ ਲੋਕਪਾਲ ਬਿੱਲ ਵਿਚ ਰਾਜ ਸਭਾ ਦੀ ਸਿਲੈਕਟ ਕਮੇਟੀ ਵੱਲੋਂ ਸੁਝਾਈਆਂ ਕਈ ਸਿਫ਼ਾਰਸ਼ਾਂ ਸ਼ਾਮਲ ਕੀਤੀਆਂ ਗਈਆਂ ਹਨ ਜਿਨ੍ਹਾਂ ਕੇਂਦਰੀ ਵਿਜੀਲੈਂਸ ਕਮਿਸ਼ਨਰ ਵੱਲੋਂ ਇਸਤਗਾਸਾ ਡਾਇਰੈਕਟਰ ਦੀ ਨਿਯੁਕਤੀ ਬਾਰੇ ਸਿਫ਼ਾਰਸ਼ ਵੀ ਸ਼ਾਮਲ ਹੈ।

ਉਂਜ, ਸਰਕਾਰ ਨੇ ਕਮੇਟੀ ਦੀ ਅਹਿਮ ਸਿਫ਼ਾਰਸ਼ ਮਨਜ਼ੂਰ ਨਹੀਂ ਕੀਤੀ ਜਿਸ ਵਿਚ ਕਿਹਾ ਗਿਆ ਸੀ ਕਿ ਲੋਕਪਾਲ ਕੋਲ ਜਿਸ ਕਿਸੇ ਅਫ਼ਸਰ ਖ਼ਿਲਾਫ਼ ਜਾਂਚ ਚੱਲ ਰਹੀ ਹੋਵੇ, ਉਸ ਦਾ ਪੱਖ ਮੁੱਢਲੇ ਪੜਾਅ 'ਤੇ ਹੀ ਨਹੀਂ ਸੁਣਿਆ ਜਾਣਾ ਚਾਹੀਦਾ। ਸਿਲੈਕਟ ਕਮੇਟੀ ਨੇ ਲੋਕਾਯੁਕਤਾਂ ਦੀ ਕਾਇਮੀ ਨੂੰ ਲੋਕਪਾਲ ਬਿੱਲ ਤੋਂ ਨਿਖੇੜਨ ਦੀ ਸਿਫ਼ਾਰਸ਼ ਕੀਤੀ ਸੀ। ਉਂਜ, ਇਸ ਨੁਕਤੇ ਉੱਤੇ ਸਿਆਸੀ ਪਾਰਟੀਆਂ ਦਰਮਿਆਨ ਗਹਿਰੇ ਮਤਭੇਦ ਸਨ। ਸਿਲੈਕਟ ਕਮੇਟੀ ਨੇ ਲੋਕਪਾਲ ਬਿੱਲ ਲਈ 16 ਸਿਫ਼ਾਰਸ਼ਾਂ ਕੀਤੀਆਂ ਸਨ ਜਿਨ੍ਹਾਂ ਵਿਚੋਂ 14 ਨੂੰ ਸਰਕਾਰ ਨੇ ਸਵੀਕਾਰ ਕਰ ਲਿਆ ਹੈ।

ਜਾਂਚ ਦਾ ਸਾਹਮਣਾ ਕਰ ਰਹੇ ਅਫ਼ਸਰ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦੇਣ ਦੇ ਸਵਾਲ 'ਤੇ ਸਰਕਾਰ ਨੇ ਮਹਿਸੂਸ ਕੀਤਾ ਕਿ ਇਸ ਤਰ੍ਹਾਂ ਦੀ ਸੁਰੱਖਿਆ ਜ਼ਰੂਰੀ ਹੈ। ਸਰਕਾਰੀ ਸੋਧਾਂ ਨੂੰ ਮਨਜ਼ੂਰੀ ਦੇਣ ਲਈ ਰਾਜ ਸਭਾ ਵੱਲੋਂ ਬਜਟ ਸੈਸ਼ਨ ਦੌਰਾਨ ਬਿੱਲ 'ਤੇ ਨਵੇਂ ਸਿਰਿਓਂ ਵਿਚਾਰ ਕਰਨ ਦਾ ਰਾਹ ਸਾਫ਼ ਹੋ ਗਿਆ ਹੈ। ਬਜਟ ਸੈਸ਼ਨ ਫਰਵਰੀ ਦੇ ਅਖ਼ੀਰ ਵਿਚ ਸ਼ੁਰੂ ਹੋਵੇਗਾ। ਉਤਲੇ ਸਦਨ ਤੋਂ ਹਰੀ ਝੰਡੀ ਮਿਲਣ ਮਗਰੋਂ ਸੋਧਿਆ ਲੋਕਪਾਲ ਬਿੱਲ ਇਕ ਵਾਰ ਫਿਰ ਲੋਕ ਸਭਾ ਵਿਚ ਜਾਵੇਗਾ ਜਿੱਥੋਂ ਇਹ ਪਹਿਲਾਂ ਪਾਸ ਹੋ ਗਿਆ ਸੀ।

ਬਿੱਲ ਵਿਚ ਵਿਵਸਥਾ ਕੀਤੀ ਗਈ ਹੈ ਕਿ ਸੀਬੀਆਈ ਡਾਇਰੈਕਟਰ ਦੀ ਨਿਯੁਕਤੀ ਪ੍ਰਧਾਨ ਮੰਤਰੀ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਤੇ ਭਾਰਤ ਦੇ ਚੀਫ਼ ਜਸਟਿਸ 'ਤੇ ਆਧਾਰਤ ਤਿੰਨ ਮੈਂਬਰੀ ਮੰਡਲ ਰਾਹੀਂ ਕੀਤੀ ਜਾਵੇ। ਸਿਲੈਕਟ ਕਮੇਟੀ ਨੇ ਇਹ ਵੀ ਸਿਫ਼ਾਰਸ਼ ਕੀਤੀ ਸੀ ਕਿ ਕਿਸੇ ਕੇਸ ਦੀ ਤਫ਼ਤੀਸ਼ ਕਰ ਰਹੇ ਕਿਸੇ ਸੀਬੀਆਈ ਅਫ਼ਸਰ ਨੂੰ ਤਬਦੀਲ ਕਰਨ ਲਈ ਲੋਕਪਾਲ ਤੋਂ ਅਗਾਊਂ ਪ੍ਰਵਾਨਗੀ ਜ਼ਰੂਰੀ ਹੋਵੇਗੀ। ਸੂਤਰਾਂ ਮੁਤਾਬਕ ਕੈਬਨਿਟ ਨੇ ਇਸ ਬਾਰੇ ਸੋਧ ਸੁਝਾਈ ਹੈ ਕਿ ਕਿਸੇ ਅਫ਼ਸਰ ਨੂੰ ਤਬਦੀਲ ਕਰਨ ਦਾ ਹੱਕ ਸਿਰਫ ਸਰਕਾਰ ਤੇ ਸੀਬੀਆਈ ਮੁਖੀ ਕੋਲ ਹੀ ਰਹੇਗਾ ਕਿਉਂਕਿ ਇਹ ਇਕ ਪ੍ਰਸ਼ਾਸਕੀ ਮਾਮਲਾ ਹੈ।

ਸਿਲੈਕਟ ਕਮੇਟੀ ਦੀ ਰਿਪੋਰਟ ਵਿਚ ਕੈਬਨਿਟ ਵੱਲੋਂ ਇਕ ਹੋਰ ਸੋਧ ਇਹ ਕੀਤੀ ਗਈ ਹੈ ਕਿ ਸਰਕਾਰੀ ਸਹਾਇਤਾ (ਫੰਡ ਨਹੀਂ) ਹਾਸਲ ਕਰਨ ਵਾਲੀਆਂ ਸੁਸਾਇਟੀਆਂ ਤੇ ਟਰੱਸਟਾਂ ਨੂੰ ਲੋਕਪਾਲ ਦੇ ਦਾਇਰੇ 'ਚੋਂ ਬਾਹਰ ਰੱਖਿਆ ਜਾਵੇ ਪਰ ਜਿਹੜੀਆਂ ਸੰਸਥਾਵਾਂ ਨੂੰ ਆਪਣੇ ਫੰਡਾਂ ਦਾ ਚੋਖਾ ਹਿੱਸਾ ਸਰਕਾਰ ਤੋਂ ਮਿਲਦਾ ਹੈ, ਉਹ ਲੋਕਪਾਲ ਦੇ ਦਾਇਰੇ ਵਿਚ ਹੋਣਗੀਆਂ।

ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਸਰਕਾਰ ਨੂੰ ਸੰਸਦੀ ਨੇਮਾਂ ਤਹਿਤ ਲੋਕਪਾਲ ਬਿੱਲ ਵਿਚ ਸਿਲੈਕਟ ਕਮੇਟੀ ਵੱਲੋਂ ਕੀਤੀਆਂ ਸੋਧਾਂ ਨੂੰ ਪ੍ਰਵਾਨ ਜਾਂ ਰੱਦ ਕਰਨ ਦਾ ਹੱਕ ਨਹੀਂ ਹੈ। ਪਾਰਟੀ ਦੇ ਆਗੂ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਕਿ ਸਰਕਾਰ ਨੇ ਕਿਹਾ ਕਿ ਉਸ ਨੇ 16 ਵਿਚੋਂ 14 ਸਿਫਾਰਸ਼ਾਂ ਪ੍ਰਵਾਨ ਕਰ ਲਈਆਂ ਹਨ। ਸੋਧਾਂ ਕਰਨ ਵਾਲੀ ਕਮੇਟੀ ਰਾਜ ਸਭਾ ਨੇ ਬਣਾਈ ਸੀ ਤੇ ਬਿੱਲ ਰਾਜ ਸਭਾ ਦੀ ਸੰਪਤੀ ਬਣ ਗਿਆ ਹੈ। ਸੰਸਦ ਦੇ ਨੇਮਾਂ ਮੁਤਾਬਕ ਸਰਕਾਰ ਇਸ ਵਿਚ ਕੋਈ ਤਰਮੀਮ ਨਹੀਂ ਕਰ ਸਕਦੀ।

## ਅਕਾਲੀ ਆਗੂ ਕੋਲੋਂ ਨਸ਼ੀਲੀਆਂ ਦਵਾਈਆਂ ਬਰਾਮਦ

**ਦਸੂਹਾ:** ਦਸੂਹਾ ਪੁਲਿਸ ਵੱਲੋਂ ਪਿੰਡ ਘੋਗਰਾ ਵਿਚ ਮੈਡੀਕਲ ਸਟੋਰ ਚਲਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਘੋਗਰਾ ਦੇ ਸਬ-ਸਰਕਲ ਪ੍ਰਧਾਨ ਤੋਂ ਵੱਡੀ ਮਾਤਰਾ ਵਿਚ ਨਸ਼ੀਲੀਆਂ ਦਵਾਈਆਂ ਬਰਾਮਦ ਕੀਤੀਆਂ ਗਈਆਂ।

ਪੁਲਿਸ ਅਨੁਸਾਰ ਦਸੂਹਾ ਦੇ ਹਾਜੀਪੁਰ ਚੌਕ ਵਿਚ ਜਲੰਧਰ ਵੱਲੋਂ ਆ ਰਹੀ ਗੱਡੀ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ। ਇਸ ਗੱਡੀ ਨੂੰ ਪਿੰਡ ਘੋਗਰਾ ਵਿਚ ਹੁੰਦਲ ਮੈਡੀਕਲ ਨੂੰ ਚਲਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਘੋਗਰਾ ਦਾ ਸਬ-ਸਰਕਲ ਪ੍ਰਧਾਨ ਸੱਜਣ ਸਿੰਘ ਚਲਾ ਰਿਹਾ ਸੀ। ਜਦੋਂ ਗੱਡੀ ਦੀ ਤਲਾਸ਼ੀ ਲਈ ਤਾਂ ਗੱਡੀ ਵਿਚੋਂ ਵੱਡੀ ਮਾਤਰਾ ਵਿਚ ਨਸ਼ੀਲੀਆਂ ਦਵਾਈਆਂ ਬਰਾਮਦ ਕੀਤੀਆਂ ਗਈਆਂ। ਸੱਜਣ ਸਿੰਘ ਜਿਸ ਲਾਇਸੈਂਸ 'ਤੇ ਮੈਡੀਕਲ ਸਟੋਰ ਚਲਾ ਰਿਹਾ ਹੈ, ਉਹ ਲਾਇਸੈਂਸ ਵੀ ਉਸ ਦਾ ਆਪਣਾ ਨਹੀਂ ਹੈ। ਸੱਜਣ ਸਿੰਘ ਵੱਲੋਂ ਦਿਖਾਇਆ ਗਿਆ ਲਾਇਸੈਂਸ ਸੰਦੀਪ ਸਿੰਘ ਪੁੱਤਰ ਗੁਰਬਚਨ ਸਿੰਘ ਦੇ ਨਾਂ 'ਤੇ ਹੈ।

# ਜਬਰਜਨਾਹ ਦੇ ਮਾਮਲੇ ਵਿਚ ਅਕਾਲੀ ਆਗੂ ਸ਼ਾਮਲ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਸੂਬੇ ਵਿਚ ਬਲਾਤਕਾਰ ਦੀਆਂ ਵਧ ਰਹੀਆਂ ਵਾਰਦਾਤਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਸਰਕਾਰ ਦੀ ਖਿਚਾਈ ਕੀਤੀ ਹੈ। ਕਮਿਸ਼ਨ ਨੇ ਸਰਕਾਰ ਤੇ ਪੁਲਿਸ ਨੂੰ ਬਲਾਤਕਾਰ ਦੀਆਂ ਘਟਨਾਵਾਂ 'ਤੇ ਕਾਬੂ ਪਾਉਣ ਦੀ ਤਾੜਨਾ ਕਰਦਿਆਂ ਗ੍ਰਹਿ ਵਿਭਾਗ ਨੂੰ 22 ਫਰਵਰੀ ਤੱਕ ਜਵਾਬ ਦਾਇਰ ਕਰਨ ਦਾ ਹੁਕਮ ਦਿੱਤਾ ਹੈ।

ਕਮਿਸ਼ਨ ਨੇ ਕਿਹਾ ਹੈ ਕਿ ਬਲਾਤਕਾਰ ਦੀਆਂ ਬਹੁਤੀਆਂ ਘਟਨਾਵਾਂ ਵਿਚ ਸਿਆਸਤਦਾਨਾਂ ਤੇ ਪੁਲਿਸ ਮੁਲਾਜ਼ਮਾਂ ਦੀ ਸ਼ਮੂਲੀਅਤ ਦੇ ਲੱਗ ਰਹੇ ਦੋਸ਼ਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਬਲਾਤਕਾਰ ਦੀਆਂ ਘਟਨਾਵਾਂ 'ਤੇ ਕਾਬੂ ਪਾਉਣ ਦੀ ਜ਼ਿੰਮੇਵਾਰੀ ਸਰਕਾਰ ਤੇ ਪੁਲਿਸ ਦੀ ਸਾਂਝੇ ਤੌਰ 'ਤੇ ਬਣਦੀ ਹੈ। ਕਮਿਸ਼ਨ ਨੇ ਇਸ ਨੂੰ ਸਮਾਜਕ ਬੁਰਾਈ ਦਾ ਨਾਂ ਦਿੱਤਾ ਹੈ। ਕਮਿਸ਼ਨ ਨੇ ਇਹ ਹੁਕਮ ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਸਮੂਹਿਕ ਬਲਾਤਕਾਰ ਦੀ ਘਟਨਾ ਦੀ ਸ਼ਿਕਾਇਤ 'ਤੇ ਸੁਣਵਾਈ ਕਰਦਿਆਂ ਦਿੱਤੇ ਹਨ।

ਬਠਿੰਡਾ ਦੀ ਸ਼ਿਕਾਇਤਕਰਤਾ ਪੀੜਤ ਔਰਤ ਨਾਲ ਇਕ ਪੁਲਿਸ ਅਫਸਰ ਦੇ ਘਰ ਬਲਾਤਕਾਰ ਹੋਇਆ ਹੈ ਤੇ ਇਸ ਕਾਲੀ ਕਰਤੂਤ ਵਿਚ ਹਾਕਮ ਪਾਰਟੀ ਨਾਲ ਸਬੰਧਤ ਦੋ ਆਗੂਆਂ ਦੇ ਨਾਂ ਆ ਰਹੇ ਹਨ। ਸ਼ਿਕਾਇਤ ਅਨੁਸਾਰ ਉਸ ਔਰਤ ਨੂੰ ਚਾਹ ਵਿਚ ਬੇਹੋਸ਼ ਕਰਨ ਵਾਲੀ ਕੋਈ ਦਵਾਈ ਪਿਲਾ ਕੇ ਜ਼ਬਰਦਸਤੀ ਕੀਤੀ ਗਈ। ਸ਼ਿਕਾਇਤਕਰਤਾ ਨੂੰ ਨੌਕਰੀ ਦੁਆਉਣ ਦੇ ਬਹਾਨੇ ਘਰ ਸੱਦਿਆ ਗਿਆ ਸੀ। ਉਸ ਨੇ ਦੋਸ਼ ਲਾਇਆ ਹੈ ਕਿ ਨੌਕਰੀ ਦੁਆਉਣ ਲਈ ਉਸ ਦੇ ਜਾਣਕਾਰ ਨੇ ਕਿਸੇ ਦੇ ਘਰ ਸੱਦਿਆ ਸੀ।

ਉਸ ਨੂੰ ਉੱਥੇ ਪਹੁੰਚ ਕੇ ਦੱਸਿਆ ਗਿਆ ਕਿ ਇਹ ਘਰ ਥਾਣੇਦਾਰ ਦਾ ਹੈ ਤੇ ਨੌਕਰੀ ਦੁਆਉਣ ਵਾਲੇ ਹਾਕਮ ਧਿਰ ਦੇ ਬੰਦੇ ਹਨ। ਉਸ ਨੇ ਇਹ ਵੀ ਦਾਅਵਾ ਕੀਤਾ ਕਿ ਉਹ ਸਾਰੀ ਗੱਲ ਭਾਂਪਦਿਆਂ ਉਥੋਂ ਤੁਰਨ ਲੱਗੀ ਤਾਂ ਘਰ ਦੀ ਮਾਲਕਣ ਨੇ ਉਸ ਨੂੰ ਚਾਹ ਪੀਣ ਲਈ ਫੜ ਕੇ ਬਿਠਾ ਲਿਆ। ਉਸ ਦਾ ਕਹਿਣਾ ਹੈ ਕਿ ਚਾਹ ਪੀਣ ਤੋਂ ਬਾਅਦ ਹੀ ਉਹ ਬੇਹੋਸ਼ ਹੋ ਗਈ ਤੇ ਮੁਲਜ਼ਮਾਂ ਨੇ ਸਾਰੀ ਉਸ ਨਾਲ ਜਬਰ ਜਨਾਹ ਕੀਤਾ।

ਸ਼ਿਕਾਇਤਕਰਤਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸ ਨਾਲ ਸਮੂਹਿਕ ਬਲਾਤਕਾਰ ਘਰ ਦੀ ਮਾਲਕਣ ਦੀ ਹਾਜ਼ਰੀ ਵਿਚ ਹੋਇਆ। ਉਸ ਨੇ ਕਿਹਾ ਹੈ ਕਿ ਮੁਲਜ਼ਮਾਂ ਨੇ ਉਸ ਦਾ ਸੈਲ ਫੋਨ ਛੁਪਾ ਲਿਆ ਤੇ ਵਾਰਦਾਤ ਬਾਰੇ ਕਿਸੇ ਨੂੰ ਦੱਸਣ ਦੀ ਸੂਰਤ ਵਿਚ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ। ਉਹ ਰਿਕਸ਼ਾ ਫੜ ਕੇ ਆਪਣੇ ਰਿਸ਼ਤੇਦਾਰਾਂ ਕੋਲ ਚਲੀ ਗਈ ਤੇ ਬਾਅਦ ਵਿਚ ਘਰਦਿਆਂ ਨੂੰ ਨਾਲ ਲੈ ਕੇ ਪੁਲਿਸ ਕੋਲ ਪਰਚਾ ਦਰਜ ਕਰਾਉਣ ਲਈ ਗਈ ਸੀ। ਕਮਿਸ਼ਨ ਨੂੰ ਦਿੱਤੀ ਅਰਜ਼ੀ ਵਿਚ ਉਸ ਨੇ ਮੁਲਜ਼ਮਾਂ ਖ਼ਿਲਾਫ਼ ਫੌਜਦਾਰੀ ਪਰਚਾ ਦਰਜ ਕਰਕੇ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸ਼ਿਕਾਇਤ ਦੀ ਕਾਪੀ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਬਿਨਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ, ਪੁਲੀਸ ਦੇ ਡਾਇਰੈਕਟਰ ਜਨਰਲ, ਐਸਐਸਪੀ ਬਠਿੰਡਾ ਤੇ ਡੀਆਈਜੀ ਪਟਿਆਲਾ ਰੇਂਜ ਨੂੰ ਵੀ ਭੇਜੀ ਗਈ ਹੈ।

## ਲਾਦਿਨ ਨੂੰ ਲੱਭਣ ਲਈ ਕੈਦੀਆਂ 'ਤੇ ਢਾਹਿਆ ਸੀ ਤਸ਼ੱਦਦ

**ਨਿਊ ਯਾਰਕ:** ਅਮਰੀਕਾ ਦੇ ਰੱਖਿਆ ਮੰਤਰੀ ਲਿਓਨ ਪਨੇਟਾ ਨੇ ਮੰਨਿਆ ਹੈ ਕਿ ਓਸਾਮਾ ਬਿਨ ਲਾਦਿਨ ਦਾ ਪਤਾ ਲਾਉਣ ਲਈ ਬਹੁਤ ਸਾਰੇ ਲੋਕਾਂ 'ਤੇ ਤਸ਼ੱਦਦ ਕੀਤਾ ਗਿਆ ਸੀ ਤੇ ਇੰਟੈਰੋਗੇਸ਼ਨ ਦੀਆਂ ਅਤਿ-ਆਧੁਨਿਕ ਤਕਨੀਕਾਂ ਵੀ ਇਸ ਕੰਮ ਲਈ ਵਰਤੀਆਂ ਗਈਆਂ ਸਨ। ਇਨ੍ਹਾਂ ਕਾਰਵਾਈਆਂ ਸਦਕਾ ਹੀ ਪਾਕਿਸਤਾਨ ਵਿਚ ਲਾਦਿਨ ਨੂੰ ਮਾਰਿਆ ਜਾ ਸਕਿਆ ਸੀ। ਪਨੇਟਾ ਵੱਲੋਂ ਇਹ ਇਕਬਾਲ ਕਰਨ ਨਾਲ ਉਹ ਓਬਾਮਾ ਪ੍ਰਸ਼ਾਸਨ ਦਾ ਸਭ ਤੋਂ ਸੀਨੀਅਰ ਵਿਅਕਤੀ ਬਣ ਗਿਆ ਹੈ ਜਿਸ ਨੇ ਅਧਿਕਾਰਤ ਤੌਰ 'ਤੇ ਇਹ ਜਾਣਕਾਰੀ ਦਿੱਤੀ ਹੈ।

ਨਿਊ ਯਾਰਕ ਪੋਸਟ ਦੀ ਰਿਪੋਰਟ ਅਨੁਸਾਰ ਪਨੇਟਾ ਤੋਂ ਕੈਥਰੀਨ ਬਿਗੇਲੋ ਦੀ ਆਸਕਰ ਨਾਮਜ਼ਦ ਫ਼ਿਲਮ 'ਜ਼ੀਰੋ ਡਾਰਕ ਥਰਟੀ' ਬਾਰੇ ਸੁਆਲਾਂ ਦੀ ਲੜੀ ਦੌਰਾਨ ਅਜਿਹਾ ਪੁੱਛਿਆ ਗਿਆ ਸੀ। ਫ਼ਿਲਮ ਵਿਚ ਦਿਖਾਇਆ ਗਿਆ ਹੈ ਕਿ ਲਾਦਿਨ ਦੀ ਛੁਪਣਗਾਹ ਦਾ ਪਤਾ ਲਾਉਣ ਲਈ ਕੈਦੀਆਂ ਨੂੰ ਪਾਣੀ ਵਿਚ ਗੋਤੇ ਦਿੱਤੇ ਗਏ। ਫ਼ਿਲਮ ਵਿਚ ਇਹ ਕਹਿਣ ਦਾ ਯਤਨ ਕੀਤਾ ਗਿਆ ਹੈ ਕਿ ਲਾਦਿਨ ਦੀ ਸੂਹ ਲਾਉਣ ਲਈ ਪੁੱਛ-ਪੜਤਾਲ ਦੀਆਂ ਅਤਿ-ਆਧੁਨਿਕ ਤਕਨੀਕਾਂ ਵਰਤੀਆਂ ਗਈਆਂ ਸਨ।

ਅਮਰੀਕਾ ਦੇ ਅਹੁਦਾ ਛੱਡ ਰਹੇ ਰੱਖਿਆ ਮੰਤਰੀ ਪਨੇਟਾ ਨੂੰ ਐਨਬੀਸੀ ਸ਼ੋਅ ਵਿਚ ਇਸ ਬਾਰੇ ਸੁਆਲ ਕੀਤੇ ਗਏ ਸਨ। ਪਨੇਟਾ ਨੇ ਕਿਹਾ ਸੀ ਕਿ ਤਸ਼ੱਦਦ ਦੇ ਕੁਝ ਢੰਗ-ਤਰੀਕੇ, ਲਾਦਿਨ ਬਾਰੇ ਜਾਣਕਾਰੀ ਲੈਣ ਲਈ ਵਰਤੇ ਗਏ ਸਨ। ਪਨੇਟਾ ਨੇ ਕਿਹਾ ਕਿ ਅਸਲ ਵਿਚ ਲਾਦਿਨ ਦੇ ਥਹੁ-ਪਤੇ ਦੀ ਗੁੱਥੀ ਸੁਲਝਾਉਣ ਲਈ ਬੜੇ ਅੱਡੋ-ਅੱਡ ਢੰਗ ਤਰੀਕੇ ਅਪਨਾਏ ਗਏ ਸਨ।

## ਸਿੱਖਾਂ ਦੀ ਰਿਹਾਈ ਦੇ ਯਤਨ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਲੰਮੇ ਸਮੇਂ ਤੋਂ ਬੰਦ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਾਉਣ ਲਈ ਯਤਨ ਕੀਤੇ ਜਾਣਗੇ। ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਅਜਿਹੇ ਬਹੁਤ ਸਾਰੇ ਨੌਜਵਾਨ ਹਨ ਜਿਨ੍ਹਾਂ ਦੀਆ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ ਪਰ ਰਿਹਾਅ ਨਹੀਂ ਕੀਤੇ ਜਾ ਰਹੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਬਾਰੇ ਪੰਜਾਬ ਸਰਕਾਰ ਨੂੰ ਆਖੇਗੀ।

ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਦੀ ਯਾਦਗਾਰ ਬਣਾਉਣ ਬਾਰੇ ਉਨ੍ਹਾਂ ਕਿਹਾ ਕਿ ਇਹ ਜ਼ਰੂਰ ਬਣਨੀ ਚਾਹੀਦੀ ਹੈ ਪਰ ਇਸ ਬਾਰੇ ਫ਼ੈਸਲਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੈਣਾ ਹੈ। ਉਨ੍ਹਾਂ ਕਿਹਾ ਕਿ ਜੇ ਕਮੇਟੀ ਉਨ੍ਹਾਂ ਪਾਸੋਂ ਕੋਈ ਸਲਾਹ ਜਾਂ ਸਹਿਯੋਗ ਚਾਹੇਗੀ ਤਾਂ ਜ਼ਰੂਰੀ ਸਹਿਯੋਗ ਦਿੱਤਾ ਜਾਵੇਗਾ। ਦਿੱਲੀ ਕਮੇਟੀ ਚੋਣਾਂ ਵਿਚ ਸਫਲਤਾ 'ਤੇ ਖੁਸ਼ੀ ਜ਼ਾਹਰ ਕਰਦਿਆਂ ਜਥੇਦਾਰ ਨੇ ਕਿਹਾ ਕਿ ਸਰਨਾ ਭਰਾਵਾਂ ਨੇ ਲੰਮਾ ਸਮਾਂ ਕਮੇਟੀ 'ਤੇ ਰਾਜ ਕੀਤਾ ਤੇ ਬਹੁਤ ਸਾਰੀਆਂ ਧਾਂਦਲੀਆਂ ਇਸ ਸਮੇਂ ਹੋਈਆਂ ਜਿਨ੍ਹਾਂ ਦੀ ਜਾਂਚ ਹੋਣੀ ਚਾਹੀਦੀ ਹੈ।

ਇਸੇ ਦੌਰਾਨ ਦਿੱਲੀ ਕਮੇਟੀ ਦੇ ਨਵੇਂ ਬਣੇ ਮੈਂਬਰ ਓਂਕਾਰ ਸਿੰਘ ਥਾਪਰ ਨੇ ਕਿਹਾ ਕਿ ਕਮੇਟੀ ਦੇ ਸਕੂਲਾਂ ਵਿਚ ਪੜ੍ਹਾਈ ਦੇ ਡਿੱਗੇ ਮਿਆਰ ਦੀ ਜਾਂਚ ਜ਼ਰੂਰ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਦੇ ਬਹੁਤ ਸਾਰੇ ਅਧਿਆਪਕਾਂ ਦੀਆਂ ਤਨਖਾਹਾਂ ਵੀ ਰੁਕੀਆਂ ਹੋਈਆਂ ਹਨ। ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਸਰਨਾ ਭਰਾਵਾਂ ਦੇ ਕਾਰਜਕਾਲ ਦੌਰਾਨ ਬਹੁਤ ਸਾਰੀਆਂ ਧਾਂਦਲੀਆਂ ਹੋਈਆਂ ਜਿਨ੍ਹਾਂ ਦੀ ਜਾਂਚ ਹਾਈ ਕੋਰਟ ਦੇ ਸਾਬਕਾ ਜੱਜ ਕੋਲੋਂ ਕਰਵਾਈ ਜਾਵੇਗੀ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 16 ਫਰਵਰੀ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-51



*ਪੰਡ ਕੁਤਰੇ ਦੀ ਪਿੰਡ ਲਿਜਾਣੀ ਸੋਚੇ ਬੈਠਾ ਸੀਰੀ।*
*ਏਹੀ ਖੋਰੀ ਖੋਤਦਿਆਂ ਮੇਰੀ ਆ ਗਈ ਉਮਰ ਅਖੀਰੀ!*

## ਕੈਪਸ਼ਨ ਮੁਕਾਬਲਾ-49



ਸਵਾਲ: ਪੁੱਤ-ਪੋਤੇ ਪ੍ਰਦੇਸੀਂ ਤੁਰ ਗਏ,
ਆਪਾਂ ਰਹਿ ਗਏ ਕੱਲਮ ਕੱਲੇ।
ਕੀਹਦੀ ਖਾਤਰ ਕੱਤੇਂ ਗਲੋਟੇ,
ਕਾਹਨੂੰ ਦੁੱਖੜੇ ਝੱਲੇਂ?
ਜਵਾਬ: ਯਾਦ ਉਨ੍ਹਾਂ ਦੀ ਜਦ ਵੀ ਆਵੇ,
ਮੈਂ ਤੱਕਲੇ ਤੰਦ ਪਾਵਾਂ।
ਘੂਕਰ ਦੇ ਨਾਲ ਤਾਲ ਮਿਲਾ ਕੇ,
ਗੀਤ ਹਿਜ਼ਰ ਦੇ ਗਾਵਾਂ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਉਥੇ ਚੁੱਕ ਲਿਆਈ ਚਰਖਾ ਪੀੜ੍ਹੀ
ਜਿਥੇ ਤੇਰਾ ਮੰਜਾ ਡਹਿ ਗਿਆ।
ਥੋੜ੍ਹਾ ਢਿੱਲ੍ਹਾ ਮੱਠਾ ਰਹਿੰਦਾ ਮੇਰਾ ਸਾਈਂ,
ਕੱਤਣੀ 'ਚ ਦਵਾਈਆਂ ਰੱਖਦੀ।
ਮੰਜਾ, ਪੀੜ੍ਹੀ ਤੇ ਕੱਤਣੀ, ਚਰਖਾ,
ਚਾਰੇ ਚਿੰਨ ਸਭਿਅਤਾ ਦੇ।

*-ਮਹਾਂ ਸਿੰਘ ਹਾਂਸ*
*ਫੋਨ: 408-956-1696*

---

ਬੇਬੇ ਬੈਠੀ ਚਰਖੇ ਤੰਦ ਪਾਵੇ,
ਮੰਜੇ 'ਤੇ ਬੈਠਾ ਬਾਪੂ ਰੋਟੀ ਖਾਵੇ।
ਹਾਸੇ ਠੱਠੇ ਨਾਲ ਬਾਪੂ
ਬੇਬੇ ਨਾਲ ਦੁੱਖ ਸੁਖ ਫੋਲਦਾ।

ਬਾਪੂ ਵਿਚ ਮਜ਼ਾਕ ਦੇ ਕਹਿੰਦਾ,
ਕੂਕੇ ਚਰਖਾ ਬਿਸ਼ਨੀਏ ਤੇਰਾ,
ਲੋਕਾਂ ਭਾਣੇ ਮੋਰ ਬੋਲਦਾ।

*-ਗੋਰਾ ਪ੍ਰਜਾਪਤ*
*ਫੋਨ: 646-721-1964*

---

ਛੇੜ ਕੋਈ ਕੰਤ ਮਾਹੀਆ,
ਬੀਤ ਗਏ ਦੀ ਚਰਚਾ।
ਨਾਲੇ ਭਰੂੰ ਹੁੰਗਾਰੇ ਮੈਂ,
ਨਾਲੇ ਬੈਠੀ ਕੱਤੂੰ ਚਰਖਾ।

*-ਪਰਸ਼ੋਤਮ ਸਿੰਘ, ਯੂਬਾ ਸਿਟੀ।*

## ਕੈਪਸ਼ਨ ਮੁਕਾਬਲਾ-48



ਪਟੇ ਪੁਲੀ ਵਿਚ ਫਸੀਓ ਲੱਗਦੀ
ਜੱਟਾ ਜਾਨ ਕਸੂਤੀ।
ਫੋਰਡ ਨਾਲ ਵਿਆਹ ਲਿਆਂਦੀ,
ਬੱਲੇ! ਕਾਰ ਮਰੂਤੀ।
ਸਾਹ ਨਿਕਲਣ ਤਕ ਵੱਢਦਾ ਰਹਿੰਦਾ,
ਕਰਜੇ ਦਾ ਆਰਾ।
ਲੱਖਣ ਕਹਿੰਦਾ ਧੰਨ ਕਿਸਾਨਾ,
ਕਿੱਡਾ ਜਿਗਰਾ ਭਾਰਾ।

*-ਰਸ਼ਪਾਲ ਲੱਖਣ*
*ਫੋਨ: 510-331-4868*

# Stand up for KHALISTAN, long live the SIKH Republic of Khalistan

''ਨਾ ਅਸੀਂ ਹਿੰਦੂ ਨਾ ਮੁਸਲਮਾਨ ਸਾਡੀ ਮੰਜ਼ਿਲ ਖਾਲਿਸਤਾਨ''

## ''ਭਿੰਡਰਾਂਵਾਲੇ ਨੇ ਇੱਕੋ ਗੱਲ ਸਮਝਾਈ,
## ਸਿੰਘੋ ! ਖ਼ਾਲਿਸਤਾਨ ਬਿਨ੍ਹਾਂ ਨਹੀਂ ਸਰਨਾ ਭਾਈ''

## ਸਿੱਖਾਂ ਦੀ ਅਜ਼ਾਦੀ ਦੇ ਮੁਜੱਸਮੇਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ



ਮਰਨਾ ਸ਼ਾਨ ਨਾਲ

# 66ਵਾਂ ਜਨਮ ਦਿਹਾੜਾ

## ਸ਼੍ਰੀ ਫ਼ਤਹਿਗੜ੍ਹ ਸਾਹਿਬ ਵਿਖੇ

# 12 ਫਰਵਰੀ 2013

## ਨੂੰ ਮਨਾਈਏ



ਹਿੰਦ ਹਕੂਮਤ ਦੀ ਕਰਤੂਤ

ਗੁਰੂ ਸਵਾਰੇ ਖ਼ਾਲਸਾ ਜੀਓ,

ਸਿੱਖਾਂ ਦੀ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਕੱਟਣ ਲਈ ਅਜ਼ਾਦੀ ਦੀ ਸਮ੍ਹਾਂ ਤੇ ਪ੍ਰਵਾਨ ਚੜ੍ਹਣ ਵਾਲੇ 20ਵੀਂ ਸਦੀ ਦੇ ਮਹਾਨ ਗੁਰਸਿੱਖ, ਕਹਿਣੀ ਤੇ ਕਰਨੀ ਦੇ ਪੂਰੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਗੁਰੂ ਸਾਹਿਬਾਨ ਵੱਲੋਂ ਬਖ਼ਸਿਸ ਮਾਣ ਮਰਿਯਾਦਾਂ ਵਿਚ ਵਿਚਰਦਿਆਂ ਸਿੱਖ ਕੌਮ ਨੂੰ ਜਾਗਰਿਤ ਕਰਨ ਲਈ ਭਾਰਤੀ ਫੌਜ਼ਾਂ ਦੇ ਤੋਪਾਂ, ਟੈਕਾਂ ਦਾ ਮੁਕਾਬਲਾ ਕਰਦੇ ਹੋਏ ਜੂਨ 1984 'ਚ ਜਾਮ-ਏ-ਸ਼ਹਾਦਤ ਪੀਤਾ ਅਤੇ ਸਿੱਖ ਕੌਮ ਨੂੰ ਆਪਣਾ **ਅੰਤਿਮ ਨਿਰਣਾ ਕਿ ਜਦੋਂ ਹਿੰਦ ਹਕੂਮਤ ਦਰਬਾਰ ਸਾਹਿਬ ਤੇ ਹਮਲਾ ਕਰੇਗੀ ਤਾਂ ਉਸ ਦਿਨ ਖ਼ਾਲਿਸਤਾਨ ਦਾ ਨੀਂਹ ਪੱਥਰ ਰੱਖਿਆ ਜਾਵੇਗਾ** ਤੇ ਪਹਿਰਾ ਦਿੰਦੇ ਹੋਏ ਮਿਤੀ 12 ਫਰਵਰੀ 2013 ਦਿਨ ਮੰਗਲਵਾਰ ਨੂੰ ਸ੍ਰੀ ਫ਼ਤਹਿਗੜ੍ਹ ਸਾਹਿਬ ਮੁੱਖ ਗੁਰਦੁਆਰਾ ਸਾਹਿਬ ਜੀ ਦੇ ਸਾਹਮਣੇ ਪਹੁੰਚ ਕੇ ਆਪਣਾ ਕੌਮੀ ਫ਼ਰਜ਼ ਪੂਰਾ ਕਰੀਏ।

ਅੱਜ ਸਮੇਂ ਦੀਆਂ ਸਰਕਾਰਾਂ ਹਰ ਪੱਖੋ ਯਤਨਸੀਲ ਹਨ ਕਿ ਅਜਿਹੀ ਸੋਚ ਨੂੰ ਸਦਾ ਲਈ ਮਿਟਾ ਦਿੱਤਾ ਜਾਵੇ। ਪਰ ਨਾਲ ਹੀ ਅਫ਼ਸੋਸ ਹੈ ਕਿ ਜਿਸ ਪੰਥਕ ਸੰਸਥਾਂ ਦਮਦਮੀ ਟਕਸਾਲ ਦੇ ਮੁੱਖੀ ਹੁੰਦਿਆ ਸੰਤ ਜੀ ਨੇ ਸ਼ਹਾਦਤ ਦਿਤੀ। ਉਸ ਹੀ ਟਕਸਾਲ ਦੇ ਮੌਜੂਦਾਂ ਮੁੱਖੀ ਹਰਨਾਮ ਸਿੰਘ ਧੁੰਮਾਂ ਵੀ ਸੁੱਚਾਨੰਦ ਬਣਕੇ ਸੰਤਾਂ ਨੂੰ ਸ਼ਹੀਦ ਕਰਨ ਤੇ ਕਰਵਾਉਣ ਵਾਲੀਆਂ ਸ਼ਕਤੀਆਂ ਨਾਲ ਜਾ ਖਲੋਤਾ ਹੈ। ਅਖੌਤੀ ਸੰਤ ਸਮਾਜ (ਸੰਤ ਯੂਨੀਅਨ) ਵੀ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲਿਆਂ ਨਾਲ ਹਮ ਖਿਆਲ ਹੋ ਚੁੱਕਾ ਹੈ। ਇਸ ਸਮੇ ਕੇਵਲ ਸਿੱਖਾਂ ਦੀ ਇਕ ਵਾਹਿਦ ਜਥੇਬੰਦੀ **ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਕੁਝ ਪੰਥ ਦਰਦੀ** ਹੀ ਸਿੱਖ ਕੌਮ ਦੀ ਤਰਾਸਦੀ ਨੂੰ ਸਮਝ ਰਹੇ ਹਨ।

## ਭਿੰਡਰਾਵਾਲਾਂ ਸੰਤ ਸਿਪਾਹੀ ਜਿਸ ਨੇ ਸੁੱਤੀ ਕੌਮ ਜਗਾਈ !

**ਆਓ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੇ ਜਨਮ ਦਿਨ ਤੇ ਵਹੀਰਾਂ ਘੱਤਕੇ ਪੁੱਜੀਏ ਤਾਂ ਜੋ ਇਸਲਾਮਿਕ ਪਾਕਿਸਤਾਨ, ਕਾਮਰੇਡ ਚੀਨ ਅਤੇ ਹਿੰਦੂ ਰਾਸ਼ਟਰ ਦੇ ਵਿਚਕਾਰ ਸਿੱਖ ਬਫ਼ਰ ਸਟੇਟ ਖ਼ਾਲਿਸਤਾਨ ਸਥਾਪਿਤ ਕਰਕੇ ਦੱਖਣੀ ਏਸ਼ੀਆ ਵਿੱਚ ਸਥਾਈ ਅਮਨ ਦੀ ਸਥਿਤੀ ਕਾਇਮ ਕੀਤੀ ਜਾ ਸਕੇ।**



ਜਿਊਣਾ ਅਣਖ ਨਾਲ

ਗੁਰੂ ਪੰਥ ਦੇ ਦਾਸ

## ਸਿਮਰਨਜੀਤ ਸਿੰਘ ਮਾਨ (ਪ੍ਰਧਾਨ) ਅਤੇ ਸਮੂਹ ਮੈਂਬਰ

## ਜਾਰੀ ਕਰਤਾ: ਮੁੱਖ ਦਫਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
## ਕਿਲਾ ਸ. ਹਰਨਾਮ ਸਿੰਘ ਜ਼ਿਲਾ ਸ੍ਰੀ ਫਤਿਹਗੜ੍ਹ ਸਾਹਿਬ

Ph: 91-1763-233764 www.akalidalamritsar.in e-mail: sad_amritsar@yahoo.com

# ਵਾਲਮਾਰਟ ਵੱਲੋਂ ਭਾਰਤ ਲਈ ਲਗਾਤਾਰ ਲੌਬਿੰਗ




**ਵਾਸ਼ਿੰਗਟਨ:** ਵਾਲਮਾਰਟ ਵੱਲੋਂ ਭਾਰਤ ਵਿਚ ਪੈਰ ਧਰਨ ਲਈ ਲੌਬਿੰਗ ਕੀਤੇ ਜਾਣ ਦੀ ਚੱਲ ਰਹੀ ਜਾਂਚ ਦਰਮਿਆਨ ਨਵਾਂ ਖੁਲਾਸਾ ਹੋਇਆ ਹੈ ਕਿ ਇਹ ਕੰਪਨੀ ਆਪਣੀ ਇਸ ਹਰਕਤ ਤੋਂ ਬਾਜ਼ ਨਹੀਂ ਆ ਰਹੀ ਤੇ ਇਸ ਨੇ ਅਮਰੀਕੀ ਸੰਸਦ ਮੈਂਬਰਾਂ ਨੂੰ ਗੰਢਣ ਲਈ ਸਾਲ 2012 ਵਿਚ 61.3 ਲੱਖ ਡਾਲਰ ਖਰਚੇ। ਅਮਰੀਕੀ ਸੰਸਦ ਦੇ ਰਿਕਾਰਡ ਮੁਤਾਬਕ ਅਮਰੀਕਾ ਸਥਿਤ ਵਾਲਮਾਰਟ ਨੇ ਭਾਰਤ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਸਣੇ ਹੋਰ ਮੁੱਦਿਆਂ 'ਤੇ ਚਰਚਾ ਕਰਨ ਲਈ ਪਿਛਲੇ ਸਾਲ ਦਸੰਬਰ ਵਿਚ ਖਤਮ ਹੋਈ ਆਪਣੀ ਤਿਮਾਹੀ ਵਿਚ ਹੀ 14.8 ਲੱਖ ਡਾਲਰ (8 ਕਰੋੜ) ਰੁਪਏ ਖਰਚ ਦਿੱਤੇ।

ਇਸ ਤਰ੍ਹਾਂ ਪੂਰੇ ਸਾਲ 2012 ਦੌਰਾਨ ਕੰਪਨੀ ਨੇ ਭਾਰਤ ਲਈ ਲੌਬਿੰਗ ਕਰਨ ਲਈ ਅਮਰੀਕੀ ਸੰਸਦ ਮੈਂਬਰਾਂ ਉਪਰ 61.13 ਲੱਖ ਡਾਲਰ (33 ਕਰੋੜ ਰੁਪਏ) ਖਰਚੇ। ਵਾਲਮਾਰਟ ਵੱਖ-ਵੱਖ ਮੁੱਦਿਆਂ ਉਪਰ ਲੌਬਿੰਗ ਕਰਨ ਲਈ ਅਮਰੀਕੀ ਸੰਸਦ ਮੈਂਬਰਾਂ 'ਤੇ ਵੱਡੀ ਰਾਸ਼ੀ ਖਰਚ ਕਰਦੀ ਹੈ। ਇਸ ਖਰਚ ਦਾ ਵੇਰਵਾ ਜਨਤਕ ਕਰਨਾ ਅਮਰੀਕੀ ਕਾਨੂੰਨ ਅਨੁਸਾਰ ਲਾਜ਼ਮੀ ਹੈ।

ਹਾਲ ਹੀ ਦੌਰਾਨ ਭਾਰਤ ਸਰਕਾਰ ਨੇ ਵਾਲਮਾਰਟ ਵੱਲੋਂ ਦੇਸ਼ ਵਿਚ ਪੈਰ ਧਰਨ ਲਈ ਕੀਤੀ ਗਈ ਲੌਬਿੰਗ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੈ। ਕੰਪਨੀ ਨੇ ਸਪਸ਼ਟ ਕੀਤਾ ਹੈ ਕਿ ਇਸ ਲੌਬਿੰਗ ਦਾ ਭਾਰਤ ਦੀ ਸਿਆਸਤ ਜਾਂ ਸਰਕਾਰ ਨਾਲ ਕੋਈ ਸਬੰਧ ਨਹੀਂ ਹੈ। ਇਸ ਰਾਹੀਂ ਉਸ ਨੇ ਸਿਰਫ ਭਾਰਤ ਵਿਚ ਆਪਣੀ ਹਿੱਤਾਂ ਬਾਰੇ ਚਰਚਾ ਕੀਤੀ ਹੈ। ਵਾਲਮਾਰਟ ਭਾਰਤ ਦੇ ਦਰਵਾਜ਼ੇ ਉਸ ਲਈ ਖੋਲ੍ਹੇ ਜਾਣ ਲਈ ਅੱਖਾਂ ਲਾਈ ਬੈਠੀ ਸੀ। ਉਹ 2008 ਤੋਂ ਭਾਰਤ ਵਿਚ ਦਾਖਲੇ ਲਈ ਲੌਬਿੰਗ ਕਰ ਰਹੀ ਹੈ।

ਉਦੋਂ ਤੋਂ ਲੈ ਕੇ ਪਿਛਲੇ ਸਾਲ ਤਕ ਕੰਪਨੀ ਵੱਲੋਂ ਇਸ ਜੁਗਾੜ ਉਪਰ 3.4 ਕਰੋੜ ਡਾਲਰ, ਭਾਵ 180 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਇਸ ਕੰਪਨੀ ਨੇ ਭਾਰਤ ਵਿਚ ਲੌਬਿੰਗ ਵਾਸਤੇ 2012 ਵਿਚ 61.3 ਲੱਖ, 2011 ਵਿਚ 78.4 ਲੱਖ, 2010 ਵਿਚ 61.5 ਲੱਖ, 2009 ਵਿਚ 73.9 ਲੱਖ ਤੇ 2008 ਵਿਚ 65.9 ਲੱਖ ਡਾਲਰ ਖਰਚੇ ਹਨ। ਅਮਰੀਕਾ ਦੀ ਇਸ ਸੁਪਰ ਗਾਗ੍ਰੀਟ ਚੇਨ ਵਾਲਮਾਰਟ ਦੀ ਸਾਲਾਨਾ ਟਰਨ ਓਵਰ 444 ਅਰਬ ਡਾਲਰ ਹੈ।

# ਅਮਰੀਕਾ ਦੀ ਨਜ਼ਰ ਵਿਚ ਭਾਰਤ ਅਜੇ ਨਵਾਂ ਖਿਡਾਰੀ

**ਵਾਸ਼ਿੰਗਟਨ:** ਪੂਰਬੀ ਏਸ਼ਿਆਈ ਤੇ ਪ੍ਰਸ਼ਾਂਤ ਮਾਮਲਿਆਂ ਬਾਰੇ ਸਹਾਇਕ ਮੰਤਰੀ ਕਰਟ ਕੈਂਪਬੈਲ ਮੁਤਾਬਕ ਭਾਰਤ ਏਸ਼ੀਆ ਵਿਚ ਹਾਲੇ ਨਵਾਂ-ਨਵਾਂ ਆਇਆ ਖਿਡਾਰੀ ਹੀ ਹੈ ਜਦਕਿ ਚੀਨ ਦਾ ਪੂਰਾ ਦਬਦਬਾ ਬਣਿਆ ਹੋਇਆ ਹੈ ਪਰ ਅਮਰੀਕੀ ਰਾਜਦੂਤ ਨੇ ਉਮੀਦ ਜ਼ਾਹਰ ਕੀਤੀ ਹੈ ਕਿ ਭਾਰਤ ਭਵਿੱਖ ਵਿਚ ਅਹਿਮ ਭੂਮਿਕਾ ਨਿਭਾਵੇਗਾ। ਕਰਟ ਕੈਂਪਬੈਲ ਨੇ ਵਿਚਾਰਵਾਨਾਂ ਦੀ ਸੰਸਥਾ ਐਸਪਨ ਇੰਸਟੀਚਿਊਟ ਵਿਚ ਗੋਸ਼ਟੀ ਦੌਰਾਨ ਕਿਹਾ ਕਿ "ਚੀਨ ਦਾ ਰਾਜਸੀ, ਵਿੱਤੀ, ਆਰਥਿਕ ਤੇ ਸੁਰੱਖਿਆ ਸਬੰਧਾਂ ਜਿਹੇ ਸਭ ਖੇਤਰ ਵਿਚ ਦਬਦਬਾ ਹੈ। ਭਾਰਤ ਅਜੇ ਏਸ਼ੀਆ ਵਿਚ ਨਵਾਂ-ਨਵਾਂ ਆਇਆ ਖਿਡਾਰੀ ਹੀ ਹੈ। ਉਨ੍ਹਾਂ ਦਾ ਖਿਆਲ ਹੈ ਕਿ ਹਰ ਇਕ ਨੂੰ ਉਸ (ਭਾਰਤ) ਦੇ ਭਵਿੱਖ ਵਿਚ ਨਿਭਾਈ ਜਾਣ ਵਾਲੀ ਭੂਮਿਕਾ ਨੂੰ ਲੈ ਕੇ ਵੱਡੀਆਂ ਉਮੀਦਾਂ ਹਨ। ਉਨ੍ਹਾਂ ਕਿਹਾ ਕਿ ਇਕੀਵੀਂ ਸਦੀ ਦੇ ਇਤਿਹਾਸ ਦਾ ਬਾਹਲਾ ਹਿੱਸਾ ਏਸ਼ੀਆ ਵਿਚ ਲਿਖਿਆ ਜਾਣਾ ਹੈ ਤੇ ਅਮਰੀਕਾ ਨੂੰ ਉਸ ਵਿਚ ਭੂਮਿਕਾ ਨਿਭਾਉਣੀ ਪੈਣੀ ਹੈ। ਉਨ੍ਹਾਂ ਕਿਹਾ ਕਿ "ਅਜਿਹਾ ਕਰਨ ਲਈ ਸਰਗਰਮੀ ਨਾਲ ਭਿਆਲ ਬਣਨਾ ਪਵੇਗਾ। ਕੈਂਪਬੈਲ ਨੇ ਕਿਹਾ ਕਿ ਭਾਵੇਂ ਫੌਜੀ ਪਹਿਲੂ ਵੱਲ ਵਧੇਰੇ ਧਿਆਨ ਦਿੱਤਾ ਜਾਂਦਾ ਹੈ ਪਰ ਆਮ ਤੌਰ 'ਤੇ ਕੂਟਨੀਤਕ ਪਹਿਲਕਦਮੀ ਨੂੰ ਬਹੁਤੀ ਤਵੱਜੋ ਨਹੀਂ ਮਿਲ ਰਹੀ। ਉਨ੍ਹਾਂ ਕਿਹਾ ਕਿ ਅਮਰੀਕਾ ਦੀ ਏਸ਼ੀਆ ਪ੍ਰਸ਼ਾਂਤ ਖਿੱਤੇ ਪ੍ਰਤੀ ਨੀਤੀ ਦਾ ਮਕਸਦ ਚੀਨ ਨੂੰ ਘੇਰਨਾ ਨਹੀਂ ਹੈ।

## ਭਾਰਤੀਆਂ ਦੀ ਮਾਸਿਕ ਕਮਾਈ 5 ਹਜ਼ਾਰ ਤੋਂ ਟੱਪੀ

**ਨਵੀਂ ਦਿੱਲੀ:** ਦੇਸ਼ ਵਿਚ ਸਾਲ 2011-12 ਦੌਰਾਨ ਪ੍ਰਤੀ ਵਿਅਕਤੀ ਮਾਸਿਕ ਆਮਦਨ 13.7 ਫ਼ੀਸਦੀ ਵਧ ਕੇ 5130 ਰੁਪਏ ਤੱਕ ਪੁੱਜ ਗਈ ਜਦਕਿ ਸਾਲ 2010-11 ਦੌਰਾਨ ਇਹ ਆਮਦਨ 4513 ਰੁਪਏ ਸੀ।

ਇਥੇ ਜਾਰੀ ਅੰਕੜਿਆਂ ਮੁਤਾਬਕ ਸਾਲ 2011-12 ਦੌਰਾਨ ਪ੍ਰਤੀ ਵਿਅਕਤੀ ਸਾਲਾਨਾ ਆਮਦਨ 61,564 ਰੁਪਏ ਸੀ ਜਦੋਂਕਿ ਪਿਛਲੇ ਸਾਲ ਇਹ 54,151 ਰੁਪਏ ਸੀ। ਸਾਲ 2011-12 ਦੌਰਾਨ ਆਮਦਨ 'ਚ 13.7 ਫ਼ੀਸਦੀ ਦੀ ਦਰ ਨਾਲ ਵਾਧਾ ਹੋਇਆ ਜਦਕਿ 2010-11 ਦੌਰਾਨ ਇਹ ਵਾਧਾ ਇਸ ਤੋਂ ਪਿਛਲੇ ਸਾਲ ਦੇ ਮੁਕਾਬਲੇ 17.1 ਫ਼ੀਸਦੀ ਨਾਲ ਹੋਇਆ ਸੀ। ਕੁੱਲ ਘਰੇਲੂ ਬੱਚਤ (ਜੀਡੀਐਸ) ਮੋਰਚੇ 'ਤੇ ਸੁਸਤੀ ਰਹੀ। ਜੀਡੀਐਸ ਬੀਤੇ ਵਿੱਤੀ ਸਾਲ ਦੌਰਾਨ 27,65,291 ਰੁਪਏ ਸੀ ਜਦਕਿ 2010-11 ਦੌਰਾਨ ਇਹ 26,51,934 ਰੁਪਏ ਸੀ।

# ਮਮਤਾ ਨੇ ਦਿੱਤੀ ਸੀ ਸਲਮਾਨ ਰਸ਼ਦੀ ਨੂੰ ਧਮਕੀ

**ਕੋਲਕਾਤਾ:** ਪਿਛਲੇ ਕਾਫੀ ਸਮੇਂ ਤੋਂ ਵਿਵਾਦਾਂ ਵਿਚ ਘਿਰੇ ਲੇਖਕ ਸਲਮਾਨ ਰਸ਼ਦੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਕੋਲਕਾਤਾ ਫੇਰੀ ਰੱਦ ਕਰਨ ਦਾ ਕਾਰਨ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਹੈ।

ਰਸ਼ਦੀ ਮੁਤਾਬਕ ਉਸ ਨੂੰ ਧਮਕੀ ਮਿਲੀ ਸੀ ਕਿ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਹੁਕਮ 'ਤੇ ਸੂਬੇ ਦੀ ਪੁਲਿਸ ਉਨ੍ਹਾਂ ਨੂੰ ਸੂਬੇ ਵਿਚੋਂ ਬਾਹਰ ਕੱਢ ਦੇਵੇਗੀ। 65 ਸਾਲਾ ਲੇਖਕ ਨੇ ਦੇਸ਼ ਵਿਚੋਂ ਜਾਣ ਤੋਂ ਪਹਿਲਾਂ ਇਕ ਸਫ਼ੇ ਦਾ ਬਿਆਨ ਜਾਰੀ ਕੀਤਾ। ਟਵਿੱਟਰ 'ਤੇ ਉਸ ਨੇ ਲਿਖਿਆ ਹੈ ਕਿ ਕੋਲਕਾਤਾ ਪੁਲਿਸ ਨੇ ਉਸ ਦੀ ਇਸ ਸ਼ਹਿਰ ਦੀ ਫੇਰੀ ਅਸੰਭਵ ਬਣਾਈ। ਉਸ ਨੇ ਦੋਸ਼ ਲਾਏ ਹਨ ਕਿ ਪੁਲਿਸ ਨੇ ਉਸ ਦਾ ਪ੍ਰੋਗਰਾਮ ਪ੍ਰੈਸ ਤੇ ਮੁਸਲਿਮ ਆਗੂਆਂ ਕੋਲ ਲੀਕ ਕੀਤਾ ਤੇ ਉਨ੍ਹਾਂ ਨੂੰ ਰੋਸ ਪ੍ਰਦਰਸ਼ਨਾਂ ਲਈ ਭੜਕਾਇਆ। ਰਸ਼ਦੀ ਨੇ ਬਿਆਨ ਵਿਚ ਕਿਹਾ ਹੈ ਕਿ ਕੋਲਕਾਤਾ ਜਾਣ ਤੋਂ ਇਕ ਦਿਨ ਪਹਿਲਾਂ ਜਾਣਕਾਰੀ ਮਿਲੀ ਕਿ ਕੋਲਕਾਤਾ ਪੁਲਿਸ ਉਸ ਨੂੰ ਸ਼ਹਿਰ ਵਿਚ ਨਹੀਂ ਵੜਨ ਦੇਵੇਗੀ। ਇਹ ਵੀ ਦੱਸਿਆ ਗਿਆ ਕਿ ਇਹ ਸਾਰਾ ਕੁਝ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਕਹਿਣ 'ਤੇ ਕੀਤਾ ਜਾ ਰਿਹਾ ਹੈ।

ਰਸ਼ਦੀ ਨੇ 30 ਜਨਵਰੀ ਨੂੰ ਆਪਣੇ ਨਾਵਲ 'ਮਿਡਨਾਈਟਸ ਚਿਲਡਰਨ' 'ਤੇ ਬਣੀ ਫਿਲਮ ਦੇ ਪ੍ਰਚਾਰ ਲਈ, ਕੋਲਕਾਤਾ ਸਾਹਿਤਕ ਮੇਲੇ ਵਿਚ ਅਚਾਨਕ ਆਏ ਮਹਿਮਾਨ ਵਜੋਂ ਸ਼ਾਮਲ ਹੋਣਾ ਸੀ ਪਰ ਮਗਰੋਂ ਪ੍ਰਬੰਧਕਾਂ ਨੇ ਉਸ ਨੂੰ ਬੁਲਾਉਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ ਕਿ ਉਨ੍ਹਾਂ ਕੋਲਕਾਤਾ ਸਾਹਿਤਕ ਇਕੱਠ ਵਿਚ ਤੈਅਸ਼ੁਦਾ ਬੁਲਾਰਿਆਂ ਦੀਪਾ ਮਹਿਤਾ, ਰਾਹੁਲ ਬੋਸ ਤੇ ਰੁਚੀਰ ਜੋਸ਼ੀ ਨਾਲ ਸੈਸ਼ਨ 'ਚ ਹਿੱਸਾ ਲੈਣਾ ਸੀ। 'ਮਿਡਨਾਈਟਸ ਚਿਲਡਰਨ' ਭਾਰਤ ਦੇ ਸਿਨਮਿਆਂ ਰਿਲੀਜ਼ ਹੋ ਗਈ ਹੈ।

# ਮਲਾਲਾ ਵੀ ਨੋਬੇਲ ਸ਼ਾਂਤੀ ਪੁਰਸਕਾਰ ਦੀ ਦਾਅਵੇਦਾਰ !

**ਓਸਲੋ:** ਕੁੜੀਆਂ ਲਈ ਪੜ੍ਹਾਈ ਦੀ ਤਰਫ਼ਦਾਰੀ ਕਾਰਨ ਤਾਲਿਬਾਨ ਦੀਆਂ ਗੋਲੀਆਂ ਦਾ ਸ਼ਿਕਾਰ ਹੋਈ ਪਾਕਿਸਤਾਨੀ ਬੱਚੀ ਮਲਾਲਾ ਯੁਸੂਫਜ਼ਾਈ ਤੇ ਕੁਝ ਮਨੁੱਖੀ ਅਧਿਕਾਰ ਕਾਰਕੁਨ ਇਸ ਸਾਲ ਦੇ ਸ਼ਾਂਤੀ ਨੋਬੇਲ ਪੁਰਸਕਾਰ ਲਈ ਨਾਮਜ਼ਦ ਹੋ ਸਕਦੇ ਹਨ।

ਇਸ ਪੁਰਸਕਾਰ ਲਈ ਨਾਮਜ਼ਦਗੀ ਦਾਖਲ ਕਰਨ ਦੀ ਆਖਰੀ ਤਾਰੀਖ਼ ਪਹਿਲੀ ਫਰਵਰੀ ਸੀ। ਇਸ ਸਾਲ ਦੇ ਨੋਬੇਲ ਸ਼ਾਂਤੀ ਪੁਰਸਕਾਰ ਦਾ ਐਲਾਨ ਅਕਤੂਬਰ ਦੇ ਸ਼ੁਰੂ ਵਿਚ ਹੋ ਜਾਵੇਗਾ। 15 ਸਾਲਾ ਮਲਾਲਾ ਨੂੰ ਤਾਲਿਬਾਨ ਨੇ 9 ਅਕਤੂਬਰ ਨੂੰ ਗੋਲੀ ਮਾਰ ਦਿੱਤੀ। ਉਹ ਅਜੇ ਬਰਤਾਨੀਆ ਵਿਚ ਆਪਣਾ ਇਲਾਜ ਕਰਵਾ ਰਹੀ ਹੈ। ਓਸਲੋ ਦੇ ਪੀਸ ਰਿਸਰਚ ਇੰਸਟੀਚਿਊਟ ਦੇ ਮੁਖੀ ਕ੍ਰਿਸਟੀਅਨ ਬਰਗ ਹਰਪਵਿਕੇਨ ਮੁਤਾਬਕ ਜੋ ਦੁਨੀਆ ਦੇ ਹਾਲਤ ਹਨ, ਉਸ ਅਨੁਸਾਰ ਮਲਾਲਾ ਨੇ ਮਨੁੱਖੀ ਅਧਿਕਾਰਾਂ ਤੇ ਜਮਹੂਰੀਅਤ ਲਈ ਜੋ ਕੁਝ ਕੀਤਾ ਹੈ, ਉਹ ਬਹੁਤ ਵੱਡੀ ਗੱਲ ਹੈ ਪਰ ਬੱਚਿਆਂ ਤੇ ਸਿੱਖਿਆ ਲਈ ਉਸ ਵੱਲੋਂ ਪਾਏ ਯੋਗਦਾਨ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ।







# ਸੰਘ ਪਰਿਵਾਰ ਨਰਿੰਦਰ ਮੋਦੀ ਦੇ ਹੱਕ ’ਚ ਡਟਿਆ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦੇ ਨਾਂ ਨੂੰ ਲੈ ਕੇ ਭਾਜਪਾ ਤੇ ਐਨਡੀਏ. ਦੀਆਂ ਭਾਈਵਾਲ ਪਾਰਟੀਆਂ ਵਿਚਾਲੇ ਖਿੱਚੋਤਾਣ ਤੇਜ਼ ਹੋ ਗਈ ਹੈ। ਇਕ ਪਾਸੇ ਸੰਘ ਪਰਿਵਾਰ ਵੱਲੋਂ ਭਾਜਪਾ ‘ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਪਾਰਟੀ ਦੇ ਅਗਲੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨਿਆ ਜਾਵੇ ਜਦੋਂਕਿ ਦੂਜੇ ਪਾਸੇ ਐਨਡੀਏ ਦੇ ਭਾਈਵਾਲਾਂ ਖਾਸਕਰ ਜਨਤਾ ਦਲ (ਯੂ) ਨੇ ਸੰਕੇਤ ਦਿੱਤਾ ਹੈ ਕਿ ਉਨ੍ਹਾਂ ਨੂੰ ਸ੍ਰੀ ਮੋਦੀ ਦਾ ਨਾਂ ਮਨਜ਼ੂਰ ਨਹੀਂ ਹੈ। ਪਿਛਲੇ ਹਫਤੇ ਆਰਐਸਐਸ ਤੇ ਭਾਜਪਾ ਦੇ ਸੀਨੀਅਰ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਦੇ ਪ੍ਰਧਾਨ ਅਸ਼ੋਕ ਸਿੰਘਲ ਨੇ ਕਿਹਾ ਹੈ ਕਿ ਪਾਰਟੀ ਸ੍ਰੀ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨ ਦੇਵੇ। ਭਾਜਪਾ ਤੇ ਐਨ.ਡੀ.ਏ. ਦੇ ਭਾਈਵਾਲਾਂ ਵੱਲੋਂ ਵੀ ਦਬਾਅ ਪੈ ਰਿਹਾ ਹੈ ਕਿ ਅਗਲੇ ਵਰ੍ਹੇ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਨੂੰ ਪ੍ਰਧਾਨ ਮੰਤਰੀ ਦੇ ਉਮੀਦਵਾਰ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਬਿਹਾਰ ਦੇ ਮੁੱਖ ਮੰਤਰੀ ਤੇ ਜਨਤਾ ਦਲ (ਯੂ) ਦੇ ਆਗੂ ਨਿਤਿਸ਼ ਕੁਮਾਰ ਨੇ ਕਿਹਾ ਹੈ ਕਿ ਭਾਜਪਾ ਨੂੰ ਪਹਿਲਾਂ ਹੀ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦਾ ਐਲਾਨ ਕਰ ਦੇਣਾ ਚਾਹੀਦਾ ਹੈ ਪਰ ਬਾਅਦ ਵਿਚ ਉਨ੍ਹਾਂ ਨੇ ਇਹ ਬਿਆਨ ਨਾਲੋਂ ਆਪਣੇ ਆਪ ਨੂੰ ਲਾਂਭੇ ਕਰ ਲਿਆ। ਉਂਝ, ਜਨਤਾ ਦਲ (ਯੂ) ਇਸ ਗੱਲ ਤੋਂ ਖਫਾ ਹੈ ਕਿ ਕੱਟੜਪੰਥੀ ਸ਼ਕਤੀਆਂ ਨਰਿੰਦਰ ਮੋਦੀ ਨੂੰ ਉਭਾਰ ਰਹੀਆਂ ਹਨ। ਜਨਤਾ ਦਲ (ਯੂ) ਦੇ ਬੁਲਾਰੇ ਸ਼ਿਵਨੰਦ ਤਿਵਾੜੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਜਾਂ ਚੋਣ ਕਿਸ ਦੀ ਅਗਵਾਈ ਹੇਠ ਲੜਨੀ ਹੈ, ਦਾ ਫੈਸਲਾ ਸਿਆਸੀ ਪਾਰਟੀਆਂ ਨੇ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਸਾਧੂ ਤੇ ਧਾਰਮਿਕ ਅਖਾੜੇ ਇਸ ਬਾਰੇ ਕਿਵੇਂ ਫੈਸਲੇ ਲਈ ਜਾ ਰਹੇ ਹਨ। ਇਸ ਬਾਰੇ ਭਾਜਪਾ ਦੇ ਉਪ ਪ੍ਰਧਾਨ ਮੁਖਤਾਰ ਅੱਬਾਸ ਨਕਵੀ ਨੇ ਕਿਹਾ ਕਿ ਗੱਠਜੋੜ ਬਣਾਉਣੇ ਬਹੁਤ ਔਖੇ ਹਨ ਪਰ ਇਨ੍ਹਾਂ ਨੂੰ ਤੋੜਿਆ ਅਸਾਨੀ ਨਾਲ ਜਾ ਸਕਦਾ ਹੈ। ਇਸ ਬਾਰੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਅਸ਼ੋਕ ਸਿੰਘਲ ਦਾ ਕਹਿਣਾ ਹੈ ਕਿ ਜੇਕਰ ਲੋਕ ਖੁਦ ਹੀ ਮੰਗ ਕਰ ਰਹੇ ਹਨ ਕਿ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਜਾਣਾ ਚਾਹੀਦਾ ਹੈ ਤਾਂ ਭਾਜਪਾ ਨੂੰ ਵੀ ਇਸ ਬਾਰੇ ਸੋਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਪ੍ਰਧਾਨ ਰਾਜਨਾਥ ਸਿੰਘ ਖੁਦ ਮੰਨ ਚੁੱਕੇ ਹਨ ਕਿ ਇਸ ਵੇਲੇ ਮੋਦੀ ਸਭ ਤੋਂ ਹਰਮਨਪਿਆਰਾ ਆਗੂ ਹੈ। ਇਹ ਸਾਰੇ ਘਟਨਾਕ੍ਰਮ ਦੌਰਾਨ ਚਰਚਾ ਜਾਰੀ ਹੈ ਕਿ ਸੰਘ ਪਰਿਵਾਰ ਵੱਲੋਂ ਭਾਜਪਾ ‘ਤੇ ਨਰਿੰਦਰ ਮੋਦੀ ਨੂੰ ਉਮੀਦਵਾਰ ਐਲਾਨਣ ਲਈ ਦਬਾਅ ਪਾਇਆ ਜਾ ਰਿਹਾ ਹੈ।

## ਪਾਕਿਸਤਾਨ ਸਭ ਤੋਂ ਵੱਧ ਖਤਰਨਾਕ: ਹੇਗਲ

**ਵਾਸ਼ਿੰਗਟਨ:** ਅਮਰੀਕਾ ਦੇ ਨਾਮਜ਼ਦ ਰੱਖਿਆ ਮੰਤਰੀ ਚੱਕ ਹੇਗਲ ਦਾ ਕਹਿਣਾ ਹੈ ਕਿ ਪਾਕਿਸਤਾਨ ਪਰਮਾਣੂ ਹਥਿਆਰਾਂ ਨਾਲ ਲੈਸ ਵਿਸ਼ਵ ਦਾ ਇੰਨਾ ਖ਼ਤਰਨਾਕ ਹਿੱਸਾ ਹੈ ਜੋ ਕਦੇ ਵੀ ਦੁਨੀਆ ਨੂੰ ਤਬਾਹੀ ਵੱਲ ਲਿਜਾ ਸਕਦਾ ਹੈ।

ਨੇਬਰਾਸਕਾ ਤੋਂ ਦੋ ਵਾਰ ਸੈਨੇਟਰ ਰਹੇ ਹੇਗਲ ਨੇ ਸੈਨੇਟ ਦੀਆਂ ਫੌਜੀ ਸੇਵਾਵਾਂ ਬਾਰੇ ਕਮੇਟੀ ਦੀ 112 ਸਫ਼ਿਆਂ ਦੀ ਪ੍ਰਸ਼ਨਾਵਲੀ ਦੇ ਜਵਾਬ ਦਿੰਦਿਆਂ ਦੱਸਿਆ ਕਿ ਉਸ ਮੁਤਾਬਕ ਪਾਕਿਸਤਾਨ ਬਹੁਤ ਖ਼ਤਰਨਾਕ ਖੇਤਰ ਹੈ ਤੇ ਵਿਸ਼ਵ ਦਾ ਇਹ ਖਿੱਤਾ ਪ੍ਰਤੱਖ ਤੌਰ ‘ਤੇ ਇਸ ਦੇਸ਼ ਦੇ ਕੌਮੀ ਸੁਰੱਖਿਆ ਹਿੱਤਾਂ ਪੱਖੋਂ ਇੰਨਾ ਅਹਿਮ ਹੈ ਕਿ ਅਮਰੀਕਾ ਇਸ ਨੂੰ ਅਣਗੌਲਿਆ ਵੀ ਨਹੀਂ ਕਰ ਸਕਦਾ ਤੇ ਇਸ ਨਾਲ ਕੋਈ ਸੌਦਾ ਵੀ ਨਹੀਂ ਕਰ ਸਕਦਾ। ਹੇਗਲ ਨੂੰ ਓਬਾਮਾ ਨੇ ਆਪਣਾ ਅਗਲਾ ਰੱਖਿਆ ਮੰਤਰੀ ਨਾਮਜ਼ਦ ਕੀਤਾ ਹੈ ਜਿਸ ਦੀ ਸੈਨੇਟ ਵੱਲੋਂ ਪੁਸ਼ਟੀ ਹੋਣੀ ਬਾਕੀ ਹੈ।

## ਭਾਰਤੀ ਮੂਲ ਦੇ ਵਿਗਿਆਨੀ ਦਾ ਸਨਮਾਨ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀ ਰੰਗਾਸਵਾਮੀ ਸ੍ਰੀਨਿਵਾਸਨ ਦਾ ਉੱਚ ਪੁਰਸਕਾਰ ‘ਨੈਸ਼ਨਲ ਮੈਡਲ ਆਫ਼ ਟੈਕਨਾਲੋਜੀ ਤੇ ਇਨੋਵੇਸ਼ਨ’ ਨਾਲ ਸਨਮਾਨ ਕੀਤਾ ਹੈ।

ਰੰਗਾਸਵਾਮੀ ਨੂੰ ਇਹ ਪੁਰਸਕਾਰ ਲੇਜ਼ਰ ਦੇ ਖੇਤਰ ਵਿਚ ਸਰਬੋਤਮ ਕੰਮ ਲਈ ਦਿੱਤਾ ਗਿਆ ਹੈ। ਉਨ੍ਹਾਂ ਨੂੰ ਇਹ ਪੁਰਸਕਾਰ ਐਗਜ਼ਾਈਮਰ ਲੇਜ਼ਰ ਦੀ ਖੋਜ ਕਰਨ ਲਈ ਦਿੱਤਾ ਗਿਆ।

# ਪਰਮਾਣੂ ਜ਼ਖ਼ੀਰਾ ਕੱਟੜਪੰਥੀਆਂ ਦੇ ਹੱਥ ਲੱਗਣ ਦਾ ਖ਼ਤਰਾ

**ਲੰਡਨ:** ਪਾਕਿਸਤਾਨ ਦਾ ਪਰਮਾਣੂ ਜ਼ਖ਼ੀਰਾ ਕਿਸੇ ਵੇਲੇ ਵੀ ਕੱਟੜਪੰਥੀਆਂ ਦੇ ਹੱਥ ਲੱਗ ਸਕਦਾ ਹੈ। ਇਹ ਤਾੜਨਾ ਦਿੰਦਿਆਂ ਪਾਕਿਸਤਾਨੀ ਵਿਗਿਆਨੀ ਤੇ ਰੱਖਿਆ ਵਿਸ਼ਲੇਸ਼ਣਕਾਰ ਪਰਵੇਜ਼ ਹੁੱਦਬੋਇ ਨੇ ਆਪਣੀ ਪੁਸਤਕ ‘ਕਨਫਰੰਟਿੰਗ ਦਿ ਬੌਂਬ’ ਲਾਂਚ ਕਰਨ ਮੌਕੇ ਕਿਹਾ ਕਿ ਫੌਜ ’ਚ ਕੱਟੜਪੰਥੀਆਂ ਦਾ ਪ੍ਰਭਾਵ ਲਗਾਤਾਰ ਵਧ ਰਿਹਾ ਹੈ ਜੋ ਇਸ ਦੇ ਆਪਣੇ ਅੱਡਿਆਂ ’ਤੇ ਹੋ ਰਹੇ ਹਮਲਿਆਂ ਤੋਂ ਪ੍ਰਤੱਖ ਹੈ ਜੋ ਦੇਸ਼ ਦੇ ਪਰਮਾਣੂ ਜ਼ਖ਼ੀਰੇ ’ਤੇ ਇਸਲਾਮੀ ਕੱਟੜਪ੍ਰਸਤਾਂ ਦੇ ਕਬਜ਼ੇ ਦਾ ਕਾਰਨ ਬਣ ਸਕਦਾ ਹੈ।

ਪਰਵੇਜ਼ ਮੁਤਾਬਕ ਪਾਕਿਸਤਾਨ ਕੋਲ ਭਾਰਤ ਜਿੰਨੇ 120-130 ਪਰਮਾਣੂ ਹਥਿਆਰਾਂ ਦਾ ਭੰਡਾਰ ਹੈ ਅਤੇ ਪਹਿਲਾਂ ਇਹ ਹਥਿਆਰ ਕੇਵਲ ਰੁਕਾਵਟ ਵਜੋਂ ਦੇਖੇ ਜਾਂਦੇ ਸਨ ਪਰ ਹੁਣ ਸਭ ਤੋਂ ਖ਼ਤਰਨਾਕ ਰੁਝਾਨ ਇਹ ਬਣ ਗਿਆ ਹੈ ਕਿ ਪਰਮਾਣੂ ਸਮੱਗਰੀ ਦੀ ਲਗਾਤਾਰ ਭਾਲ ਵਧ ਰਹੀ ਹੈ ਤੇ ਨਵੇਂ ਤੋਂ ਨਵੇਂ ਪਰਮਾਣੂ ਹਥਿਆਰ ਸਾਹਮਣੇ ਆ ਰਹੇ ਹਨ। ਇਨ੍ਹਾਂ ਹਥਿਆਰਾਂ ਦਾ ਜ਼ਖ਼ੀਰਾ ਸਹਿਜੇ-ਸਹਿਜੇ ਵਧ ਰਿਹਾ ਹੈ।

ਮੈਸਾਚੂਸੈਟਸ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਪਰਮਾਣੂ ਫਿਜ਼ਿਕਸ ਵਿਚ ਪੀਐਚ.ਡੀ. ਕਰਨ ਵਾਲੇ ਹੁੱਡਭੋਇ ਨੇ ਜ਼ੋਰ ਦਿੱਤਾ ਕਿ ਉਪਮਹਾਦੀਪ ਤੇ ਆਲਮੀ ਸੁਰੱਖਿਆ ਖਾਤਰ ਇਸ ਮੁੱਦੇ ਦਾ ਹੱਲ ਜ਼ਰੂਰੀ ਹੈ। ਭਾਰਤ-ਪਾਕਿ ਵਿਚਾਲੇ ਘੱਟੋ-ਘੱਟ 5 ਮੌਕਿਆਂ ‘ਤੇ ਐਟਮੀ ਜੰਗ ਹੁੰਦੀ-ਹੁੰਦੀ ਟਲੀ ਹੈ। ਉਨ੍ਹਾਂ ਕਿਹਾ ਕਿ ਪਰਮਾਣੂ ਤਣਾਅ ਦੇ ਇਤਿਹਾਸ ਦੇ ਚੱਲਦਿਆਂ ਸਾਨੂੰ ਇਸ ਮੁੱਦੇ ‘ਤੇ ਢਿੱਲ-ਮੱਠ ਵਾਰਾ ਨਹੀਂ ਖਾਂਦੀ।

ਪਰਮਾਣੂ ਧਮਾਕਿਆਂ ਕਾਰਨ ਪੈਂਦੇ ਰੇਡੀਓ ਐਕਟਿਵ ਪ੍ਰਭਾਵਾਂ ਦਾ ਅਸਰ ਨਾ ਕੇਵਲ ਉਪ-ਮਹਾਦੀਪ ‘ਤੇ ਬਲਕਿ ਸਾਰੇ ਵਿਸ਼ਵ ‘ਤੇ ਪਏਗਾ। ਇਹ ਪੁਸਤਕ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਛਾਪੀ ਹੈ ਤੇ ਇਸ ਦੀ ਸੰਪਾਦਨਾ ਹੁੱਡਭੋਇ ਨੇ ਕੀਤੀ ਹੈ ਜਿਸ ‘ਚ ਦੋਵੇਂ ਮੁਲਕਾਂ ਦੇ ਵਿਗਿਆਨੀਆਂ ਦੇ ਲਿਖੇ ਲੇਖ ਸ਼ਾਮਲ ਹਨ।


HK Transport Company

Wanted Owner Operator & Drivers

Indianapolis based trucking company needs experienced CDL class A company drivers and owner operators to haul dry freights all over 48 states.

For company drivers-We provide Good and clean trucks, Pay every 15 days, direct deposit and weekend home. For Owner operators with nice and good condition trucks who want to make more money with flexible dispatch options, we are the right choice.

*“Medical Benefits and sign-in Bonus offered”*

Contact Phone: 317-837-8577

Fax: 317-837-1004 email: ginny@hktransportinc.com



ਖੇਤੀ ਯੋਗ ਜ਼ਮੀਨ ਵਿਕਾਊ ਹੈ

ਪੰਜਾਬ ਦੇ ਫਰੀਦਕੋਟ ਸ਼ਹਿਰ ਦੀ ਹੱਦ ਦੇ ਅੱਧੇ ਕਿਲੋਮੀਟਰ ਦੇ ਅੰਦਰ 16.25 ਏਕੜ ਜ਼ਮੀਨ ਵਿਕਾਊ ਹੈ, 3 ਸਬਮਰਸੀਬਲ ਪੰਪ, ਅੰਡਰਗਰਾਊਂਡ ਪਾਈਪਾਂ ਰਾਹੀਂ ਵਾਧੂ ਨਹਿਰੀ ਪਾਣੀ

ਸਿਟੀ ਸੈਂਟਰ ਤੋਂ ਸਿਰਫ ਢਾਈ ਕਿਲੋਮੀਟਰ ਦੂਰ

ਕੀਮਤ: 49 ਲੱਖ ਰੁਪਏ ਪ੍ਰਤੀ ਏਕੜ

*ਰਕਮ ਅਮਰੀਕਾ ਜਾਂ ਕੈਨੇਡਾ ’ਚ ਵੀ ਚੁਕਾਈ ਜਾ ਸਕਦੀ ਹੈ*

ਸੰਪਰਕ ਕਰੋ, ਫੋਨ: 414-426-4811





Global Multi Services

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ ‘ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

Allignment, Axle, Speceial Offer $179

*(Exp: March 31, 2013)*

ਅਸੀਂ ਹੁਣ ਟਰੱਕ ਤੇ ਟਰੇਲਰ ਦੀ ਅਲਾਈਨਮੈਂਟ ਵੀ ਕਰਦੇ ਹਾਂ

*Repair Shop*

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210

ਫੈਕਸ: 209-547-9211

Dispatch

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।

ਫੋਨ: 209-547-9210

ਫੈਕਸ: 209-547-9211

*Registration Services*

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996

ਫੈਕਸ: 209-982-9997



*Rajinder Singh*

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ

Stockton ਵਿਚ Highway 4 ਦੇ ਬਿਲਕੁਲ ਨਜ਼ਦੀਕ

1950 E. Miner Ave., Stockton, CA 95205

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com



*Manitpal Singh*

# ਲੋਕ ਗੀਤਾਂ ਦਾ ਸਾਹਿਤਕ ਉਭਾਰ ਤੇ ਨਿਖਾਰ

ਸੁਰਤ ਤੇ ਸੰਗੀਤ



**ਗੁਰਬਚਨ ਸਿੰਘ ਭੁੱਲਰ**
ਫੋਨ:91-11-65736868

ਬਚਪਨ ਦੇ ਦਿਨਾਂ ਨੂੰ ਆਪਣੇ ਅਜੋਕੇ ਸਾਹਿਤਕ ਪ੍ਰਸੰਗ ਵਿਚ ਰੱਖ ਕੇ ਦੇਖਦਾ-ਸੋਚਦਾਂ ਤਾਂ ਮਨ 'ਤੇ ਸਭ ਤੋਂ ਵੱਡਾ ਪ੍ਰਭਾਵ ਲੋਕ ਗੀਤਾਂ ਦਾ ਹੀ ਮਹਿਸੂਸ ਹੁੰਦਾ ਹੈ। ਭਾਵੇਂ ਦੀਵਾਨਾਂ, ਭਾਂਤ-ਭਾਂਤ ਦੇ ਖਾੜਿਆਂ ਦੇ ਮਹੱਤਵ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ ਪਰ ਲੋਕ ਗੀਤ ਤਾਂ ਘਰ ਤੇ ਸਮਾਜ ਦੇ ਪੌਣ-ਪਾਣੀ ਵਿਚ ਖ਼ੁਸ਼ਬੂ ਵਾਂਗ ਰਚੇ-ਵਸੇ ਹੋਏ ਸਨ। ਗੋਦੀ ਵਿਚ ਸੁੱਤਿਆਂ, ਜਾਗਦਿਆਂ, ਸੁਤ-ਉਨੀਂਦਿਆਂ ਸੁਣੀਆਂ ਲੋਰੀਆਂ ਤੋਂ ਤੁਰੀ ਲੋਕ ਗੀਤਾਂ ਦੀ ਸਰੋਤਾ-ਯਾਤਰਾ ਵੰਨਸੁਵੰਨੀਆਂ ਗੀਤਵਾੜੀਆਂ ਵਿਚੋਂ ਦੀ ਲੰਘਦੀ ਜਾਂਦੀ ਸੀ। ਕੋਈ ਪਰਿਵਾਰਕ ਜਾਂ ਸਮਾਜਕ ਸਮਾਗਮ ਲੋਕ ਗੀਤਾਂ ਤੋਂ ਬਿਨਾਂ ਸੋਚਿਆ ਵੀ ਨਹੀਂ ਸੀ ਜਾ ਸਕਦਾ। ਇਨ੍ਹਾਂ ਦਾ ਪ੍ਰਮੁੱਖ ਸੋਮਾ ਮਾਂਵਾਂ, ਦਾਦੀਆਂ, ਚਾਚੀਆਂ, ਤਾਈਆਂ, ਭੂਆ, ਭੈਣਾਂ ਤੇ ਭਾਬੀਆਂ ਸਨ ਜੋ ਭਾਂਤ-ਭਾਂਤ ਦੇ ਘਰੇਲੂ ਕੰਮਾਂ ਵਿਚ ਰੁੱਝੀਆਂ ਆਪਣੇ ਵਲਵਲਿਆਂ ਤੇ ਮਨੋਭਾਵਾਂ ਦੇ ਪ੍ਰਗਟਾਵੇ ਵਾਸਤੇ ਲੋਕ ਗੀਤਾਂ ਦਾ ਹੀ ਆਸਰਾ ਲੈਂਦੀਆਂ ਸਨ।

ਕਿਸੇ ਕਲਾ ਦਾ ਸਰਬ-ਸਾਂਝਾ, ਸਮੂਹਿਕ, ਭਾਈਚਾਰਕ ਰੂਪ ਸਦੀਆਂ ਵਿਚ ਵਿਗਸਦਾ ਹੈ। ਇਹਦਾ ਕੋਈ ਇਕ ਕਰਤਾ ਨਾ ਪਛਾਣਿਆ ਜਾ ਸਕਦਾ ਹੈ ਤੇ ਨਾ ਹੁੰਦਾ ਹੀ ਹੈ। ਇਸ ਵਿਚ ਅਣਗਿਣਤ ਲੋਕਾਂ ਦੀ ਕਲਾਤਮਕ ਸੂਝ ਤੇ ਘਾਲਣਾ ਦਾ ਸਦੀਆਂ ਲੰਮਾ ਸੀਰ ਰਲਿਆ ਹੋਇਆ ਹੁੰਦਾ ਹੈ। ਇਸੇ ਕਰਕੇ ਇਹਨੂੰ ਲੋਕ ਕਲਾ ਕਿਹਾ ਜਾਂਦਾ ਹੈ। ਕਦੀ ਕਦੀ ਲੋਕ ਕਲਾ ਨੂੰ ਅਣਸਾਧੀ ਕਲਾ ਜਾਂ ਅਰਧ-ਕਲਾ ਆਖਿਆ ਹੋਇਆ ਵੀ ਪੜ੍ਹਨ-ਸੁਣਨ ਨੂੰ ਮਿਲਦਾ ਹੈ। ਇਹ ਲੋਕ ਕਲਾ ਨਾਲ ਅਸਲੋਂ ਹੀ ਅਨਿਆਂ ਹੈ। ਸਦੀਆਂ ਦੇ ਲੰਮੇ ਸਮੇਂ ਵਿਚ ਅਨੇਕ ਸਾਧਕਾਂ ਦੀ ਸੋਝੀ ਤੇ ਸਾਧਨਾ ਵਿਚੋਂ ਲੰਘ ਕੇ ਪੂਰਨਤਾ ਨੂੰ ਪੁੱਜੀ ਕੋਈ ਲੋਕ ਕਲਾ ਭਲਾ ਅਣਸਾਧੀ ਜਾਂ ਕੱਚੀ ਕਿਵੇਂ ਹੋ ਸਕਦੀ ਹੈ! ਲੋਕ ਕਲਾ ਹੀ ਕਲਾ ਦਾ ਆਧਾਰ ਬਣਦੀ ਹੈ। ਇਤਿਹਾਸ ਦੇ ਕਿਸੇ ਪੜਾਅ 'ਤੇ ਕਿਸੇ ਲੋਕ ਕਲਾ ਦੇ ਗਿਆਤਾ ਉਸ ਦੇ ਆਪਣੇ ਅੰਦਰੋਂ ਹੀ ਸਾਂਝੇ ਤੇ ਵਿਆਪਕ ਨੇਮ ਲਭਦੇ ਹਨ ਅਤੇ ਉਸ ਲੋਕ ਕਲਾ ਦੇ ਉਨ੍ਹਾਂ ਹੀ ਨੇਮਾਂ ਵਿਚ ਲਿਆਂਦੇ ਤੇ ਢਾਲੇ ਰੂਪ ਨੂੰ ਕਲਾ ਆਖਿਆ ਜਾਂਦਾ ਹੈ। ਇਹ ਲੋਕ ਕਲਾ ਦੇ ਅਜਿਹੇ ਪਾਰਖੂ ਤੇ ਪੇਸ਼ਕਾਰ ਹੁੰਦੇ ਹਨ ਜੋ ਉਹਦੇ ਉਭਾਰ, ਨਿਖਾਰ ਤੇ ਪਸਾਰ-ਪ੍ਰਸਾਰ ਦਾ ਵਸੀਲਾ ਬਣਦੇ ਹਨ। ਇਹ ਗੱਲ ਲੋਕ ਸਾਹਿਤ, ਲੋਕ ਕਥਾ, ਲੋਕ ਗੀਤ, ਲੋਕ ਸੰਗੀਤ, ਲੋਕ ਨਾਚ ਆਦਿ ਬਾਰੇ ਇਕੋ ਜਿੰਨੀ ਸੱਚ ਹੈ।

ਹਰ ਕਲਾ ਦੇ ਇਤਿਹਾਸ ਵਿਚ ਨਿਖਾਰ, ਖੜੋਤ ਤੇ ਨਿਘਾਰ ਦੇ ਦੌਰ ਆਉਂਦੇ ਹਨ। ਚੰਗੀ ਕਿਸਮਤੀ ਨੂੰ ਮੇਰਾ ਬਚਪਨ ਲੋਕ ਗੀਤਾਂ ਦੀ ਸਾਹਿਤਕਤਾ ਦੇ ਉਭਾਰ ਦਾ ਜ਼ਮਾਨਾ ਸੀ। ਇਹ ਉਹ ਸਮਾਂ ਸੀ ਜਦੋਂ ਤਵਿਆਂ ਵਿਚ ਬੰਦ ਹੋ ਕੇ ਅਤੇ ਰੇਡੀਓ ਤੋਂ ਹਵਾ ਦੀ ਸਵਾਰੀ ਕਰ ਕੇ ਲੋਕ ਗੀਤ ਆਪਣੇ ਨਿੱਖਰੇ ਰੂਪ ਵਿਚ ਘਰ ਘਰ ਪੁੱਜਣ ਲੱਗੇ। ਇਹੋ ਸਮਾਂ ਸੀ ਜਦੋਂ ਲੋਕ ਗੀਤਾਂ ਨੂੰ ਕਾਨੀਬੱਧ ਕਰ ਕੇ ਸਾਹਿਤਕ ਸਥਾਨ ਦਿੰਦਿਆਂ ਨਿਰਖਿਆ-ਪਰਖਿਆ ਤੇ ਸਲਾਹਿਆ ਜਾਣ ਲੱਗਾ। ਤੇ ਇਹੋ ਹੀ ਸਮਾਂ ਸੀ ਜਦੋਂ ਗੀਤਕਾਰਾਂ ਨੇ ਲੋਕ ਗੀਤਾਂ ਦੇ ਰੰਗ ਵਿਚ ਰੰਗੇ ਹੋਏ ਗੀਤ ਰਚੇ।

ਇਕ ਪਾਸੇ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਪੰਜਾਬੀ ਸਭਿਆਚਾਰ ਦੇ ਪਿੜ ਵਿਚ ਆਈਆਂ। ਉਹ ਅਜਿਹੀਆਂ ਗਾਇਕਾਵਾਂ ਸਨ ਜਿਨ੍ਹਾਂ ਨੇ ਲੋਕ ਗੀਤ ਦੇ ਜਲੌਅ ਤੇ ਜਲਾਲ ਨੂੰ ਆਪਣੀ ਨਿਵੇਕਲੀ ਟੁਣੇਹਾਰੀ ਆਵਾਜ਼ ਨਾਲ ਪ੍ਰਕਾਸ਼ਮਾਨ ਕੀਤਾ ਅਤੇ ਸੱਚੀ-ਸੁੱਚੀ ਕਲਾ ਵਜੋਂ ਸਰੋਤਿਆਂ ਦੇ ਮਨਾਂ ਵਿਚ ਉਚੇ ਆਸਨ ਉਤੇ ਸਜਾ ਦਿੱਤਾ। ਉਨ੍ਹਾਂ ਦੇ ਨਾਲ ਨਾਲ ਇਹ ਪੰਜਾਬੀ ਲੋਕ-ਗਾਇਕੀ ਦਾ ਵੀ ਸੁਭਾਗ ਸੀ ਕਿ ਉਸ ਨੂੰ ਉਨ੍ਹਾਂ ਦੇ ਰੂਪ ਵਿਚ ਅਜਿਹੀ ਆਵਾਜ਼ ਮਿਲੀ ਜਿਹੋ ਜਿਹੀ ਆਵਾਜ਼ ਕੁਦਰਤ ਕਦੀ ਕਦੀ ਹੀ ਮਿਹਰਬਾਨ ਹੋ ਕੇ ਕਿਸੇ ਕਿਸੇ ਨੂੰ ਹੀ ਬਖ਼ਸ਼ਦੀ ਹੈ। ਪ੍ਰਕਾਸ਼ ਕੌਰ ਨੇ ਪਹਿਲੀ ਵਾਰ ਪਿਸ਼ਾਵਰ ਰੇਡੀਓ ਤੋਂ 1941 ਵਿਚ ਗਾਇਆ ਅਤੇ ਸੁਰਿੰਦਰ ਕੌਰ ਨੇ ਦੋ ਸਾਲ ਮਗਰੋਂ 1943 ਵਿਚ ਪਹਿਲੀ ਵਾਰ ਲਾਹੌਰ ਰੇਡੀਓ ਤੋਂ ਗਾਇਆ। ਅਗਲੇ ਸਾਲ, 1944 ਵਿਚ ਐਚ ਐਮ ਵੀ ਨੇ ਦੋਵਾਂ ਭੈਣਾਂ ਦਾ ਪਹਿਲਾ ਸਾਂਝਾ ਰਿਕਾਰਡ ਪੇਸ਼ ਕੀਤਾ। ਸੁਰਿੰਦਰ ਕੌਰ ਦੀ ਆਵਾਜ਼ ਨੇ ਤਾਂ ਪੰਜਾਬੀ ਦੀਆਂ ਹੱਦਾਂ ਪਾਰ ਕਰ ਕੇ ਹਿੰਦੀ ਵਿਚ ਵੀ ਅਭੁੱਲ ਸਥਾਨ ਬਣਾਉਣ ਵਿਚ ਸਫਲਤਾ ਪ੍ਰਾਪਤ ਕੀਤੀ।

ਦੂਜੇ ਪਾਸੇ, ਐਨ ਉਨ੍ਹਾਂ ਹੀ ਦਿਨਾਂ ਵਿਚ ਦੇਵਿੰਦਰ ਸਤਿਆਰਥੀ ਨੇ ਲੋਕ ਗੀਤਾਂ ਨੂੰ ਕਾਨੀਬੱਧ ਕਰਨ ਦਾ ਇਤਿਹਾਸਕ ਕਾਰਜ ਆਰੰਭਿਆ। ਸਾਡੇ ਜੀਵਨ ਵਿਚ ਲੋਕ ਗੀਤਾਂ ਦੇ ਮਹੱਤਵ ਤੇ ਸਥਾਨ ਦੀ ਸੋਝੀ ਕਰਵਾਉਣ ਵਾਲੀ ਉਨ੍ਹਾਂ ਦੀ ਪ੍ਰਥਮ ਪੁਸਤਕ 'ਗਿੱਧਾ', ਜਿਸ ਨੇ ਛਪਦਿਆਂ ਹੀ ਟਕਸਾਲੀ ਸਥਾਨ ਪ੍ਰਾਪਤ ਕਰ ਲੈਣ ਦਾ ਕਾਰਨਾਮਾ ਕਰ ਦਿਖਾਇਆ, 1936 ਵਿਚ ਪ੍ਰਕਾਸ਼ਿਤ ਹੋਈ। 1941 ਵਿਚ ਉਨ੍ਹਾਂ ਦੀ ਲੋਕ ਗੀਤਾਂ ਦੀ ਦੂਜੀ ਪੁਸਤਕ 'ਦੀਵਾ ਬਲੇ ਸਾਰੀ ਰਾਤ' ਦੇ ਨਾਲ ਨਾਲ ਲੋਕ ਗੀਤਾਂ ਦੇ ਰੰਗ ਵਿਚ ਰੰਗੀ ਹੋਈ ਪਹਿਲੀ ਕਾਵਿ-ਪੁਸਤਕ 'ਧਰਤੀ ਦੀਆਂ ਵਾਜਾਂ' ਵੀ ਪਾਠਕਾਂ ਦੇ ਹੱਥਾਂ ਵਿਚ ਪੁੱਜੀ। ਸੁਰਿੰਦਰ ਕੌਰ ਦੀ ਆਵਾਜ਼ ਵਾਂਗ ਉਨ੍ਹਾਂ ਦੀ ਘਾਲਣਾ ਵੀ ਪੰਜਾਬੀ ਦੇ ਵਿਹੜੇ ਤੋਂ ਬਾਹਰ ਤੱਕ ਫ਼ੈਲ ਗਈ। ਉਨ੍ਹਾਂ ਨੇ ਲੋਕ ਗੀਤਾਂ ਦੀ ਮਹਿਕ 1941 ਵਿਚ ਪੁਸਤਕ 'ਮੈਂ ਹੂੰ ਖ਼ਾਨਾਬਦੋਸ਼' ਤੇ 1946 ਵਿਚ 'ਗਾਏ ਜਾ, ਹਿੰਦੁਸਤਾਨ' ਰਾਹੀਂ ਉਰਦੂ ਦੇ, 1946 ਵਿਚ ਪੁਸਤਕ 'ਮੀਟ ਮਾਈ ਪੀਪਲ' ਰਾਹੀਂ ਅੰਗਰੇਜ਼ੀ ਦੇ ਅਤੇ 1948 ਤੋਂ 1951 ਦੇ ਚਾਰ ਸਾਲਾਂ ਵਿਚ 'ਧਰਤੀ ਗਾਤੀ ਹੈ', 'ਧੀਰੇ ਬਹੋ, ਗੰਗਾ', 'ਬੇਲਾ ਫੂਲੇ ਆਧੀ ਰਾਤ' ਤੇ 'ਚਿਤ੍ਰੋਂ ਮੇਂ ਲੋਰੀਆਂ' ਨਾਂ ਦੀਆਂ ਚਾਰ ਪੁਸਤਕਾਂ ਰਾਹੀਂ ਹਿੰਦੀ ਦੇ ਵਿਹੜੇ ਵਿਚ ਵੀ ਬਖੇਰ ਦਿੱਤੀ।



*ਦੇਵਿੰਦਰ ਸਤਿਆਰਥੀ ਅਤੇ ਅੰਮ੍ਰਿਤਾ ਪ੍ਰੀਤਮ*

ਤੀਜੇ ਪਾਸੇ, ਏਨਾਂ ਹੀ ਮਹੱਤਵਪੂਰਨ ਉਸੇ ਕਾਲ-ਖੰਡ ਵਿਚ ਨੰਦ ਲਾਲ ਨੂਰਪੁਰੀ ਦਾ ਆਗਮਨ ਸੀ ਜਿਨ੍ਹਾਂ ਨੇ ਲੋਕ ਗੀਤਾਂ ਦੀ ਬੁੱਕਲ ਵਿਚ ਬੈਠ ਕੇ ਅਜਿਹੇ ਗੀਤ ਰਚੇ ਜਿਨ੍ਹਾਂ ਨੂੰ ਅਨੇਕ ਸਰੋਤੇ ਲੋਕ ਗੀਤ ਹੀ ਸਮਝਦੇ ਰਹੇ ਤੇ ਹੁਣ ਵੀ ਸਮਝਦੇ ਹਨ। ਉਨ੍ਹਾਂ ਦੇ ਬੋਲਾਂ ਦੀ ਸਰਲਤਾ ਤੇ ਸਾਦਗੀ, ਜਜ਼ਬਿਆਂ ਦੀ ਤਰਲਤਾ ਤੇ ਤੀਬਰਤਾ ਅਤੇ ਸ਼ਬਦ-ਚੋਣ ਦੇ ਪੱਖੋਂ ਹੰਸ-ਚੁੰਝ ਵਰਗੀ ਨਿਰਖ ਤੇ ਪਰਖ ਉਨ੍ਹਾਂ ਦੀਆਂ ਰਚਨਾਵਾਂ ਨੂੰ ਲੋਕ ਗੀਤਾਂ ਨਾਲ ਵਰ ਮੇਚਣ ਲਾ ਦਿੰਦੀ ਸੀ।

ਜਿਵੇਂ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੀ ਖਿੱਚੀ ਲਕੀਰ ਨੂੰ ਛੂਹਣਾ ਉਸ ਪਿੱਛੋਂ ਆਈਆਂ ਬੇਸ਼ੁਮਾਰ ਗਾਇਕਾਵਾਂ ਲਈ ਅਸੰਭਵ ਰਿਹਾ ਹੈ ਤੇ ਅਸੰਭਵ ਹੀ ਰਹੇਗਾ ਅਤੇ ਲੋਕ ਗੀਤਾਂ ਨੂੰ ਇਕੱਤਰ ਤੇ ਉਜਾਗਰ ਕਰਨ ਦੀ ਸਤਿਆਰਥੀ ਦੀ ਘਾਲ-ਕਮਾਈ ਤੋਂ ਅੱਗੇ ਲੰਘਣਾ ਤਾਂ ਕਿਤੇ ਰਿਹਾ, ਉਸ ਦੇ ਬਰਾਬਰ ਢੁੱਕਣਾ ਵੀ ਕਿਸੇ ਲਈ ਮੁਸ਼ਕਿਲ ਰਿਹਾ ਹੈ ਤੇ ਮੁਸ਼ਕਿਲ ਹੀ ਰਹੇਗਾ। ਮੈਂ ਇਹ ਕਹਿਣ ਦੀ ਦਲੇਰੀ ਵੀ ਕਰ ਸਕਦਾ ਹਾਂ ਕਿ ਲੋਕ ਗੀਤਾਂ ਦੇ ਹਾਣ ਦੇ ਗੀਤਾਂ ਦੀ ਰਚਨਾ ਕਰਨ ਵਿਚ ਨੂਰਪੁਰੀ ਤੋਂ ਪਾਰ ਲੰਘਣਾ ਵੀ ਹਰ ਗੀਤਕਾਰ ਲਈ ਔਖਾ ਰਿਹਾ ਹੈ ਤੇ ਔਖਾ ਹੀ ਰਹੇਗਾ! ਦੇਵਿੰਦਰ ਸਤਿਆਰਥੀ ਦਾ ਕਾਰਜ ਤਾਂ ਮੋਟੇ ਤੌਰ ਉਤੇ ਦੂਜੇ ਦੋਵਾਂ ਦੇ ਨਾਲੋ-ਨਾਲ ਤੁਰਨ ਵਾਲਾ ਸੀ ਪਰ ਗਾਇਕੀ ਅਤੇ ਰਚਨਾਕਾਰੀ ਦਾ ਸੰਗਮ ਤਾਂ ਸੁਭਾਵਿਕ ਸੀ, ਸਗੋਂ ਹੋਣਾ ਲਾਜ਼ਮੀ ਸੀ। ਇਸ ਕਰਕੇ ਜਦੋਂ ਨੂਰਪੁਰੀ ਦੇ ਸ਼ਬਦਾਂ ਨੂੰ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਬੋਲਾਂ ਨੇ ਗਲਵੱਕੜੀ ਪਾਈ, ਜਾਦੂ ਦੂਹਰੇ ਤੋੜ ਦਾ ਹੋ ਨਿੱਬੜਿਆ!

ਲਿਖਤ ਦੇ ਅਰੰਭ ਵਿਚ ਮੈਂ ਹਰ ਕਲਾ ਦੇ ਇਤਿਹਾਸ ਵਿਚ ਨਿਖਾਰ, ਖੜੋਤ ਤੇ ਨਿਘਾਰ ਦੇ ਦੌਰ ਆਉਣ ਦੀ ਗੱਲ ਕੀਤੀ ਸੀ। ਸਰੋਤਿਆਂ-ਦਰਸ਼ਕਾਂ ਦੀ ਇਕੋ ਪੀੜ੍ਹੀ ਨੇ ਲੋਕ ਗੀਤ ਦੇ ਨਿਖਾਰ ਦਾ ਇਹ ਦੌਰ ਵੀ ਦੇਖਿਆ ਹੋਇਆ ਹੈ ਤੇ ਹੁਣ ਉਹਨੂੰ ਸਰਬਪੱਖੀ ਨਿਘਾਰ ਦਾ ਇਹ ਦੌਰ ਵੀ ਦੇਖਣਾ ਪੈ ਰਿਹਾ ਹੈ। ਨੂਰਪੁਰੀ ਤੇ ਪ੍ਰਕਾਸ਼ ਕੌਰ ਤਾਂ ਇਹ ਦਿਨ ਦੇਖਣ ਤੋਂ ਪਹਿਲਾਂ ਹੀ ਤੁਰ ਗਏ, ਸਤਿਆਰਥੀ ਲੋਕ ਗੀਤਾਂ ਦੇ ਨਾਂ ਹੇਠ ਕੀਤੀਆਂ ਜਾ ਰਹੀਆਂ ਅਗੀਤਕ, ਉਜੱਡ ਤੇ ਅਸ਼ਲੀਲ ਰਚਨਾਵਾਂ ਤੋਂ ਅਤੇ ਸੁਰਿੰਦਰ ਕੌਰ ਗਾਇਕੀ ਦੇ ਨਾਂ ਹੇਠ ਖਿੰਡਾਈ ਜਾ ਰਹੀ ਬੇਸੁਰਤਾ ਤੇ ਕੱਚਘਰੜਤਾ ਤੋਂ ਬੇਹੱਦ ਦੁਖੀ ਤੇ ਪਰੇਸ਼ਾਨ ਹੁੰਦੇ ਰਹੇ। ਜਿਥੇ ਮੇਰੀ ਕੱਚੀ ਉਮਰ ਵੇਲੇ ਲੋਕ ਗੀਤ ਦੀ ਸਰਬਪੱਖੀ ਬੁਲੰਦੀ ਦੇਖਣ-ਮਾਣਨ ਵਾਸਤੇ ਨਜ਼ਰਾਂ ਉਚੀਆਂ ਕਰਨੀਆਂ ਪੈਂਦੀਆਂ ਸਨ, ਹੁਣ ਪੱਕੀ ਉਮਰੇ ਲੋਕ ਗੀਤ ਦੇ ਸਰਬਪੱਖੀ ਨਿਘਾਰ ਨੂੰ ਦੇਖ ਕੇ ਨਜ਼ਰਾਂ ਆਪਣੇ ਆਪ ਨੀਵੀਆਂ ਹੋ ਜਾਂਦੀਆਂ ਹਨ!

# ਗਣਤੰਤਰ ਦਿਵਸ ਦੀ ਸ਼ੋਭਾ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਜੇ ਗਣਤੰਤਰ ਦੀ ਸ਼ੋਭਾ ਜਾਨਣੀ ਹੋਵੇ ਤਾਂ 26 ਜਨਵਰੀ ਵਾਲੇ ਦਿਨ ਦਿੱਲੀ ਜਾਣਾ ਪੈਂਦਾ ਹੈ। ਸਵੇਰ ਵੇਲੇ ਇੰਡੀਆ ਗੇਟ ਦੇ ਨੇੜੇ ਗਣਤੰਤਰ ਨਾਲ ਸਬੰਧਤ ਵੱਖ ਵੱਖ ਝਾਕੀਆਂ ਮਾਣੋ ਤੇ ਸ਼ਾਮ ਨੂੰ ਲਾਲ ਕਿਲੇ ਦੇ ਮੈਦਾਨ ਵਿਚ ਮੁਸ਼ਾਇਰਾ। ਝਾਕੀਆਂ ਤਾਂ ਦੂਰ ਦਰਸ਼ਨ ਵਾਲੇ ਵੀ ਦਿਖਾ ਦਿੰਦੇ ਹਨ ਪਰ ਮੁਸ਼ਾਇਰੇ ਦਾ ਰੰਗ ਮਾਨਣ ਵਾਸਤੇ ਲਾਲ ਕਿਲੇ ਜਾਣਾ ਪੈਂਦਾ ਹੈ। ਭਾਵੇਂ ਇਸ ਉਤਸਵ ਨਾਲ ਸਬੰਧਤ ਪੰਜਾਬੀ ਤੇ ਹਿੰਦੀ ਦੇ ਕਵੀ ਦਰਬਾਰ ਵੀ ਰਚਾਏ ਜਾਂਦੇ ਹਨ ਪਰ ਉਰਦੂ ਬੋਲੀ ਦੀ ਚਾਸ਼ਣੀ ਵਾਲਾ ਰੰਗ ਮੁਸ਼ਾਇਰਿਆਂ ਵਿਚ ਹੀ ਮਿਲਦਾ ਹੈ।

ਮੈਂ ਉਨ੍ਹਾਂ ਸੁਭਾਗੇ ਬੰਦਿਆਂ ਵਿਚੋਂ ਹਾਂ ਜੋ 1953 ਤੋਂ 1984 ਤੱਕ ਦਿੱਲੀ ਰਹੇ ਹਨ ਤੇ ਉਨ੍ਹਾਂ ਵਿਚੋਂ ਪਹਿਲੇ ਦੋ ਸਾਲ ਲਾਲ ਕਿਲੇ ਦੀ ਬੁੱਕਲ ਵਿਚ ਗੁਰਦੁਆਰਾ ਸੀਸ ਗੰਜ ਦੇ ਨੇੜੇ ਤੇ ਆਖਰੀ ਵੀਹ ਸਾਲ ਇੰਡੀਆ ਗੇਟ ਦੇ ਸੱਜੇ ਖੱਬੇ ਪੰਡਾਰਾ ਰੋਡ ਤੇ ਭਾਰਤੀ ਨਗਰ। ਮੈਂ ਜਿਥੇ ਵੀ ਰਿਹਾ ਪੰਜਾਬ ਦੇ ਪਿੰਡਾਂ ਵਾਲੇ 26 ਜਨਵਰੀ ਨੂੰ ਮੇਰੇ ਪ੍ਰਾਹੁਣੇ ਹੁੰਦੇ ਤੇ ਉਹ ਸਾਰੇ ਰਾਤ ਦਾ ਖਾਣਾ ਖਾ ਕੇ ਖੇਸੀ ਦੀ ਬੁੱਕਲ ਮਾਰ ਕੇ ਅਧੀ ਰਾਤ ਤੋਂ ਹੀ ਗਣਤੰਤਰ ਦੀਆਂ ਝਾਕੀਆਂ ਦੇਖਣ ਲਈ ਠੀਕ ਥਾਂ ਮੱਲਣ ਇੰਡੀਆ ਗੇਟ ਜਾ ਬਹਿੰਦੇ ਸਨ। ਸ਼ਾਮ ਨੂੰ ਪੰਜਾਬੀ ਦੇ ਰਸੀਏ ਕਵੀ ਦਰਬਾਰ ਜਾ ਵੜਦੇ ਤੇ ਮੁਸ਼ਾਇਰੇ ਵਾਲੇ ਮੇਰੇ ਨਾਲ ਚਿਪਕੇ ਰਹਿੰਦੇ। ਉਹ ਜਾਣਦੇ ਸਨ ਕਿ ਮੈਂ ਉਰਦੂ ਸ਼ਾਇਰੀ ਦਾ ਰਸੀਆ ਸਾਂ।

ਮੈਂ ਆਪਣੇ ਨਾਲ ਨੋਟ ਬੁੱਕ ਤੇ ਪੈਂਸਲ ਲੈ ਕੇ ਜਾਂਦਾ ਤਾਂ ਕਿ ਮੁਸ਼ਾਇਰੇ ਵਿਚ ਪੜ੍ਹੇ ਜਾਣ ਵਾਲੇ ਵਧੀਆ ਸ਼ਿਅਰ ਨੋਟ ਕਰ ਸਕਾਂ। ਇਹ ਗ਼ਜ਼ਲਾਂ ਹਾਲੀ ਤੱਕ ਮੇਰੀ ਪੂੰਜੀ ਹਨ। ਦੋ ਖਾਸ ਕਰਕੇ:

ਜਿਨ ਕੀ ਆਂਖੋਂ ਮੇਂ ਥਾ ਸਰੂਰੇ-ਗ਼ਜ਼ਲ
ਉਨ ਗ਼ਜ਼ਾਲੋ ਕੀ ਯਾਦ ਆਤੀ ਹੈ।
ਸਾਦਗੀ ਲਾਜਵਾਬ ਹੈ ਜਿਨਕੀ,
ਉਨ ਸਵਾਲੋਂ ਕੀ ਯਾਦ ਆਤੀ ਹੈ।
ਜਾਨੇ ਵਾਲੇ ਕਭੀ ਨਹੀਂ ਆਤੇ,
ਜਾਨੇ ਵਾਲੋਂ ਕੀ ਯਾਦ ਆਤੀ ਹੈ।

ਮੇਰੀ ਨੋਟ ਬੁੱਕ ਅਨੁਸਾਰ ਇਸ ਮੁਸ਼ਾਇਰੇ ਦੀ ਮਿਤੀ 25 ਜਨਵਰੀ 1955 ਦੀ ਸ਼ਾਮ ਹੈ ਜਿਸ ਵਿਚ ਸ਼ਿਰਕਤ ਕਰਨ ਵਾਲੇ ਸ਼ਾਇਰਾਂ ਦੇ ਨਾਂ ਜਗਨ ਨਾਥ 'ਆਜ਼ਾਦ', ਜਾਂ ਨਿਸਾਰ 'ਅਖਤਰ', 'ਮਜਾਜ਼' ਲਖਨਵੀ, ਸਿਕੰਦਰ ਅਲੀ 'ਵਜਦ', ਤਿਲੋਕ ਚੰਦ 'ਮਹਿਰੂਮ', ਜੋਸ਼' ਮਲਸਿਆਨੀ ਤੇ 'ਫਿਰਾਕ' ਗੋਰਖਪੁਰੀ ਹਨ। ਹਰ ਸ਼ਾਇਰ ਦੇ ਇੱਕ ਜਾਂ ਦੋ ਸ਼ਿਅਰ ਵੀ। ਦੂਜੀ ਨੋਟ ਬੁੱਕ ਵਾਲੇ ਮੁਸ਼ਾਇਰੇ ਦੀ ਮਿਤੀ ਨਹੀਂ ਲਿਖੀ ਹੋਈ। ਸ਼ਾਇਰਾਂ ਵਿਚ ਫੈਜ਼ ਵੀ ਹੈ ਤੇ ਜੋਸ਼ ਮਲਸਿਆਨੀ ਵੀ। ਫੈਜ਼ ਨੇ ਦੋ ਗ਼ਜ਼ਲਾਂ ਪੜ੍ਹੀਆਂ ਉਹ ਮੈਂ ਪਹਿਲਾਂ ਪੜ੍ਹ ਚੁੱਕਾ ਸਾਂ। ਮੇਰਾ ਧਿਆਨ ਉਸ ਦੇ ਅੰਦਾਜ਼ ਵਲ ਸੀ, ਸ਼ਿਅਰਾਂ ਵਲ ਨਹੀਂ। ਜੋ ਦੋ ਚਾਰ ਸ਼ਿਅਰ ਮੇਰੇ ਕੋਲ ਨੋਟ ਹਨ ਉਹ ਅਲੀ ਜ਼ੁਆਦ 'ਜ਼ੈਦੀ' ਦੇ ਸਨ। ਸ਼ਿਅਰ ਸਨ,

ਤੇਰੇ ਹਲਕੇ ਸੇ ਤੁਬੱਸਮ ਕਾ
ਇਸ਼ਾਰਾ ਭੀ ਤੋ ਹੋ।
ਤਾ-ਸਰੇ-ਦਾਰ ਪਹੁੰਚਨੇ ਕਾ
ਸਹਾਰਾ ਭੀ ਤੋ ਹੋ।
ਹਿਜਰ ਕੀ ਰਾਤ ਮੇਂ ਜੀਨੇ ਕਾ
ਸਹਾਰਾ ਭੀ ਤੋ ਹੋ।
ਝਿਲਮਿਲਾਤੀ ਹੂਈ ਯਾਦੋਂ ਕਾ
ਸਹਾਰਾ ਭੀ ਤੋ ਹੋ।
ਸ਼ਿਕਵਾ-ਓ-ਤਨਜ਼ ਸੇ ਭੀ
ਕਾਮ ਨਿਕਲ ਜਾਤੇ ਹੈਂ,
ਗੈਰਤੇ-ਇਸ਼ਕ ਕੋ ਲੇਕਿਨ
ਯੇਹ ਗਵਾਰਾ ਭੀ ਤੋ ਹੋ।

ਗਣਤੰਤਰ ਦਿਵਸ ਦੇ ਸਮੇਂ ਅਪਣੀ ਨੋਟ ਬੁੱਕ ਫਰੋਲਣਾ ਮੇਰਾ ਸੁਭਾਅ ਬਣ ਚੁੱਕਾ ਹੈ ਪਰ ਇਸ ਵਰ੍ਹੇ ਇਕ ਕ੍ਰਿਸ਼ਮਾ ਵਾਪਰ ਗਿਆ। ਮੇਰੇ ਹੱਥ ਲੋਕਗੀਤ ਪ੍ਰਕਾਸ਼ਨ ਵਾਲਿਆਂ ਦੀ ਛਾਪੀ ਪੁਸਤਕ 'ਉਰਦੂ ਮੁਸ਼ਾਇਰੇ' ਲਗ ਗਈ ਜਿਸ ਵਿਚ ਹਿੰਦ-ਪਾਕਿ ਮੁਸ਼ਾਇਰਿਆਂ ਵਿਚ ਪੜ੍ਹੀਆਂ ਗਈਆਂ ਗ਼ਜ਼ਲਾਂ, ਰੁਬਾਈਆਂ ਤੇ ਕਤੱਏ ਦਰਜ ਹਨ। ਇਹ ਸਾਰਾ ਕੰਮ ਉਰਦੂ ਸ਼ਾਇਰੀ ਦੇ ਸ਼ੈਦਾਈ ਸਤੀਸ਼ ਜੈਨ ਦਿੱਲੀ ਵਾਲਿਆਂ ਦੀਆਂ ਡਾਇਰੀਆਂ ਵਿਚੋਂ ਕਰਨਲ ਜਸਮੇਰ ਸਿੰਘ ਬਾਲਾ ਨੇ ਗੁਰਮੁਖੀ ਵਿਚ ਉਤਾਰਿਆ ਹੈ। ਇਸ ਨੂੰ ਪੜ੍ਹ ਕੇ ਸਤੀਸ਼ ਜੈਨ ਦੀ ਲਗਨ ਤੇ ਕਰਨਲ ਬਾਲਾ ਦੀ ਹਿੰਮਤ ਅੱਗੇ ਸਿਰ ਝੁੱਕਦਾ ਹੈ। ਖਾਸ ਕਰਕੇ ਇਸ ਲਈ ਕਿ ਲਿਖਣ ਵਾਲੇ ਨੇ ਸਾਰੇ ਸ਼ਿਅਰ ਬਿਲਕੁਲ ਠੀਕ ਨੋਟ ਕੀਤੇ ਹੋਣ ਜ਼ਰੂਰੀ ਨਹੀਂ, ਪਰ ਪੁਸਤਕ ਵਿਚ ਕਰਨਲ ਬਾਲਾ ਨੇ ਅਜਿਹੀ ਕਮਾਲ ਕੀਤੀ ਹੈ ਕਿ ਸਭ ਠੀਕ ਜਾਪਦੇ ਹਨ। ਸਤੀਸ਼ ਜੈਨ 2005 ਵਿਚ ਅੰਤਲੇ ਸਾਹ ਲੈਣ ਤੱਕ ਆਪਣੀਆਂ ਨੋਟ ਬੁੱਕਾਂ ਦੀ ਸੋਧ ਸੁਧਾਈ ਕਰਦੇ ਰਹੇ। ਇਸ ਪੁਸਤਕ ਦਾ ਸਾਰ 1954 ਤੋਂ 1960 ਦੇ ਉਨ੍ਹਾਂ ਮੁਸ਼ਾਇਰਿਆਂ ਦਾ ਹੈ ਜਿਨ੍ਹਾਂ ਵਿਚੋਂ 5 ਦਿੱਲੀ ਹੋਏ, ਇੱਕ ਜੈਪੁਰ ਤੇ ਇੱਕ ਬੁਲੰਦ ਸ਼ਹਿਰ। ਦੋ ਦਾ ਸਬੰਧ ਆਲ ਇੰਡੀਆ ਰੇਡੀਓ ਨਾਲ ਹੈ। ਲੋਕਗੀਤ ਵਾਲਿਆਂ ਕੋਲ ਹੋਰ ਵੀ ਹਥ ਲਿਖਤਾਂ ਪਈਆਂ ਹਨ। ਜੇ ਉਹ ਵੀ ਛਪ ਜਾਣ ਤਾਂ ਅਜ਼ਾਦੀ ਤੋਂ ਪਿੱਛੋਂ ਰਚੀ ਗਈ ਬਹੁਤ ਸਾਰੀ ਸ਼ਾਇਰੀ ਸਾਹਮਣੇ ਆ ਸਕਦੀ ਹੈ।

ਮੇਰੇ ਵਰਗਿਆਂ ਕੋਲ ਸਤੀਸ਼ ਜੈਨ ਵਰਗੀ ਯੋਗਤਾ ਵੀ ਨਹੀਂ ਸੀ ਤੇ ਉਦਮ ਵੀ ਨਹੀਂ। ਜੇ ਸੱਚ ਪਿੱਛੋਂ ਤਾਂ ਮੈਂ ਤਾਂ ਉਪਰ ਦਿੱਤੀਆਂ ਦੋ ਗ਼ਜ਼ਲਾਂ ਦੇ ਸ਼ਿਅਰ ਵੀ ਪੁਸਤਕ ਪੜ੍ਹ ਕੇ ਠੀਕ ਕੀਤੇ ਹਨ। ਪਹਿਲਾਂ ਵਾਲੀ ਗ਼ਜ਼ਲ ਲਿਖਣ ਵਾਲੇ ਦਾ ਨਾਂ ਵੀ ਇਹ ਪੁਸਤਕ ਪੜ੍ਹ ਕੇ ਹੀ ਪਤਾ ਲੱਗਿਆ ਹੈ ਕਿ ਉਹ ਸ਼ਿਅਰ ਸਿਕੰਦਰ ਅਲੀ 'ਵਜਦ' ਦੇ ਹਨ। ਹੁਣ ਮੈਂ ਆਪਣੀ ਨੋਟ ਬੁੱਕ ਵਿਸਾਰ ਸਕਦਾ ਹਾਂ। ਉਸ ਦੀ ਲੋੜ ਨਹੀਂ ਰਹੀ।

## ਅੰਨ੍ਹੇ ਘੋੜੇ ਦਾ ਦਾਨ

'ਅੰਨ੍ਹੇ ਘੋੜੇ ਦਾ ਦਾਨ' ਪੰਜਾਬੀ ਦੇ ਪ੍ਰਸਿੱਧ ਲੇਖਕ ਗੁਰਦਿਆਲ ਸਿੰਘ ਦਾ ਨਾਵਲ ਹੈ। ਇਸ ਨੂੰ ਨੈਸ਼ਨਲ ਫਿਲਮ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਫਿਲਮਾ ਕੇ ਰਾਸ਼ਟਰੀ ਪ੍ਰਸਿੱਧੀ ਪ੍ਰਦਾਨ ਕੀਤੀ ਹੈ। ਗੋਆ ਫਿਲਮ ਫੈਸਟੀਵਲ ਵਿਚ ਇਸ ਨੂੰ ਗੋਲਡਨ ਪੀਕਾਕ ਸਨਮਾਨ ਮਿਲਣਾ ਇਸ ਦੀ ਵਿਲੱਖਣਤਾ ਉਤੇ ਮੋਹਰ ਲਾਉਂਦਾ ਹੈ। ਇਸ ਵਿਚ ਸ਼ਹਿਰੀਕਰਨ ਤੋਂ ਉਪਜੀਆਂ ਸਮੱਸਿਆਵਾਂ ਅਤੇ ਤਬਦੀਲੀਆਂ ਦਾ ਭਰਪੂਰ ਵਰਣਨ ਹੈ। ਫੋਟੋਗ੍ਰਾਫੀ ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾ ਲੈਂਦੀ ਹੈ। ਲੋਕ ਪੱਖੀ ਧਾਰਨਾ ਵਾਲੀਆਂ ਸੰਸਥਾਵਾਂ ਇਸ ਦੀਆਂ ਸੀਡੀਆਂ ਬਣਾ ਕੇ ਵੰਡ ਰਹੀਆਂ ਹਨ। ਚੰਡੀਗੜ੍ਹ ਵਿਖੇ ਗੁਰਸ਼ਰਨ ਸਿੰਘ ਵਲੋਂ ਸਥਾਪਤ ਕੀਤੇ ਸਾਹਿਤ ਚਿੰਤਨ ਮੰਚ ਨੇ ਪੰਜਾਬ ਯੂਨੀਵਰਸਿਟੀ ਦੇ ਆਈ ਸੀ ਸੀ ਆਰ ਕੰਪਲੈਕਸ ਵਿਚ ਇਸ ਦੀ ਪੇਸ਼ਕਾਰੀ ਕਰਵਾ ਕੇ ਲੋਕ ਪੱਖੀ ਸੋਚ ਦਾ ਸਮਰਥਨ ਕੀਤਾ ਹੈ। ਚੰਗੀ ਗੱਲ ਇਹ ਹੈ ਕਿ ਪੇਸ਼ਕਾਰੀ ਉਪਰੰਤ ਇਸ ਫਿਲਮ ਉਤੇ ਸੰਵਾਦ ਵੀ ਰਚਾਇਆ ਗਿਆ। ਸਸਤੀਆਂ ਤੇ ਵਿਕਾਊ ਫਿਲਮ ਬਣਾਉਣ ਵਾਲਿਆਂ ਉਤੇ ਗੰਭੀਰ ਟਿਪਣੀ ਹੋਈ ਪਰ ਦਰਸ਼ਕਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਏਨੀ ਵਧੀਆਂ ਫੋਟੋਗ੍ਰਾਫੀ ਵਾਲੀ ਫਿਲਮ ਕਿਸੇ ਬਹੁਤ ਵੱਡੇ ਪਰਦੇ ਉਤੇ ਦੇਖਿਆਂ ਹੀ ਗੱਲ ਬਣਦੀ ਹੈ। ਫਿਲਮ ਕਾਰਪੋਰੇਸ਼ਨ ਵਾਲੇ ਦਰਸ਼ਕਾਂ ਦਾ ਧਿਆਨ ਠੀਕ ਪਾਸੇ ਮੋੜ ਰਹੇ ਹਨ ਤੇ ਸਾਹਿਤ ਚਿੰਤਨ ਵਰਗੀਆਂ ਸੰਸਥਾਵਾਂ ਇਸ ਦਾ ਸਮਰਥਨ ਕਰ ਰਹੀਆਂ ਹਨ। ਇਸ ਦਾ ਸਵਾਗਤ ਹੋਣਾ ਚਾਹੀਦਾ ਹੈ।



*ਫਿਲਮ 'ਅੰਨੇ ਘੋੜੇ ਦਾ ਦਾਨ' ਦਾ ਇਕ ਦ੍ਰਿਸ਼*

**ਅੰਤਿਕਾ:** (ਅਵਤਾਰ ਪਾਸ਼)
ਚਿੜੀਆਂ ਦਾ ਝੁੰਡ ਅਥਰਾ ਹੋਇਆ
ਝਪਟ ਝਪਟ ਕੇ ਮੁੜ ਆਵੇ।
ਦੱਸੇ ਜਾਚ ਗੁਰੀਲਾ ਯੁੱਧ ਦੀ
ਯੋਧਿਆਂ ਨੂੰ ਪ੍ਰਣਾਮ ਕਹੇ।
ਮੌਸਮ ਨੂੰ ਜੇਲ੍ਹਾਂ ਵਿਚ ਪਾਵੋ
ਨਹੀਂ ਤਾਂ ਸਭ ਕੁੱਝ ਚੱਲਿਆ ਜੇ,
ਤਕੜਾ ਆਖੇ ਤਕੜੇ ਹੋਵੋ
ਮੁੜ ਜੂਝਣ ਨੂੰ ਸ਼ਾਮ ਕਹੇ।

ਪ੍ਰਤੀਕਰਮ

### ਪੰਜਾਬੀ ਟ੍ਰਿਬਿਊਨ ਦੇ ਦਿਨਾਂ ਦੀਆਂ ਯਾਦਾਂ

# ਪਰਾਗ, ਬਲ ਅਤੇ ਗੁਰਨਾਮ ਕੌਰ

**ਪਿਆਰੇ ਅਮੋਲਕ,**

ਮੇਰੀ ਇਸ ਲਿਖਤ ਵਿਚ ਜਿਨ੍ਹਾਂ ਵਿਅਕਤੀਆਂ ਦਾ ਜ਼ਿਕਰ ਹੈ, ਉਹ ਸਾਰੇ ਪ੍ਰੋਫੈਸਰ, ਡਾਕਟਰ ਜਾਂ ਪ੍ਰਿੰਸੀਪਲ ਹਨ ਪਰ ਗੱਲ ਨੂੰ ਸੰਖੇਪ ਕਰਨ ਹਿਤ ਉਨ੍ਹਾਂ ਦੇ ਨਾਂਵਾਂ ਦੇ ਅੱਗੇ ਜਾਂ ਪਿੱਛੇ ਇਹ ਉਪਾਧੀਆਂ ਨਹੀਂ ਲਾਵਾਂਗਾ। ਸਾਰੇ ਜਾਣਦੇ ਹਨ ਮੈਂ ਉਨ੍ਹਾਂ ਦਾ ਕਿੰਨਾ ਸਤਿਕਾਰ ਕਰਦਾ ਹਾਂ।

ਅਮਰਜੀਤ ਪਰਾਗ ਦਾ ਗੁਰਦਿਆਲ ਬਲ ਬਾਰੇ ਜਿਹੜਾ ਸ਼ਬਦ ਚਿੱਤਰ ਪੰਜਾਬ ਟਾਈਮਜ਼ ਵਿਚ ਛਪਿਆ, ਉਹ ਪੜ੍ਹਨ ਸਾਰ ਮੈਂ ਇਸ ਨਤੀਜੇ ਤੇ ਪੁੱਜ ਗਿਆ ਸਾਂ ਕਿ ਇਸ ਦਾ ਗੁਰਨਾਮ ਕੌਰ ਭੈਣ ਬੁਰਾ ਮਨਾਏਗੀ। ਕੁੱਝ ਗੱਲਾਂ ਅਸੀਂ ਸੋਚਦੇ ਜਰੂਰ ਹਾਂ, ਆਖਦੇ ਨਹੀਂ। ਕੁਝ ਗੱਲਾਂ ਕਰਦੇ-ਸੁਣਦੇ ਹਾਂ, ਲਿਖਦੇ ਨਹੀਂ, ਲਿਖ ਵੀ ਲਈਏ ਛਪਵਾਉਂਦੇ ਨਹੀਂ। ਪਰਾਗ ਨੇ ਇਹ ਲੇਖ ਕਿਸੇ ਮੰਦਭਾਵਨਾ ਨਾਲ ਬਿਲਕੁਲ ਨਹੀਂ ਲਿਖਿਆ ਪਰ ਲਿਖਦਿਆਂ ਉਹ ਕੁਝ ਇਉਂ ਵਜਦ ਵਿਚ ਆ ਗਏ ਜਿਵੇਂ ਕੋਈ ਸ਼ਾਇਰ ਲੋਰ ਵਿਚ ਆ ਜਾਂਦਾ ਹੈ।

ਮੈਂ ਉਦੋਂ ਅਜੇ ਵਿਦਿਆਰਥੀ ਸਾਂ ਜਦੋਂ ਗੁਰਨਾਮ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ ਅਧਿਆਪਕ ਲੱਗ ਗਈ ਸੀ। ਬਲ ਨਾਲ ਮੇਰੀ ਵਾਕਫੀ ਉਦੋਂ ਹੋਈ ਜਦੋਂ ਉਹ ਪੰਜਾਬੀ ਟ੍ਰਿਬਿਊਨ ਵਿਚ ਨੌਕਰੀ ਤੇ ਲੱਗਾ। ਗੁਰਮਤਿ ਕਾਲਜ ਪਟਿਆਲਾ ਤੋਂ ਪੜ੍ਹਿਆ ਕਰਮਜੀਤ ਸਿੰਘ ਮੇਰੇ ਤੋਂ ਚਾਰ ਕੁ ਸਾਲ ਸੀਨੀਅਰ ਸੀ। ਕਰਮਜੀਤ ਨੂੰ ਮੈਂ ਸਿਦਕਵਾਨ ਜ਼ਹੀਨ ਸਿੱਖ ਚਿੰਤਕ ਵਜੋਂ ਦੇਖਿਆ ਕਰਦਾ ਪਰ ਬਲ ਮੈਨੂੰ ਅਵਾਰਗਰਦ ਕਾਮਰੇਡ ਲਗਦਾ। ਮੈਂ ਸੋਚਦਾ ਕੁਲੀਗ ਹੋਣ ਸਦਕਾ ਇਹ ਦੋਵੇਂ ਬੰਦੇ ਇਕੱਠੇ ਫਿਰਦੇ ਦਿਸ ਜਾਂਦੇ ਹਨ, ਵਰਨਾ ਇਨ੍ਹਾਂ ਵਿਚ ਕੋਈ ਸਾਂਝ ਹੋ ਈ ਨਹੀਂ ਸਕਦੀ। ਕਦੀ ਕਦਾਈਂ ਕਾਫੀ ਹਾਊਸ ਵਿਚ ਮੈਂ ਉਥੇ ਜਾ ਬੈਠਦਾ ਜਿਥੇ ਬਲ ਬੈਠਾ ਹੁੰਦਾ। ਪੁਰਾਣੇ ਸਮਿਆਂ ਵਿਚ ਇਕ ਵਾਰ ਕੁਲਵੰਤ ਗਰੇਵਾਲ ਨੇ ਮੈਨੂੰ ਹਦਾਇਤ ਵੀ ਕੀਤੀ ਸੀ ਕਿ ਬਲ ਕੋਲ ਬੈਠ ਕੇ ਸਮਾਂ ਜਾਇਆ ਕਰਨਾ ਸਹੀ ਨਹੀਂ। ਬਲ ਦੀ ਕੋਈ ਗੱਲ ਮੈਨੂੰ ਰਸਦਾਇਕ ਨਾ ਲਗਦੀ।

ਮੈਂ ਉਦੋਂ ਹੈਰਾਨ ਰਹਿ ਗਿਆ ਜਦੋਂ ਬਲ ਨੇ ਇਕ ਦਿਨ ਦੱਸਿਆ, "ਮੈਂ ਕਾਮਰੇਡ ਨਹੀਂ ਹਾਂ। ਸਾਰੀ ਉਮਰ ਹਰ ਧੜੇ ਦੇ ਕਾਮਰੇਡਾਂ ਦੇ ਅੰਗ ਸੰਗ ਜਰੂਰ ਰਿਹਾ ਹਾਂ। ਮੇਰਾ ਕਾਰਲ ਮਾਰਕਸ ਦੇ ਚਿੰਤਨ ਦੀ ਮੂਲ ਭਾਵਨਾ ਵਿਚ ਵਿਸ਼ਵਾਸ ਕਦੀ ਵੀ ਨਹੀਂ ਟੁੱਟਾ। ਰੱਟਾ ਮਾਰਕਸੀ ਚਿੰਤਨ ਦੀ ਪ੍ਰੈਕਟਿਸ ਦਾ ਸੀ ਅਤੇ ਉਹ ਵੀ, ਖਾਸ ਕਰਕੇ ਸਟਾਲਿਨ ਦੀ ਦਰਿੰਦਗੀ ਦਾ, ਜਿਸ ਬਾਰੇ ਮੈਂ ਅਰੰਭ ਵਿਚ ਹੀ ਬਥੇਰਾ ਕੁਝ ਪੜ੍ਹ ਲਿਆ ਸੀ ਅਤੇ ਜਿਸ ਬਾਰੇ ਅੱਜ ਦੀ ਤਰੀਕ ਤਕ ਵੀ ਅਧਿਐਨ ਜਾਰੀ ਹੈ। ਮੈਨੂੰ ਜ਼ਿੰਦਗੀ ਬੇਹਦ ਸੋਹਣੀ ਲਗਦੀ ਸੀ ਤੇ ਲਗਦਾ ਸੀ ਕਿ ਹਰੇਕ ਨੂੰ ਇਸੇ ਤਰ੍ਹਾਂ ਹੀ ਮਹਿਸੂਸ ਹੁੰਦਾ ਹੋਵੇਗਾ। ਸਟਾਲਿਨ ਦੀਆਂ ਮਾਸਕੋ ਟਰਾਇਲਾਂ ਦੌਰਾਨ ਬਦੀ ਦੀ ਇੰਤਹਾ ਵੇਖ ਕੇ ਮੇਰੀ ਆਤਮਾ ਧੁਰ ਅੰਦਰ ਤੱਕ ਕੰਬ ਗਈ ਸੀ ਅਤੇ ਉਹ ਦਹਿਸ਼ਤ ਅੱਜ ਤਕ ਵੀ ਗਈ ਨਹੀਂ ਹੈ। ਮੇਰਾ ਵਿਸ਼ਵਾਸ ਹੈ ਕਿ ਕਿਸੇ ਨਿਰਪੇਖ ਸਿਧਾਂਤ ਦੇ ਨਾਂ 'ਤੇ ਜਿਥੇ ਇਕ ਬੇਗੁਨਾਹ ਆਦਮੀ ਦੀ ਜਾਨ ਵੀ ਜੇ ਨਜਾਇਜ ਲਈ ਜਾਂਦੀ ਹੈ, ਦੁਨੀਆਂ ਅੰਦਰ ਰਾਮ ਰਾਜ ਜੇਕਰ ਆ ਵੀ ਜਾਂਦਾ ਹੈ ਤਾਂ ਇਹ ਕੀਮਤ ਮੈਨੂੰ ਮਨਜ਼ੂਰ ਨਹੀਂ ਹੈ। ਹਾਂ ਰੱਬ ਦੀ ਹੋਂਦ ਵਿਚ ਵੀ ਮੇਰਾ ਕੋਈ ਵਿਸ਼ਵਾਸ ਨਹੀਂ ਹੈ।" ਬਲ ਦੇ ਇਸ ਅਕੀਦੇ ਬਾਰੇ ਮੈਂ ਲੰਮੇ ਵਿਸਥਾਰ ਨਾਲ ਇਸ ਕਰਕੇ ਦੱਸਿਆ ਹੈ ਕਿਉਂਕਿ ਪਿਛਲੇ 5-6 ਵਰ੍ਹਿਆਂ ਦੌਰਾਨ ਉਸ ਕੋਲੋਂ ਮੈਂ ਇਹ ਗੱਲਾਂ ਕਈ ਵਾਰ ਸੁਣੀਆਂ ਹਨ।

ਰੱਬ ਦੀ ਹੋਂਦ ਤੋਂ ਮੁਨਕਿਰ ਹੋਣ ਦੇ ਬਾਵਜੂਦ ਜੇ ਗੌਤਮ ਸਿਧਾਰਥ ਤਾਕਤਵਰ ਧਰਮ ਚਲਾ ਸਕਦਾ ਹੈ ਤਾਂ ਕੀ ਪਤਾ ਬਲ ਵਿਚ ਵੀ ਕੋਈ ਗੁਣ ਹੋਵੇ? ਤਾਂ ਵੀ, ਮੇਰਾ ਭੂਤਕਾਲ, ਵਰਤਮਾਨ ਤੇ ਭਵਿਖ ਬਲ ਨਾਲੋਂ ਬਿਲਕੁਲ ਵੱਖਰਾ ਸੀ ਇਸ ਕਰਕੇ ਸਾਡੇ ਵਿਚੋਂ ਇਕ ਜਣਾ ਬੈਰੀਕਟ ਵਿਚ ਹੁੰਦਾ। ਬਲ ਅਤੇ ਗੁਰਨਾਮ ਦੀ ਜੋੜੀ ਪਹਿਲੋਂ ਯੂਨੀਵਰਸਿਟੀ ਵਿਚ ਰਹੀ ਤੇ ਫਿਰ ਅਰਬਨ ਅਸਟੇਟ ਵਿਚ ਆਪਣਾ ਘਰ ਉਸਾਰ ਕੇ ਬਾਹਰ ਵਸ ਗਏ। ਏਨਾ ਮੈਨੂੰ ਪੱਕਾ ਪਤਾ ਸੀ ਕਿ ਸੁਭਾਅ ਵਿਚ ਜ਼ਮੀਨ ਅਸਮਾਨ ਦਾ ਫਰਕ ਹੋਣ ਕਰਕੇ ਇਨ੍ਹਾਂ ਦੇ ਘਰ ਵਿਚ ਸ਼ਾਂਤੀ ਨਹੀਂ ਹੋ ਸਕਦੀ। ਪਰ ਇਨ੍ਹਾਂ ਗੱਲਾਂ ਵਿਚੋਂ ਮੈਂ ਕੀ ਲੈਣਾ?

ਪੰਜ ਕੁ ਸਾਲ ਪਹਿਲਾਂ ਅਰਬਨ ਅਸਟੇਟ ਵਿਚੋਂ ਲੰਘ ਰਿਹਾ ਸਾਂ ਤਾਂ ਬਲ ਵਿਹੜੇ ਵਿਚ ਬੈਠਾ ਦਿੱਸ ਪਿਆ। ਉਸ ਨੇ ਚਾਹ ਪੀਣ ਦੀ ਸੁਲਾਹ ਮਾਰੀ, ਮੈਂ ਬੂਹਾ ਲੰਘ ਆਇਆ। ਉਹ ਆਪਣੀ ਲਾਇਬ੍ਰੇਰੀ ਵਿਚ ਲੈ ਗਿਆ ਜਿਥੇ ਬੇਸ਼ੁਮਾਰ ਕਿਤਾਬਾਂ ਸਜਾਈਆਂ ਪਈਆਂ ਸਨ। ਰੂਸ ਦੇ ਚਰਚਿਤ ਸਾਧ ਰਾਸਪੁਤਿਨ ਉਪਰ ਲਿਖੀ ਇਕ ਕਿਤਾਬ ਮੇਰੇ ਹੱਥ ਫੜਾਉਂਦਿਆਂ ਬੋਲਿਆ-ਤੇਰੀ ਧਰਮ ਵਿਚ ਦਿਲਚਸਪੀ ਹੈ, ਜੇ ਫੁਰਸਤ ਮਿਲੇ ਤਾਂ ਦੇਖ ਲਈਂ। ਇਕ ਵਾਰ ਸ਼ੁਰੂ ਕੀਤੀ ਤਾਂ ਉਹ ਕਿਤਾਬ ਮੁਕਾਉਣ ਤੋਂ ਪਹਿਲਾਂ ਹੋਰ ਕੁਝ ਨਾ ਪੜ੍ਹਿਆ। ਬਲ ਨੂੰ ਫੋਨ ਤੇ ਕਿਹਾ, "ਬਹੁਤ ਵਿਚਿਤਰ ਕਿਸਮ ਦਾ ਬੰਦਾ ਹੈ ਇਹ।" ਬਲ ਨੇ ਕਿਹਾ-ਜੇ ਦਿਲਚਸਪ ਲੱਗਿਆ ਤਾਂ ਇਸ ਤੇ ਲਿਖ ਹੀ ਦੇਹ ਕੁਝ। ਮੈਂ ਲੰਮਾ ਲੇਖ ਲਿਖ ਦਿਤਾ। ਇਸ ਨਾਲ ਮੇਰੀ ਬਲ ਨਾਲ ਸਾਹਿਤਕ ਸਾਂਝ ਪਈ ਤੇ ਇਸ ਸਾਂਝ ਨਾਲ ਮੈਨੂੰ ਇਉਂ ਲੱਗਾ ਜਿਵੇਂ ਬਲ ਜਿੰਨਾ ਪੜ੍ਹਿਆ ਹੋਰ ਬੰਦਾ ਇਸ ਯੂਨੀਵਰਸਿਟੀ ਵਿਚ ਨਹੀਂ। '*ਗੌਤਮ ਤੋਂ ਤਾਸਕੀ ਤੱਕ*', '*ਆਰਟ ਤੋਂ ਬੰਦਗੀ ਤੱਕ*', '*ਪੱਥਰ ਤੋਂ ਰੰਗ ਤੱਕ*' ਅਤੇ '*ਸਵੇਰ ਤੋਂ ਸ਼ਾਮ ਤੱਕ*' ਮੇਰੀਆਂ ਚਾਰੇ ਕਿਤਾਬਾਂ ਲਈ ਸ੍ਰੋਤ ਸਮੱਗਰੀ ਜੁਟਾਉਣ ਵਿਚ ਬਲ ਦਾ ਵੱਡਾ ਹੱਥ ਹੈ ਤੇ ਮੈਂ ਉਸ ਦਾ ਸ਼ੁਕਰਾਨਾ ਮੁੱਖ ਬੰਧਾਂ ਵਿਚ ਕੀਤਾ ਹੈ।

ਰੂਸ ਦੇ ਕਮਿਊਨਿਸਟ ਆਗੂ ਲਿਓਨ ਤਾਸਕੀ ਅਤੇ ਫਰਾਂਜ਼ ਕਾਫਕਾ ਵਰਗੇ ਨਾਵਲਕਾਰ ਦਾ ਆਪਸ ਵਿਚ ਕੋਈ ਮੇਲ ਨਹੀਂ ਹੈ। ਬਲ ਇਨ੍ਹਾਂ ਦੋਵਾਂ ਚਿੰਤਕਾਂ ਤੋਂ ਪ੍ਰਭਾਵਿਤ ਹੈ ਅਤੇ ਉਹ ਅਕਸਰ ਬਹਿੰਦਿਆਂ-ਉਠਦਿਆਂ ਦਸਦਾ ਰਹਿੰਦਾ ਹੈ ਕਿ ਉਸ ਦੀ ਸਾਰੀ ਜ਼ਿੰਦਗੀ ਤਾਸਕੀ ਅਤੇ ਕਾਫਕਾ ਨਾਲ ਲੰਮੇ 'ਸੰਵਾਦ' ਵਿਚ ਗੁਜਰੀ ਹੈ। ਬਲ ਅੰਦਰ ਲਿਖਣ ਜਾਂ ਸਟੇਜ ਤੇ ਚੜ੍ਹ ਕੇ ਬੋਲਣ ਦੀ ਝਿਜਕ ਹੈ। ਉਹ ਮੇਰਾ ਇਸ ਕਰਕੇ ਧੰਨਵਾਦੀ ਹੈ ਕਿ ਮੈਂ ਇਨ੍ਹਾਂ ਸਖਸ਼ੀਅਤਾਂ ਤੋਂ ਪੰਜਾਬੀ ਪਾਠਕਾਂ ਨੂੰ ਜਾਣੂੰ ਕਰਾਇਆ ਅਤੇ ਮੈਂ ਬਲ ਦਾ ਇਸ ਕਰਕੇ ਰਿਣੀ ਹਾਂ ਕਿ ਉਸ ਨੇ ਮੇਰੀ ਫਰਾਂਜ਼ ਕਾਫਕਾ ਵਰਗੇ ਅਦਭੁਤ ਲਿਖਾਰੀ ਨਾਲ ਸਾਂਝ ਪਵਾਈ। ਮੈਂ ਕਾਫਕਾ ਬਾਰੇ ਲਿਖਣ ਦੇ ਨਾਲ ਨਾਲ ਉਸ ਦੀਆਂ ਦੋ ਦੋਸਤ ਕੁੜੀਆਂ ਮਿਲੇਨਾ ਤੇ ਦੋਰਾ ਜੋ ਕਿ ਉਸ ਜਿਹੀਆਂ ਹੀ ਜ਼ਹੀਨ ਸਨ, ਬਾਰੇ ਵੀ ਲੰਮੇ ਲੇਖ ਲਿਖੇ। ਅਮਰਜੀਤ ਪਰਾਗ ਨੇ ਬਲ ਦੇ ਪੁਸਤਕ ਭੰਡਾਰ ਦੀ ਗੱਲ ਕੀਤੀ ਹੈ। ਕਾਫਕਾ ਦੀ ਦੋਸਤ ਮਿਲੇਨਾ ਬਾਰੇ ਮੈਂ ਪੜ੍ਹ ਤੇ ਲਿਖ ਰਿਹਾ ਸਾਂ ਤਾਂ ਮੈਨੂੰ ਵੀ ਸਭ ਤੋਂ ਵੱਧ ਹੈਰਾਨੀ ਭਰੀ ਖੁਸ਼ੀ ਉਸ ਸਮੇਂ ਹੋਈ ਜਦੋਂ ਬਲ ਮਿਲੇਨਾ ਦੀ ਧੀ ਵਲੋਂ '*ਕਾਫਕਾ'ਜ਼ ਮਿਲੇਨਾ*' ਸਿਰਲੇਖ ਹੇਠ ਲਿਖੀ ਉਸ ਦੀ ਮਾਂ ਦੀ ਜੀਵਨੀ ਸਬੰਧੀ ਕਿਤਾਬ ਵੀ ਆ ਕੇ ਦੇ ਗਿਆ।

ਸ਼ਰਾਬ ਪੀਣੀ ਇਕ ਗੱਲ ਹੈ ਪਰ ਸ਼ਰਾਬੀ ਢਾਣੀਆਂ ਦੀ ਉਸਤਤਿ ਲਿਖਤ ਰਾਹੀਂ ਕਰਨੀ ਵਾਜਬ ਨਹੀਂ। ਸ਼ਰਾਬੀ ਪਤੀ ਨੂੰ ਔਰਤ ਬਰਦਾਸ਼ਤ ਕਰ ਲੈਂਦੀ ਹੈ ਕਿਉਂਕਿ ਉਸ ਨੇ ਘਰ ਵਸਾਉਣਾ ਹੈ, ਪਰ ਉਸ ਤੋਂ ਖੁਸ਼ੀ ਦੀ ਉਮੀਦ ਰੱਖਣੀ ਸਹੀ ਨਹੀਂ। ਪਰ ਕੀ ਬਲ ਉਸ ਤਰ੍ਹਾਂ ਦਾ ਸ਼ਰਾਬੀ ਪਤੀ ਹੈ? ਪਰਾਗ ਦੀ ਲਿਖਤ ਵਿਚ ਸ਼ਰਾਬ ਤੋਂ ਵੀ ਅੱਗੇ ਭਾਂਤ-ਭਾਂਤ ਦੇ ਨਸ਼ਿਆਂ ਵਲ ਸੰਕੇਤ ਹੈ। ਅਜਿਹਾ ਸ਼ਾਇਦ ਉਹ ਕਿਸੇ ਲੋਰ ਵਿਚ ਹੀ ਲਿਖ ਗਏ। ਕੇਹਰ ਸਿੰਘ, ਬਲਕਾਰ ਸਿੰਘ, ਹਰਿੰਦਰ ਸਿੰਘ ਮਹਿਬੂਬ, ਰਾਜੇਸ਼ ਸ਼ਰਮਾ, ਪਿਆਰੇ ਮੋਹਣ, ਤੇਜਿੰਦਰ, ਧਰਮਜੀਤ ਲਵਲੀ ਆਦਿਕ ਅਨੇਕ ਅਜਿਹੇ ਦਾਨਸ਼ਵਰ ਹਨ ਜਿਹੜੇ ਸ਼ਰਾਬ ਬਿਲਕੁਲ ਨਹੀਂ ਪੀਂਦੇ, ਤਾਂ ਵੀ ਉਹ ਅੱਧੀ ਅੱਧੀ ਰਾਤ ਤੱਕ ਬਲ ਦੇ ਘਰ ਗੁਫਤਗੂ ਲਈ ਬੈਠਦੇ ਰਹੇ ਹਨ।

ਜਦੋਂ ਮੈਂ ਦੇਖਿਆ ਕਿ ਗੁਰਨਾਮ ਨੇ ਪਰਾਗ ਦੀ ਲਿਖਤ ਉਪਰ ਆਪਣਾ ਪ੍ਰਤੀਕਰਮ ਛਪਵਾਇਆ ਹੈ, ਪੜ੍ਹਨ ਤੋਂ ਪਹਿਲਾਂ ਮੇਰਾ ਖਿਆਲ ਸੀ ਕਿ ਉਤੇਜਨਾ ਅਤੇ ਗੁੱਸੇ ਵਿਚ ਆ ਕੇ ਬਹੁਤ ਕੁਝ ਤਿੱਖਾ ਲਿਖਿਆ ਹੋਵੇਗਾ। ਲੇਖ ਪੜ੍ਹਿਆ, ਅਜਿਹਾ ਕੁਝ ਨਹੀਂ ਸੀ। ਪੂਰੇ ਲੇਖ ਵਿਚ ਗੁੱਸੇ ਦਾ ਨਹੀਂ ਦੁੱਖ ਅਤੇ ਉਦਾਸੀ ਦਾ ਪ੍ਰਗਟਾਵਾ ਦੇਖਿਆ।

ਗੁਰਨਾਮ ਕੌਰ ਨਿਰੰਤਰ ਪੜ੍ਹ ਅਤੇ ਲਿਖ ਰਹੀ ਹੈ। ਉਸ ਦਾ ਸਿਲੇਬਸ ਗੁਰਬਾਣੀ ਅਤੇ ਸਿੱਖ ਸਾਹਿਤ ਹੈ। ਉਸ ਦੀ ਲਿਖਤ ਵਿਚ ਕੀ ਹੈ ਤੇ ਕੀ ਨਹੀਂ ਹੈ, ਇਸ ਦਾ ਨਿਰਣਾ ਪਾਠਕ ਆਪ ਕਰ ਲੈਣਗੇ। ਜਿਹੜੀ ਔਰਤ ਸਵੇਰ ਸ਼ਾਮ ਨਿਤਨੇਮ ਕਰਦੀ ਹੋਵੇ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀ ਪ੍ਰੋਫੈਸਰ ਅਤੇ ਮੁਖੀ ਰਿਟਾਇਰ ਹੋਈ ਹੋਵੇ, ਉਸ ਦੇ ਘਰ ਅੰਦਰਲਾ ਜੋ ਦ੍ਰਿਸ਼ ਪਰਾਗ ਦੇ ਸ਼ਬਦ ਚਿਤਰ ਤੋਂ ਜਾਣੇ-ਅਨਜਾਣੇ ਉਜਾਗਰ ਹੁੰਦਾ ਹੈ ਉਹ ਸਹੀ ਨਹੀਂ ਹੈ। ਸ਼ਾਇਦ ਪਰਾਗ ਦੀ ਇਹ ਮਨਸ਼ਾ ਵੀ ਨਹੀਂ ਸੀ ਜੋ ਕਿ ਬਲ ਦੇ ਮੰਡੀ ਅਹਿਮਦਗੜ੍ਹ ਦੇ ਪਹਿਲੇ ਗੇੜੇ ਦੇ ਦਿਲਚਸਪ ਵਰਣਨ ਤੋਂ ਪੂਰਾ ਪਤਾ ਨਹੀਂ ਵੀ ਲੱਗਦਾ ਤਾਂ ਬਲ ਦੇ ਸਬੰਧ ਵਿਚ 'ਗ੍ਰਿਹਸਥ ਅਤੇ ਬੈਰਾਗ ਦੇ ਬੇਮੇਚਪਣ' ਵਾਲੇ ਪਹਿਰੇ ਨੂੰ ਪੜ੍ਹ ਕੇ ਜਰੂਰ ਹੀ ਲੱਗ ਜਾਂਦਾ ਹੈ।

ਬਲ ਬਾਰੇ ਪੰਜਾਬੀ ਟ੍ਰਿਬਿਊਨ ਵਿਚਲੇ ਉਸ ਦੇ ਬਥੇਰੇ ਸਾਥੀਆਂ ਨੂੰ ਮੈਂ ਜਾਣਦਾ ਹਾਂ ਅਤੇ ਯੂਨੀਵਰਸਿਟੀ ਬਾਰੇ ਮੈਨੂੰ ਖੁਦ ਪਤਾ ਹੈ। ਉਸ ਦੇ ਸਾਥੀ ਉਸ ਨੂੰ ਬਲ ਬਾਬਾ ਕਹਿ ਕੇ ਯਾਦ ਕਰਦੇ ਤਾਂ ਮੈਂ ਸੁਣੇ ਹਨ, ਨਸ਼ੇੜੀ ਵਜੋਂ ਜ਼ਿਕਰ ਕਰਦਾ ਮੈਂ ਕਦੀ ਕੋਈ ਨਹੀਂ ਸੁਣਿਆ। ਬਲ ਕੋਲ ਭਾਂਤ-ਭਾਂਤ ਦੇ ਸੱਜਣ ਭਾਂਤ ਭਾਂਤ ਦੀਆਂ ਕਿਤਾਬਾਂ ਬਾਰੇ ਚਰਚਾ ਕਰਨ ਜਾਂਦੇ ਹਨ, ਮਹਿਜ ਸ਼ਰਾਬ ਪੀਣ ਕੋਈ ਵੀ ਨਹੀਂ।

*-ਹਰਪਾਲ ਸਿੰਘ ਪੰਨੂੰ (ਪ੍ਰੋ.)*
*ਪੰਜਾਬੀ ਯੂਨੀਵਰਸਿਟੀ, ਪਟਿਆਲਾ।*

# ਸ. ਧੂੰਦਾ ਦੀ ਪ੍ਰੋਫੈਸਰੀ ਦੀ ਫਕੀਰ ਚੰਦ ਸੈਂਪਲਾ ਵਲੋਂ ਵਕਾਲਤ!

**ਸੰਪਾਦਕ ਜੀ,**

ਬੜੀ ਖੁਸ਼ੀ ਦੀ ਗੱਲ ਹੈ ਕਿ ਆਪ ਜੀ ਦੀ ਮਿਹਨਤ ਤੇ ਯੋਗ ਅਗਵਾਈ ਸਦਕਾ ਅਖ਼ਬਾਰ ਪੰਜਾਬ ਟਾਈਮਜ਼ ਦਿਨ ਦੂਣੀ ਤੇ ਰਾਤ ਚੌਣੀ ਤੱਰਕੀ ਕਰਦਾ ਜਾ ਰਿਹਾ ਹੈ। ਇਸ ਵਿਚ ਹਰ ਹਫਤੇ ਉਤਮ ਕਹਾਣੀਆਂ ਤੇ ਲੇਖ ਪੜ੍ਹਨ ਲਈ ਮਿਲਦੇ ਹਨ ਜੋ ਮਾਂ ਬੋਲੀ ਪੰਜਾਬੀ ਦਾ ਨਾਂ ਰੌਸ਼ਨ ਕਰਦੇ ਹਨ। ਇਨ੍ਹਾਂ ਵਿਚ ਸਭ ਤੋਂ ਵੱਧ ਚੰਗੀ ਮੈਨੂੰ ਤੁਹਾਡੀ ਆਪਣੀ ਲਿਖਤ ਲੱਗਦੀ ਹੈ ਜੋ ਤੁਸੀਂ ਕਦੇ ਕਦੇ ਹੀ ਛਾਪਦੇ ਹੋ। ਵੱਡੀ ਗੱਲ ਇਹ ਹੈ ਕਿ ਤੁਸੀਂ ਅਹਿਮ ਵਿਸ਼ਿਆਂ 'ਤੇ ਬਹਿਸ ਕਰਵਾਉਂਦੇ ਹੋ ਤੇ ਹਰ ਵਿਚਾਰ ਨੂੰ ਛਾਪ ਕੇ ਸਾਹਮਣੇ ਆਉਣ ਲਈ ਬਰਾਬਰ ਦਾ ਮੌਕਾ ਦਿੰਦੇ ਹੋ। ਇਸ ਅਖ਼ਬਾਰ ਦੀਆਂ ਮਿਆਰੀ ਕਦਰਾਂ-ਕੀਮਤਾਂ ਕਾਰਨ ਅੱਜ ਬੇਅੰਤ ਪਾਠਕ ਇਸ ਨਾਲ ਜੁੜੇ ਹੋਏ ਹਨ। ਇਹ ਅਤਿਕਥਨੀ ਨਹੀਂ ਕਿ ਇਸ ਵੇਲੇ ਅਮਰੀਕਾ ਤੇ ਕਨੇਡਾ ਵਿਚ ਪੰਜਾਬ ਟਾਈਮਜ਼ ਦਾ ਸਿੱਕਾ ਚਲਦਾ ਹੈ।

ਪੰਜਾਬ ਟਾਈਮਜ਼ ਵਿਚ ਛਪਦੀ 'ਸੰਪਾਦਕ ਦੀ ਡਾਕ' ਵੀ ਗਿਆਨ ਦਾ ਅਹਿਮ ਸੋਮਾ ਹੁੰਦੀ ਹੈ। ਇਹ ਕਾਲਮ ਵੀ ਮੈਂ ਹਰ ਵਾਰ ਧਿਆਨ ਨਾਲ ਪੜ੍ਹਦਾ ਹਾਂ। ਰੌਚਕ ਹੋਣ ਦੇ ਨਾਲ ਇਹ ਵੱਖ ਵੱਖ ਲਿਖਤਾਂ ਬਾਰੇ ਪਾਠਕਾਂ ਦੇ ਪ੍ਰਤੀਕਰਮਾਂ ਤੋਂ ਜਾਣੂ ਕਰਵਾਉਂਦੀ ਹੈ ਜਿਸ ਨਾਲ ਕਈ ਖੁੰਝੇ ਹੋਏ ਮਹਤਵਪੂਰਣ ਨੁਕਤੇ ਸਾਹਮਣੇ ਆਉਂਦੇ ਹਨ। ਹਾਂ, ਕਦੇ ਕਦੇ ਕਈ ਪ੍ਰਤੀਕਰਮ ਅਜਿਹੇ ਬੇ-ਸਿਰ ਪੈਰ ਵੀ ਹੁੰਦੇ ਹਨ ਜਿਨ੍ਹਾਂ ਨੂੰ ਪੜ੍ਹ ਕੇ 'ਫਲ ਫਿਕੇ ਫੂਲ ਬਕਬਕੇ' ਦਾ ਆਭਾਸ ਹੁੰਦਾ ਹੈ। ਪਰ 'ਏਹਿ ਭਿ ਦਾਤਿ ਤੇਰੀ ਦਾਤਾਰ' ਦੇ ਮਹਾਂ ਵਾਕ ਅਨੁਸਾਰ ਇਹ ਵੀ ਪੜ੍ਹਨੇ ਪੈਂਦੇ ਹਨ।

ਅਜਿਹੇ ਪੱਤਰਾਂ ਦੀ ਹਾਲੀਆ ਉਦਾਹਰਣ ਫਕੀਰ ਚੰਦ ਸੈਂਪਲਾ ਦਾ ਉਹ ਪ੍ਰਤੀਕਰਮ ਹੈ ਜਿਸ ਵਿਚ ਉਨ੍ਹਾਂ ਨੇ ਡਾ. ਹਰਪਾਲ ਸਿੰਘ ਪੰਨੂ ਦੀ ਕਥਾਕਾਰ ਸਰਬਜੀਤ ਸਿੰਘ ਧੂੰਦਾ ਬਾਰੇ ਟਿੱਪਣੀ ਨੂੰ ਲੈ ਕੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਦਾ ਪੱਤਰ ਪੜ੍ਹ ਕੇ ਲਗਦਾ ਹੈ ਕਿ ਸਬੰਧਤ ਮਸਲੇ ਵਿਚ ਉਹ ਗਿਆਨ ਤੋਂ ਪੂਰੇ ਹੀ ਸਖਣੇ ਹਨ ਤੇ ਕੇਵਲ ਆਪਣੀ ਪਹਿਚਾਣ ਬਣਾਉਣ ਲਈ ਹੀ ਉਨ੍ਹਾਂ ਨੇ ਇਹ ਸਭ ਕੁਝ ਲਿਖ ਮਾਰਿਆ ਹੈ। ਉਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਬਣਦਾ ਹੈ ਕਿ ਪ੍ਰੋਫੈਸਰ ਦੀ ਉਪਾਧੀ 'ਗਿਆਨੀ ਜੀ' ਜਾਂ 'ਸਰਦਾਰ ਜੀ' ਜਾਂ 'ਪੰਡਿਤ ਜੀ' ਵਾਂਗ ਕੋਈ ਢਿੱਲਾ-ਮੋਕਲਾ ਮਨਮਰਜੀ ਦਾ ਵਿਸ਼ੇਸ਼ਣ ਨਹੀਂ ਜਿਸ ਨੂੰ ਚਾਹੇ ਕੋਈ ਵੀ ਆਪਣੇ ਨਾਂ ਅਗੇ ਲਾ ਕੇ ਟਹਿਕਦਾ ਫਿਰੇ। ਇਹ ਸਰਬ-ਉਚ ਅਕਾਦਮਿਕ ਅਹੁਦੇ ਦਾ ਨਾਂ ਹੈ ਜੋ ਉਚ ਅਕਾਦਮਿਕ ਪ੍ਰਾਪਤੀਆਂ ਅਤੇ ਵਿਧੀ-ਵਿਧਾਨਕ ਨਿਯੁਕਤੀ ਉਪਰੰਤ ਹੀ ਪ੍ਰਾਪਤ ਹੁੰਦਾ ਹੈ। ਕਹਿਣ ਨੂੰ ਤਾਂ ਭਾਵੇਂ ਵਿਦਿਆਰਥੀ ਹਰ ਕਾਲਜ ਅਧਿਆਪਕ ਨੂੰ ਪ੍ਰੋਫੈਸਰ ਕਹਿ ਕੇ ਸੱਦਦੇ ਹਨ ਪਰ ਹੁੰਦੇ ਉਹ ਲੈਕਚਰਾਰ ਹੀ ਹਨ। ਯੂਨੀਵਰਸਿਟੀਆਂ ਵਿਚ ਵੀ, ਜਿਥੇ ਡਾਕਟਰੇਟ ਦੀ ਉਪਾਧੀ ਭਾਵੇਂ ਹਰ ਅਧਿਆਪਕ ਕੋਲ ਹੁੰਦੀ ਹੈ, ਪ੍ਰੋਫੈਸਰ ਕੇਵਲ ਦਸ-ਪੰਦਰਾਂ ਫੀਸਦੀ ਹੀ ਹੁੰਦੇ ਹਨ। ਅਕਾਦਮਿਕ ਹਲਕਿਆਂ ਵਿਚ ਬਿਨਾਂ ਪ੍ਰੋਫੈਸਰ ਦੀ ਉਪਾਧੀ ਹੁੰਦਿਆਂ ਪ੍ਰੋਫੈਸਰ ਕਹਾਉਣਾ ਜਾਂ ਕਿਸੇ ਨੂੰ ਪ੍ਰੋਫੈਸਰ ਕਹਿਣਾ ਅਤਿ ਦਰਜੇ ਦਾ ਸ਼ੋਹਦਾਪਣ ਮੰਨਿਆਂ ਜਾਂਦਾ ਹੈ। ਕਈ ਸਮਝਦਾਰ ਤਾਂ ਪ੍ਰੋਫੈਸਰ ਹੁੰਦੇ ਹੋਏ ਵੀ ਪ੍ਰੋਫੈਸਰ ਕਹਾਉਣ ਤੋਂ ਗੁਰੇਜ਼ ਕਰਦੇ ਹਨ ਜਿਵੇਂ ਡਾ. ਰਾਧਾ ਕ੍ਰਿਸ਼ਨਨ, ਡਾ. ਮਨਮੋਹਨ ਸਿੰਘ ਤੇ ਹੋਰ ਬਹੁਤ ਸਾਰੇ ਪ੍ਰੋਫੈਸਰ। ਫਿਰ ਸ. ਧੂੰਦਾ ਨੂੰ ਤਾਂ ਇਕ ਮਿਸ਼ਨਰੀ ਕਾਲਜ ਦੇ ਕੱਚੇ-ਪੱਕੇ ਲੈਕਚਰਾਰ ਹੀ ਦੱਸਿਆ ਜਾਂਦਾ ਹੈ ਜੋ ਕੋਈ ਮਾਨਤਾਪ੍ਰਾਪਤ ਅਦਾਰਾ ਵੀ ਨਹੀਂ ਹੈ। ਇਸ ਲਈ ਡਾ. ਪੰਨੂ ਦੀ ਦਲੀਲ ਅਨੁਸਾਰ ਉਨ੍ਹਾਂ ਲਈ ਪ੍ਰੋਫੈਸਰ ਸ਼ਬਦ ਦੀ ਵਰਤੋਂ ਕਤਈ ਉਚਿਤ ਨਹੀਂ ਹੈ।

ਫਕੀਰ ਚੰਦ ਸੈਂਪਲਾ ਅਕਾਲ ਤਖਤ ਦੇ ਸਾਬਕਾ ਜਥੇਦਾਰ ਦਰਸ਼ਨ ਸਿੰਘ ਰਾਗੀ ਤੇ ਸਾਬਕਾ ਐਕਟਿੰਗ ਜਥੇਦਾਰ ਮਨਜੀਤ ਸਿੰਘ ਦੀਆਂ ਉਦਾਹਰਣਾਂ ਦੇ ਕੇ ਆਪਣੀ ਗੱਲ ਸਹੀ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਦੋ ਝੂਠ ਕਦੇ ਇਕ ਸੱਚ ਨਹੀਂ ਹੁੰਦੇ ਤੇ ਨਾ ਦੋ ਗਲਤੀਆਂ ਇਕ ਪਰਮਾਣ ਹੁੰਦੀਆਂ ਹਨ। ਜੇ ਦੋ ਚਾਰ ਪ੍ਰਚਾਰਕ ਕਿਸੇ ਮਰਿਆਦਾ ਦੀ ਉਲੰਘਣਾ ਕਰਦੇ ਹਨ ਤਾਂ ਜਰੂਰੀ ਤਾਂ ਨਹੀਂ ਕਿ ਸ. ਧੂੰਦਾ ਵੀ ਉਹੀ ਉਲੰਘਣਾ ਜਰੂਰ ਕਰਨ। ਡਾ. ਹਰਪਾਲ ਸਿੰਘ ਪੰਨੂ ਪੰਜਾਬੀ ਯੂਨੀਵਰਸਿਟੀ ਦੇ ਧਰਮ ਅਧਿਐਨ ਦੇ ਪ੍ਰੋਫੈਸਰ ਤੇ ਮੁਖੀ ਹਨ। ਉਹ ਇਕੋ ਇਕ ਅਧਿਆਪਕ ਆਗੂ ਹਨ ਜੋ ਪੰਜਾਬੀ ਯੂਨੀਵਰਸਿਟੀ ਵਿਚ ਭ੍ਰਿਸ਼ਟਾਚਾਰ ਦੇ ਵਿਰੁਧ ਚੱਟਾਨ ਵਾਂਗ ਡਟੇ। ਉਹ



*ਸ. ਸਰਬਜੀਤ ਸਿੰਘ ਧੂੰਦਾ*

ਵਿਸ਼ਵ ਪ੍ਰਸਿਧ ਪੰਜਾਬੀ ਲੇਖਕ ਹਨ ਜੋ ਸਾਲਾਂ ਤੋਂ ਪੰਜਾਬ ਟਾਈਮਜ਼ ਅਤੇ ਹੋਰ ਅਖਬਾਰਾਂ ਵਿਚ ਛਪਦੇ ਆ ਰਹੇ ਹਨ। ਅੱਜ ਸ੍ਰੀ ਸੈਂਪਲਾ ਉਨ੍ਹਾਂ ਉਤੇ ਈਰਖਾ ਦੇ ਉਬਾਲ ਦਾ ਘਿਨੌਣਾ ਇਲਜ਼ਾਮ ਲਾਉਂਦੇ ਹੋਏ ਉਨ੍ਹਾਂ ਤੋਂ ਅਮਰੀਕੀ ਪ੍ਰੈਸ ਵਿਚ ਲੇਖ ਛਪਵਾਉਣ ਦਾ ਕਾਰਨ ਪੁੱਛਦੇ ਹਨ ਪਰ ਸ. ਧੂੰਦਾ ਤੋਂ ਉਹ ਇਹ ਕਤਈ ਨਹੀਂ ਪੁੱਛਦੇ ਕਿ ਉਹ ਜਲਦਾ-ਕੁਰਲਾਉਂਦਾ ਭਾਰਤ ਜਗਤ ਛੱਡ ਕੇ ਸੁਖੀ ਵਸਦੇ ਅਮਰੀਕੀ ਸਿੰਘਾਂ ਦੇ ਦੁਖ ਹਰਣ ਕਿਹੜੀ ਮਜਬੂਰੀ ਕਾਰਣ ਇਥੇ ਆਏ ਹੋਏ ਹਨ? ਕੀ ਹੁਣ ਪੰਜਾਬ ਵਿਚ ਉਨ੍ਹਾਂ ਦੇ ਪ੍ਰਚਾਰ ਦੀ ਲੋੜ ਨਹੀਂ ਰਹੀ?

ਅਨੋਖੀ ਗੱਲ ਤਾਂ ਇਹ ਹੈ ਕਿ ਸ੍ਰੀ ਸੈਂਪਲਾ ਡਾ. ਪੰਨੂ ਨੂੰ ਤਾਂ ਡੇਰਾਵਾਦੀ ਸਾਧਾਂ ਪਿਛੇ ਪੈਣ ਦੀ ਪ੍ਰੇਰਣਾ ਦਿੰਦੇ ਹਨ ਤੇ ਆਪ ਸਾਧਨੁਮਾ ਸ. ਧੂੰਦਾ ਦੀ ਸਰਪ੍ਰਸਤੀ ਕਰਦੇ ਨਹੀਂ ਥੱਕਦੇ। ਉਨ੍ਹਾਂ ਦੇ ਜਿੰਨੇ ਪ੍ਰਤੀਕਰਮ ਮੈਂ ਪੜ੍ਹੇ ਹਨ, ਉਨ੍ਹਾਂ ਸਭ ਵਿਚ ਉਨ੍ਹਾਂ ਦੀ ਅਜਿਹੀ ਹੀ ਗੈਰ-ਜ਼ਿੰਮੇਵਾਰਾਨਾ ਰੁਚੀ ਅਤੇ ਦੋਫਾੜ ਸੋਚ ਉਭਰ ਕੇ ਸਾਹਮਣੇ ਆਈ ਹੈ। ਉਹ ਆਪਣੇ ਆਪ ਨੂੰ ਸਿੱਖ ਵੀ ਨਹੀਂ ਸਦਦੇ ਪਰ ਦੂਜਿਆਂ ਨੂੰ ਨਰਮ ਦਲੀਏ ਤੇ ਉਗਰਵਾਦੀ ਆਦਿ ਦੱਸ ਕੇ ਉਨ੍ਹਾਂ ਨੂੰ ਇਕ ਦੂਜੇ ਖਿਲਾਫ਼ ਭੜਕਾਉਣ ਦੀ ਹਰ ਕੋਸ਼ਿਸ਼ ਕਰਦੇ ਹਨ। ਉਹ ਆਪ ਤਾਂ ਦਲਿਤ ਤੇ ਸ਼ੋਸ਼ਿਤ ਵਰਗਾਂ ਦੇ ਮੁੱਦਈ ਬਣਦੇ ਹਨ ਪਰ ਦੂਜਿਆਂ ਨੂੰ ਕਮਿਊਨਿਸਟ ਦੱਸ ਕੇ ਉਨ੍ਹਾਂ ਦਾ ਭੰਡੀ ਪ੍ਰਚਾਰ ਕਰਦੇ ਹਨ। ਉਹ ਸਦੀਆਂ ਪੁਰਾਣੀ 'ਪਾੜੋ ਤੇ ਰਾਜ ਕਰੋ' ਦੀ ਰੀਤ 'ਤੇ ਚਲਦਿਆਂ ਸਿੱਖਾਂ ਨੂੰ ਸਿੱਖਾਂ ਖਿਲਾਫ਼ ਚੁੱਕਣ ਦਾ ਕੰਮ ਕਰਦੇ ਹਨ। ਉਨ੍ਹਾਂ ਨੂੰ ਆਪਣੇ ਪ੍ਰਤੀਕਰਮਾਂ ਵਿਚ ਅਜਿਹੀਆਂ ਨਾਂਹ-ਪੱਖੀ ਤੇ ਸਿੱਖ ਵਿਰੋਧੀ ਰੁਚੀਆਂ ਪ੍ਰਗਟ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪਾਠਕਾਂ ਨੂੰ ਵੀ ਉਨ੍ਹਾਂ ਦੇ ਵਿਚਾਰ ਪੜ੍ਹਦਿਆਂ ਖਬਰਦਾਰੀ ਤੋਂ ਕੰਮ ਲੈਣਾ ਚਾਹੀਦਾ ਹੈ।

ਅੰਤ ਵਿਚ ਮੈਂ ਪੰਜਾਬ ਟਾਈਮਜ਼ ਵਿਚ ਛਪੀ ਆਪਣੀ ਇਕ ਕਹਾਣੀ 'ਸਾਜਨ ਸੰਤ ਕਰਹੁ ਇਹ ਕਾਮੁ' ਬਾਰੇ ਸ੍ਰੀ ਸੈਂਪਲਾ ਦੇ ਅਜਿਹੇ ਹੀ ਇਕ ਉਲਟੇ-ਸਿਧੇ ਪ੍ਰਤੀਕਰਮ ਦਾ ਸਪਸ਼ਟੀਕਰਨ ਵੀ ਦੇਣਾ ਚਾਹੁੰਦਾ ਹਾਂ। ਮੈਂ ਕੋਈ ਗਲਪ ਲੇਖਕ ਨਹੀਂ। ਨਾ ਮਨਘੜਤ ਸੋਚਦਾ ਹਾਂ ਨਾ ਲਿਖਦਾ ਹਾਂ ਤੇ ਨਾ ਹੀ ਲਿਖ ਸਕਦਾ ਹਾਂ। ਮੈਂ ਇਹ ਖੁਲਾਸਾ ਲਿਖਤ ਦੇ ਸ਼ੁਰੂ ਵਿਚ ਹੀ ਕਰ ਦਿੰਦਾ ਹਾਂ ਕਿ ਮੇਰੀ ਲਿਖਤ ਇਕ ਸੱਚੀ ਘਟਨਾ 'ਤੇ ਆਧਾਰਤ ਹੈ। ਕੇਵਲ ਨਾਂ ਤੇ ਥਾਂ ਹੀ ਬਦਲਦਾ ਹਾਂ, ਇਥੋਂ ਤੀਕਰ ਕਿ ਵਾਰਤਾਲਾਪ ਵੀ ਮੁਢਲੇ ਹੀ ਰਖਦਾ ਹਾਂ। ਮੇਰੀ ਧਾਰਨਾ ਹੈ ਕਿ ਅਸਲੀਅਤ ਗਲਪ ਨਾਲੋਂ ਜਿਆਦਾ ਅਧਭੁਤ ਤੇ ਰੋਚਕ ਹੁੰਦੀ ਹੈ। ਪਰ ਜਦੋਂ ਉਪਰੋਕਤ ਲੇਖ ਲੰਮਾ ਹੋਣ ਕਾਰਨ ਸੰਪਾਦਕ ਜੀ ਇਹ ਮੁਢਲਾ ਪੈਰਾ ਨਾ ਛਾਪ ਸਕੇ ਤਾਂ ਸ੍ਰੀ ਸੈਂਪਲਾ ਨੇ ਝੱਟ ਆਪਣਾ ਸ਼ੱਕੀ ਭੜਕਾਊ ਪ੍ਰਤੀਕਰਮ ਦਾਗ ਦਿਤਾ ਕਿ ਕਹਾਣੀ ਝੂਠ ਦਾ ਪਲੰਦਾ ਹੈ। ਉਨ੍ਹਾਂ ਲਿਖਿਆ ਕਿ ਇਸ ਵਿਚਲੀਆਂ ਘਟਨਾਵਾਂ ਉਵੇਂ ਵਾਪਰ ਹੀ ਨਹੀਂ ਸਕਦੀਆਂ ਜਿਵੇਂ ਮੈਂ ਬਿਆਨ ਕੀਤੀਆਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਕਹਾਣੀ ਸਿੱਖੀ, ਖਾਸ ਕਰ ਕੇ ਖਾੜਕੂ ਸਿੱਖਾਂ ਨੂੰ ਬਦਨਾਮ ਕਰਨ ਲਈ ਲਿਖੀ ਗਈ ਹੈ।

ਸ੍ਰੀ ਸੈਂਪਲਾ ਨੂੰ ਮੇਰੀ ਬੇਨਤੀ ਹੈ ਕਿ ਉਹ ਕਿਸੇ ਵੇਲੇ ਮੇਰੇ ਨਾਲ ਪੰਜਾਬ ਚਲਣ। ਮੈਂ ਉਨ੍ਹਾਂ ਨੂੰ ਇਕ-ਇਕ ਪਾਤਰ ਦੀ ਬਾਂਹ ਫੜਾ ਦਿਆਂਗਾ। ਸੱਚ ਝੂਠ ਦਾ ਆਪ ਪਤਾ ਕਰ ਲੈਣ। ਹਾਂ, ਜੇ ਕਹਾਣੀ ਸੱਚੀ ਹੋਈ ਤਾਂ ਆ ਕੇ ਪੰਜਾਬ ਟਾਈਮਜ਼ ਦੇ ਪਾਠਕਾਂ ਤੋਂ ਗੁਮਰਾਹੀ ਦੀ ਖਿਮਾ ਜਰੂਰ ਮੰਗ ਲੈਣ।

ਪੱਤਰ ਖਤਮ ਕਰਨ ਤੋਂ ਪਹਿਲਾਂ ਮੈਂ ਪੰਜਾਬ ਟਾਈਮਜ਼ ਦੇ ਮਾਧਿਅਮ ਰਾਹੀਂ ਸ੍ਰੀ ਸੈਂਪਲਾ ਤੋਂ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ। ਇਕ ਪਾਸੇ ਤਾਂ ਉਹ ਸਿੱਖਾਂ 'ਤੇ ਦੂਸ਼ਣ ਲਾਉਂਦੇ ਹਨ ਕਿ ਉਹ ਦਲਿਤ ਵਰਗਾਂ ਨੂੰ ਵਰਗਲਾ ਕੇ ਸਿੱਖੀ ਵਿਚ ਪ੍ਰਵੇਸ਼ ਕਰਵਾਉਂਦੇ ਹਨ ਤੇ ਬਾਅਦ ਵਿਚ ਉਨ੍ਹਾਂ ਦੀ ਵਾਤ ਨਹੀਂ ਪੁੱਛਦੇ। ਦੂਜੇ ਪਾਸੇ ਉਹ ਸ. ਧੂੰਦਾ ਦਾ ਪੁਰਜੋਰ ਪੱਖ ਪੂਰਦੇ ਹੋਏ ਡਾ. ਪੰਨੂ 'ਤੇ ਦੋਸ਼ ਲਾਉਂਦੇ ਹਨ ਕਿ ਉਹ ਸ. ਧੂੰਦਾ ਦੇ ਪ੍ਰਚਾਰ ਲਈ ਅਮਰੀਕੀ ਗੁਰੂਘਰਾਂ ਦੇ ਬੂਹੇ ਬੰਦ ਕਰਵਾ ਰਹੇ ਹਨ। ਫਿਰ ਇਨ੍ਹਾਂ ਦਾ ਆਪਣਾ ਸਿੱਖੀ ਨਾਲ ਕੋਈ ਲੈਣਾ-ਦੇਣਾ ਵੀ ਨਹੀਂ ਹੈ। ਉਹ ਇਹ ਤਾਂ ਦੱਸਣ ਕਿ ਇਨ੍ਹਾਂ ਦੀ ਧੂੰਦਾ ਪੈਰਵੀ ਪਿਛੇ ਕੋਈ ਦਲਿਤ ਪੈਂਤੜਾ ਜਾਂ ਦਲਿਤ ਕੁਨੈਕਸ਼ਨ ਤਾਂ ਕੰਮ ਨਹੀਂ ਕਰ ਰਿਹਾ?

*-ਡਾ. ਗੋਬਿੰਦਰ ਸਿੰਘ ਸਮਰਾਓ*
*ਸੈਨ ਹੋਜ਼ੇ, ਕੈਲੀਫੋਰਨੀਆ*
*ਫੋਨ: 408-550-9586*

# ਸਾ ਰੁਤ ਸੁਹਾਵੀ-2



ਡਾ. ਗੁਰਨਾਮ ਕੌਰ, ਕੈਨੇਡਾ

ਗੁਰਮਤਿ ਅਨੁਸਾਰ ਉਸ ਹਰ ਪਲ, ਹਰ ਦਿਨ, ਹਰ ਰੁਤ ਜਾਂ ਮੌਸਮ ਦਾ ਆਪਣਾ ਮਹੱਤਵ ਤੇ ਸੁਹਪਣ ਹੈ ਜੋ ਉਸ ਸ਼ੁਭ ਕਰਮ, ਨਾਮ ਸਿਮਰਨ ਲਈ ਅਕਾਲ ਪੁਰਖ ਦੇ ਲੇਖੇ ਲਾਇਆ ਜਾਂਦਾ ਹੈ। ਇਸ ਲਈ ਸਾਰੇ ਦਿਨ, ਮਹੀਨੇ, ਰੁੱਤਾਂ ਸੁਹਣੀਆਂ ਹਨ। ਚੇਤ ਤੋਂ ਅਗਲਾ ਮਹੀਨਾ ਵੈਸਾਖ ਦਾ ਹੈ। ਵੈਸਾਖ ਸਿੱਖ ਧਰਮ ਲਈ ਬਹੁਤ ਮਹੱਤਵ ਰੱਖਦਾ ਹੈ ਕਿਉਂਕਿ 1699 ਦੀ ਵੈਸਾਖੀ ਖਾਲਸੇ ਦਾ ਜਨਮ ਦਿਨ ਹੈ। ਇਹ ਉਹ ਸ਼ੁਭ ਦਿਹਾੜਾ ਹੈ ਜਦੋਂ ਦਸਮ ਪਾਤਿਸ਼ਾਹ ਹਜ਼ੂਰ ਨੇ ਸਿੱਖ ਇਲਹਾਮ, "ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥" ਦਾ ਅਮਲੀ ਪ੍ਰਕਾਸ਼ਨ ਕਰਦਿਆਂ ਖਾਲਸੇ ਦੀ ਸਿਰਜਣਾ ਕਰਕੇ ਗੁਰੂ ਨਾਨਕ ਦੇ ਮਿਸ਼ਨ ਦੀ ਪੂਰਤੀ ਕੀਤੀ। ਇਸ ਨੂੰ ਭਾਈ ਗੁਰਦਾਸ ਸਿੰਘ ਦੂਜੇ ਨੇ 'ਸੰਗਤਿ ਕੀਨੀ ਖਾਲਸਾ' ਕਿਹਾ ਹੈ ਭਾਵ ਨਾਨਕ ਨਾਮ ਲੇਵਾ ਸੰਗਤਿ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਖਾਲਸੇ ਦਾ ਰੂਪ ਬਖ਼ਸ਼ਿਸ਼ ਕੀਤਾ।

ਗੁਰੂ ਨਾਨਕ ਵੈਸਾਖ ਦੇ ਮਹੀਨੇ ਦਾ ਜ਼ਿਕਰ ਕਰਦਿਆਂ 'ਤੁਖਾਰੀ ਛੰਤ ਮਹਲਾ 1 ਬਾਰਹਮਾਹਾ' ਵਿਚ ਫਰਮਾਉਂਦੇ ਹਨ ਕਿ ਵੈਸਾਖ ਦਾ ਮਹੀਨਾ ਮਨ ਨੂੰ ਭਲਾ ਲਗਦਾ ਹੈ, ਇਸ ਮਹੀਨੇ ਬਨਸਪਤੀ ਮੌਲਦੀ ਹੈ, ਦਰਖਤਾਂ/ਬ੍ਰਿਛਾਂ, ਪੌਧਿਆਂ 'ਤੇ ਨਵੀਆਂ ਕਰੂੰਬਲਾਂ ਫੁੱਟਦੀਆਂ ਹਨ, ਨਵੀਆਂ ਟਾਹਣੀਆਂ/ਪੱਤੇ ਉਗਦੇ ਹਨ ਜਿਨ੍ਹਾਂ ਦੀ ਕੋਮਲਤਾ ਮਨ ਨੂੰ ਭਲੀ ਲਗਦੀ ਹੈ। ਇਸ ਸੁਹਾਵਣੀ ਰੁੱਤੇ ਪਤਨੀ ਆਪਣੇ ਦੂਰ ਗਏ ਪਤੀ ਦੀ ਉਡੀਕ ਕਰਦੀ ਹੈ, ਉਸ ਦੇ ਮਨ ਵਿਚ ਪਤੀ ਨੂੰ ਮਿਲਣ ਦੀ ਇੱਛਾ ਪਰਬਲ ਹੁੰਦੀ ਹੈ ਕਿ ਉਹ ਘਰ ਆਵੇ। ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਅਰਥਾਤ ਜਗਿਆਸੂ ਦੇ ਮਨ ਵਿਚ ਕੁਦਰਤਿ ਦਾ ਇਹ ਖਿੜਿਆ ਸੁਹੱਪਣ ਆਪਣੇ ਪ੍ਰੀਤਮ-ਪ੍ਰਭੂ ਨੂੰ ਮਿਲਣ ਦੀ ਤਾਂਘ ਪੈਦਾ ਕਰਦਾ ਹੈ। ਜੀਵ-ਇਸਤਰੀ ਅਕਾਲ ਪੁਰਖ ਅੱਗੇ ਉਸ ਦੀ ਮਿਹਰ ਪ੍ਰਾਪਤ ਕਰਨ ਲਈ ਅਰਦਾਸ ਕਰਦੀ ਹੈ ਕਿ ਅਕਾਲ ਪੁਰਖ ਉਸ ਦੇ ਹਿਰਦੇ ਵਿਚ ਨਿਵਾਸ ਕਰੇ, ਉਸ ਨੂੰ ਆਤਮ-ਅਨੁਭਵ ਹੋਵੇ ਅਤੇ ਉਸ ਦੀ ਮਿਹਰ ਸਦਕਾ ਉਹ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਵੇ। ਉਸ ਪਤੀ-ਪਰਮੇਸ਼ਰ ਤੋਂ ਬਿਨਾਂ ਜੀਵ ਦਾ ਮੁੱਲ ਅੱਧੀ ਕੌਡੀ ਜਿੰਨਾ ਵੀ ਨਹੀਂ, ਉਸੇ ਤਰ੍ਹਾਂ ਜਿਵੇਂ ਪਤੀ ਤੋਂ ਬਿਨਾਂ ਸਮਾਜ ਵਿਚ ਇਸਤਰੀ ਦੀ ਕੋਈ ਪੁੱਛ-ਪ੍ਰਤੀਤ ਨਹੀਂ ਹੁੰਦੀ। ਜੇ ਗੁਰੂ ਆਪ ਪਰਮਾਤਮਾ ਦੇ ਦਰਸ਼ਨ ਕਰੇ ਅਤੇ ਜਗਿਆਸੂ ਨੂੰ ਉਸ ਦੇ ਦਰਸ਼ਨ ਕਰਵਾ ਦੇਵੇ ਤੇ ਉਹ ਪਰਮਾਤਮਾ ਨੂੰ ਚੰਗਾ ਲੱਗ ਜਾਵੇ ਤਾਂ ਉਸ ਦੀ ਕੀਮਤ ਕੌਣ ਪਾ ਸਕਦਾ ਹੈ? ਗੁਰੂ ਰਾਹੀਂ ਉਸ ਨੂੰ ਯਕੀਨ ਹੋ ਜਾਵੇਗਾ ਕਿ ਅਕਾਲ ਪੁਰਖ ਕਿਤੇ ਬਾਹਰ ਨਹੀਂ ਵੱਸਦਾ ਜੀਵ ਦੇ ਅੰਦਰ ਹੀ ਵੱਸਦਾ ਹੈ, ਲੋੜ ਸਿਰਫ ਉਸ ਨੂੰ ਅਨੁਭਵ ਕਰਨ ਦੀ ਹੈ, ਅਕਾਲ ਪੁਰਖ ਦੇ ਅਸਲੀ ਨਿਵਾਸ ਸਥਾਨ ਦੀ ਮਨੁੱਖ ਨੂੰ ਪਛਾਣ ਹੋ ਜਾਵੇਗੀ। ਵੈਸਾਖ ਵਿਚ ਕੁਦਰਤਿ ਦੇ ਸੁਹਜ-ਸ਼ਿੰਗਾਰ ਨੂੰ ਦੇਖ ਕੇ ਉਸ ਜੀਵ-ਇਸਤਰੀ ਨੂੰ ਪਰਮਾਤਮ-ਅਨੁਭਵ ਹੁੰਦਾ ਹੈ ਜਿਸ ਦੀ ਸੁਰਤਿ-ਗੁਰੂ ਸ਼ਬਦ ਵਿਚ ਜੁੜਦੀ ਹੈ,

ਦੂਰਿ ਨ ਜਾਨਾ ਅੰਤਰਿ ਮਾਨਾ
ਹਰਿ ਕਾ ਮਹਲੁ ਪਛਾਨਾ॥
ਨਾਨਕ ਵੈਸਾਖੀਂ ਪ੍ਰਭੁ ਭਾਵੈ
ਸੁਰਤਿ ਸਬਦਿ ਮਨੁ ਮਾਨਾ॥6॥

ਗੁਰੂ ਅਰਜਨ ਦੇਵ ਫਰਮਾਉਂਦੇ ਹਨ ਕਿ ਵੈਸਾਖ ਦਾ ਮਹੀਨਾ ਹਰ ਇਕ ਵਾਸਤੇ ਰੀਝਾਂ ਵਾਲਾ ਹੁੰਦਾ ਹੈ ਪਰ ਉਨ੍ਹਾਂ ਇਸਤਰੀਆਂ ਦਾ ਮਨ ਧੀਰਜ ਕਿਵੇਂ ਕਰ ਸਕਦਾ ਹੈ ਜਿਹੜੀਆਂ ਆਪਣੇ ਪ੍ਰੀਤਮ ਤੋਂ ਵਿਛੜੀਆਂ ਹੋਈਆਂ ਹਨ? ਇਸੇ ਤਰ੍ਹਾਂ ਉਸ ਜੀਵ ਨੂੰ ਧੀਰਜ ਕਿਵੇਂ ਆਵੇ ਜਿਹੜਾ ਅਕਾਲ ਪੁਰਖ ਨੂੰ ਵਿਸਾਰ ਕੇ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਹੈ, ਜਿਸ ਨੂੰ ਮਾਇਆ ਚੰਬੜੀ ਹੋਈ ਹੈ। ਪੁੱਤਰ, ਇਸਤਰੀ, ਧਨ/ਦੌਲਤ ਆਦਿ ਕੁੱਝ ਵੀ ਮਨੁੱਖ ਨਾਲ ਨਹੀਂ ਨਿਭਦਾ, ਉਸ ਦਾ ਸਦੀਵੀ ਸਾਥ ਨਹੀਂ ਦਿੰਦਾ। ਸਦੀਵੀ ਹਸਤੀ ਇੱਕ ਅਕਾਲ ਪੁਰਖ ਹੀ ਹੈ ਜੋ ਮਨੁੱਖ ਦੇ ਅੰਗ ਸੰਗ ਨਿਭਦੀ ਹੈ। ਦੁਨਿਆਵੀ ਮੋਹ ਸਾਰੀ ਲੋਕਾਈ ਨੂੰ ਵਿਆਪ ਰਿਹਾ ਹੈ ਜਿਸ ਵਿਚ ਸੰਸਾਰ ਵਾਰ ਵਾਰ ਫਸਦਾ ਹੈ ਅਤੇ ਆਤਮਕ ਮੌਤ ਮਰਦਾ ਹੈ। ਪਰਮਾਤਮਾ ਦਾ ਨਾਮ ਹੀ ਹੈ ਜੋ ਮਨੁੱਖ ਦੇ ਨਾਲ ਜਾਂਦਾ ਹੈ ਬਾਕੀ ਸਾਰੇ ਕਰਮ ਮਰਨ ਤੋਂ ਪਹਿਲਾਂ ਇਥੇ ਇਸ ਦੁਨੀਆਂ ਵਿਚ ਹੀ ਖੋਹ ਲਏ ਜਾਂਦੇ ਹਨ। ਪਰਮਾਤਮਾ ਤੋਂ ਬਿਨਾ ਇਸ ਜਿੰਦ ਦਾ ਹੋਰ ਕੋਈ ਸਦੀਵੀ ਸਾਥੀ ਨਹੀਂ ਹੁੰਦਾ। ਇਸ ਲਈ ਪ੍ਰੇਮ-ਸਰੂਪ ਪਰਮਾਤਮਾ ਨੂੰ ਵਿਸਾਰਨ ਨਾਲ ਖੁਆਰੀ ਹੀ ਹੁੰਦੀ ਹੈ। ਜਿਹੜੇ ਮਨੁੱਖ ਅਕਾਲ ਪੁਰਖ ਦੇ ਚਰਨੀਂ ਲੱਗਦੇ ਹਨ, ਉਸ ਦਾ ਓਟ-ਆਸਰਾ ਤੱਕਦੇ ਹਨ ਉਨ੍ਹਾਂ ਦੀ ਸ਼ੋਭਾ ਹੁੰਦੀ ਹੈ, ਉਨ੍ਹਾਂ ਨੂੰ ਵਡਿਆਈ ਮਿਲਦੀ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਸ ਨੂੰ ਅਕਾਲ ਪੁਰਖ ਦਾ ਦਿਲ-ਰਜਵਾਂ ਮਿਲਾਪ ਨਸੀਬ ਹੋਵੇ। ਵੈਸਾਖ ਦਾ ਮਹੀਨਾ ਜਿੰਨਾ ਮਰਜ਼ੀ ਕੁਦਰਤੀ ਸੁਹੱਪਣ ਨਾਲ ਭਰਪੂਰ ਹੋਵੇ ਪਰ ਇਹ ਤਾਂ ਹੀ ਸੁਹਣਾ ਲੱਗ ਸਕਦਾ ਹੈ ਜੇ ਪਰਮਾਤਮਾ ਨਾਲ ਮਿਲਾਪ ਹੋ ਜਾਵੇ:

ਨਾਨਕ ਕੀ ਪ੍ਰਭ ਬੇਨਤੀ
ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ
ਜਾ ਸੰਤੁ ਭੇਟੈ ਹਰਿ ਸੋਇ॥3॥

ਵੈਸਾਖ ਦਾ ਜੋ ਵਰਣਨ ਗੁਰੂ ਸਾਹਿਬਾਨ ਨੇ ਕੀਤਾ ਹੈ, ਚੰਦਰਮਾ ਦੀਆਂ ਤਿਥੀਆਂ ਅਨੁਸਾਰ ਜਦੋਂ ਇਹ ਖਿਸਕਦਾ ਹੋਇਆ ਅੱਗੇ ਚਲਿਆ ਜਾਵੇਗਾ ਫਿਰ ਕੁਦਰਤਿ ਦੇ ਮੌਲਣ ਦੀ ਸੁੰਦਰਤਾ ਦਾ ਸੰਦਰਭ ਕਿਥੇ ਜਾਵੇਗਾ?

ਗੁਰੂ ਨਾਨਕ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਜੇਠ ਦਾ ਮਹੀਨਾ ਉਨ੍ਹਾਂ ਨੂੰ ਹੀ ਚੰਗਾ ਲੱਗਦਾ ਹੈ ਜਿਨ੍ਹਾਂ ਨੂੰ ਆਪਣਾ ਪ੍ਰੀਤਮ ਪਿਆਰਾ ਕਦੇ ਵਿਸਰਦਾ ਨਹੀਂ। ਜੇਠ ਦੇ ਮਹੀਨੇ ਲੋਅ ਵਗਦੀ ਹੈ ਭਾਵ ਗਰਮ ਹਵਾ ਚਲਦੀ ਹੈ ਤੇ ਜ਼ਮੀਨ ਤਪਣ ਲੱਗ ਪੈਂਦੀ ਹੈ। (ਗੁਰਮੁਖਿ ਜਗਿਆਸੂ) ਜੀਵ-ਇਸਤਰੀ ਅਕਾਲ ਪੁਰਖ ਅੱਗੇ ਅਰਦਾਸ ਕਰਦੀ ਹੈ ਅਤੇ ਉਸ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾਉਂਦੀ ਹੈ ਤਾਂ ਕਿ ਉਨ੍ਹਾਂ ਗੁਣਾਂ ਕਰਕੇ ਉਹ ਉਸ ਪਰਮਾਤਮਾ ਨੂੰ ਚੰਗੀ ਲੱਗੇ ਜਿਹੜਾ ਇਸ ਸੰਸਾਰਕ ਤਪਸ਼ ਤੋਂ ਨਿਰਾਲਾ ਹੈ। ਪਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਜੇ ਉਸ ਦੀ ਆਗਿਆ ਹੋਵੇ ਤਾਂ ਉਹ ਉਸ ਪਰਮਾਤਮਾ ਦੇ ਮਹਿਲਾਂ ਅੰਦਰ ਚਲੀ ਜਾਵੇ ਅਤੇ ਸੰਸਾਰਕ ਤਪਸ਼ ਤੋਂ ਬਚ ਜਾਵੇ। ਜਦੋਂ ਤੱਕ ਜੀਵ-ਇਸਤਰੀ ਸੰਸਾਰਕ ਵਿਕਾਰਾਂ ਦੇ ਸੇਕ ਨਾਲ ਕਮਜ਼ੋਰ ਅਤੇ ਨਿਢਾਲ ਹੈ, ਉਦੋਂ ਤੱਕ ਉਸ ਪਰਮਾਤਮਾ ਦੇ ਨਿਵਾਸ ਦਾ, ਉਸ ਦੇ ਮਹਿਲਾਂ ਦਾ ਅਨੰਦ ਨਹੀਂ ਮਾਣ ਸਕਦੀ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜਿਹੜਾ ਮਨੁੱਖ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਕੇ ਉਸ ਨਾਲ ਆਪਣੀ ਸਾਂਝ ਕਾਇਮ ਕਰ ਲੈਂਦਾ ਹੈ, ਉਹ ਉਸ ਪਰਮਾਤਮਾ ਵਰਗਾ ਹੀ ਸ਼ਾਂਤ-ਚਿੱਤ ਹੋ ਜਾਂਦਾ ਹੈ, ਉਸ ਦੀ ਮਿਹਰ ਸਦਕਾ ਉਸ ਨਾਲ ਇੱਕ ਰੂਪ ਹੋ ਜਾਂਦਾ ਹੈ ਅਰਥਾਤ ਦੁਨਿਆਵੀ ਵਿਕਾਰਾਂ ਦੀ ਤਪਸ਼ ਤੋਂ ਬਚਿਆ ਰਹਿੰਦਾ ਹੈ,

ਮਾਹੁ ਜੇਠੁ ਭਲਾ
ਪ੍ਰੀਤਮੁ ਕਿਉ ਬਿਸਰੈ॥
ਥਲ ਤਾਪਹਿ ਸਰ ਭਾਰ
ਸਾਧਨ ਬਿਨਉ ਕਰੈ॥

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ ਕਿ ਜੇਠ ਦੇ ਮਹੀਨੇ ਵਿਚ ਉਸ ਅਕਾਲ ਪੁਰਖ ਦੇ ਚਰਨਾਂ ਨਾਲ ਜੁੜਨਾ ਚਾਹੀਦਾ ਹੈ ਜਿਸ ਅੱਗੇ ਸਾਰੇ ਸੀਸ ਝੁਕਾਉਂਦੇ ਹਨ। ਪਰਮਾਤਮਾ ਦੇ ਲੜ ਲੱਗੇ ਰਹਿਣ ਨਾਲ ਉਹ ਆਗਿਆ ਨਹੀਂ ਦਿੰਦਾ ਕਿ ਜਮ ਆਦਿ ਜੀਵ ਨੂੰ ਅੱਗੇ ਲਾ ਤੁਰਨ, ਅਰਥਾਤ ਜੀਵ ਨੂੰ ਮੌਤ ਦਾ ਭੈਅ ਮੁੱਕ ਜਾਂਦਾ ਹੈ। ਪਰਮਾਤਮਾ ਦਾ ਨਾਮ ਇੱਕ ਅਜਿਹਾ ਕੀਮਤੀ ਧਨ ਹੈ, ਜਿਸ ਨੂੰ ਕੋਈ ਚੁਰਾ ਨਹੀਂ ਸਕਦਾ। ਉਸ ਦੇ ਨਾਮ ਸਿਮਰਨ ਰਾਹੀਂ ਅਜਿਹੀ ਸਮਝ ਆ ਜਾਂਦੀ ਹੈ ਕਿ ਉਸ ਪਰਮਾਤਮਾ ਦੇ ਕੀਤੇ ਜਾ ਰਹੇ ਸਾਰੇ ਕੌਤਕ ਮਨ ਨੂੰ ਚੰਗੇ ਲੱਗਦੇ ਹਨ। ਉਸ ਪਰਮਾਤਮਾ ਦੇ ਹੁਕਮ ਦੀ ਸਮਝ ਲੱਗ ਜਾਂਦੀ ਹੈ ਕਿ ਉਹ ਆਪ ਅਤੇ ਉਸ ਦੇ ਪੈਦਾ ਕੀਤੇ ਸਭ ਜੀਅ ਉਸ ਦੇ ਭਾਣੇ ਅਨੁਸਾਰ ਹੀ ਕਰਮ ਕਰ ਰਹੇ ਹਨ ਅਰਥਾਤ ਜੋ ਉਸ ਨੂੰ ਚੰਗਾ ਲੱਗਦਾ ਹੈ, ਉਹੀ ਕਰਦੇ ਹਨ। ਜਿਨ੍ਹਾਂ ਜੀਵਾਂ ਨੂੰ ਪਰਮਾਤਮਾ ਨੇ ਆਪਣਾ ਬਣਾ ਲਿਆ ਹੈ, ਸੰਸਾਰ ਉਨ੍ਹਾਂ ਦੀ ਵਡਿਆਈ ਕਰਦਾ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਉਸ ਦੀ ਮਿਹਰ ਹੋਣੀ ਜ਼ਰੂਰੀ ਹੈ, ਮਨੁੱਖ ਦਾ ਇਕੱਲਾ ਆਪਣਾ ਉਦਮ ਕਾਫੀ ਨਹੀਂ ਹੈ। ਜੇ ਮਨੁੱਖ ਦੇ ਕੀਤਿਆਂ ਹੀ ਪ੍ਰਾਪਤੀ ਹੋ ਜਾਣੀ ਹੋਵੇ ਫਿਰ ਮਨੁੱਖ ਉਸ ਤੋਂ ਵਿਛੜ ਕੇ ਦੁਖੀ ਹੀ ਕਿਉਂ ਹੋਵੇ? ਅਜਿਹੀ ਪ੍ਰਾਪਤੀ ਸਤਿ-ਸੰਗਤਿ ਵਿਚ ਹੁੰਦੀ ਹੈ ਅਤੇ ਆਨੰਦ ਮਾਣੀਦਾ ਹੈ। ਜਿਸ ਮਨੁੱਖ ਦੇ ਮੱਥੇ ਦੇ ਭਾਗ ਜਾਗ ਪੈਣ ਉਸ ਨੂੰ ਜੇਠ ਦਾ ਮਹੀਨਾ ਸੁਹਾਵਣਾ ਲਗਦਾ ਹੈ ਕਿਉਂਕਿ ਉਸ ਨੂੰ ਪ੍ਰਭੂ-ਪ੍ਰੀਤਮ ਮਿਲ ਪੈਂਦਾ ਹੈ:

ਸਾਧੂ ਸੰਗਿ ਪਰਾਪਤੇ
ਨਾਨਕ ਰੰਗ ਮਾਣੰਨਿ॥
ਹਰਿ ਜੇਠੁ ਰੰਗੀਲਾ ਤਿਸੁ ਧਣੀ
ਜਿਸ ਕੈ ਭਾਗੁ ਮਥੰਨਿ॥4॥

ਗੁਰੂ ਨਾਨਕ ਹਾੜ ਦੇ ਮਹੀਨੇ ਦਾ ਜ਼ਿਕਰ ਕਰਦੇ ਹਨ ਕਿ ਇਹ ਮਹੀਨਾ ਜਦੋਂ ਪੂਰੇ ਜੋਬਨ 'ਤੇ ਹੁੰਦਾ ਹੈ ਤਾਂ ਅਸਮਾਨ ਵਿਚ ਸੂਰਜ ਦੀ ਤਪਸ਼ ਨਾਲ ਧਰਤੀ ਦੀ ਨਮੀ ਜਿਵੇਂ ਜਿਵੇਂ ਸੁੱਕਦੀ ਹੈ ਧਰਤੀ ਦੁੱਖ ਸਹਿੰਦੀ ਹੈ। ਸੂਰਜ ਅੱਗ ਵਾਂਗ ਪਾਣੀ ਨੂੰ ਸੁਕਾਉਂਦਾ ਹੈ ਤਾਂ ਜੀਵ ਤ੍ਰਾਸ ਤ੍ਰਾਸ ਕਰਦੇ ਹਨ, ਫਿਰ ਵੀ ਸੂਰਜ ਆਪਣਾ ਕਰਮ ਨਹੀਂ ਛੱਡਦਾ। ਸੂਰਜ ਦਾ ਰੱਥ ਚੱਕਰ ਲਾਉਂਦਾ ਹੈ ਅਤੇ ਕਮਜ਼ੋਰ ਜਿੰਦ ਕਿਤੇ ਛਾਂ ਦਾ ਆਸਰਾ ਲੈਂਦੀ ਹੈ। ਬੀਂਡਾ ਬਾਹਰ ਕਿਧਰੇ ਰੁੱਖ ਦੀ ਛਾਂਵੇਂ ਟੀਂ ਟੀਂ ਕਰਦਾ ਹੈ ਅਰਥਾਤ ਹਰ ਜੀਵ ਆਪਣੇ ਆਪ ਨੂੰ ਤਪਸ਼ ਤੋਂ ਲੁਕਾਉਂਦਾ ਫਿਰਦਾ ਹੈ। ਅਜਿਹੀ ਮਾਨਸਿਕ ਤਪਸ਼ ਦਾ ਦੁੱਖ ਉਸ ਮਨੁੱਖ ਦੇ ਜੀਵਨ ਸਫਰ ਵਿਚ ਖੜ੍ਹਾ ਰਹਿੰਦਾ ਹੈ ਜਿਹੜਾ ਆਪਣੇ ਸਿਰ ਤੇ ਮੰਦੇ ਕਰਮ ਚੁੱਕੀ ਫਿਰਦਾ ਹੈ। ਜਿਹੜਾ ਮਨੁੱਖ ਆਪਣੇ ਹਿਰਦੇ ਵਿਚ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਨੂੰ ਟਿਕਾਈ ਰੱਖਦਾ ਹੈ ਉਸ ਨੂੰ ਹੀ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਮਨੁੱਖ ਨੂੰ ਰੱਬ ਨੇ ਨਾਮ-ਸਿਮਰਨ ਵਾਲਾ ਮਨ ਦਿੱਤਾ ਹੈ, ਉਸ ਦਾ ਪਰਮਾਤਮਾ ਨਾਲ ਜਨਮ-ਮਰਨ ਦਾ ਅਰਥਾਤ ਸਦੀਵੀ ਸਾਥ ਬਣ ਜਾਂਦਾ ਹੈ। ਕਹਿਣ ਤੋਂ ਭਾਵ ਹੈ ਕਿ ਉਸ ਨੂੰ ਫਿਰ ਵਿਕਾਰਾਂ ਦੀ ਤਪਸ਼ ਨਹੀਂ ਪੋਹ ਸਕਦੀ:

ਅਵਗਣ ਬਾਧਿ ਚਲੀ ਦੁਖੁ ਆਗੈ
ਸੁਖੁ ਤਿਸੁ ਸਾਚੁ ਸਮਾਲੇ॥
ਨਾਨਕ ਜਿਸ ਨੋ ਇਹੁ ਮਨੁ ਦੀਆ
ਮਰਣੁ ਜੀਵਣੁ ਪ੍ਰਭ ਨਾਲੇ॥8॥

ਗੁਰੂ ਅਰਜਨ ਦੇਵ ਫਰਮਾਉਂਦੇ ਹਨ ਕਿ ਹਾੜ ਦਾ ਮਹੀਨਾ ਉਨ੍ਹਾਂ ਮਨੁੱਖਾਂ ਨੂੰ ਤਪਦਾ ਲਗਦਾ ਹੈ ਜਿਨ੍ਹਾਂ ਦੇ ਮਨ ਅੰਦਰ ਅਕਾਲ ਪੁਰਖ ਨਹੀਂ ਵੱਸਦਾ। ਅਜਿਹੇ ਮਨੁੱਖ ਉਸ ਪਰਵਰਦਗਾਰ ਦੇ ਸਹਾਰੇ ਨੂੰ ਛੱਡ ਕੇ ਬੰਦਿਆਂ ਤੋਂ ਆਸਾਂ ਲਾਈ ਰੱਖਦੇ ਹਨ। ਪਰਮਾਤਮਾ ਨੂੰ ਛੱਡ ਕੇ ਮਨੁੱਖ ਦਾ ਆਸਰਾ ਤੱਕਣ ਨਾਲ ਖੁਆਰ ਹੀ ਹੋਈਦਾ ਹੈ। ਅਜਿਹੇ ਮਨੁੱਖ ਨੂੰ ਹਰ ਸਮੇਂ ਜਮਾਂ ਦਾ ਭੈ ਅਰਥਾਤ ਮੌਤ ਦਾ ਭੈ ਬਣਿਆ ਰਹਿੰਦਾ ਹੈ। ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਜਿਹੜਾ ਲੇਖ ਉਸ ਦੇ ਮੱਥੇ 'ਤੇ ਲਿਖਿਆ ਜਾਂਦਾ ਹੈ, ਉਸੇ ਕਿਸਮ ਦਾ ਉਹ ਫਲ ਪ੍ਰਾਪਤ ਕਰਦਾ ਹੈ। ਅਜਿਹੇ ਮਨੁੱਖ ਦਾ ਸਾਰਾ ਜੀਵਨ ਪਛਤਾਵਿਆਂ ਵਿਚ ਗੁਜ਼ਰਦਾ ਹੈ ਅਤੇ ਉਹ ਟੁੱਟੇ ਹੋਏ ਮਨ ਨਾਲ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਜਿਨ੍ਹਾਂ ਮਨੁੱਖਾਂ ਨੂੰ ਗੁਰੂ ਮਿਲ ਪੈਂਦਾ ਹੈ ਉਹ ਪਰਮਾਤਮਾ ਦੀ ਹਜ਼ੂਰੀ ਵਿਚ ਸੁਰਖ਼ਰੂ ਹੋ ਜਾਂਦੇ ਹਨ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਉਸ ਦੀ ਮਿਹਰ ਲਈ ਅਰਦਾਸ ਕਰਦੇ ਹਨ ਤਾਂ ਕਿ ਉਸ ਦੇ ਦਰਸ਼ਨਾਂ ਦੀ ਤਾਂਘ ਹਮੇਸ਼ਾ ਬਣੀ ਰਹੇ ਕਿਉਂਕਿ ਪਰਮਾਤਮਾ ਦੇ ਓਟ-ਆਸਰੇ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ ਹੈ। ਜਿਸ ਮਨੁੱਖ ਦੇ ਮਨ ਵਿਚ ਅਕਾਲ ਪੁਰਖ ਦੇ ਚਰਨਾਂ ਦਾ ਨਿਵਾਸ ਬਣਿਆ ਰਹਿੰਦਾ ਹੈ, ਉਸ ਨੂੰ ਹਾੜ ਦਾ ਤਪਦਾ ਮਹੀਨਾ ਵੀ ਸੁਹਣਾ ਲੱਗਦਾ ਹੈ, ਅਰਥਾਤ ਉਸ ਨੂੰ ਦੁਨੀਆਂ ਦੇ ਦੁੱਖ-ਦਰਦ ਵੀ ਨਹੀਂ ਪੋਂਹਦੇ:

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ
ਨਾਨਕ ਕੀ ਅਰਦਾਸਿ॥
ਆਸਾੜੁ ਸੁਹੰਦਾ ਤਿਸੁ ਲਗੈ
ਜਿਸੁ ਮਨਿ ਹਰਿ ਚਰਣ ਨਿਵਾਸ॥5॥

ਸਾਵਣ ਦਾ ਮਹੀਨਾ ਸਾਡੇ ਸਭਿਆਚਾਰ ਵਿਚ ਬਹੁਤ ਅਹਿਮ ਹੈ। ਹਾੜ ਦੀ ਤਪਦੀ ਗਰਮੀ ਪਿਛੋਂ ਸਾਵਣ ਦੇ ਬੱਦਲਾਂ ਦੀ ਗਰਜ, ਮੀਂਹ ਦਾ ਵਰਸਣਾ ਸਭ ਦੇ ਮਨ ਨੂੰ ਚੰਗਾ ਲੱਗਦਾ ਹੈ, ਗਰਮੀ ਤੋਂ ਰਾਹਤ ਮਿਲਦੀ ਹੈ। ਹਾੜ ਦੀ ਤਪਸ਼ ਨਾਲ ਸੁੱਕ ਕੇ ਸੜੇ ਘਾਹ-ਬੂਟੇ ਹਰਿਆਵਲ ਵਿਚ ਆ ਜਾਂਦੇ ਹਨ, ਹਰ ਜੀਅ-ਜੰਤ ਵਿਚ ਜ਼ਿੰਦਗੀ ਧੜਕਣ ਲੱਗਦੀ ਹੈ। ਗੁਰੂ ਨਾਨਕ ਫਰਮਾਉਂਦੇ ਹਨ ਕਿ ਸਾਵਣ ਮਹੀਨੇ ਵਿਚ ਵਰਖਾ ਦੀ ਰੁੱਤ ਆ ਗਈ ਹੈ, ਬੱਦਲ ਵਰਸ ਰਹੇ ਹਨ, ਹੁਣ ਤੂੰ ਵੀ ਉਮਾਹ ਵਿਚ ਆ। ਜਿਸ ਇਸਤਰੀ ਦਾ ਪਤੀ ਪਰਦੇਸ ਗਿਆ ਹੋਵੇ, ਉਸ ਨੂੰ ਇਹ ਮੌਸਮ ਵੀ ਚੰਗਾ ਨਹੀਂ ਲੱਗਦਾ ਸਗੋਂ ਉਸ ਨੂੰ ਤੜਪਾਉਂਦਾ ਹੈ। ਬਿਰਹੋਂ ਕੁੱਠੀ ਅਜਿਹੀ ਇਸਤਰੀ ਆਪਣੀ ਮਾਂ ਨੂੰ ਆਪਣੇ ਦਿਲ ਦਾ ਹਾਲ ਦੱਸਦੀ ਹੈ ਕਿ ਇਨ੍ਹਾਂ ਬੱਦਲਾਂ ਨੂੰ ਦੇਖ ਕੇ ਉਸ ਨੂੰ ਆਪਣਾ ਪਤੀ ਆਪਣੇ ਰੋਮ ਰੋਮ ਵਿਚ ਪਿਆਰਾ ਲੱਗ ਰਿਹਾ ਹੈ ਪਰ ਉਹ ਤਾਂ ਪਰਦੇਸ ਗਿਆ ਹੈ। ਜਦੋਂ ਤੱਕ ਉਹ ਘਰ ਨਹੀਂ ਆਉਂਦਾ ਉਹ ਹਉਕਿਆਂ ਨਾਲ ਮਰ ਰਹੀ ਹੈ ਅਤੇ ਬਿਜਲੀ ਦੀ ਚਮਕ ਉਸ ਨੂੰ ਡਰਾ ਰਹੀ ਹੈ। ਉਸ ਨੂੰ ਆਪਣੀ ਸੱਖਣੀ ਸੇਜ ਦੁੱਖਦਾਈ ਲੱਗਦੀ ਹੈ ਅਤੇ ਵਿਛੋੜੇ ਦਾ ਦੁੱਖ ਮੌਤ ਵਰਗਾ ਲੱਗਦਾ ਹੈ।

ਜਿਸ ਮਨੁੱਖ ਨੂੰ ਅਕਾਲ ਪੁਰਖ ਨਾਲ ਪਿਆਰ ਹੈ, ਉਸ ਨੂੰ ਪਰਮਾਤਮਾ ਦੇ ਮੇਲ ਤੋਂ ਬਿਨਾ ਨਾ ਹੀ ਭੁੱਖ ਹੈ ਅਤੇ ਨਾ ਹੀ ਨੀਂਦ ਹੈ। ਉਸ ਨੂੰ ਤਨ ਤੇ ਕੱਪੜਾ ਵੀ ਸੁਖਾਵਾਂ ਨਹੀਂ ਲੱਗਦਾ ਭਾਵ ਸੰਸਾਰਕ ਸੁੱਖ ਵੀ ਸੁਖੀ ਨਹੀਂ ਕਰਦੇ। ਗੁਰੂ ਸਾਹਿਬ ਅਨੁਸਾਰ ਉਹ ਹੀ ਭਾਗਾਂ ਵਾਲੀ ਜੀਵ-ਇਸਤਰੀ ਅਰਥਾਤ ਮਨੁੱਖ ਪਰਮਾਤਮਾ ਦੇ ਪਿਆਰ ਦਾ ਹੱਕਦਾਰ ਬਣਦਾ ਹੈ ਜੋ ਹਮੇਸ਼ਾ ਉਸ ਦੀ ਯਾਦ ਵਿਚ ਲੀਨ ਰਹਿੰਦਾ ਹੈ:

ਹਰਿ ਬਿਨੁ ਨੀਦ ਭੂਖ ਕਹੁ ਕੈਸੀ
ਕਾਪੜੁ ਤਨਿ ਨ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ
ਪਿਰ ਕੈ ਅੰਕਿ ਸਮਾਵਏ॥9॥

ਗੁਰੂ ਅਰਜਨ ਦੇਵ ਫਰਮਾਉਂਦੇ ਹਨ ਕਿ ਸਾਵਣ ਦੇ ਮਹੀਨੇ ਉਸ ਜੀਵ-ਇਸਤਰੀ ਦਾ ਮਨ ਖਿੜ ਜਾਂਦਾ ਹੈ ਜਿਸ ਨੂੰ ਪ੍ਰਭੂ ਦੇ ਚਰਨਾਂ ਨਾਲ ਪ੍ਰੀਤ ਹੁੰਦੀ ਹੈ। ਉਸ ਦਾ ਮਨ ਅਤੇ ਤਨ ਅਕਾਲ ਪੁਰਖ ਦੇ ਪ੍ਰੇਮ ਵਿਚ ਰੰਗੇ ਜਾਂਦੇ ਹਨ ਅਤੇ ਪਰਮਾਤਮਾ ਦਾ ਨਾਮ ਹੀ ਉਸ ਦਾ ਆਸਰਾ ਬਣ ਜਾਂਦਾ ਹੈ। ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸੁਆਹ ਵਰਗੇ ਲਗਦੇ ਹਨ। ਪਰਮਾਤਮਾ ਦੇ ਨਾਮ ਦੀ ਅੰਮ੍ਰਿਤ-ਬੂੰਦ, ਆਤਮਕ ਅਨੰਦ ਦੇਣ ਵਾਲਾ ਨਾਮ-ਰਸ ਪਿਆਰਾ ਲੱਗਦਾ ਹੈ। ਸਤਿ-ਸੰਗਤਿ ਵਿਚ ਜਾ ਕੇ ਗੁਰੂ ਨੂੰ ਮਿਲਣ ਵਾਲਾ ਮਨੁੱਖ ਇਸ ਨੂੰ ਪੀਣ ਦੇ ਯੋਗ ਹੋ ਜਾਂਦਾ ਹੈ। ਜਿਸ ਰੱਬ ਦੇ ਮੇਲ ਨਾਲ ਇਹ ਸਾਰਾ ਸੰਸਾਰ ਮੌਲਿਆ ਹੈ, ਹਰਿਆ-ਭਰਿਆ ਹੋਇਆ ਹੈ, ਜੋ ਸਰਬ-ਸ਼ਕਤੀਮਾਨ ਹੈ, ਵਿਆਪਕ ਅਤੇ ਬੇਅੰਤ ਹੈ ਉਸ ਨੂੰ ਮਿਲਣ ਵਾਸਤੇ ਮਨ ਤਾਂਘਦਾ ਹੈ। ਪਰ ਉਹ ਆਪ ਹੀ ਆਪਣੀ ਮਿਹਰ ਕਰਕੇ ਮਿਲਾਉਣ ਦੇ ਸਮਰੱਥ ਹੈ।

ਗੁਰੂ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਸਤਿ-ਸੰਗੀਆਂ ਦੇ ਸਦਕੇ ਜਾਈਏ, ਕੁਰਬਾਨ ਜਾਈਏ ਜਿਨ੍ਹਾਂ ਨੇ ਇਹ ਮਿਲਾਪ ਪ੍ਰਾਪਤ ਕਰ ਲਿਆ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਉਸ ਦੀ ਮਿਹਰ ਲਈ ਅਰਦਾਸ ਕਰਦੇ ਹਨ ਕਿ ਗੁਰੂ ਦੇ ਸ਼ਬਦ ਰਾਹੀਂ ਉਹ ਅਕਾਲ ਪੁਰਖ ਹੀ ਜੀਵਨ ਨੂੰ ਸਵਾਰਨ ਦੇ ਸਮਰੱਥ ਹੈ। ਸਾਵਣ ਦਾ ਮਹੀਨਾ ਉਨ੍ਹਾਂ ਭਾਗਾਂ ਵਾਲੇ ਮਨੁੱਖਾਂ ਦੇ ਮਨ ਨੂੰ ਠੰਢਕ ਅਤੇ ਖੇੜਾ ਦਿੰਦਾ ਹੈ ਜਿਨ੍ਹਾਂ ਦੇ ਮਨ ਵਿਚ ਪਰਮਾਤਮਾ ਦਾ ਨਾਮ-ਰੂਪੀ ਹਾਰ ਪਾਇਆ ਹੋਇਆ ਹੈ:

ਨਾਨਕ ਹਰਿ ਜੀ ਮਇਆ ਕਰਿ
ਸਬਦਿ ਸਵਾਰਣਹਾਰੁ॥
ਸਾਵਣੁ ਤਿਨਾ ਸੁਹਾਗਣੀ
ਜਿਨਿ ਰਾਮ ਨਾਮੁ ਉਰਿ ਹਾਰੁ॥6॥

## ਗੁਰਬਾਣੀ ਗਿਆਨ

# ਕਾਹੇ ਰੇ ਮਨ ਚਿਤਵਹਿ ਉਦਮੁ...

ਕਾਹੇ ਰੇ ਮਨ ਚਿਤਵਹਿ ਉਦਮੁ...
ਰਾਗ ਗੁਜਰੀ ਮਹਲਾ ੫
ਕਾਹੇ ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ
ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥
ਮੇਰੇ ਮਾਧਉ ਜੀ
ਸਤਸੰਗਤਿ ਮਿਲੇ ਸੁ ਤਰਿਆ॥
ਗੁਰ ਪਰਸਾਦਿ ਪਰਮ ਪਦੁ ਪਾਇਆ
ਸੂਕੇ ਕਾਸਟ ਹਰਿਆ॥੧॥ ਰਹਾਉ॥
ਜਨਨਿ ਪਿਤਾ ਲੋਕ ਸੁਤ ਬਨਿਤਾ
ਕੋਇ ਨ ਕਿਸ ਕੀ ਧਰਿਆ॥
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ
ਕਾਹੇ ਮਨ ਭਉ ਕਰਿਆ॥੨॥
ਊਡੇ ਊਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ
ਮਨ ਮਹਿ ਸਿਮਰਨੁ ਕਰਿਆ॥੩॥
ਸਭਿ ਨਿਧਾਨ ਦਸ ਅਸਟ ਸਿਧਾਨ
ਠਾਕੁਰ ਕਰ ਤਲ ਧਰਿਆ॥
ਜਨ ਨਾਨਕ
ਬਲਿ ਬਲਿ ਸਦ ਬਲਿ ਜਾਈਐ
ਤੇਰਾ ਅੰਤੁ ਨ ਪਾਰਾਵਰਿਆ॥੪॥੫॥

ਗੁਰੂਦੇਵ ਜੀ ਮਨ ਨੂੰ ਉਦੇਸ਼ ਕਰਦੇ ਹਨ-ਹੇ ਮਨ! ਕਿਉਂ ਤੂੰ ਹਰ ਵੇਲੇ ਸੋਚਾਂ-ਫਿਕਰਾਂ ਵਿਚ ਡੁੱਬਾ ਰਹਿੰਦਾ ਹੈਂ? ਉਹ ਹਰੀ ਪ੍ਰਭੂ ਤਾਂ ਆਪ ਤੇਰੇ ਆਹਰ ਵਿਚ ਪਰਿਆ, ਭਾਵ ਲੱਗਾ ਹੋਇਆ ਹੈ; ਕਿਉਂਕਿ ਉਸ ਮਿਹਰਬਾਨ ਪ੍ਰਭੂ ਨੇ ਜੋ ਜੀਵ-ਜੰਤ ਸੈਲ ਭਾਵ ਚੱਟਾਨਾਂ ਤੇ ਪੱਥਰਾਂ ਵਿਚ ਪੈਦਾ ਕੀਤੇ ਹੋਏ ਹਨ, ਉਨ੍ਹਾਂ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਦਾ ਰਿਜ਼ਕ, ਭਾਵ ਖਾਣਾ ਤਿਆਰ ਕਰ ਕੇ ਰੱਖਿਆ ਪਿਆ ਹੈ। ਜੋ ਜੀਵ ਸਤਸੰਗ ਵਿਚ ਮਿਲ ਕੇ ਸਿਮਰਨ ਕਰਦੇ ਹਨ, ਉਹ ਤਰ ਗਏ। ਗੁਰੂ ਦੀ ਮਿਹਰ ਸਦਕਾ ਜਿਸ ਜੀਵ ਨੂੰ ਸਹਜ ਅਵਸਥਾ ਮਿਲ ਗਈ, ਉਹ ਸੂਕੇ ਕਾਸਟ, ਭਾਵ ਸੁੱਕੇ ਕਾਠ ਤੋਂ ਹਰਾ ਹੋ ਗਿਆ।

ਜਨਨਿ ਪਿਤਾ ਲੋਕ ਸੁਤ ਬਨਿਤਾ
ਕੋਇ ਨ ਕਿਸ ਕੀ ਧਰਿਆ॥
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ
ਕਾਹੇ ਮਨ ਭਉ ਕਰਿਆ॥੨॥

ਹੁਣ ਗੁਰਦੇਵ ਆਖਦੇ ਹਨ ਕਿ ਮੇਰੇ ਮਨ! ਤੂੰ ਵਿਅਰਥ ਹੀ ਪਰਿਵਾਰਕ ਫਿਕਰਾਂ ਵਿਚ ਡੁੱਬਿਆ ਰਹਿੰਦਾ ਹੈਂ ਅਤੇ ਸੋਚਦਾ ਹੈਂ, ਇਸ ਸਾਰੇ ਕੁਟੰਬ ਦਾ ਸਹਾਰਾ ਸਿਰਫ ਤੂੰ ਹੀ ਹੈ ਪਰ ਤੂੰ ਗਲਤ ਹੈਂ; ਜਨਨਿ ਪਿਤਾ ਲੋਕ ਸੁਤ ਬਨਿਤਾ; ਇਹ ਤੇਰੇ ਮਾਂ-ਬਾਪ, ਰਿਸ਼ਤੇਦਾਰ, ਪੁੱਤਰ ਅਤੇ ਇਸਤਰੀ-ਕੋਈ ਵੀ ਕਿਸੇ ਦੇ ਆਸਰੇ ਨਹੀਂ। ਤੂੰ ਐਵੇਂ ਹੀ ਬਿਨਾਂ ਕਿਸੇ ਕਾਰਨ ਡਰਿਆ ਫਿਰਦਾ ਹੈਂ। ਉਸ ਠਾਕਰ ਪ੍ਰਭੂ ਨੇ ਸਿਰਿ ਸਿਰਿ ਰਿਜਕ ਸੰਬਾਹੇ, ਭਾਵ ਹਰ ਜੀਵ ਨੂੰ ਰਿਜਕ ਪਹੁੰਚਾਉਣ ਦੀ ਜ਼ਿੰਮੇਵਾਰੀ ਤਾਂ ਆਪ ਲਈ ਹੋਈ ਹੈ ਅਤੇ ਸਭ ਜੀਵਾਂ ਦਾ ਪਾਲਣਹਾਰ ਭੀ ਉਹ ਮਾਲਕ ਆਪ ਹੀ ਹੈ। ਤੂੰ ਉਸੇ ਦਾ ਸਿਮਰਨ ਕਰਿਆ ਕਰ।

ਊਡੇ ਊਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ
ਮਨ ਮਹਿ ਸਿਮਰਨੁ ਕਰਿਆ॥੩॥

ਹੇ ਮੇਰੇ ਮਨ, ਦੇਖ! ਰੁੱਤ ਬਦਲਣ 'ਤੇ ਕੂੰਜਾਂ ਦੀਆਂ ਡਾਰਾਂ ਉਡ-ਉਡ ਕੇ ਸੈਂਕੜੇ ਕੋਹਾਂ ਦੂਰ ਆ ਜਾਂਦੀਆਂ ਹਨ ਪਰ ਉਨ੍ਹਾਂ ਦੇ ਬੇਜ਼ੁਬਾਨ ਤੇ ਨਿੱਕੇ-ਨਿੱਕੇ ਮਾਸੂਮ ਬੱਚੇ ਪਿੱਛੇ ਇਕੱਲੇ ਹੀ ਛੱਡੇ ਹੋਏ ਰਹਿੰਦੇ ਹਨ। ਉਨ੍ਹਾਂ ਬੱਚਿਆਂ ਨੂੰ ਨਾ ਤਾਂ ਉਥੇ ਕੋਈ ਕੁਝ ਖੁਆਉਣ ਵਾਲਾ ਹੀ ਹੈ ਅਤੇ ਨਾ ਹੀ ਕੋਈ ਚੋਗਾ ਚੁਗਾਉਣ ਵਾਲਾ ਹੀ ਹੈ; ਪਰ ਹੇ ਮਨ! ਅਚੰਭੇ ਦੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਨਿੱਕੇ-ਨਿੱਕੇ ਬੋਟਾਂ ਨੂੰ ਫਿਰ ਵੀ ਉਹ ਪਾਲਣਹਾਰ ਮਿਹਰਬਾਨ ਪ੍ਰਭੂ ਆਪ ਰਿਜਕ ਦੇ ਕੇ ਪਾਲ ਰਿਹਾ ਹੈ, ਕਿਉਂਕਿ ਦੂਰ-ਦੁਰਾਡੇ ਉਡ ਆਈਆ ਕੂੰਜਾਂ ਆਪਣੇ ਬੱਚਿਆਂ ਦੇ ਪਾਲਣਹਾਰ ਪ੍ਰਭੂ ਦਾ ਸਿਮਰਨ ਹਰ ਵੇਲੇ ਹੀ ਆਪਣੇ ਮਨ ਵਿਚ ਕਰ ਰਹੀਆਂ ਹਨ।

ਸਭਿ ਨਿਧਾਨ ਦਸ ਅਸਟ ਸਿਧਾਨ
ਠਾਕੁਰ ਕਰ ਤਲ ਧਰਿਆ॥
ਜਨ ਨਾਨਕ
ਬਲਿ ਬਲਿ ਸਦ ਬਲਿ ਜਾਈਐ
ਤੇਰਾ ਅੰਤੁ ਨ ਪਾਰਾਵਰਿਆ॥੪॥੫॥

ਸਭਿ ਨਿਧਾਨ ਦਾਸ ਅਸਟ ਸਿਧਾਨਮ ਭਾਵ ਇਸ ਸੰਸਾਰ ਦੇ ਸਾਰੇ ਹੀ ਖਜ਼ਾਨੇ, ਦਸ ਤੇ ਅੱਠ-ਅਠਾਰਾਂ ਸਿੱਧੀਆਂ ਠਾਕੁਰ ਕਰ ਤਲ ਧਰਿਆ, ਭਾਵ ਹੇ ਮੇਰੇ ਪ੍ਰਭੂ ਜੀਉ! ਇਹ ਸਭ ਤੇਰੇ ਹੱਥਾਂ ਦੀਆਂ ਤਲੀਆਂ 'ਤੇ ਰੱਖੇ ਹੋਏ ਹਨ। ਤੂੰ ਜਿਸ ਪਾਸੇ ਮਿਹਰ ਦੀ ਨਜ਼ਰ ਕਰ ਦੇਵੇਂ, ਸੁੱਕੇ ਕਾਠ ਭੀ ਹਰੇ ਭਰੇ ਹੋ ਜਾਣ। ਸੰਸਾਰ ਦੀਆਂ ਸਭ ਦੌਲਤਾਂ ਤੇਰੇ ਚਰਨਾਂ ਵਿਚ ਪਈਆਂ ਹਨ। ਹੇ ਮਿਹਰਬਾਨ ਪ੍ਰਭੂ ਜੀਉ! ਇਹ ਦਾਸ ਨਾਨਕ ਐਸੇ ਪ੍ਰਭੂ ਤੋਂ ਬਲਿਹਾਰ ਜਾਂਦਾ ਹੈ, ਸਦਕੇ ਜਾਂਦਾ ਹੈ ਜਿਸ ਦਾ ਕੋਈ ਅੰਤ ਨਹੀਂ। ਇਹ ਬੇਅੰਤ ਹੈ, ਇਸ ਦਾ ਕੋਈ ਪਾਰਾਵਾਰ ਨਹੀਂ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਚੜ੍ਹਿਆ ਸਾਲ 2013...ਤੇਰਾਂ...ਤੇਰਾ...ਤੇਰਾ...

**ਮਝੈਲ ਸਿੰਘ ਸਰਾਂ**

ਨਵਾਂ ਸਾਲ 2013 ਚੜ੍ਹੇ ਨੂੰ ਮਹੀਨਾ ਬੀਤ ਚੁੱਕਿਆ ਹੈ ਤੇ ਹੁਣ 2013 ਪਹਿਲੇ ਵਰ੍ਹਿਆਂ ਵਾਂਗ ਰੇੜ੍ਹੇ ਪੈ ਗਿਆ ਹੈ। ਨਵੇਂ ਸਾਲ ਨੂੰ 'ਜੀ ਆਇਆਂ' ਕਹਿੰਦਿਆਂ ਸਿੱਖਿਆਦਾਇਕ ਲਫ਼ਜ਼ ਬੋਲੇ ਗਏ ਤੇ ਪ੍ਰਣ ਕੀਤੇ ਗਏ ਕਿ ਪਿਛਲੇ ਸਾਲ ਦੀਆਂ ਜਾਣੇ-ਅਣਜਾਣੇ ਹੋਈਆਂ ਗਲਤੀਆਂ ਤੋਂ ਤੋਬਾ ਕਰ ਕੇ ਸਹੀ ਪੈੜਾਂ, ਗੁਰਮਤਿ ਤੇ ਰੱਬੀ ਫਰਮਾਨ ਮੁਤਾਬਿਕ ਜ਼ਿੰਦਗੀ ਬਸਰ ਕਰਨੀ ਹੈ, ਪਰ ਇੱਦਾਂ ਕੋਈ ਘੱਟ-ਵੱਧ ਹੀ ਕਰਦਾ ਹੈ। ਇਸ ਨਵੇਂ ਸਾਲ 'ਤੇ ਲਿਖਣ ਲਈ ਮੇਰੇ ਕੋਲ ਕੋਈ ਖਾਸ ਗੱਲ ਤਾਂ ਹੈ ਨਹੀਂ ਸੀ, ਪਰ 13 (ਤੇਰਾਂ) ਦੇ ਹਿੰਦਸੇ ਨੇ ਕੁਝ ਲਿਖਣ ਲਈ ਜ਼ਰੂਰ ਉਕਸਾਇਆ, ਕਿਉਂਕਿ ਇਸ ਸਾਲ ਨੂੰ ਸਿੱਖਾਂ ਨੇ ਕੁਝ ਜ਼ਿਆਦਾ ਅਹਿਮੀਅਤ ਦਿੱਤੀ। ਤੇਰਾਂ ਦਾ ਹਿੰਦਸਾ ਜਦੋਂ ਵੀ ਕਦੇ ਚਰਚਾ ਵਿਚ ਆਉਂਦਾ ਤਾਂ ਸਾਡੇ ਮਨ ਮਸਤਕ ਵਿਚ ਬਾਬਾ ਨਾਨਕ ਮੋਦੀਖਾਨੇ ਵਿਚ ਬੈਠਾ 'ਤੇਰਾਂ...ਤੇਰਾਂ...' ਤੋਲਦਾ ਦਿਸਦਾ ਹੈ।

ਇਸਾਈ ਧਰਮ ਵਾਲੇ 13 ਦੇ ਹਿੰਦਸੇ ਨੂੰ ਮਾੜਾ ਸਮਝਦੇ ਹਨ। ਕਹਿੰਦੇ ਹਨ, ਬਾਈਬਲ ਵਿਚ ਵੀ ਇਸ ਹਿੰਦਸੇ ਨੂੰ ਬਦਕਿਸਮਤ ਲਿਖਿਆ ਗਿਆ ਹੈ। ਇਸ ਪਿੱਛੇ ਕੀ ਕਾਰਨ ਹੋਣਗੇ, ਉਹੀ ਜਾਣਨ; ਕਹਿੰਦੇ ਹਨ ਕਿ ਯਿਸੂ ਮਸੀਹ (ਜੀਸਸ) ਦੇ ਪਹਿਲਾਂ 12 ਚੇਲੇ ਸਨ ਤੇ 13ਵਾਂ ਨਵਾਂ ਚੇਲਾ ਉਨ੍ਹਾਂ ਨੇ ਜੂਡਾਸ ਨੂੰ ਬਣਾਇਆ ਜਿਹੜਾ ਬੇਇਤਬਾਰਾ ਨਿਕਲਿਆ। ਉਹ ਜੀਸਸ ਦੇ ਵਿਰੋਧੀਆਂ ਨਾਲ ਰਲ ਗਿਆ ਅਤੇ ਅੰਦਰੋਗਤੀ ਜੀਸਸ ਖਿਲਾਫ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਵਿਚ ਸ਼ਾਮਲ ਸੀ। ਜੀਸਸ ਬਾਰੇ ਅਹਿਮ ਸੁਰਾਗ ਵਿਰੋਧੀਆਂ ਨੂੰ ਉਹਨੇ ਹੀ ਦਿੱਤੇ ਸੀ ਜਿਸ ਕਰ ਕੇ ਯਿਸੂ ਮਸੀਹ ਨੂੰ ਸੂਲੀ 'ਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ। ਖਾਣੇ ਦੀ ਜਿਹੜੀ ਆਖਰੀ ਦਾਅਵਤ ਹੋਈ ਸੀ, ਉਸ ਵਿਚ ਜੂਡਾਸ 13ਵੇਂ ਸਥਾਨ 'ਤੇ ਬੈਠਾ ਸੀ ਤੇ ਉਥੇ ਹੀ ਯਿਸੂ ਮਸੀਹ ਨੇ ਸਾਰਿਆਂ ਨੂੰ ਦੱਸਿਆ ਕਿ ਤੁਹਾਡੇ ਵਿਚੋਂ ਇਕ ਨੇ ਮੇਰੇ ਨਾਲ ਧੋਖਾ ਕੀਤਾ, ਤੇ ਉਹ ਹੁਣ 13ਵੇਂ ਸਥਾਨ 'ਤੇ ਬੈਠਾ ਹੈ। ਜੂਡਾਸ ਨੇ ਵੀ ਖੁਦ ਮੰਨ ਲਿਆ ਸੀ ਕਿ ਯਿਸੂ ਮਸੀਹ ਸੱਚ ਕਹਿੰਦੇ ਆ। ਬਾਅਦ ਵਿਚ ਕਹਿੰਦੇ ਹਨ, ਉਹਨੇ ਆਤਮਹੱਤਿਆ ਕਰ ਲਈ।

ਬੱਸ, ਇਸ ਤੋਂ ਬਾਅਦ ਇਸਾਈ ਧਰਮ ਵਿਚ 13 ਨੂੰ ਬਦਸ਼ਗਨਾ ਗਿਣਿਆ ਜਾਣ ਲੱਗ ਪਿਆ। ਇਸ ਦੀਆਂ ਮਿਸਾਲਾਂ ਤਾਂ ਕਈ ਹਨ ਪਰ ਮੈਂ ਇਕੋ ਹੀ ਸਾਂਝੀ ਕਰਾਂਗਾ। ਅਮਰੀਕਾ ਵਰਗੇ ਤਾਕਤਵਰ ਮੁਲਕ ਦਾ ਤਾਕਤਵਰ ਪ੍ਰੈਜ਼ੀਡੈਂਟ ਰੂਜ਼ਵੈਲਟ ਕਦੇ ਵੀ ਉਸ ਪਾਰਟੀ ਵਿਚ ਬੈਠ ਕੇ ਖਾਣਾ ਨਹੀਂ ਸੀ ਖਾਂਦਾ ਜਿਥੇ ਗਿਣਤੀ 13 ਹੋਵੇ ਤੇ ਉਹ ਉਸ ਵੇਲੇ ਆਪਣੇ 'ਪਰਸਨਲ ਸੈਕਟਰੀ' ਨੂੰ ਬੁਲਾ ਕੇ ਖਾਣੇ 'ਤੇ ਬਿਠਾ ਲੈਂਦਾ ਸੀ ਤਾਂ ਕਿ ਗਿਣਤੀ 14 ਹੋ ਜਾਵੇ। ਸਾਨੂੰ 13 ਦੇ ਹਿੰਦਸੇ ਦੇ ਮਾੜੇ ਹੋਣ ਦਾ ਉਦੋਂ ਪਤਾ ਲੱਗਾ ਜਦੋਂ ਚੰਡੀਗੜ੍ਹ ਪੜ੍ਹਾਈ ਲਈ ਪਹੁੰਚੇ ਜਿਥੇ 13 ਸੈਕਟਰ ਨਹੀਂ ਬਣਾਇਆ ਗਿਆ। ਚੰਡੀਗੜ੍ਹ ਦਾ ਨਕਸ਼ਾ ਫਰਾਂਸੀਸੀ ਆਰਕੀਟੈਕਟ ਲੀ ਕਾਰਬੂਜ਼ੀਏ ਨੇ ਬਣਾਇਆ ਸੀ। ਹੈਰਾਨੀ ਵਾਲੀ ਗੱਲ ਹੈ, ਉਹਨੇ ਤਾਂ ਸਿਰਫ ਨਕਸ਼ਾ ਹੀ ਬਣਾਇਆ ਸੀ, ਚੰਡੀਗੜ੍ਹ ਤਾਂ ਨਹੀਂ ਬਣਾ ਦਿੱਤਾ ਸੀ; ਪਰ ਪੰਜਾਬੀ ਅਤੇ ਸਿੱਖ ਜਿਨ੍ਹਾਂ ਦੇ ਪਿੰਡ ਢਾਹ ਕੇ ਚੰਡੀਗੜ੍ਹ ਬਣਾਇਆ ਗਿਆ, ਉਹ ਵੀ ਮੰਨ ਗਏ।

ਅਸੀਂ ਸਿੱਖ 13 ਨੂੰ ਸ਼ੁਭ ਮੰਨ ਲੈਂਦੇ ਹਾਂ, ਕਿਉਂਕਿ ਇਸ ਬਾਰੇ ਇਕ ਸਾਖੀ ਬਾਬੇ ਨਾਨਕ ਨਾਲ ਜੋੜੀ ਗਈ ਹੈ। ਉਂਜ ਤਾਂ ਸਭ ਨੇ ਇਹ ਸਾਖੀ ਬੜੇ-ਬੜੇ ਬ੍ਰਹਮਗਿਆਨੀ, ਮਹਾਂਪੁਰਸ਼ਾਂ ਤੇ ਸੰਤਾਂ ਤੋਂ ਸੁਣੀ ਹੋਵੇਗੀ; ਇਕ ਵਾਰ ਫਿਰ ਨਜ਼ਰ ਮਾਰ ਲਈਏ। ਗੁਰੂ ਨਾਨਕ ਵੱਲੋਂ 20 ਰੁਪਏ ਦੀ ਉਸ ਵਕਤ ਦੀ ਵੱਡੀ ਰਕਮ ਸਾਧਾਂ 'ਤੇ ਲੁਟਾਉਣ ਕਾਰਨ ਉਨ੍ਹਾਂ ਦੇ ਪਿਤਾ ਨਾਰਾਜ਼ ਸਨ। ਕੁਦਰਤੀ ਹੈ, ਘਰ ਦਾ ਮਾਹੌਲ ਕਲੇਸ਼ ਵਾਲਾ ਹੋ ਗਿਆ ਹੋਣਾ ਹੈ। ਬੇਬੇ ਨਾਨਕੀ ਨੇ ਆਪਣੇ ਭਰਾ ਨਾਨਕ ਨੂੰ ਆਪਣੇ ਕੋਲ ਸਹੁਰੇ ਪਿੰਡ ਸੁਲਤਾਨਪੁਰ ਲੈ ਆਂਦਾ ਤੇ ਉਥੇ ਦੇ ਪਰਗਨੇ ਦੇ ਮਾਲਕ ਨਵਾਬ ਦੌਲਤ ਖਾਂ ਕੋਲ ਸਰਕਾਰੀ ਮੋਦੀਖਾਨੇ ਵਿਚ ਨੌਕਰੀ ਲਵਾ ਦਿੱਤਾ। ਮੋਦੀਖਾਨੇ ਦਾ ਮਤਲਬ ਸੀ, 'ਸਰਕਾਰ ਦਾ ਸ਼ਾਹੀ ਸਟੋਰ' ਜਿਥੇ ਜ਼ਮੀਨੀ ਮਾਲੀਆ ਜਿਣਸ ਦੇ ਰੂਪ ਵਿਚ ਇਕੱਠਾ ਹੋ ਕੇ ਆਉਂਦਾ ਤੇ ਉਥੋਂ ਹੀ ਲੋਕਾਂ ਅਤੇ ਪਰਚੂਨ ਵੇਚਣ ਵਾਲਿਆਂ ਨੂੰ ਦਿੱਤਾ ਜਾਂਦਾ। ਬਾਬੇ ਨਾਨਕ ਦੀ ਮੁਲਾਜ਼ਮ ਦੀ ਹੈਸੀਅਤ ਐਨੀ ਕੁ ਜ਼ਰੂਰ ਸੀ ਕਿ ਸਾਰੇ ਮੋਦੀਖਾਨੇ ਦਾ ਹਿਸਾਬ-ਕਿਤਾਬ ਉਨ੍ਹਾਂ ਦੀ ਦੇਖ-ਰੇਖ ਵਿਚੋਂ ਨਿਕਲਦਾ ਸੀ। ਕੁਝ ਮੁਲਾਜ਼ਮ ਉਨ੍ਹਾਂ ਦੇ ਮਾਤਹਿਤ ਹੋਣਗੇ ਤੇ ਕੁਝ ਉਚੇ ਅਹੁਦੇ 'ਤੇ ਵੀ। ਸਾਖੀਕਾਰ ਦੱਸਦੇ ਹਨ ਕਿ ਬਾਬਾ ਨਾਨਕ ਨੌਕਰੀ ਤਾਂ ਕਰਦਾ ਸੀ, ਪਰ ਉਹਦਾ ਮਨ ਨੌਕਰੀ ਵਿਚ ਨਹੀਂ ਸੀ। ਉਹ ਸਦਾ ਅਕਾਲ ਪੁਰਖ ਦੀ ਭਗਤੀ ਵਿਚ ਮਗਨ ਰਹਿੰਦਾ ਤੇ ਨਾਮ ਜਪਦਾ ਰਹਿੰਦਾ ਜਿਸ ਤੋਂ ਉਹਦੇ ਨਾਲ ਕੰਮ ਕਰਨ ਵਾਲੇ ਖਫ਼ਾ ਸਨ। ਉਨ੍ਹਾਂ ਨੇ ਸਾਜ਼ਿਸ਼ ਘੜੀ ਕਿ ਇਹਨੇ ਮੋਦੀਖਾਨੇ ਨੂੰ ਘਾਟਾ ਪਾ ਦਿੱਤਾ ਤੇ ਹਿਸਾਬ-ਕਿਤਾਬ ਠੀਕ ਨਹੀਂ ਰੱਖਿਆ। ਸ਼ਿਕਾਇਤਾਂ ਦੌਲਤ ਖਾਨ ਕੋਲ ਪਹੁੰਚਾ ਦਿੱਤੀਆਂ। ਇਨ੍ਹਾਂ ਸ਼ਿਕਾਇਤਾਂ 'ਤੇ ਜਾਂਚ ਦੇ ਹੁਕਮ ਹੋ ਗਏ।

ਅੱਗੇ ਵਧਣ ਤੋਂ ਪਹਿਲਾਂ ਇਕ ਗੱਲ ਮੈਂ ਜ਼ਰੂਰ ਸਾਂਝੀ ਕਰਾਂਗਾ ਕਿ ਉਸ ਵਕਤ ਮੁਲਕ 'ਤੇ ਰਾਜ ਲੋਧੀ ਖਾਨਦਾਨ ਦੇ ਮੁਸਲਮਾਨਾਂ ਦਾ ਸੀ। ਅਜੇ ਮੁਗਲ ਭਾਰਤ ਨਹੀਂ ਆਏ ਸਨ। ਰਾਜ ਦਰਬਾਰ 'ਤੇ ਮੁਸਲਮਾਨ ਕਾਬਜ਼ ਸਨ ਪਰ ਖਾਸ ਕਰ ਕੇ ਮਾਲੀਏ ਨਾਲ ਸਬੰਧਤ ਮਹਿਕਮੇ ਵਿਚ ਤਕਰੀਬਨ ਸਾਰੇ ਹਿੰਦੂ ਹੀ ਕੰਮ ਕਰਦੇ ਸਨ। ਮੁਸਲਮਾਨ ਤਾਂ ਫੌਜਾਂ ਵਿਚ ਹੀ ਹੁੰਦੇ ਸਨ। ਬਾਬੇ ਨਾਨਕ ਨੂੰ ਸ਼ਾਇਦ ਹਿੰਦੂ ਘਰ ਵਿਚ ਜਨਮ ਲੈਣ ਕਰ ਕੇ ਹੀ ਮੋਦੀਖਾਨੇ




ਵਿਚ ਨੌਕਰੀ ਮਿਲੀ ਹੋਵੇ। ਕਹਿਣ ਦਾ ਮਤਲਬ ਹੈ, ਦੌਲਤ ਖਾਨ ਕੋਲ ਕਿਸੇ ਹੋਰ ਨੇ ਨਹੀਂ, ਹਿੰਦੂ ਮੁਲਾਜ਼ਮਾਂ ਨੇ ਹੀ ਸ਼ਿਕਾਇਤ ਕੀਤੀ ਹੋਵੇਗੀ, ਕਿਉਂ ਕੀਤੀ? ਇਹ ਚਰਚਾ ਰਤਾ ਕੁ ਬਾਅਦ ਵਿਚ।

ਅਸੀਂ ਸਿੱਖਾਂ ਨੇ ਮੋਦੀਖਾਨੇ ਵਾਲੀ ਸਾਖੀ ਨੂੰ ਧਾਰਮਿਕ ਰੰਗ ਵਿਚ ਰੰਗ ਕੇ ਕਰਾਮਾਤੀ ਬਣਾ ਦਿੱਤਾ ਕਿਉਂਕਿ ਸਾਨੂੰ ਕਰਾਮਾਤੀ ਗੁਰੂ ਵੱਧ ਚੰਗੇ ਲਗਦੇ ਹਨ। ਗੁਰੂ ਸਾਹਿਬਾਨ ਤੋਂ ਬਾਅਦ ਜਦੋਂ ਸਿੱਖ ਧਾਰਮਿਕ ਆਗੂਆਂ 'ਤੇ ਬਿਪਰ ਵਾਲਿਆਂ ਦਾ ਜ਼ੋਰ ਪੈਣਾ ਸ਼ੁਰੂ ਹੋਇਆ ਤਾਂ ਇਹ ਪ੍ਰਚਾਰ ਸ਼ੁਰੂ ਹੋ ਗਿਆ ਕਿ ਬਾਬਾ ਨਾਨਕ ਸਦਾ ਸੱਚੇ ਪਰਵਰਦਗਾਰ ਨਾਲ ਜੁੜੇ ਰਹਿੰਦੇ ਤੇ ਜਦੋਂ ਮੋਦੀਖਾਨੇ ਵਿਚ ਬੈਠ ਕੇ ਅੰਨ-ਦਾਣਾ ਤੋਲ ਕੇ ਦਿੰਦੇ ਤਾਂ ਉਸ ਵਕਤ ਵੀ ਤੇਰਾ...ਤੇਰਾ... ਨਾਮ ਹੀ ਬੋਲਦੇ ਰਹਿੰਦੇ। ਕਹਿੰਦੇ ਹਨ, ਜਦੋਂ ਤੱਕੜੀ ਨਾਲ ਧਾਰਨਾ ਤੋਲ ਕੇ ਦੇ ਰਹੇ ਸਨ, ਤਾਂ ਰੱਬ ਨਾਲ ਇੰਨਾ ਰਚਮਿਚ ਗਏ ਕਿ ਜਦੋਂ 13ਵੀਂ ਧਾਰਨਾ ਤੋਲ ਕੇ ਪਾਈ ਤਾਂ ਅੱਗਿਓਂ ਗਿਣਤੀ ਭੁੱਲ ਗਏ। ਬੱਸ ਤੇਰਾ...ਤੇਰਾ...ਕਹੀ ਜਾਣ, ਤੇ ਲੋਕੀ ਪੰਡਾਂ ਬੰਨ੍ਹ ਕੇ ਲਈ ਜਾਣ। ਦਿਨ-ਰਾਤ ਇੱਦਾਂ ਹੀ ਚਲਦਾ ਰਿਹਾ ਜਿੰਨਾ ਚਿਰ ਮੋਦੀਖਾਨੇ ਵਿਚ ਅਨਾਜ ਨਾ ਮੁੱਕਾ। ਇਹ ਦੇਖ ਦੌਲਤ ਖਾਨ ਨੇ ਮੋਦੀਖਾਨਾ ਬੰਦ ਕਰ ਕੇ ਹਿਸਾਬ ਦੀ ਜਾਂਚ ਸ਼ੁਰੂ ਕਰਵਾ ਦਿੱਤੀ।

ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਨਾਨਕ ਉਥੋਂ ਬੇਈਂ ਵਿਚ ਇਸ਼ਨਾਨ ਦੇ ਬਹਾਨੇ ਵੜ ਗਏ ਤੇ ਫਿਰ ਕਈ ਦਿਨ ਲੋਪ ਰਹੇ। ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਨਾਨਕ ਦੌਲਤ ਖਾਨ ਦੀ ਸਜ਼ਾ ਤੋਂ ਡਰਦਾ ਬੇਈਂ ਵਿਚ ਡੁੱਬ ਗਿਆ ਹੈ। ਇੰਨੇ ਦਿਨਾਂ ਵਿਚ ਮੋਦੀਖਾਨੇ ਦੇ ਹਿਸਾਬ ਦੀ ਜਾਂਚ ਵੀ ਹੋ ਗਈ, ਘਾਟੇ ਦੀ ਬਜਾਏ ਨਫ਼ਾ ਨਿਕਲਿਆ। ਤੀਜੇ ਦਿਨ ਬਾਬਾ ਨਾਨਕ ਬੇਈਂ ਵਿਚੋਂ ਬਾਹਰ ਆਏ। ਇਸ ਮਨੌਤ ਨੂੰ ਅਸੀਂ ਸਾਰੇ ਹੀ ਮੰਨਦੇ ਹਾਂ ਕਿ ਇਨ੍ਹਾਂ ਤਿੰਨ ਦਿਨ ਵਿਚ ਬਾਬਾ ਨਾਨਕ ਸੱਚਖੰਡ ਵਾਹਿਗੁਰੂ ਕੋਲ ਚਲੇ ਗਏ ਸੀ ਤੇ ਜਪੁਜੀ ਸਾਹਿਬ ਦੀ ਬਾਣੀ ਲੈ ਕੇ ਆਏ। ਸੰਤ ਮਹਾਂਪੁਰਸ਼ ਇਹ ਵੀ ਕਹਿੰਦੇ ਹਨ ਕਿ ਉਥੋਂ ਹੀ ਬਾਬੇ ਨਾਨਕ ਨੇ ਆਪਣੀ ਕਰਨੀ ਨਾਲ ਖਾਲੀ ਕੀਤੇ ਮੋਦੀਖਾਨੇ ਨੂੰ ਭਰ ਦਿੱਤਾ ਸੀ। ਇਸ ਕਰ ਕੇ ਸਿੱਖ ਅੱਜ ਤੱਕ ਇਸ ਮੋਦੀਖਾਨੇ ਵਿਚ ਬਾਬੇ ਵੱਲੋਂ 'ਤੇਰਾ ਤੇਰਾ' ਤੋਲਣ 'ਤੇ ਬਹੁਤ ਫ਼ਖ਼ਰ ਕਰਦੇ ਹਨ। ਸਾਡੀ ਸ਼ਰਧਾ ਤਾਂ ਹੁਣ ਇਥੋਂ ਤੱਕ ਪੁੱਜ ਗਈ ਹੈ ਕਿ ਅਸੀਂ ਉਨ੍ਹਾਂ ਵੱਟਿਆਂ ਨੂੰ ਵੀ ਸੰਭਾਲ ਕੇ ਰੱਖ ਲਿਆ ਤੇ ਮੱਥਾ ਟੇਕੀਦਾ ਹੈ ਜਿਨ੍ਹਾਂ ਨਾਲ ਬਾਬੇ ਨਾਨਕ ਨੇ 'ਤੇਰਾ ਤੇਰਾ' ਤੋਲਿਆ ਸੀ। ਇਹ ਸਾਡੀ ਧਾਰਮਿਕ ਰੰਗਣ ਵਿਚ ਰੰਗੀ ਸਾਖੀ ਹੈ ਜਿਸ ਨੇ '13' ਦੇ ਹਿੰਦਸੇ ਨੂੰ ਸ਼ੁਭ ਬਣਾ ਦਿੱਤਾ। ਉਂਜ, ਸਿੱਖ ਧਰਮ ਵਿਚ ਕੋਈ ਵੀ ਹਿੰਦਸਾ, ਦਿਨ, ਤਰੀਖ, ਮਹੀਨਾ ਨਾ ਮਾੜਾ ਹੈ ਤੇ ਨਾ ਹੀ ਸ਼ੁੱਭ।

ਹੁਣ ਇਸ ਮੋਦੀਖਾਨੇ ਵਾਲੀ ਸਾਖੀ ਦਾ ਹਕੀਕੀ ਰੂਪ ਸਾਂਝਾ ਕਰ ਲਈਏ। ਜਦੋਂ ਬਾਬੇ ਨਾਨਕ ਨੇ ਇਸ ਦੁਨੀਆਂ ਵਿਚ ਜਨਮ ਲਿਆ, ਉਦੋਂ ਹਿੰਦੁਸਤਾਨ ਵਿਚ ਹਰ ਜਗ੍ਹਾ ਰਿਸ਼ਵਤਖੋਰੀ ਦਾ ਬੋਲਬਾਲਾ ਸੀ ਤੇ ਨਵਾਬ ਦੌਲਤ ਖਾਨ ਦਾ ਮੋਦੀਖਾਨਾ ਵੀ ਇਸ ਤੋਂ ਬਚਿਆ ਨਹੀਂ ਸੀ ਹੋਇਆ।

ਜਿਸ ਤਰ੍ਹਾਂ ਆਜ਼ਾਦੀ ਤੋਂ ਬਾਅਦ ਅੱਜ ਹਿੰਦੁਸਤਾਨ ਦੀ ਹਾਲਤ ਹੈ, ਪੰਜਾਬ ਅੱਜਕੱਲ੍ਹ ਸ਼ਾਇਦ ਪਹਿਲਿਆਂ ਨੰਬਰਾਂ ਵਿਚ ਹੋਵੇ।...ਤੇ ਬਾਬਾ ਨਾਨਕ ਜੋ ਸੱਚਾ-ਸੁੱਚਾ, ਧਰਮ ਦੀ ਕਿਰਤ ਕਰਨ ਵਾਲਾ ਸੀ, ਉਹਨੂੰ ਨੌਕਰੀ ਮਿਲੀ ਰਿਸ਼ਵਤ ਨਾਲ ਗ੍ਰਸੇ ਹੋਏ ਮੋਦੀਖਾਨੇ ਵਿਚ। ਇਮਾਨਦਾਰ ਮੁਲਾਜ਼ਮ ਨੂੰ ਬੇਈਮਾਨ ਸਾਥੀਆਂ ਨਾਲ ਕੰਮ ਕਰਨ ਵਿਚ ਕਿੰਨੀਆਂ ਕੁ ਦੁਸ਼ਵਾਰੀਆਂ ਹੁੰਦੀਆਂ ਹਨ, ਉਹ ਸਿਰਫ਼ ਉਹ ਹੀ ਜਾਣਦਾ ਹੈ ਜਿਹਨੇ ਪੰਜਾਬ ਦੇ ਸਰਕਾਰੀ ਮਹਿਕਮੇ ਵਿਚ ਨੌਕਰੀ ਕੀਤੀ ਹੋਵੇ। ਉਹਦਾ ਮਾਤਹਿਤ ਤਾਂ ਉਹਨੂੰ ਕੋਈ ਲੜ-ਪੱਲਾ ਫੜਾਉਂਦਾ ਹੀ ਨਹੀਂ; ਤੇ ਉਪਰਲਾ ਅਫ਼ਸਰ ਆਪ ਕੀਤੇ ਘਪਲਿਆਂ ਦੀ ਜ਼ਿੰਮੇਵਾਰੀ ਉਸ ਇਮਾਨਦਾਰ ਮੁਲਾਜ਼ਮ 'ਤੇ ਪਾਉਣ ਦੀ ਝਾਕ 'ਚ ਰਹਿੰਦਾ ਹੈ। ਉਸ ਮੁਲਾਜ਼ਮ ਨੂੰ ਰਾਹ 'ਚ ਰੋੜਾ ਵੀ ਸਮਝਿਆ ਜਾਂਦਾ ਹੈ ਤੇ ਹਰ ਹੀਲਾ ਵਰਤ ਕੇ ਉਸ ਉਤੇ ਉਹ



ਇਲਜ਼ਾਮ ਲਾਏ ਜਾਂਦੇ ਹਨ ਜਿਹੜੇ ਉਹਦੇ ਖਾਬ ਵਿਚ ਵੀ ਨਹੀਂ ਹੁੰਦੇ।

ਬਾਬੇ ਨਾਨਕ ਨਾਲ ਵੀ ਇਹੋ ਹੋਇਆ ਹੋਵੇਗਾ। ਉਹਨੇ ਮੋਦੀਖਾਨੇ ਵਿਚ ਹੁੰਦੀ ਲੁੱਟ ਰੋਕੀ। ਇਸ ਨਾਲ ਰਿਸ਼ਵਤਖੋਰੀ ਦੀ ਲੰਬੀ ਕੜੀ ਵਿਚ ਬਾਬਾ ਨਾਨਕ ਰੋੜਾ ਬਣ ਗਿਆ। ਇਹ ਵੀ ਕੁਦਰਤੀ ਹੋਣਾ ਹੈ ਕਿ ਬਾਬਾ ਨਾਨਕ ਆਪਣੇ ਨਾਲ ਕੰਮ ਕਰਨ ਵਾਲਿਆਂ ਨੂੰ ਵੀ ਇਹੋ ਸਿੱਖਿਆ ਦਿੰਦਾ ਹੋਵੇਗਾ ਕਿ ਰੱਬ ਦੀ ਭਗਤੀ ਸੁੱਚੀ ਕਿਰਤ ਵਿਚ ਹੈ; ਮੱਥੇ ਉਤੇ ਲਾਏ ਲੰਮੇ ਤਿਲਕ, ਵੱਡੀਆਂ ਧੋਤੀਆਂ, ਲੰਮੀਆਂ ਮਾਲਾਵਾਂ ਦੇ ਦਿਖਾਵਿਆਂ ਵਿਚ ਨਹੀਂ। ਜਨਤਾ ਦਾ ਹੱਕ ਖਾਣ ਵਾਲੇ ਮੁਲਾਜ਼ਮ ਮਾਸਖੋਰੇ ਜਾਨਵਰਾਂ ਨਾਲੋਂ ਵੀ ਬਦਤਰ ਹਨ, ਪਰ ਜਿਸ ਦੇ ਮੂੰਹ ਨੂੰ ਰਿਸ਼ਵਤਖੋਰੀ ਦਾ ਲਹੂ ਲੱਗਾ ਹੋਵੇ, ਉਹਨੂੰ ਇਹੋ ਜਿਹੀਆਂ ਸਿੱਖਿਆਵਾਂ ਜ਼ਹਿਰ ਦਿਸਦੀਆਂ ਹੋਣਗੀਆਂ ਤੇ ਮੋਦੀਖਾਨੇ ਦੇ ਮੁਲਾਜ਼ਮਾਂ ਨੇ ਬਾਬੇ ਨਾਨਕ ਦਾ ਕੰਡਾ ਕੱਢਣ ਦੀ ਧਾਰ ਲਈ ਹੋਵੇਗੀ। ਫਿਰ ਸਾਜ਼ਿਸ਼ ਘੜ ਕੇ ਨਵਾਬ ਦੌਲਤ ਖਾਨ ਨੂੰ ਸ਼ਿਕਾਇਤ ਭੇਜ ਦਿੱਤੀ। ਇਕ ਤੋਂ ਬਾਅਦ ਇਕ ਸ਼ਿਕਾਇਤਾਂ ਨੇ ਨਵਾਬ ਨੂੰ ਸੋਚਣ 'ਤੇ ਮਜਬੂਰ ਕਰ ਦਿੱਤਾ ਹੋਵੇਗਾ ਅਤੇ ਨਵਾਬ ਦੌਲਤ ਖਾਨ ਨੂੰ ਜਾਂਚ ਆਪਣੀ ਦੇਖ-ਰੇਖ ਵਿਚ ਕਰਾਉਣੀ ਪਈ।

ਜਿਸ ਦਿਨ ਜਾਂਚ ਸ਼ੁਰੂ ਹੋਈ, ਉਸੇ ਦਿਨ ਤੋਂ ਬਾਬੇ ਨਾਨਕ ਨੇ ਮੋਦੀਖਾਨੇ ਵਿਚ ਕੰਮ 'ਤੇ ਆਉਣਾ ਬੰਦ ਕਰ ਦਿੱਤਾ ਤਾਂ ਕਿ ਆਜ਼ਾਦਾਨਾ ਜਾਂਚ ਹੋ ਸਕੇ। ਤਿੰਨ ਦਿਨ ਤੱਕ ਹਿਸਾਬ-ਕਿਤਾਬ ਦੀ ਜਾਂਚ ਹੁੰਦੀ ਰਹੀ ਤੇ ਤਿੰਨੇ ਦਿਨ ਬਾਬਾ ਨਾਨਕ ਸੁਲਤਾਨਪੁਰ ਲੋਧੀ ਤੋਂ ਗਾਇਬ ਰਿਹਾ। ਲੋਕੀਂ ਕਹਿਣ ਲੱਗ ਪਏ ਕਿ ਜ਼ਰੂਰ ਹੀ ਨਾਨਕ ਨੇ ਹੇਰਾ-ਫੇਰੀ ਕੀਤੀ ਹੋਣੀ ਹੈ, ਤਾਂ ਹੀ ਕਿਤੇ ਲੁਕ ਗਿਆ ਹੈ। ਸਿਵਾਏ ਬੇਬੇ ਨਾਨਕੀ ਦੇ ਕੋਈ ਵੀ ਨਾਨਕ ਨੂੰ ਸੱਚਾ-ਸੁੱਚਾ ਕਹਿਣ ਲਈ ਤਿਆਰ ਨਹੀਂ ਸੀ। ਉਨ੍ਹਾਂ ਸਾਧਾਂ ਵਿਚੋਂ ਕੋਈ ਵੀ ਇਹ ਕਹਿਣ ਨਾ ਆਇਆ ਕਿ ਬਾਬਾ ਨਾਨਕ ਇਮਾਨਦਾਰ ਹੀ ਨਹੀਂ, ਰੱਬੀ ਰੰਗ ਵਿਚ ਰੰਗੀ ਦਿਆਲੂ ਰੂਹ ਹੈ ਜਿਨ੍ਹਾਂ ਨੂੰ ਬਾਬੇ ਨਾਨਕ ਨੇ 20 ਰੁਪਏ ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਛਕਾਏ ਸਨ।

ਹਿਸਾਬ-ਕਿਤਾਬ ਵਿਚ ਮੋਦੀਖਾਨਾ ਘਾਟੇ ਦੀ ਬਜਾਏ ਨਫ਼ੇ ਵਿਚ ਸਾਬਤ ਹੋਇਆ। ਕਿਉਂ? ਕਿਉਂਕਿ ਬਾਬੇ ਨਾਨਕ ਨੇ ਸਹੀ ਕੰਮ ਕੀਤਾ ਸੀ; ਨਾ ਕਿ ਕਿਸੇ ਕਰਾਮਾਤ ਨਾਲ। ਇਹ ਤਾਂ ਨਹੀਂ ਪਤਾ ਕਿ ਨਵਾਬ ਦੌਲਤ ਖਾਨ ਨੇ ਸ਼ਿਕਾਇਤ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ ਜਾਂ ਨਹੀਂ, ਪਰ ਉਹਨੇ ਬਾਬੇ ਨਾਨਕ ਦਾ ਬਹੁਤ ਸਤਿਕਾਰ ਕੀਤਾ ਤੇ ਮੁੜ ਮੋਦੀਖਾਨਾ ਸੰਭਾਲਣ ਦੀ ਬੇਨਤੀ ਕੀਤੀ; ਪਰ ਗੁਰੂ ਨਾਨਕ ਨੇ ਉਦਾਸੀਆਂ ਸ਼ੁਰੂ ਕਰ ਦਿੱਤੀਆਂ।

ਦਰਅਸਲ ਬਿਪਰਵਾਦ ਨੂੰ ਬਾਬੇ ਨਾਨਕ ਦੇ ਸੱਚ ਤੋਂ ਉਦੋਂ ਤੋਂ ਹੀ ਖੁੰਦਕ ਹੋ ਗਈ ਸੀ ਜਦੋਂ ਨਿਆਣੀ ਉਮਰੇ ਉਹਨੇ ਜਨੇਊ ਪਾਉਣ ਦੀ ਰਸਮ ਬਾਰੇ ਪਾਂਡੇ ਨੂੰ ਉਹ ਸਵਾਲ ਪੁੱਛੇ ਜਿਹੜੇ ਪਾਖੰਡ ਨੂੰ ਨੰਗਾ ਕਰਦੇ ਸੀ। ਵਿਆਹ ਵੇਲੇ ਅਗਨੀ ਦੁਆਲੇ ਫੇਰੇ ਲੈਣ ਤੋਂ ਮੁਨਕਰ ਹੋਣ ਬਾਰੇ ਨਾਨਕ ਨੂੰ ਇਸ ਬਿਪਰ ਨੇ ਆਪਣੇ ਲਈ ਵੱਡਾ ਖਤਰਾ ਸਮਝਿਆ ਤੇ ਕੰਧ ਉਤੇ ਸੁੱਟ ਕੇ ਮਰਵਾਉਣ ਦੀ ਕੋਸ਼ਿਸ਼ ਕੀਤੀ; ਪਰ ਇਸ ਹਕੀਕੀ ਪੱਖ ਤੋਂ ਸਿੱਖਾਂ ਨੂੰ ਜਾਣੂੰ ਨਹੀਂ ਕਰਵਾਇਆ ਜਾਂਦਾ। ਬੱਸ 'ਤੇਰਾ...ਤੇਰਾ' ਦੀ ਰਟ ਲਾ ਕੇ ਗੱਲ ਹੋਰ ਪਾਸੇ ਹੀ ਮੋੜ ਦਿੱਤੀ ਗਈ ਹੈ। ਕੀ ਇਹ ਸਿਤਮਜ਼ਰੀਫ਼ੀ ਨਹੀਂ ਕਿ ਗੁਰੂ ਨਾਨਕ ਤਾਂ ਪੱਥਰ ਪੂਜਕਾਂ ਨੂੰ ਨਿੰਦਦੇ ਰਹੇ ਅਤੇ ਆਪਣੇ ਨਿਰਮਲ ਪੰਥ ਨੂੰ ਸਿਰਫ਼ ਇਕ ਅਕਾਲ ਪੁਰਖ ਨਾਲ ਜੋੜਿਆ, ਤੇ ਸਿੱਖ ਫਿਰ ਉਸੇ ਬਿਪਰਵਾਦ ਦੇ ਸ਼ਿਕਾਰ ਹੋ ਗਏ ਹਨ ਤੇ ਗੁਰੂ ਨਾਨਕ ਦੇ ਨਾਮ 'ਤੇ ਉਨ੍ਹਾਂ ਵੱਟਿਆਂ (ਪੱਥਰਾਂ) ਨੂੰ ਪੂਜਣ ਲੱਗ ਪਏ ਹਨ ਜਿਨ੍ਹਾਂ ਬਾਰੇ ਕਹਿੰਦੇ ਨੇ ਕਿ ਬਾਬਾ ਨਾਨਕ ਤੋਲਦਾ ਹੁੰਦਾ ਸੀ। ਕਿਉਂ ਨਹੀਂ ਉਹ ਹਲ-ਪੰਜਾਲੀਆਂ ਤੇ ਖੇਤੀ ਦੇ ਹੋਰ ਸੰਦ ਸੰਭਾਲੇ ਗਏ ਜਿਨ੍ਹਾਂ ਨਾਲ ਬਾਬੇ ਨਾਨਕ ਨੇ 18 ਸਾਲ ਕਰਤਾਰਪੁਰ ਸਾਹਿਬ ਵਿਚ ਖੇਤੀ ਕੀਤੀ? ਉਹ ਸੰਭਾਲਣੇ ਵੀ ਤਾਂ ਸੌਖੇ ਸਨ ਕਿਉਂਕਿ ਉਹ ਬਾਬੇ ਨਾਨਕ ਦੇ ਆਪਣੇ ਘਰ 'ਚ ਸਨ ਤੇ ਮੋਦੀਖਾਨੇ ਦੇ ਵੱਟੇ ਸਰਕਾਰੀ; ਜਿਨ੍ਹਾਂ ਨਾਲ ਹੋਰ ਪਤਾ ਨਹੀਂ ਕਿੰਨਿਆਂ ਨੂੰ ਘੱਟ ਵੀ ਤੋਲਿਆ ਗਿਆ ਹੋਣਾ!

ਬੜੀ ਹੈਰਾਨੀ ਹੁੰਦੀ ਹੈ ਇਹ ਸੋਚ ਕੇ ਕਿ ਇਹ ਵੱਟੇ ਕਿੱਥੋਂ ਆ ਗਏ? ਜਦ ਕਿ ਸਾਡੇ ਸੰਤਾਂ-ਮਹਾਂਪੁਰਸ਼ਾਂ ਤੇ ਸਿਆਸੀ ਭਲਵਾਨਾਂ ਨੇ ਗੁਰੂ ਸਾਹਿਬਾਨ ਦੀਆਂ ਉਹ ਨਿਸ਼ਾਨੀਆਂ ਨੇਸਤੋ-ਨਾਬੂਦ ਕਰ ਕੇ ਸੰਗਮਰਮਰ ਵਿਚ ਦੱਬ ਦਿੱਤੀਆਂ ਜਿਨ੍ਹਾਂ ਤੋਂ ਸਿੱਖਾਂ ਨੇ ਅਗਵਾਈ ਲੈਣੀ ਸੀ। ਇਨ੍ਹਾਂ ਨੇ ਤਾਂ 300 ਸਾਲ ਪੁਰਾਣੇ ਉਹ ਠੰਢਾ ਬੁਰਜ, ਸਰਹੰਦ ਦੀ ਦੀਵਾਰ ਅਤੇ ਚਮਕੌਰ ਦੀ ਗੜ੍ਹੀ ਦੇ ਨਕਸ਼ੇ ਵੀ ਬਦਲ ਕੇ ਰੱਖ ਦਿੱਤੇ, ਪਰ 550 ਸਾਲ ਪਹਿਲੇ ਵੱਟੇ ਜ਼ਰੂਰ ਸੰਭਾਲ ਲਏ।

ਸਿੱਖ ਧਰਮ ਵਿਚ ਬਿਪਰਵਾਦ ਨੇ ਆਪਣੀਆਂ ਜੜ੍ਹਾਂ ਬੜੀਆਂ ਮਜ਼ਬੂਤ ਕੀਤੀਆਂ ਹੋਈਆਂ ਹਨ। ਤਾਜ਼ਾ ਮਿਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁੰਭ ਦੇ ਮੇਲੇ ਵਿਚ ਹਿੱਸਾ ਲੈਣ ਦੀ ਹੈ। ਇਹੀ ਕੁਝ ਹੋਣਾ ਸੀ, ਜਦੋਂ ਅਸੀਂ ਜਗਰਾਤੇ ਕਰਨ ਵਾਲਿਆਂ ਨੂੰ ਆਪ ਵੋਟਾਂ ਪਾ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣਾਇਆ। ਕਸੂਰ ਸਾਡਾ ਆਪਣਾ ਹੈ। ਮੇਰੇ ਵਰਗਿਆਂ ਦੇ ਲਿਖੇ ਚਾਰ ਅੱਖਰਾਂ ਨੇ ਕੀ ਕਰ ਲੈਣਾ ਹੈ, ਜਦੋਂ ਅਸੀਂ ਗੁਰੂ ਦੀ ਮਤ ਨੂੰ ਹੀ ਨਹੀਂ ਨੇੜੇ ਫਟਕਣ ਦਿੰਦੇ! ਸਾਡੇ ਲਈ ਤਾਂ ਰੱਬੀ ਫਰਮਾਨ ਸਾਡੇ ਸੰਤ-ਮਹਾਂਪੁਰਸ਼ ਹਨ।

ਹੁਣ ਜੇ ਸਿੱਖਾਂ ਨੇ 2013 ਨੂੰ ਕੁਝ ਖਾਸ ਅਹਿਮੀਅਤ ਇਸ ਵਿਚ 13 ਦੇ ਹਿੰਦਸੇ ਨੂੰ ਜੋੜ ਕੇ ਅਤੇ ਬਾਬੇ ਨਾਨਕ ਦੇ ਮੋਦੀਖਾਨੇ ਵਿਚ 'ਤੇਰਾ...ਤੇਰਾ...' ਤੋਲਣ ਕਰ ਕੇ ਦੇ ਹੀ ਦਿੱਤੀ ਹੈ ਤਾਂ ਇਸ ਤੋਂ ਕੋਈ ਸਬਕ ਵੀ ਸਿੱਖ ਲੈਣਾ ਚਾਹੀਦਾ ਹੈ, ਕਿਉਂਕਿ ਗੁਰੂ ਨਾਨਕ ਦਾ ਹਰ ਕਰਮ ਆਪਣੇ ਸਿੱਖ ਲਈ ਰਾਹ ਦਸੇਰਾ ਹੈ। ਜੇ ਮੋਦੀਖਾਨੇ ਵਿਚ ਇਮਾਨਦਾਰੀ ਨਾਲ ਕੰਮ ਕਰਨ 'ਤੇ ਵੀ ਬਾਬੇ ਉਤੇ ਹੇਰਾ-ਫੇਰੀ ਦਾ ਇਲਜ਼ਾਮ ਲੱਗਾ ਤਾਂ ਉਹ ਇਕਦਮ ਪਿੱਛੇ ਹਟ ਗਏ ਕਿ ਕਰੋ ਹਿਸਾਬ ਚੈਕ; ਉਨੇ ਦਿਨ ਜਾ ਕੇ ਵੀ ਨਹੀਂ ਦੇਖਿਆ ਮੋਦੀਖਾਨੇ; ਕਿਉਂਕਿ ਉਨ੍ਹਾਂ ਨੇ ਜੋ ਕੀਤਾ ਸੀ, ਸਹੀ ਕੀਤਾ ਸੀ। ਕੀ ਇਹੋ ਅਸੂਲ ਸਾਡੇ ਸਿੱਖ ਆਗੂਆਂ 'ਤੇ ਲਾਗੂ ਨਹੀਂ ਹੋਣਾ ਚਾਹੀਦਾ? ਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ 'ਤੇ ਇਹ ਇਲਜ਼ਾਮ ਲੱਗਾ, ਇਕੱਲਾ ਇਲਜ਼ਾਮ ਹੀ ਨਹੀਂ ਲੱਗਾ ਸਗੋਂ ਸਬੂਤ ਵੀ ਪੇਸ਼ ਕੀਤੇ ਗਏ ਕਿ ਗੁਰੂ ਦੀ ਗੋਲਕ 'ਚੋਂ ਚੱਲਣ ਵਾਲੀ ਆਪਣੀ ਕਾਰ ਵਿਚ ਉਹਨੇ ਇਕ ਸਾਲ ਵਿਚ 65 ਲੱਖ ਰੁਪਏ ਦਾ ਸਿਰਫ਼ ਤੇਲ ਹੀ ਪੁਆਇਆ ਹੈ, ਉਹ ਕਿਉਂ ਨਹੀਂ ਕਹਿੰਦਾ ਕਿ ਕਰੋ ਆਡਿਟ; ਉਤਨੀ ਦੇਰ ਮੈਂ ਪ੍ਰਧਾਨਗੀ ਤੋਂ ਪਰ੍ਹੇ ਰਹਾਂਗਾ। ਕਿੰਨੀ ਵੱਡੀ ਰਕਮ ਗੁਰੂ ਦੀ ਗੋਲਕ ਵਿਚੋਂ ਜਥੇਦਾਰਾਂ ਦੇ ਧਰਮ ਪ੍ਰਚਾਰ ਦੀ ਆੜ ਹੇਠ ਵਿਦੇਸ਼ੀ ਟੂਰਾਂ 'ਤੇ ਖਰਚੀ ਜਾਂਦੀ ਹੈ। ਕੋਈ ਦੱਸ ਸਕਦਾ ਹੈ ਕਿ ਅਜਿਹੇ ਟੂਰਾਂ ਨਾਲ ਸਿੱਖੀ ਦਾ ਕਿੰਨਾ ਪ੍ਰਚਾਰ ਹੋਇਆ ਹੈ ਜਾਂ ਫਿਰ ਇਸ ਨੇ ਸਿਰਫ ਬਾਹਰ ਵਸਦੇ ਸਿੱਖਾਂ ਵਿਚ ਧੜੇਬੰਦੀ ਪੱਕੀ ਕੀਤੀ?

ਜੇ 2013 ਨੂੰ ਬਾਬੇ ਨਾਨਕ ਨਾਲ ਜੋੜ ਕੇ ਅਹਿਮੀਅਤ ਦਿੱਤੀ ਗਈ ਹੈ ਤਾਂ ਹਰ ਸਿੱਖ ਅਜਿਹੇ ਸਵਾਲ ਕਰੇ। ਹਰ ਬਾਹਰ ਵੱਸਦਾ ਸਿੱਖ ਇਹ ਸਵਾਲ ਕਰੇ, ਉਸ ਗੁਰਦੁਆਰਾ ਕਮੇਟੀ ਨੂੰ ਜੋ ਗੁਰੂ ਦੀ ਗੋਲਕ ਨੂੰ ਗੁਰਦੁਆਰੇ 'ਤੇ ਕਬਜ਼ਾ ਰੱਖਣ ਲਈ ਸ਼ਰ੍ਹੇਆਮ ਵਰਤਦੀ ਹੈ। ਜਿਨ੍ਹਾਂ ਕਮੇਟੀਆਂ 'ਤੇ ਘਪਲਿਆਂ ਦੇ ਇਲਜ਼ਾਮ ਹਨ, ਉਹ ਬਾਬੇ ਨਾਨਕ ਦੀ ਸਿੱਖਿਆ 'ਤੇ ਚੱਲ ਕੇ ਆਪੇ ਹੀ ਪ੍ਰਬੰਧ ਤੋਂ ਪਰ੍ਹੇ ਹੋ ਕੇ ਹਿਸਾਬ-ਕਿਤਾਬ ਚੈਕ ਹੋਣ ਦੇਣ; ਫਿਰ ਅਹਿਮੀਅਤ ਹੈ, 2013 ਦੀ ਸਿੱਖਾਂ ਲਈ। ਗੁਰੂ ਦੇ ਮਾਰਗ 'ਤੇ ਚੱਲਦਾ ਹਰ ਸਿੱਖ ਇਹ ਸਵਾਲ ਪੁੱਛੇ, ਉਸ ਗੁਰਦੁਆਰੇ ਦੀ ਕਮੇਟੀ ਮੈਂਬਰਾਂ ਨੂੰ ਕਿ ਕਿਉਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਤੇ ਗੁਰਮਤਿ ਦੇ ਪ੍ਰਚਾਰਕਾਂ ਨੂੰ ਸਟੇਜਾਂ ਤੋਂ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ? ਕਿਉਂ ਉਨ੍ਹਾਂ ਦੇ ਗਲਾਂ ਵਿਚ ਸਿਰੋਪੇ ਪਾਏ ਜਾਂਦੇ ਹਨ ਜੋ ਗੁਰੂ ਹੁਕਮ 'ਗੁਰੂ ਮਾਨਿਓ ਗ੍ਰੰਥ' ਤੋਂ ਮੁਨਕਰ ਹੋ ਕਿਸੇ ਹੋਰ ਦਾ ਵੀ ਪ੍ਰਚਾਰ ਕਰਦੇ ਹਨ। ਫਿਰ ਹੀ ਇਸ ਸਾਲ ਦੀ ਅਹਿਮੀਅਤ ਮੰਨੀ ਜਾਵੇਗੀ; ਨਾ ਕਿ ਜਲੇਬੀਆਂ ਤੇ 36 ਪ੍ਰਕਾਰ ਦੇ ਭੋਜਨਾਂ ਵਾਲੇ ਲੰਗਰਾਂ ਕਰ ਕੇ।

ਉਂਜ, 2013 ਦੀ ਅਹਿਮੀਅਤ ਦਾ ਜੇ ਜਨਾਜ਼ਾ ਦੇਖਣਾ ਹੋਵੇ ਤਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਵਿਚ ਹੁੰਦੇ ਪ੍ਰਚਾਰ ਤੋਂ ਸਾਫ਼ ਝਲਕਾਰੇ ਮਾਰ ਗਿਆ ਹੈ। ਦਿੱਲੀ ਤਾਂ ਘਪਲਿਆਂ ਦੀ ਮਾਂ ਹੈ; ਸ਼ਾਇਦ ਇਸ ਤੋਂ ਵੀ ਅੱਗੇ, ਜਿਥੇ ਫੌਜੀਆਂ ਦੇ ਕੱਫ਼ਣਾਂ ਤੋਂ ਲੈ ਕੇ ਤੋਪਾਂ ਤੱਕ, ਖੇਡਾਂ ਤੋਂ ਲੈ ਕੇ ਕੋਲੇ ਤੱਕ, ਤੇ ਉਸੇ ਦਿੱਲੀ 'ਚ ਸਿੱਖ ਗੁਰਦੁਆਰਾ ਕਮੇਟੀ ਕਿੱਦਾਂ ਬਚ ਜਾਊ? ਇਸ ਕਰ ਕੇ ਉਹਦਾ ਜ਼ਿਆਦਾ ਹਿਰਖ ਵੀ ਨਹੀਂ, ਪਰ ਆਹ ਜਿਹੜਾ ਲਾਮ ਲਸ਼ਕਰ ਬਾਦਲ ਪੁੱਤਰ ਅਤੇ ਮੱਕੜ ਐਂਡ ਕੰਪਨੀ ਲੈ ਕੇ ਉਥੇ ਗਈ, ਇਹ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਕੇ ਦੇਖ ਲੈਂਦੇ ਕਿ ਦਰਬਾਰ ਸਾਹਿਬ, ਜਿਥੇ ਅੱਠੇ ਪਹਿਰ ਸ਼ਰਧਾਲੂ ਚੜ੍ਹਾਵਾ ਚੜ੍ਹਾਉਣ ਤੇ ਮੱਥਾ ਟੇਕਣ ਲਈ ਘੰਟਿਆਂ ਬੱਧੀ ਖੜ੍ਹੇ ਰਹਿੰਦੇ ਹਨ, ਉਹਦੇ ਘਾਟੇ ਵਿਚ ਜਾਣ ਦੇ ਕੀ ਕਾਰਨ ਬਣੇ? ਕੀ 2013 ਦੀ ਅਹਿਮੀਅਤ ਮੰਨਦੇ ਹੋਏ ਇਹ ਲੋਕ, ਸਿੱਖ ਸੰਗਤਾਂ ਨੂੰ ਦੱਸਣਗੇ?

# ਗਦਰ ਪਾਰਟੀ, ਸਿੱਖੀ ਅਤੇ ਕਮਿਊਨਿਜ਼ਮ

**ਦੇਸ਼ ਭਗਤ ਬਾਬੇ**

*ਗਦਰ ਸ਼ਤਾਬਦੀ ਦੇ ਇਸ ਵਰ੍ਹੇ (2013) ਦੌਰਾਨ ਗਦਰੀਆਂ ਅਤੇ ਉਨ੍ਹਾਂ ਵੱਲੋਂ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾ ਰਿਹਾ ਹੈ। ਸਿਆਸੀ-ਸਮਾਜਕ ਖੇਤਰਾਂ ਵਿਚ ਸਰਗਰਮ ਵੱਖ ਵੱਖ ਧਿਰਾਂ ਇਨ੍ਹਾਂ ਸੂਰਮਿਆਂ ਨੂੰ ਆਪੋ-ਆਪਣੇ ਢੰਗ ਨਾਲ ਨਾਲ ਸ਼ਰਧਾਂਜਲੀ ਭੇਟ ਕਰ ਰਹੀਆਂ ਹਨ। 'ਪੰਜਾਬ ਟਾਈਮਜ਼' ਨੇ ਗਦਰ ਲਹਿਰ ਅਤੇ ਗਦਰੀ ਬਾਬਿਆਂ ਬਾਰੇ ਆਏ ਨਿੱਗਰ ਵਿਚਾਰਾਂ ਨੂੰ ਆਪਣੇ ਕਾਲਮਾਂ ਵਿਚ ਸਦਾ ਹੀ ਬਣਦੀ ਥਾਂ ਦਿੱਤੀ ਹੈ ਅਤੇ ਇਨ੍ਹਾਂ ਸੂਰਬੀਰਾਂ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਦਾ ਹੀਲਾ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਇਕ ਧਿਰ ਨੇ ਆਪਣਾ ਚੰਗਾ-ਚੋਖਾ ਜ਼ੋਰ ਗਦਰੀਆਂ ਨੂੰ ਸਿੱਖ ਸਾਬਤ ਕਰਨ 'ਤੇ ਲਾਇਆ ਹੋਇਆ ਹੈ। ਸ. ਗੁਰਬਚਨ ਸਿੰਘ ਵੱਲੋਂ ਸਾਨੂੰ ਭੇਜੇ ਇਸ ਲੇਖ ਦੀ ਸੁਰ ਵੀ ਇਹੀ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਸ਼ਤਾਬਦੀ ਵਰ੍ਹੇ ਦੇ ਬਹਾਨੇ ਹੀ ਸਹੀ, ਗਦਰੀਆਂ ਦੇ ਖਾਸੇ ਤੱਕ ਪਹੁੰਚਣ ਦੀ ਕੋਸ਼ਿਸ਼ ਹੋਣੀ ਹੀ ਚਾਹੀਦੀ ਹੈ। ਉਂਜ ਵੀ ਗਦਰੀਆਂ ਨੇ ਵੱਖ ਵੱਖ ਥਾਂਵਾਂ 'ਤੇ ਧਰਮ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਹੋਏ ਹਨ। ਆਪਣੇ ਇਕ ਮਤੇ ਵਿਚ ਤਾਂ ਉਨ੍ਹਾਂ ਧਰਮ ਨੂੰ ਨਿਰੋਲ ਨਿੱਜੀ ਮਾਮਲਾ ਤਸੱਵਰ ਕਰਦਿਆਂ ਆਪਣੇ ਅਸਲ ਨਿਸ਼ਾਨੇ ਉਤੇ ਵਾਰ ਕਰਨ ਦਾ ਹੋਕਾ ਵੀ ਦਿੱਤਾ ਸੀ। -ਸੰਪਾਦਕ*

ਸਿੱਖ ਚਿੰਤਕ ਸ. ਕਪੂਰ ਸਿੰਘ ਨੇ ਆਪਣੀ ਅਹਿਮ ਲਿਖਤ 'ਸਿੱਖੀ ਅਤੇ ਕਮਿਊਨਿਜ਼ਮ' ਵਿਚ ਕਮਿਊਨਿਸਟ ਲਹਿਰ ਦੇ ਮੁੱਢਲੇ ਦੌਰ 'ਚ ਹੀ ਸਿੱਖਾਂ ਦੇ ਇਸ ਵੱਲ ਖਿੱਚੇ ਜਾਣ ਦੇ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਹੈ। ਉਨ੍ਹਾਂ ਦੇ ਸ਼ਬਦਾਂ ਵਿਚ, "ਕੁਝ ਵਿਦਵਾਨ ਸੋਚਦੇ ਹਨ ਕਿ ਇਹ ਇਤਫਾਕ ਹੈ, ਜਦੋਂ ਕਿ ਕੁਝ ਵਿਦਵਾਨ ਮੰਨਦੇ ਹਨ ਕਿ ਮੌਲਿਕ

**ਗੁਰਬਚਨ ਸਿੰਘ**
ਫੋਨ: 91-98156-98451

ਸਿੱਖ ਪ੍ਰੇਰਨਾ ਅਤੇ ਕਮਿਊਨਿਜ਼ਮ ਵਿਚਕਾਰ ਆਮ ਸਾਂਝ ਹੈ। ਸਿੱਖ ਕਮਿਊਨਿਸਟਾਂ ਦਾ ਵੱਡਾ ਹਿੱਸਾ ਇਹ ਮੰਨਦਾ ਹੈ ਕਿ ਕਮਿਊਨਿਜ਼ਮ ਹੋਰ ਕੁਝ ਨਹੀਂ, ਸਗੋਂ ਸਿੱਖ ਫਲਸਫੇ ਦੀ ਵਿਆਖਿਆ ਅਤੇ ਵਿਸਥਾਰ ਹੀ ਹੈ।"

ਆਪਣੇ ਇਸ ਕਥਨ ਦੀ ਪੁਸ਼ਟੀ ਲਈ ਉਹ ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਆਰਨੌਲਡ ਟਾਇਨਬੀ ਦੀ ਇਸ ਟੂਕ ਦਾ ਹਵਾਲਾ ਦਿੰਦੇ ਹਨ ਕਿ 'ਲੈਨਿਨ ਦੀ ਸਰਬ-ਰੂਸੀ ਕਮਿਊਨਿਸਟ ਪਾਰਟੀ ਕੋਈ ਇਹੋ ਜਿਹੀ ਨਹੀਂ ਸੀ ਜਿਸ ਦੀ ਪਹਿਲਾਂ ਕਿਤੇ ਮਿਸਾਲ ਹੀ ਨਹੀਂ ਸੀ। ਇਸ ਲਈ ਇਸਲਾਮੀ (ਮੁਸਲਮਾਨ) ਇਤਿਹਾਸ ਵਿਚ ਓਟੋਮੈਨ ਪਾਦਸ਼ਾਹ ਦੇ ਪਰਿਵਾਰਕ ਗ਼ੁਲਾਮਾਂ, ਸਫ਼ਵੀ ਸ਼ਰਧਾਲੂ ਕਿਜ਼ੀਬਾਸ਼ ਭਾਈਚਾਰੇ ਅਤੇ ਮੁਗਲ ਹਕੂਮਤ ਵਿਰੁਧ ਆਪਣੇ ਹੀ ਹਥਿਆਰਾਂ ਰਾਹੀਂ ਲੜਨ ਦਾ ਫੈਸਲਾ ਕਰਨ ਨਾਲ ਹੋਂਦ ਵਿਚ ਆਇਆ ਸਿੱਖ ਖ਼ਾਲਸਾ ਵੇਖੇ ਜਾ ਸਕਦੇ ਹਨ। ਬਿਨਾਂ ਸ਼ੱਕ ਇਨ੍ਹਾਂ ਇਸਲਾਮੀ ਅਤੇ ਹਿੰਦੂ ਭਾਈਚਾਰਿਆਂ 'ਚੋਂ ਰੂਸੀ ਕਮਿਊਨਿਸਟ ਪਾਰਟੀ ਦੇ ਲੱਛਣ ਪਹਿਲਾਂ ਹੀ ਵੇਖੇ ਜਾ ਸਕਦੇ ਹਨ।'

ਆਰਨੌਲਡ ਟਾਇਨਬੀ ਦੀ ਇਸ ਟੂਕ ਨੂੰ ਆਧਾਰ ਬਣਾ ਕੇ ਸ. ਕਪੂਰ ਸਿੰਘ ਇਸ ਬਹਿਸ 'ਚੋਂ ਪ੍ਰਗਟ ਹੁੰਦੇ ਤਿੰਨ ਸਵਾਲਾਂ ਨੂੰ ਸੰਬੋਧਿਤ ਹੁੰਦੇ ਹਨ,

1. ਕੀ ਇਨ੍ਹਾਂ ਇਸਲਾਮੀ ਭਾਈਚਾਰਿਆਂ ਦੇ ਉਹੀ ਲੱਛਣ ਸਨ ਜਿਹੜੇ ਖਾਲਸਾ ਜਥੇਬੰਦੀ ਦੇ ਸਨ?

2. ਕੀ ਖਾਲਸਾ ਪੰਥ ਦੀ ਸਰਬ-ਰੂਸੀ ਕਮਿਊਨਿਸਟ ਪਾਰਟੀ ਨਾਲ ਖਸਲਤ ਦੀ ਸਾਂਝ ਸੀ?

3. ਕੀ ਕਮਿਊਨਿਜ਼ਮ ਦੀ ਸਿੱਖੀ ਨਾਲ ਸਮਾਨਤਾ ਹੈ?

ਇਸਲਾਮੀ ਇਤਿਹਾਸ ਬਾਰੇ ਆਪਣੀ ਪੂਰੀ ਪਕੜ ਨਾਲ ਸ. ਕਪੂਰ ਸਿੰਘ ਠੋਸ ਹਵਾਲੇ ਦੇ ਕੇ ਇਹ ਦੱਸਦੇ ਹਨ ਕਿ ਇਨ੍ਹਾਂ ਇਸਲਾਮੀ ਭਾਈਚਾਰਿਆਂ ਨੂੰ "ਰੂਸੀ ਕਮਿਊਨਿਸਟ ਪਾਰਟੀ ਦਾ ਮਾਡਲ ਸਮਝਣਾ ਪੂਰੀ ਤਰ੍ਹਾਂ ਗਲਤ ਹੈ।"

ਇਸੇ ਲਿਖਤ ਵਿਚ ਅੱਗੇ ਚੱਲ ਕੇ ਸ. ਕਪੂਰ ਸਿੰਘ ਖਾਲਸੇ ਦੇ ਜਨਮ ਬਾਰੇ ਫੈਲਾਈਆਂ ਅਤੇ ਪੀਡੀਆਂ ਕਰ ਦਿੱਤੀਆਂ ਗਈਆਂ ਗਲਤ ਧਾਰਨਾਵਾਂ ਦਾ ਖੰਡਨ ਕਰਦਿਆਂ ਲਿਖਦੇ ਹਨ, "ਖ਼ਾਲਸਾ ਪੰਥ ਦਾ ਜਨਮ ਕੋਈ ਇਤਫਾਕੀਆ ਘਟਨਾ ਨਹੀਂ ਸੀ, ਜਿਵੇਂ ਕਈ ਵਾਰ ਸਮਝਿਆ ਜਾਂਦਾ ਹੈ। ਖ਼ਾਲਸੇ ਦੇ ਨਿਸ਼ਾਨੇ ਅਤੇ ਖ਼ਸਲਤ ਬਾਰੇ ਇਹ ਬੁਨਿਆਦੀ ਗਲਤੀ ਨਾ ਸਿਰਫ਼ ਟਾਇਨਬੀ ਦੀ ਪੱਧਰ ਦੇ ਵਿਦਵਾਨਾਂ ਨੂੰ ਗਲਤ ਰਾਹੇ ਪਾ ਦਿੰਦੀ ਹੈ, ਸਗੋਂ ਇਸ ਨੇ ਸਿੱਖ ਇਤਿਹਾਸਕ ਪ੍ਰੇਰਨਾ ਦੇ ਨਾਲ-ਨਾਲ ਹੋਰ ਹਿੰਦੋਸਤਾਨੀਆਂ ਦੇ ਸਿੱਖੀ ਵੱਲ ਅਮਲੀ ਵਿਹਾਰ ਨੂੰ ਵੀ ਭ੍ਰਿਸ਼ਟ ਕਰ ਦਿੱਤਾ ਹੈ। ਸਿੱਖ ਪੰਥ ਬਾਰੇ ਵਿਦਵਾਨਾਂ ਕੋਲ ਸਹੀ ਵਿਸ਼ਲੇਸ਼ਣ ਅਤੇ ਮੌਲਿਕ ਦਸਤਾਵੇਜ਼ਾਂ ਦੀ ਘਾਟ ਕਾਰਨ ਇਹ ਅਸਲੋਂ ਹੀ ਝੂਠਾ ਪ੍ਰਭਾਵ ਪੈਦਾ ਕੀਤਾ ਗਿਆ ਤੇ ਫਿਰ ਪੱਕਾ ਕਰ ਦਿੱਤਾ ਗਿਆ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਕੁਝ ਇਤਿਹਾਸਕ ਇਤਫਾਕੀਆ ਕਾਰਨਾਂ, ਜਿਵੇਂ ਮੁਗਲ ਹਾਕਮਾਂ ਨਾਲ ਲੜਨਾ, ਨੂੰ ਮੁੱਖ ਰੱਖ ਕੇ ਕੀਤੀ ਸੀ। ਅਸਲੀ ਸੱਚ, ਜਿਸ ਨੂੰ ਦ੍ਰਿੜ੍ਹਾਉਣ ਅਤੇ ਪ੍ਰਚਾਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲਿਖਤਾਂ ਵਿਚ ਇੰਨਾ ਜ਼ੋਰ ਦਿੱਤਾ, ਉਸ ਨੂੰ ਲਗਭਗ ਭੁਲਾ ਹੀ ਦਿੱਤਾ ਗਿਆ, ਇਥੋਂ ਤੱਕ ਕਿ ਖੁਦ ਸਿੱਖਾਂ ਨੇ ਹੀ ਉਸ ਨੂੰ ਵਿਸਾਰ ਦਿੱਤਾ।"

ਬਕੌਲ ਸ. ਕਪੂਰ ਸਿੰਘ, ਇਹ ਗੱਲ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਦੁਹਰਾਈ ਹੈ ਕਿ "ਉਹ ਕੁਝ ਵੀ ਨਵਾਂ ਨਹੀਂ ਕਰ ਰਹੇ, ਜਿਹੜਾ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਦਾ ਸੁਭਾਵਿਕ ਨਿਕਲਦਾ ਤਰਕਸੰਗਤ ਸਿੱਟਾ ਨਹੀਂ ਹੈ।" ਖਾਲਸਾ ਪੰਥ ਦੇ ਨਿਸ਼ਾਨੇ ਨੂੰ ਸਪੱਸ਼ਟ ਕਰਦਿਆਂ ਸ. ਕਪੂਰ ਸਿੰਘ ਲਿਖਦੇ ਹਨ, "ਖਾਲਸਾ ਜਥੇਬੰਦੀ ਭੂਗੋਲਿਕ, ਨਸਲੀ ਅਤੇ ਲਿੰਗਕ ਭਿੰਨ-ਭੇਦ ਤੋਂ ਉਪਰ ਉਠ ਕੇ ਮਨੁੱਖੀ ਭਾਈਚਾਰੇ ਦਾ ਇਕ ਆਲਮੀ ਸਮਾਜ ਸਿਰਜਣ ਦੇ ਨਿਸ਼ਾਨੇ ਤੇ ਵਿਚਾਰਧਾਰਾ ਦੇ ਆਧਾਰ 'ਤੇ ਸੁਭਾਅ ਅਤੇ ਵਿਹਾਰ ਪੱਖੋਂ ਦ੍ਰਿੜ੍ਹ ਮਾਨਸਿਕਤਾ ਅਤੇ ਕਿਰਦਾਰ ਦੀਆਂ ਵਿਸ਼ੇਸ਼ਤਾਈਆਂ ਨੂੰ ਮੁੱਖ ਰੱਖ ਕੇ ਚੁਣੇ ਹੋਏ ਮਰਜੀਵੜੇ ਮੈਂਬਰਾਂ ਦੀ ਪਾਰਟੀ ਹੈ। ਇਸੇ ਮੰਤਵ ਲਈ ਖਾਲਸਾ ਪੰਥ ਰਾਜਨੀਤਕ ਸ਼ਕਤੀ ਹਾਸਲ ਕਰਨੀ ਚਾਹੁੰਦਾ ਹੈ। ਸਿੱਖ ਸਿਧਾਂਤ ਦੇ ਮੌਲਿਕ ਸੋਮੇ ਅਤੇ ਉਨ੍ਹਾਂ ਦੀ ਸਹੀ ਸਮਝ ਇਸ ਮਸਲੇ ਬਾਰੇ ਕੋਈ ਸ਼ੱਕ ਨਹੀਂ ਰਹਿਣ ਦਿੰਦੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ 'ਜਪੁ' ਵਿਚ ਇਹ ਬਿਲਕੁਲ ਸਪੱਸ਼ਟ ਹੈ।"

ਖਾਲਸਾ ਪੰਥ ਨੂੰ ਕਮਿਊਨਿਸਟ ਪਾਰਟੀ ਲਈ ਅਸਲੀ ਮਾਡਲ ਦੱਸਦਿਆਂ ਸ. ਕਪੂਰ ਸਿੰਘ ਦਾ ਕਥਨ ਹੈ, "ਇਕ ਵਾਰ ਜੇ ਮਸਲੇ ਨੂੰ ਇਸ ਤਰ੍ਹਾਂ ਸਮਝ ਲਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਜਿਥੋਂ ਤੱਕ ਦੋਵਾਂ ਪਾਰਟੀਆਂ ਦੀ ਖਾਸੀਅਤ ਦਾ ਸਬੰਧ ਹੈ, ਲੈਨਿਨ ਦੀ ਕਮਿਊਨਿਸਟ ਪਾਰਟੀ ਲਈ ਖਾਲਸਾ ਜਥੇਬੰਦੀ ਹੀ ਸਿਰਫ ਇਕੋ-ਇਕ ਅਤੇ ਅਸਲੀ ਮਾਡਲ ਹੈ ਅਤੇ ਲੈਨਿਨ ਦੀ ਇਹ ਧਾਰਨਾ ਗਲਤ ਸੀ ਕਿ ਮਨੁੱਖੀ ਸਮਾਜਾਂ ਦੇ ਇਤਿਹਾਸ ਵਿਚ ਉਸ ਦੀ ਪਾਰਟੀ ਨਿਵੇਕਲਾ ਵਰਤਾਰਾ ਹੈ।"

ਸ. ਕਪੂਰ ਸਿੰਘ ਅਨੁਸਾਰ "19ਵੀਂ ਸਦੀ ਦੇ ਅੱਧ ਵਿਚ ਜਦੋਂ ਤੋਂ ਖਾਲਸਾ ਪੰਥ ਨੇ ਯੂਰਪੀ ਮਾਅਰਕੇਬਾਜ਼ੀ ਅਤੇ ਨੀਵੇਂ ਪੱਧਰ ਦੀ ਕੂਟਨੀਤੀ ਹੱਥੋਂ ਆਪਣੀ ਆਜ਼ਾਦੀ ਗੁਆਈ ਤਾਂ ਸਿੱਖ ਮਨਾਂ 'ਚ ਗਹਿਰੀ ਬੇਅਰਾਮੀ ਅਤੇ ਨਿਰਾਸ਼ਾ ਦਾ ਪਸਰਨਾ ਕੁਦਰਤੀ ਸੀ। ਸਿੱਖਾਂ ਦੀ ਅੰਗਰੇਜ਼ਾਂ ਦੇ ਹੱਥੋਂ ਹੋਈ



ਫਰੈਡਰਿਕ ਏਂਗਲਜ਼

ਰਾਜਨੀਤਕ ਬਰਬਾਦੀ ਦਾ ਕਾਰਨ, ਉਨ੍ਹਾਂ ਦੀ ਜੰਗ ਦੇ ਮੈਦਾਨ ਵਿਚ ਹੋਈ ਹਾਰ ਨਹੀਂ ਸੀ, ਸਗੋਂ ਰਾਜਨੀਤਕ ਛਲ-ਕਪਟ ਦੀ ਤਿਲਕਣਬਾਜ਼ੀ ਸੀ।" ਆਪਣੇ ਇਸ ਕਥਨ ਦੀ ਪੁਸ਼ਟੀ ਲਈ ਉਹ ਡਾ. ਵੋਲਫ ਦਾ ਹਵਾਲਾ ਦਿੰਦੇ ਹਨ ਜਿਹੜਾ 1832 ਵਿਚ ਲਾਹੌਰ ਆਇਆ ਸੀ, ਤੇ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਸੀ, "ਤੁਸੀਂ ਕਹਿੰਦੇ ਹੋ ਕਿ ਤੁਸੀਂ ਧਰਮ ਦੀ ਖਾਤਰ ਇਥੇ ਆਏ ਹੋ ਤਾਂ ਤੁਸੀਂ ਇਸ ਦਾ ਪ੍ਰਚਾਰ ਹਿੰਦੋਸਤਾਨ 'ਚ ਆਏ ਅੰਗਰੇਜ਼ਾਂ ਵਿਚ ਕਿਉਂ ਨਹੀਂ ਕਰਦੇ ਜਿਹੜੇ ਬਿਲਕੁੱਲ ਹੀ ਧਰਮ ਵਿਹੂਣੇ ਹਨ।" ਡਾ. ਵੋਲਫ ਨੇ ਜਦੋਂ ਇਹੀ ਗੱਲ ਸ਼ਿਮਲੇ ਵਿਚ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਕੋਲ ਦੁਹਰਾਈ ਤਾਂ ਉਸ ਦਾ ਮੰਨਣਾ ਸੀ, "ਅਫਸੋਸ! ਸਾਰੇ ਹੀ ਦੇਸ਼ਵਾਸੀਆਂ ਦੀ ਸਾਡੇ ਬਾਰੇ ਇਹੀ ਰਾਇ ਹੈ।"

ਯੂਰਪੀ ਰਾਜਨੀਤਕ ਕਿਰਦਾਰ ਬਾਰੇ ਇੰਨੀ ਡੂੰਘੀ ਸਮਝ ਹੋਣ ਦੇ ਬਾਵਜੂਦ ਸਿੱਖ ਗੁਲਾਮ ਹੋਣੋਂ ਨਾ ਬਚ ਸਕੇ ਜਿਵੇਂ ਬਾਕੀ ਹਿੰਦੋਸਤਾਨ ਪਹਿਲਾਂ ਹੀ ਹੋ ਚੁੱਕਾ ਸੀ, ਪਰ ਸਿੱਖ ਆਪਣੀ ਪ੍ਰਭੂਸੱਤਾ ਗੁਆਚਣ ਬਾਰੇ ਆਪਣੇ ਮਨ ਦੀ ਧੁਰ



ਸਿਰਦਾਰ ਕਪੂਰ ਸਿੰਘ

ਗਹਿਰੀ ਤਹਿ ਵਿਚ ਕਦੀ ਵੀ ਸਮਝੌਤਾ ਨਾ ਕਰ ਸਕੇ ਜਿਸ ਤੋਂ ਬਿਨਾਂ ਖ਼ਾਲਸਾ ਪੰਥ ਆਪਣੇ ਦੈਵੀ ਮਿਸ਼ਨ ਜਾਂ ਆਪਣੇ ਅੰਤਿਮ ਨਿਸ਼ਾਨੇ ਨੂੰ ਪੂਰਾ ਕਰਨ ਵੱਲ ਅੱਗੇ ਨਹੀਂ ਸੀ ਵਧ ਸਕਦਾ।

ਸ. ਕਪੂਰ ਸਿੰਘ ਦੇ ਸ਼ਬਦਾਂ 'ਚ ਆਪਣੀ ਇਸੇ ਭਾਵਨਾ ਕਾਰਨ ਹੀ "20ਵੀਂ ਸਦੀ ਦੇ ਅਰੰਭ ਵਿਚ ਅਮਰੀਕਾ ਦੇ ਕੁਝ ਪਰਵਾਸੀ ਸਿੱਖਾਂ ਨੇ ਗ਼ਦਰ ਪਾਰਟੀ, ਭਾਵ ਗੁਲਾਮੀ ਵਿਰੁਧ ਬਗਾਵਤ ਦੀ ਪਾਰਟੀ ਜਥੇਬੰਦ ਕੀਤੀ ਅਤੇ ਪਹਿਲੀ ਸੰਸਾਰ ਜੰਗ ਦੇ ਖਤਮ ਹੁੰਦੇ ਹੀ ਉਨ੍ਹਾਂ 'ਚੋਂ ਅਨੇਕਾਂ ਸਿੱਖ ਦੇਸ਼ ਨੂੰ ਬਰਤਾਨਵੀ ਕਬਜ਼ੇ 'ਚੋਂ ਆਜ਼ਾਦ ਕਰਵਾਉਣ ਦੇ ਮੰਤਵ ਨਾਲ ਹਿੰਦੋਸਤਾਨ ਆ ਗਏ। ਇਹ ਕੋਸ਼ਿਸ਼ ਅਸਫਲ ਹੋ ਗਈ ਅਤੇ ਇਨ੍ਹਾਂ 'ਚੋਂ ਬਹੁਤੇ ਇਨਕਲਾਬੀ ਫਾਂਸੀਆਂ 'ਤੇ ਝੂਲ ਗਏ ਜਾਂ ਧਰਤੀ 'ਤੇ ਜੇਲ੍ਹਾਂ ਦਾ ਨਰਕ ਭੋਗਦੇ ਲਿਖਦੇ ਰਹੇ: 'ਖਾਲਸਾ ਮਨੁੱਖਤਾ ਦੀ ਹੋਣੀ ਦਾ ਰਹਿਨੁਮਾ ਹੋਵੇਗਾ ਅਤੇ ਅਖੀਰ 'ਤੇ ਕੋਈ ਵਿਰੋਧੀ ਧੜਾ ਨਹੀਂ ਰਹੇਗਾ, ਮੁਢਲੀ ਕੌੜੀ ਨਿਰਾਸ਼ਾ ਤੋਂ ਬਾਅਦ ਸਾਰੇ ਇਹ ਮਹਿਸੂਸ ਕਰ ਲੈਣਗੇ ਕਿ ਖਾਲਸਾ ਜਿਸ ਜੀਵਨ-ਜਾਚ ਨੂੰ ਬੁਲੰਦ ਕਰਦਾ ਹੈ, ਉਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ। ਇਹ ਤੈਅ ਹੈ ਕਿ ਗੁਰੂ ਦੀ ਫੌਜ ਸਮੁੱਚੇ ਹਿੰਦੋਸਤਾਨ 'ਤੇ ਕਾਬਜ਼ ਹੋਵੇਗੀ ਅਤੇ ਸਮੁੱਚੇ ਦੇਸ਼ ਦੀ ਭਲਾਈ ਯਕੀਨੀ ਬਣਾਏਗੀ, ਫਿਰ ਹੀ ਮਨੁੱਖਤਾ ਦੀ ਖੁਸ਼ਹਾਲੀ ਅਤੇ ਅਮਨ ਦਾ ਨਵਾਂ




ਦੌਰ ਸ਼ੁਰੂ ਹੋਵੇਗਾ।"

ਸ. ਕਪੂਰ ਸਿੰਘ ਦੀ ਲਿਖਤ ਅਨੁਸਾਰ "ਇਨ੍ਹਾਂ 'ਚੋਂ ਬਚੇ ਹੋਏ ਸਿੱਖ ਇਨਕਲਾਬੀ ਹੀ ਸ਼ਕਤੀਸ਼ਾਲੀ ਸਿੱਖ ਕਮਿਊਨਿਸਟਾਂ ਦੇ ਗਰੁਪ ਦਾ ਧੁਰਾ ਬਣੇ। 20ਵੀਂ ਸਦੀ ਦੇ ਵੀਹਵਿਆਂ ਦੇ ਅਰੰਭ 'ਚ ਭਾਰਤ ਨੂੰ ਬਿਦੇਸ਼ੀ ਗੁਲਾਮੀ ਦੇ ਜੂਲੇ 'ਚੋਂ ਆਜ਼ਾਦ ਕਰਵਾਉਣ ਦੇ ਦ੍ਰਿੜ੍ਹ ਇਰਾਦੇ ਨਾਲ, ਬਿਦੇਸ਼ੀ ਸਹਾਇਤਾ ਅਤੇ ਮਦਦ ਲੈਣ ਦੇ ਨਿਸ਼ਾਨੇ ਨੂੰ ਮੁੱਖ ਰੱਖ ਕੇ, ਉਨ੍ਹਾਂ ਨੇ ਕਮਿਊਨਿਸਟ ਇੰਟਰਨੈਸ਼ਨਲ (ਕੌਮਿਨਤਰਨ) ਨਾਲ ਸਬੰਧ ਬਣਾਏ। ਕਿਉਂਕਿ ਉਦੋਂ ਭਾਰਤ ਦੇ ਬਾਹਰ ਸਿਰਫ ਕਮਿਊਨਿਸਟ ਇੰਟਰਨੈਸ਼ਨਲ ਹੀ ਅਜਿਹੀ ਜਥੇਬੰਦੀ ਸੀ ਜਿਹੜੀ ਇਹ ਮਦਦ ਦੇਣ ਲਈ ਫੌਰੀ ਤਿਆਰ ਹੋ ਗਈ। ਇਸ ਨੇ ਕੁਝ ਬਹੁਤ ਦ੍ਰਿੜ੍ਹ ਅਤੇ ਸੁਹਿਰਦ ਪਰ ਜ਼ਰੂਰੀ ਨਹੀਂ ਰਾਜਨੀਤਕ ਤੌਰ 'ਤੇ ਸਿਆਣੇ ਸਿੱਖਾਂ ਨੂੰ ਸਰਬ-ਰੂਸੀ ਕਮਿਊਨਿਸਟ ਪਾਰਟੀ ਦੇ ਪ੍ਰਭਾਵ ਅਤੇ ਜ਼ਾਬਤੇ ਥੱਲੇ ਲੈ ਆਂਦਾ ਤੇ ਇਸ ਤਰ੍ਹਾਂ ਕਾਇਮ ਹੋਇਆ ਰਿਸ਼ਤਾ ਸਥਾਈ ਬਣ ਗਿਆ।

ਸਿੱਖਾਂ ਦੇ ਇਸ ਤਬਕੇ 'ਤੇ ਕਮਿਊਨਿਸਟ ਵਿਚਾਰਧਾਰਾ ਦੀ ਪਕੜ ਦਾ ਜਜ਼ਬਾਤੀ ਕਾਰਨ ਦੋ ਪੱਖੀ ਹੈ। ਖਾਲਸਾ ਜਥੇਬੰਦੀ ਅਤੇ ਲੈਨਿਨ ਦੀ ਸਰਬ-ਰੂਸੀ ਕਮਿਊਨਿਸਟ ਪਾਰਟੀ ਦੀ ਸਮਾਨਤਾ ਅਤੇ ਕਮਿਊਨਿਸਟ ਪਾਰਟੀ ਦੇ ਕਾਰਕੁਨਾਂ ਤੋਂ ਕੁਰਬਾਨੀ ਅਤੇ ਸਮਰਪਣ ਭਾਵਨਾ ਦੀ ਮੰਗ ਕੁਦਰਤੀ ਤੌਰ 'ਤੇ ਇਕ ਸਿੱਖ ਵਾਸਤੇ ਖਿੱਚ ਰੱਖਦੀ ਹੈ। ਕਿਉਂਕਿ ਇਹੀ ਭਾਵਨਾ ਉਸ ਨੂੰ ਸਿੱਖ ਸਿਧਾਂਤਾਂ ਅਤੇ ਗੁਰੂ ਗੋਬਿੰਦ ਸਿੰਘ ਵੱਲੋਂ ਖਾਲਸਾ ਪੰਥ ਦੀ ਸਾਜਨਾ ਵੇਲੇ ਆਪਣੇ ਸਾਥੀਆਂ ਦੀ ਸੇਵਾ ਵਾਸਤੇ ਤਿਆਗ ਦੀ ਦ੍ਰਿੜ੍ਹਾਈ ਗਈ ਪ੍ਰੇਰਨਾ ਨੂੰ ਪੂਰਾ ਕਰਨ ਦੇ ਮੌਕੇ ਦਿੰਦੀ ਹੈ। ਕਮਿਊਨਿਸਟ ਪਾਰਟੀ ਦੇ ਵਫਾਦਾਰ ਤੇ ਸਮਰਪਿਤ ਮੈਂਬਰ ਦੇ ਤੌਰ 'ਤੇ ਕੰਮ ਕਰ ਕੇ ਸਿੱਖਾਂ ਦੇ ਇਸ ਵਰਗ ਨੂੰ ਮਹਿਸੂਸ ਹੁੰਦਾ



ਕਾਰਲ ਮਾਰਕਸ

ਹੈ ਕਿ ਉਹ ਸਿੱਖੀ ਨੂੰ ਪਿਆਰ ਕਰ ਰਿਹਾ ਹੈ ਅਤੇ ਗੁਰੂ ਗੋਬਿੰਦ ਸਿੰਘ ਵਾਂਗ ਹੀ ਉਨ੍ਹਾਂ ਦੀ ਸਿੱਖਿਆ ਨੂੰ ਅਮਲੀ ਰੂਪ 'ਚ ਲਾਗੂ ਕਰ ਰਿਹਾ ਹੈ।

ਉਨ੍ਹਾਂ ਦੀ ਪਾਰਟੀ ਪ੍ਰਤੀ ਯਕੀਨੀ ਵਫਾਦਾਰੀ ਅਤੇ ਖਿੱਚ ਦਾ ਕਾਰਨ, ਉਨ੍ਹਾਂ ਦੀ ਇਹ ਸੋਚ ਸੀ ਕਿ ਇਸ ਦੇ ਪਿਛੋਕੜ ਵਿਚ ਬੁਨਿਆਦੀ ਕਾਰਨ ਇਨਸਾਨੀਅਤ ਹੈ। ਦੱਬੇ-ਕੁਚਲੇ, ਪਛੜਿਆਂ ਅਤੇ ਗਰੀਬਾਂ ਦੇ ਹਿਤਾਂ ਦੀ ਪੈਰੋਕਾਰੀ ਬੁਨਿਆਦੀ ਸਿੱਖ ਪ੍ਰੇਰਨਾ ਹੈ ਅਤੇ ਕਮਿਊਨਿਸਟ ਪਾਰਟੀ ਦੇ ਨਾਅਰੇ ਅਤੇ ਨਿਯਮ ਇਸ ਭਾਵਨਾ ਦੀ ਅਪੀਲ ਨੂੰ ਧਿਆਨ ਵਿਚ ਰੱਖ ਕੇ ਘੜੇ ਜਾਂਦੇ ਹਨ।"

ਹੁਣੇ ਜਿਹੇ ਛਪ ਕੇ ਆਈ 'ਜੀਵਨੀ ਗਦਰੀ ਬਾਬਾ ਸ਼ਹੀਦ ਮਾਸਟਰ ਊਧਮ ਸਿੰਘ ਕਸੇਲ' ਸ. ਕਪੂਰ ਸਿੰਘ ਦੀਆਂ ਇਨ੍ਹਾਂ ਸਾਰੀਆਂ ਧਾਰਨਾਵਾਂ ਦੀ ਪੁਸ਼ਟੀ ਕਰਦੀ ਹੈ। 'ਸਾਂਝੀਵਾਲਤਾ ਦਾ ਵਣਜਾਰਾ' ਦੇ ਨਾਂ ਹੇਠ ਸ੍ਰੀ ਚਰੰਜੀ ਨਾਲ ਕੰਗਣੀਵਾਲ ਵੱਲੋਂ ਗਦਰ ਲਹਿਰ ਦੇ ਦਸਤਾਵੇਜ਼ਾਂ ਤੇ ਹੋਰ ਥਾਵਾਂ ਤੋਂ ਇਕੱਠੇ ਕੀਤੇ ਤੱਥਾਂ ਦੇ ਹਵਾਲੇ ਨਾਲ ਸੰਪਾਦਤ ਕੀਤੀ ਗਈ ਇਸ ਕਿਤਾਬ ਨੇ ਗਦਰ ਲਹਿਰ ਬਾਰੇ ਬਹੁਤ ਸਾਰੇ ਨਵੇਂ ਪੱਖਾਂ ਨੂੰ ਪ੍ਰਗਟ ਕੀਤਾ ਹੈ।

ਇਸ ਕਿਤਾਬ ਦੀ ਭੂਮਿਕਾ ਵਿਚ ਹੀ ਇਹ ਹਕੀਕਤ ਮੰਨ ਲਈ ਗਈ ਹੈ ਕਿ "ਸਿੱਖ ਇਤਿਹਾਸ ਦੇ ਅਮੀਰ ਗੁਣਾਂ ਨੂੰ ਆਪਣੇ ਸਮੇਂ ਮੁਤਾਬਕ ਆਜ਼ਾਦੀ ਲਹਿਰ ਦੀਆਂ ਬੁਨਿਆਦਾਂ ਪੱਕੀਆਂ ਕਰਨ ਲਈ ਸੁਯੋਗਤਾ ਨਾਲ ਅਮਲ 'ਚ ਲਿਆਉਣ ਲਈ ਊਧਮ ਸਿੰਘ ਕਸੇਲ ਦੀ ਉਘੀ ਭੂਮਿਕਾ ਹੈ। ਮਾਸਟਰ ਊਧਮ ਸਿੰਘ ਕਸੇਲ, ਮਾਸਟਰ ਤਾਰਾ ਸਿੰਘ, ਸ. ਤੇਜਾ ਸਿੰਘ ਸਮੁੰਦਰੀ ਨੇ ਸਿੱਖ ਲਹਿਰ ਦੀਆਂ ਨਰੋਈਆਂ ਰਵਾਇਤਾਂ ਫੜਦਿਆਂ ਜਨਤਕ ਪ੍ਰਚਾਰ, ਜਨਤਕ ਲਾਮਬੰਦੀ, ਜਨਤਕ ਮਸਲੇ ਅਤੇ ਜਨਤਕ ਲਹਿਰ ਦੀ ਨੋਕ ਸਾਮਰਾਜੀ ਦਾਬੇ ਨੂੰ ਵਗਾਹ ਮਾਰਨ ਲਈ ਅਵਾਮ ਨੂੰ ਪ੍ਰੇਰਿਤ ਕਰਨ ਵੱਲ ਸੇਧਤ ਕੀਤੀ।"

ਇਸ ਕਿਤਾਬ ਨੇ ਇਸ ਗੱਲ ਦੀ ਵੀ ਪੁਸ਼ਟੀ ਕਰ ਦਿੱਤੀ ਹੈ ਕਿ ਬਹੁਗਿਣਤੀ ਗਦਰੀ ਨਾ ਸਿਰਫ ਪੂਰਨ ਗੁਰਸਿੱਖ ਸਨ, ਸਗੋਂ ਸਿੱਖੀ ਜੀਵਨ-ਜਾਚ ਵਿਚ ਵੀ ਪਰਪੱਕ ਸਨ। ਉਨ੍ਹਾਂ ਦੀ ਪ੍ਰੇਰਨਾ ਦਾ ਸੋਮਾ ਸਿੱਖ ਇਤਿਹਾਸ ਸੀ ਤੇ ਉਨ੍ਹਾਂ ਦੀ ਸਾਂਝੀਵਾਲਤਾ ਦੇ ਪੈਗ਼ਾਮ ਦਾ ਆਧਾਰ ਗੁਰਮਤਿ ਫਿਲਾਸਫੀ ਸੀ। ਉਨ੍ਹਾਂ ਨੇ ਸਿੱਖ ਇਤਿਹਾਸ ਤੇ ਸਿੱਖ ਸਿਧਾਂਤਾਂ ਨੂੰ ਵੇਲੇ ਦੇ ਹਾਲਾਤ ਨਾਲ ਇਕਸੁਰ ਕਰਨ ਦੀ ਸਫਲ ਕੋਸ਼ਿਸ਼ ਕੀਤੀ, ਕਿਉਂਕਿ "ਦੱਬੇ-ਕੁਚਲੇ, ਪੱਛੜਿਆਂ ਅਤੇ ਗਰੀਬਾਂ ਦੇ ਹਿਤਾਂ ਦੀ ਪੈਰੋਕਾਰੀ ਬੁਨਿਆਦੀ ਸਿੱਖ ਪ੍ਰੇਰਨਾ ਹੈ ਤੇ ਇਸ ਦੇ ਪਿਛੋਕੜ ਵਿਚ ਇਨਸਾਨੀਅਤ ਦਾ ਜਜ਼ਬਾ ਹੈ।" ਆਪਣੇ ਇਸੇ ਜਜ਼ਬੇ ਕਾਰਨ ਹੀ ਜਦੋਂ 1917 ਵਿਚ ਰੂਸ ਅੰਦਰ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਕਿਰਤੀ ਇਨਕਲਾਬ ਆਇਆ ਅਤੇ ਦੁਨੀਆਂ ਭਰ ਵਿਚ ਇਹ ਪ੍ਰਚਾਰ ਹੋਇਆ ਕਿ ਹੁਣ ਰੂਸ ਦੀ ਤਰਜ਼ 'ਤੇ ਸਾਰੇ ਸੰਸਾਰ ਵਿਚ ਮਜ਼ਦੂਰਾਂ ਦੀ ਅਗਵਾਈ ਹੇਠ ਮਿਹਨਤਕਸ਼ਾਂ ਦਾ ਰਾਜ ਹੋਵੇਗਾ, ਤਾਂ ਗਦਰ ਪਾਰਟੀ ਦੇ ਨਿਕਲਦੇ ਅਖ਼ਬਾਰ ਵੱਲੋਂ 1917 ਦੇ "ਰੂਸੀ ਇਨਕਲਾਬ ਬਾਰੇ ਖ਼ਬਰਨਾਮਾ" ਦੇ ਨਾਂ ਹੇਠ 64 ਸਫਿਆਂ ਦਾ ਕਿਤਾਬਚਾ ਪੰਜਾਬੀ, ਉਰਦੂ ਤੇ ਹਿੰਦੀ ਵਿਚ ਛਾਪ ਕੇ ਸੰਸਾਰ ਭਰ ਵਿਚ ਮੁਫਤ ਵੰਡਿਆ ਗਿਆ। 28 ਮਾਰਚ 1917 ਦੇ ਹਿੰਦੁਸਤਾਨ ਗਦਰ ਅਖਬਾਰ ਦੇ ਉਪਰ 'ਰੂਸ ਆਜ਼ਾਦ ਹੋ ਗਿਆ' ਮੁੱਖ ਸੁਰਖੀ ਸੀ ਅਤੇ ਅਖ਼ਬਾਰ ਦਾ ਅੰਕ ਰੂਸੀ ਇਨਕਲਾਬ ਨੂੰ ਸਮਰਪਤ ਸੀ। ਗਦਰ ਪਾਰਟੀ ਦੀ ਇਸੇ ਨੀਤੀ ਕਾਰਨ ਹੀ ਤੀਜੀ ਕਮਿਊਨਿਸਟ ਇੰਟਰਨੈਸ਼ਨਲ ਨੇ ਅਮਰੀਕਾ ਦੀ ਕਮਿਊਨਿਸਟ ਪਾਰਟੀ ਨੂੰ ਹਦਾਇਤ ਕੀਤੀ ਕਿ ਉਹ ਹਿੰਦੁਸਤਾਨ ਦੀ ਗਦਰ ਪਾਰਟੀ ਨਾਲ ਸਬੰਧ ਸਥਾਪਤ ਕਰੇ।

ਇਥੇ ਸੁਆਲ ਪੈਦਾ ਹੁੰਦਾ ਹੈ ਕਿ ਸਾਂਝੇ ਪ੍ਰੇਰਨਾ ਸ੍ਰੋਤਾਂ ਦੁਆਲੇ ਬਣਿਆ ਇਹ ਗੱਠਜੋੜ ਟੁੱਟ ਕਿਉਂ ਗਿਆ ਅਤੇ ਸਿੱਖੀ ਤੇ ਕਮਿਊਨਿਜ਼ਮ ਦੀ ਇਹ ਸਾਂਝ ਖਤਮ ਹੁੰਦੀ ਹੁੰਦੀ ਇਕ-ਦੂਜੇ ਦੇ ਵਿਰੋਧ ਵਿਚ ਕਿਉਂ ਆ ਖੜ੍ਹੀ? ਇਸ ਸੁਆਲ ਦੇ ਜੁਆਬ ਦਾ ਸਬੰਧ ਨਾ ਸਿਰਫ ਪੰਜਾਬ ਦੇ ਭਵਿੱਖ ਨਾਲ, ਸਗੋਂ ਅੱਜ ਦੇ ਹਾਲਾਤ ਵਿਚ ਆਲਮੀ ਕਮਿਊਨਿਸਟ ਲਹਿਰ ਦੇ ਭਵਿੱਖ ਨਾਲ ਵੀ ਜੁੜਿਆ ਹੋਇਆ ਹੈ। ਇਹ ਗੱਲ ਰਵਾਇਤੀ ਕਮਿਊਨਿਸਟਾਂ ਅਤੇ ਰਵਾਇਤੀ ਸਿੱਖਾਂ ਨੂੰ ਭਾਵੇਂ ਵਧਵੀਂ ਜਾਂ ਓਪਰੀ ਲੱਗ ਸਕਦੀ ਹੈ ਪਰ ਸੱਚ ਇਹੀ ਹੈ।

ਇਸ ਗੱਲ ਦਾ ਖੁਲਾਸਾ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਇਸ ਨਵੀਂ ਕਿਤਾਬ 'ਤੇ ਹੋਈ ਵਿਚਾਰ-ਚਰਚਾ 'ਚ ਵੀ ਹੋਇਆ ਸੀ। ਇਸ ਕਿਤਾਬ ਬਾਰੇ ਲਿਖਿਆ ਆਪਣਾ ਵਿਸ਼ਲੇਸ਼ਣਾਤਮ ਅਧਿਐਨ ਪੇਸ਼ ਕਰਦਿਆਂ ਸ੍ਰੀ ਸਤਨਾਮ ਚਾਨਾ ਨੇ ਸਪਸ਼ਟ ਕੀਤਾ ਕਿ ਗਦਰ ਲਹਿਰ ਦਾ ਹੁਣ ਤੱਕ ਦਾ ਮਿਲਦਾ ਲਿਖਤ ਇਤਿਹਾਸ ਆਮ ਕਰ ਕੇ ਗਦਰੀਆਂ ਦੀਆਂ ਆਪਣੀਆਂ ਯਾਦਾਂ, ਡਾਇਰੀਆਂ ਅਤੇ ਹੱਡ ਬੀਤੀਆਂ ਦਾ ਵਰਣਨ ਹੈ। ਬਹੁਤ ਥੋੜ੍ਹਾ ਹੈ ਜੋ ਖੋਜ ਦੇ ਨਜ਼ਰੀਏ ਤੋਂ ਵਿਸ਼ਾ ਬਣਾ ਕੇ ਰਚਿਆ ਹੋਇਆ ਹੋਵੇ। ਲਾਜ਼ਮੀ ਤੌਰ 'ਤੇ ਰਚੈਤਾ ਦੀ ਇਹ ਦੇਣ ਗਦਰ ਲਹਿਰ ਸਬੰਧੀ ਸਥਾਪਤ ਕੀਤੇ ਜਾ ਚੁੱਕੇ ਸੰਕਲਪਾਂ ਨੂੰ ਸੋਧਣ ਲਈ ਮਜਬੂਰ ਕਰੇਗੀ। ਇਸ ਨੇ ਸਾਡੇ ਸਾਹਮਣੇ ਸੁਆਲਾਂ ਦਾ ਅਜਿਹਾ ਸਮੂਹ ਪੇਸ਼ ਕੀਤਾ ਹੈ ਜਿਸ ਤੋਂ ਸਾਡੇ ਦਾਰਸ਼ਨਿਕ, ਸਿਆਸੀ-ਵਿਗਿਆਨੀ ਅਤੇ ਇਤਿਹਾਸਕਾਰ ਹੋਊ-ਪਰ੍ਹੇ ਕਰ ਕੇ ਪਿੱਛਾ ਨਹੀਂ ਛੁਡਾ ਸਕਦੇ।

ਇਨ੍ਹਾਂ ਦਾਰਸ਼ਨਿਕ ਤੇ ਰਾਜਨੀਤਕ ਸੁਆਲਾਂ ਦੇ ਜੁਆਬ ਹੀ ਸਿੱਖੀ ਤੇ ਕਮਿਊਨਿਜ਼ਮ ਵਿਚ ਪਈ

ਦੁਫੇੜ ਦੇ ਕਾਰਨ ਸਪੱਸ਼ਟ ਕਰਨਗੇ। ਇਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਇਸ ਦੇ ਅਹਿਮ ਕਾਰਨ ਵੱਲ ਸ੍ਰੀ ਸਤਨਾਮ ਚਾਨਾ ਨੇ ਵੀ ਇਸ਼ਾਰਾ ਕੀਤਾ ਹੈ। ਸ੍ਰੀ ਚਾਨਾ ਅਨੁਸਾਰ, "ਲੱਗਦਾ ਹੈ ਕਿ ਕਮਿਊਨਿਸਟ ਆਗੂਆਂ ਨੇ ਕਮਿਊਨਿਜ਼ਮ ਨੂੰ ਠੀਕ ਤਰ੍ਹਾਂ ਸਮਝਣ ਤੋਂ ਬਿਨਾਂ ਹੀ ਇਸ ਨੂੰ ਲਾਗੂ ਕਰਨ ਦਾ ਬੀੜਾ ਉਠਾਇਆ।"

ਅਸਲ ਵਿਚ ਇਹੀ ਨੁਕਤਾ ਹੈ ਜਿੱਥੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਲੱਗਦਾ ਨਹੀਂ, ਸਗੋਂ ਇਹ ਸਪਸ਼ਟ ਹੈ ਕਿ ਮਾਰਕਸ-ਏਂਗਲਜ਼ ਤੋਂ ਬਾਅਦ ਦੇ ਕਮਿਊਨਿਸਟ ਆਗੂਆਂ ਜਿਨ੍ਹਾਂ ਵਿਚ ਕਾਮਰੇਡ ਲੈਨਿਨ ਅਤੇ ਕਾਮਰੇਡ ਸਟਾਲਿਨ ਸ਼ਾਮਲ ਹਨ, ਨੇ ਕਮਿਊਨਿਜ਼ਮ ਨੂੰ ਠੀਕ ਤਰ੍ਹਾਂ ਆਪਣੀ ਪਕੜ ਵਿਚ ਲਿਆਉਣ ਤੋਂ ਬਿਨਾਂ ਹੀ ਰੂਸ ਸਮੇਤ ਸਾਰੇ ਦੇਸ਼ਾਂ ਅੰਦਰ ਇਸ ਨੂੰ ਲਾਗੂ ਕਰਨ ਦੇ ਯਤਨ ਕੀਤੇ ਜਿਹੜੇ ਯਤਨ ਕੁਦਰਤੀ ਹਕੀਕਤ, ਭਾਵ ਕੁਦਰਤ ਤੇ ਮਨੁੱਖ ਦੇ ਹਕੀਕੀ ਰਿਸ਼ਤੇ ਤੋਂ ਟੁੱਟੇ ਹੋਣ ਕਾਰਨ ਅਸਫਲ ਹੋ ਗਏ। ਇਸੇ ਕਰ ਕੇ ਰੂਸ ਅਤੇ ਚੀਨ ਸਮੇਤ ਜਿਨ੍ਹਾਂ ਦੇਸ਼ਾਂ ਵਿਚ ਕਮਿਊਨਿਸਟ ਇਨਕਲਾਬ ਆਏ, ਉਹ ਸਾਰੇ ਮੁੜ ਸਾਮਰਾਜੀ ਪੂੰਜੀਵਾਦੀ ਰਾਹ ਉਤੇ ਪੈ ਗਏ।

ਇਸ ਦਾ ਕਾਰਨ ਇਹੀ ਸੀ ਕਿ 'ਮਨੁੱਖੀ ਅਜ਼ਾਦੀ' ਅਤੇ 'ਮਨੁੱਖੀ ਵਿਕਾਸ' ਦੇ ਬਾਰੇ ਮਾਰਕਸੀ ਧਾਰਨਾਵਾਂ ਨੂੰ ਸਮਝਿਆ ਨਾ ਗਿਆ। ਇਸੇ ਕਾਰਨ ਹੀ ਮਾਰਕਸ ਏਂਗਲਜ਼ ਤੋਂ ਬਾਅਦ ਦੇ ਕਮਿਊਨਿਸਟ ਆਗੂ ਧਰਮ ਬਾਰੇ ਮਾਰਕਸੀ ਦ੍ਰਿਸ਼ਟੀਕੋਣ ਸਮਝਣ ਤੋਂ ਊਣੇ ਰਹੇ। ਇਸ ਦੀ ਇਕ ਮਿਸਾਲ ਮਾਰਕਸ-ਏਂਗਲਜ਼ ਤੇ ਲੈਨਿਨ ਦੀਆਂ ਧਰਮ ਬਾਰੇ ਬਣੀਆਂ ਧਾਰਨਾਵਾਂ ਵਿਚ ਸਪਸ਼ਟ ਵਖਰੇਵਾਂ ਹੈ। ਏਂਗਲਜ਼ ਅਨੁਸਾਰ 'ਮਨੁੱਖੀ ਅਜ਼ਾਦੀ' ਦਾ ਅਰਥ ਆਪਣੀਆਂ ਕੁਦਰਤੀ ਸਰੀਰਕ ਲੋੜਾਂ ਦੀ ਪਛਾਣ ਕਰ ਕੇ ਅਤੇ ਆਪਣੇ ਸਵੈ ਉਤੇ ਕਾਬੂ ਪਾ ਕੇ ਜੀਵਨ ਜਿਉਣ ਦੀ ਜਾਚ ਜਾਂ ਅਨੁਭਵ ਹੈ ਅਤੇ ਮਾਰਕਸ ਅਨੁਸਾਰ 'ਮਨੁੱਖੀ ਵਿਕਾਸ' ਦਾ ਅਰਥ ਮਨੁੱਖ ਦਾ ਰੂਹਾਨੀ ਵਿਕਾਸ ਹੈ।

ਮਾਰਕਸ ਦਾ ਧਰਮ ਬਾਰੇ ਕਥਨ ਹੈ, "ਮਨੁੱਖ ਨੇ ਧਰਮ ਬਣਾਇਆ ਹੈ, ਧਰਮ ਨੇ ਮਨੁੱਖ ਨਹੀਂ ਬਣਾਇਆ। ਬਿਨਾਂ ਸ਼ੱਕ ਧਰਮ ਉਸ ਮਨੁੱਖ ਦੀ ਸਵੈਚੇਤਨਾ ਅਤੇ ਸਵੈਬੁਲੰਦੀ ਹੈ ਜਿਸ ਨੇ ਜਾਂ ਤਾਂ ਹੁਣ ਤੱਕ ਖੁਦ ਨੂੰ ਪਛਾਣਿਆ ਨਹੀਂ ਅਤੇ ਜਾਂ ਖੁਦ ਨੂੰ ਫਿਰ ਗੁਆ ਲਿਆ ਹੈ, ਪਰ ਮਨੁੱਖ ਸੰਸਾਰ ਤੋਂ ਬਾਹਰ ਵਸਦੀ ਕੋਈ ਨਿਖੜੀ ਹੋਂਦ ਨਹੀਂ, ਸਗੋਂ ਉਹ ਮਨੁੱਖ-ਰਾਜ-ਸਮਾਜ ਦੇ ਸੰਸਾਰ ਦਾ ਮਨੁੱਖ ਹੈ। ਇਹ ਰਾਜ ਅਤੇ ਸਮਾਜ ਧਰਮ ਪੈਦਾ ਕਰਦਾ ਹੈ ਜਿਹੜਾ ਸੰਸਾਰ ਦੀ ਉਲਟੀ ਚੇਤਨਾ ਹੈ; ਕਿਉਂਕਿ ਇਹ ਉਲਟਾ ਸੰਸਾਰ ਹੈ। ਧਰਮ ਇਸ ਸੰਸਾਰ ਦਾ ਆਮ ਸਿਧਾਂਤ ਹੈ, ਉਸ ਦਾ ਮਹਾਂ-ਕੋਸ਼ੀ ਸਾਰ ਹੈ, ਉਸ ਦਾ ਸਾਧਾਰਨ ਤਰਕ ਹੈ, ਉਸ ਦਾ ਰੂਹਾਨੀ ਸਤਿਕਾਰ ਹੈ, ਉਸ ਦਾ ਜੋਸ਼ ਹੈ, ਉਸ ਦੀ ਇਖਲਾਕੀ ਮਾਨਤਾ ਹੈ, ਉਸ ਦੀ ਪਵਿੱਤਰ ਪੂਰਨਤਾ ਹੈ ਅਤੇ ਉਸ ਦੇ ਹੌਂਸਲੇ ਅਤੇ ਜਾਇਜ਼ ਹੋਣ ਦਾ ਸਰਬਵਿਆਪੀ ਆਧਾਰ ਹੈ। ਇਹ ਮਨੁੱਖੀ ਤੱਤ ਦੀ ਕਾਲਪਨਿਕ ਪ੍ਰਾਪਤੀ ਹੈ ਕਿਉਂਕਿ ਮਨੁੱਖੀ ਤੱਤ ਨੇ ਅਜੇ ਕੋਈ ਹਕੀਕੀ ਅਸਲੀਅਤ ਪ੍ਰਾਪਤ ਨਹੀਂ ਕੀਤੀ। ਇਸ ਲਈ ਧਰਮ ਵਿਰੁਧ ਸੰਘਰਸ਼ ਅਸਿੱਧੇ ਰੂਪ ਵਿਚ ਉਸ ਸੰਸਾਰ ਵਿਰੁਧ ਸੰਘਰਸ਼ ਹੈ ਜਿਸ ਦਾ ਰੂਹਾਨੀ ਜਲੌਅ ਧਰਮ ਹੈ।

ਧਾਰਮਿਕ ਦੁਖ ਇਕੋ ਵੇਲੇ ਅਮਲੀ ਦੁਖ ਦਾ ਪ੍ਰਗਟਾਵਾ ਹੈ ਅਤੇ ਅਮਲੀ ਦੁਖ ਵਿਰੁਧ ਰੋਸ ਹੈ। ਧਰਮ ਪੀੜਤ ਪ੍ਰਾਣੀ ਦਾ ਹਉਕਾ ਹੈ। ਬੇਦਰਦ ਸੰਸਾਰ ਦਾ ਦਰਦ ਹੈ ਅਤੇ ਰੂਹ ਵਿਹੂਣੇ ਮਾਹੌਲ ਦੀ ਰੂਹ ਹੈ। ਇਹ ਲੋਕਾਂ ਦੀ ਅਫੀਮ ਹੈ।

ਲੋਕਾਂ ਦੀ ਭਰਮਾਊ ਖੁਸ਼ੀ ਵਜੋਂ ਧਰਮ ਦਾ ਖਾਤਮਾ ਉਨ੍ਹਾਂ ਦੀ ਅਸਲੀ ਖੁਸ਼ੀ ਵਾਸਤੇ ਮੰਗ ਹੈ। ਉਨ੍ਹਾਂ ਨੂੰ ਇਹ ਕਹਿਣਾ ਕਿ ਆਪਣੇ ਹਾਲਾਤ ਬਾਰੇ ਬਣੇ ਆਪਣੇ ਭਰਮਾਂ ਨੂੰ ਤਿਆਗ ਦਿਉ, ਦਾ ਮਤਲਬ ਉਨ੍ਹਾਂ ਨੂੰ ਇਹ ਕਹਿਣਾ ਹੈ ਕਿ ਉਨ੍ਹਾਂ ਹਾਲਾਤ ਨੂੰ ਤਿਆਗ ਦਿਉ ਜਿਨ੍ਹਾਂ ਦੀ ਲੋੜ ਇਹ ਭਰਮ ਹਨ। ਇਸ ਲਈ ਧਰਮ ਦੀ ਆਲੋਚਨਾ ਮੁੱਢਲੇ ਰੂਪ ਵਿਚ ਹੰਝੂਆਂ ਦੀ ਉਸ ਵਾਦੀ ਦੀ ਆਲੋਚਨਾ ਹੈ ਜਿਸ ਦਾ ਪ੍ਰਭਾ ਮੰਡਲ ਧਰਮ ਹੈ।"

ਏਂਗਲਜ਼ ਦੇ ਕਥਨ ਅਨੁਸਾਰ "ਸਾਰੇ ਧਰਮ ਹੋਰ ਕੁਝ ਨਹੀਂ, ਸਗੋਂ ਰੋਜ਼ਾਨਾ ਜ਼ਿੰਦਗੀ ਵਿਚ ਭਾਰੂ ਜਾਂ ਪ੍ਰਬਲ ਸ਼ਕਤੀਆਂ ਦਾ ਮਨੁੱਖੀ ਮਨਾਂ 'ਚ ਬਣਿਆ ਅਕਸ ਹੈ, ਇਕ ਅਕਸ ਜਿਸ ਵਿਚ ਦੁਨਿਆਵੀ ਸ਼ਕਤੀਆਂ ਦੈਵੀ ਰੂਪ ਧਾਰਨ ਕਰ ਲੈਂਦੀਆਂ ਹਨ। ਇਤਿਹਾਸ ਦੇ ਅਰੰਭ ਵਿਚ ਇਹ ਕੁਦਰਤੀ ਸ਼ਕਤੀਆਂ ਹੀ ਸਨ ਜਿਹੜੀਆਂ ਪਹਿਲਾਂ ਇਸ ਤਰ੍ਹਾਂ ਪ੍ਰਗਟ ਹੋਈਆਂ ਅਤੇ ਜਿਹੜੀਆਂ ਅਗਲੇਰੇ ਵਿਕਾਸ ਦੌਰਾਨ ਅੱਡ-ਅੱਡ ਕਬੀਲਿਆਂ ਵਿਚਕਾਰ ਅਨੇਕਾਂ ਤਰ੍ਹਾਂ-ਤਰ੍ਹਾਂ ਦੇ ਗੁੰਝਲਦਾਰ



ਸ਼ਹੀਦ ਕਰਤਾਰ ਸਿੰਘ ਸਰਾਭਾ

ਅਤੇ ਰੰਗ-ਬਰੰਗੇ ਮੂਰਤੀਕਰਨ ਵਿਚ ਬਦਲ ਗਈਆਂ।" (ਏਂਗਲਜ਼, ਐਂਟੀ ਡਿਹੂਰਿੰਗ, ਸਫਾ 410)

ਧਰਮਾਂ ਦਾ ਇਹ ਗੁੰਝਲਦਾਰ ਵਰਤਾਰਾ ਉਨਾ ਚਿਰ ਖਤਮ ਨਹੀਂ ਹੋਣਾ ਜਿੰਨਾ ਚਿਰ ਮਨੁੱਖੀ ਚੇਤਨਾ ਅੰਦਰ ਮਨੁੱਖ ਤੇ ਕੁਦਰਤ ਦਾ ਰਿਸ਼ਤਾ ਸਪੱਸ਼ਟ ਤੇ ਸਿੱਧਾ ਨਹੀਂ ਹੋ ਜਾਂਦਾ। ਇਸ ਬਾਰੇ ਮਾਰਕਸ ਦਾ ਬੜਾ ਸਪੱਸ਼ਟ ਬਿਆਨ ਹੈ, "ਹਕੀਕੀ ਸੰਸਾਰ ਦਾ ਧਾਰਮਿਕ ਅਕਸ ਕਿਸੇ ਵੀ ਸੂਰਤ ਵਿਚ ਅੰਤਿਮ ਤੌਰ 'ਤੇ ਸਿਰਫ ਉਦੋਂ ਹੀ ਮਿਟ ਸਕਦਾ ਹੈ, ਜਦੋਂ ਮਨੁੱਖ ਦੀ ਰੋਜ਼ਾਨਾ ਜ਼ਿੰਦਗੀ ਦੇ ਅਮਲੀ ਰਿਸ਼ਤਿਆਂ ਦਾ ਪਸਾਰ ਤੇ ਮਨੁੱਖ ਦਾ ਆਪਣੇ ਨਾਲਦਿਆਂ ਮਨੁੱਖਾਂ ਬਾਰੇ ਅਤੇ ਕੁਦਰਤ ਨਾਲ ਰਿਸ਼ਤਾ ਬਿਲਕੁੱਲ ਸਪੱਸ਼ਟ ਅਤੇ ਤਰਕਸੰਗਤ ਬਣ ਜਾਂਦਾ ਹੈ।" (ਮਾਰਕਸ, 'ਸਰਮਾਇਆ' ਜਿਲਦ ਪਹਿਲੀ, ਸਫਾ 84)

ਮਾਰਕਸ-ਏਂਗਲਜ਼ ਨੇ ਆਪਣੀਆਂ ਲਿਖਤਾਂ ਅੰਦਰ ਕਿਤੇ ਵੀ ਧਰਮ ਦਾ ਜਾਂ ਕਿਸੇ ਵੀ ਧਰਮ ਦਾ ਅੰਨ੍ਹਾ ਵਿਰੋਧ ਨਹੀਂ ਕੀਤਾ, ਪਰ ਲੈਨਿਨ ਦੀ ਧਰਮ ਬਾਰੇ ਧਾਰਨਾ ਉਨ੍ਹਾਂ ਤੋਂ ਬਿਲਕੁੱਲ ਵੱਖਰੀ ਹੈ, "ਕਮਿਊਨਿਸਟਾਂ ਦੇ ਸਮੁੱਚੇ ਸੰਸਾਰ ਦ੍ਰਿਸ਼ਟੀਕੋਣ ਦਾ ਆਧਾਰ ਵਿਗਿਆਨਕ ਸਮਾਜਵਾਦ, ਭਾਵ ਮਾਰਕਸਵਾਦ ਹੈ। ਮਾਰਕਸਵਾਦ ਦਾ ਫਲਸਫਈ ਆਧਾਰ, ਜਿਵੇਂ ਮਾਰਕਸ ਅਤੇ ਏਂਗਲਜ਼ ਨੇ ਵਾਰ ਵਾਰ ਐਲਾਨ ਕੀਤਾ ਹੈ, ਵਿਰੋਧ-ਵਿਕਾਸੀ ਪਦਾਰਥਵਾਦ ਹੈ ਜੋ ਕੱਟੜ ਤੌਰ 'ਤੇ ਨਾਸਤਕਵਾਦੀ ਅਤੇ ਸਮੁੱਚੇ ਧਰਮ ਦਾ ਪੱਕਾ ਵਿਰੋਧੀ ਹੈ।"

"ਧਰਮ ਲੋਕਾਂ ਲਈ ਅਫੀਮ ਹੈ, ਮਾਰਕਸ ਦਾ ਇਹ ਕਥਨ ਧਰਮ ਸਬੰਧੀ ਸਮੁੱਚੇ ਮਾਰਕਸਵਾਦੀ ਨਜ਼ਰੀਏ ਦਾ ਨੀਂਹ ਪੱਥਰ ਹੈ।"

"ਮਾਰਕਸਵਾਦ ਪਦਾਰਥਵਾਦ ਹੈ। ਇਸ ਲਈ ਉਹ ਧਰਮ ਦਾ ਉਨਾ ਹੀ ਬੇਕਿਰਕ ਦੁਸ਼ਮਣ ਹੈ ਜਿੰਨਾ ਅਠਾਰਵੀਂ ਸਦੀ ਦੇ ਮਹਾਂਕੋਸ਼ਵਾਦੀਆਂ ਜਾਂ ਫਿਉਰਬਾਖ ਦਾ ਪਦਾਰਥਵਾਦ ਸੀ। ਇਹ ਸ਼ੰਕਾ ਰਹਿਤ ਹੈ, ਸਗੋਂ ਮਾਰਕਸ ਅਤੇ ਏਂਗਲਜ਼ ਦਾ ਵਿਰੋਧ-ਵਿਕਾਸੀ ਪਦਾਰਥਵਾਦ ਮਹਾਂਕੋਸ਼ਵਾਦੀਆਂ ਅਤੇ ਫਿਉਰਬਾਖ ਦੇ ਪਦਾਰਥਵਾਦ ਤੋਂ ਵੀ ਅਗਾਂਹ ਜਾਂਦਾ ਹੈ; ਕਿਉਂਕਿ ਇਹ ਪਦਾਰਥਵਾਦੀ ਫਲਸਫੇ ਨੂੰ ਇਤਿਹਾਸ ਦੇ ਖੇਤਰ ਵਿਚ ਅਤੇ ਸਮਾਜੀ ਵਿਗਿਆਨਾਂ ਦੇ ਖੇਤਰ ਵਿਚ ਲਾਗੂ ਕਰਦਾ ਹੈ। ਸਾਨੂੰ ਧਰਮ ਵਿਰੁਧ ਲੜਨਾ ਚਾਹੀਦਾ ਹੈ, ਇਹ ਸਾਰੇ ਪਦਾਰਥਵਾਦ ਦਾ ਅਤੇ ਇਸ ਦੇ ਸਿੱਟੇ ਵਜੋਂ ਮਾਰਕਸਵਾਦ ਦਾ ੳ ਅ ਹੈ, ਪਰ ਮਾਰਕਸਵਾਦ ਅਜਿਹਾ ਪਦਾਰਥਵਾਦ ਨਹੀਂ ਜਿਹੜਾ ੳ ਅ ਉਤੇ ਠਹਿਰ ਜਾਂਦਾ ਹੈ, ਸਗੋਂ ਮਾਰਕਸਵਾਦ ਇਸ ਤੋਂ ਵੀ ਅਗਾਂਹ ਜਾਂਦਾ ਹੈ। ਇਹ ਕਹਿੰਦਾ ਹੈ, ਸਾਨੂੰ ਪਤਾ ਹੋਣਾ ਚਾਹੀਦਾ ਹੈ, ਧਰਮ ਵਿਰੁਧ ਕਿਵੇਂ ਲੜਿਆ ਜਾਵੇ ਅਤੇ ਇੰਜ ਕਰਨ ਲਈ ਸਾਨੂੰ ਪਦਾਰਥਵਾਦੀ ਢੰਗ ਨਾਲ ਧਰਮ ਅਤੇ ਵਿਸ਼ਵਾਸ ਦੇ ਸੋਮਿਆਂ ਦੀ ਜਨਤਾ ਵਿਚ ਵਿਆਖਿਆ ਕਰਨੀ ਚਾਹੀਦੀ ਹੈ।" (ਲੈਨਿਨ, ਕਿਰਤੀਆਂ ਦੀ ਪਾਰਟੀ ਦਾ ਧਰਮ ਵੱਲ ਵਤੀਰਾ, ਜਿਲਦ 9 ਸਫਾ)

ਇਹੀ ਉਹ ਵਖਰੇਵਾਂ ਹੈ ਜਿਸ ਨੇ ਸਿੱਖੀ ਅਤੇ ਕਮਿਊਨਿਜ਼ਮ ਵਿਚ ਨਿਖੇੜਾ ਪੈਦਾ ਕੀਤਾ ਅਤੇ ਕਮਿਊਨਿਸਟ, ਧਰਮ ਬਾਰੇ ਮਾਰਕਸੀ ਧਾਰਨਾਵਾਂ ਛੱਡਦੇ-ਛੱਡਦੇ ਹੌਲੀ-ਹੌਲੀ ਧਰਮ ਦੇ ਕੱਟੜ ਵਿਰੋਧੀ ਬਣ ਗਏ।

ਜਦੋਂ ਸ. ਕਪੂਰ ਸਿੰਘ ਆਪਣੀ ਉਪਰਲੀ ਅਹਿਮ ਲਿਖਤ ਵਿਚ ਇਹ ਕਹਿੰਦੇ ਹਨ, "ਇਸ ਵਿਸ਼ੇ ਤੋਂ ਚੰਗੀ ਤਰ੍ਹਾਂ ਜਾਣੂ ਸੱਜਣ ਇਹ ਜਾਣਦੇ ਹਨ ਕਿ ਸਿੱਖੀ ਵਿਚ ਸਭ ਤੋਂ ਉਚਤਮ ਤੇ ਬੁਲੰਦ ਕਦਰ ਧਰਮ ਹੈ, ਜਦੋਂ ਕਿ ਕਮਿਊਨਿਜ਼ਮ ਲਈ ਤਰਜੀਹ ਸਾਰੇ ਧਰਮਾਂ ਅਤੇ ਧਾਰਮਿਕ ਵਿਹਾਰਾਂ ਨੂੰ ਦਬਾਉਣਾ ਅਤੇ ਖਤਮ ਕਰਨਾ ਹੈ, ਜਿਵੇਂ ਲੈਨਿਨ ਨੇ ਆਪਣੇ ਲੇਖ 'ਜੁਝਾਰੂ ਪਦਾਰਥਵਾਦ ਦੀ ਮਹੱਤਤਾ ਬਾਰੇ' ਵਿਚ ਜ਼ਿਕਰ ਕੀਤਾ ਹੈ ਜਿੱਥੇ ਲੈਨਿਨ ਨੇ ਬੜੀ ਦ੍ਰਿੜ੍ਹਤਾ ਨਾਲ 'ਧਾਰਮਿਕ ਵਿਚਾਰਧਾਰਾ ਵੱਲ ਕਿਸੇ ਵੀ ਵਿਹਾਰੀ ਝੁਕਾਅ' ਦੀ ਨਿਖੇਧੀ ਕੀਤੀ ਹੈ।"

ਹੁਣ ਇਹੀ ਉਹ ਨੁਕਤਾ ਹੈ ਜਿਸ ਦੀ ਸ. ਕਪੂਰ ਸਿੰਘ ਸਹੀ ਨਿਸ਼ਾਨਦੇਹੀ ਕਰ ਰਹੇ ਹਨ। ਅਸਲ ਵਿਚ ਕਾਮਰੇਡ ਲੈਨਿਨ ਅਤੇ ਉਨ੍ਹਾਂ ਤੋਂ ਬਾਅਦ ਦੇ ਕਮਿਊਨਿਸਟ ਆਗੂਆਂ ਦੀ ਧਰਮ ਬਾਰੇ ਇਹੀ ਗਲਤ ਧਾਰਨਾ ਉਨ੍ਹਾਂ ਨੂੰ ਗਦਰ ਪਾਰਟੀ ਵਰਗੀਆਂ ਇਨਕਲਾਬੀ ਜਥੇਬੰਦੀਆਂ ਤੋਂ ਦੂਰ ਲੈ ਗਈ। ਉਨ੍ਹਾਂ ਨੇ ਰੂਹਾਨੀਅਤ ਵਿਹੂਣੇ ਕਮਿਊਨਿਸਟ ਸਮਾਜ ਦੀ ਸਿਰਜਣਾ ਕਰਨ ਦਾ ਬੀੜਾ ਚੁੱਕਿਆ ਜਿਹੜਾ ਕੁਦਰਤ ਤੋਂ ਦੂਰ ਹੁੰਦਾ-ਹੁੰਦਾ ਅੰਤਿਮ ਤੌਰ 'ਤੇ ਸਾਮਰਾਜੀ ਖਪਤਕਾਰੀ ਸੱਭਿਆਚਾਰ ਦੇ ਖਬਤ ਦਾ ਸ਼ਿਕਾਰ ਹੋ ਗਿਆ ਤੇ ਅਸਲੀ ਕਮਿਊਨਿਸਟ ਸਮਾਜ ਦੀ ਸਿਰਜਣਾ ਦਾ ਸੁਪਨਾ ਧੁੰਦਲਾ ਹੁੰਦਾ-ਹੁੰਦਾ ਲੋਪ ਹੋ ਗਿਆ। ਇਹ ਵੱਖਰੇ ਲੇਖ ਦਾ ਮਸਲਾ ਹੈ ਕਿ ਮਾਰਕਸ-ਏਂਗਲਜ਼ ਦੇ ਕਮਿਊਨਿਸਟ ਮਨੁੱਖ ਅਤੇ ਗੁਰਮਤਿ ਤੇ ਪਰਉਪਕਾਰੀ ਮਨੁੱਖ ਦੀ ਸਿਰਜਣਾ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ।

---

# ਨਾਨਕ ਹੁਕਮੈ ਜੇ ਬੁਝੈ

**ਸ਼ਬਦ ਝਰੋਖਾ**



ਬਲਜੀਤ ਬਾਸੀ

ਫੋਨ: 734-259-9353

ਹੁਕਮ ਅਰਬੀ ਅਸਲੇ ਦਾ ਲਫ਼ਜ਼ ਹੈ ਪਰ ਇਹ ਪੰਜਾਬੀ ਵਿਚ ਇਸ ਤਰ੍ਹਾਂ ਓਤਪੋਤ ਹੋ ਚੁਕਾ ਹੈ ਕਿ ਲਗਦਾ ਹੀ ਨਹੀਂ ਇਹ ਦੂਰ ਦੇਸੋਂ ਆਇਆ ਹੋਵੇਗਾ। ਅਸੀਂ ਇਸ ਦੀ ਤਨਜ਼ੀਆ ਲਹਿਜੇ ਵਿਚ ਵੀ ਵਰਤੋਂ ਕਰ ਲੈਂਦੇ ਹਾਂ। "ਉਸ ਨੇ ਰੋਟੀ ਦੀ ਬੁਰਕੀ ਤੋੜੀ ਹੀ ਸੀ ਕਿ ਖਾਣ ਦਾ ਹੁਕਮ ਨਾ ਹੋਇਆ, ਹਰਟ ਅਟੈਕ ਹੋ ਗਿਆ ਤੇ ਵਿਚਾਰਾ ਚਲ ਵਸਿਆ।" ਇਥੇ ਹੁਕਮ ਸ਼ਬਦ ਰੱਬ ਦੀ ਰਜ਼ਾ ਲਈ ਵਰਤਿਆ ਗਿਆ ਹੈ। ਅਕਸਰ ਹੀ ਕੋਈ ਉਕਤੀ ਵਾਰ ਵਾਰ ਵਰਤਣ ਨਾਲ ਮੁਹਾਵਰਾ ਬਣ ਜਾਂਦੀ ਹੈ ਤੇ ਸੁਤੰਤਰ ਅਰਥ ਦੇਣ ਲਗਦੀ ਹੈ। ਸੋ ਇਥੇ ਇਸ ਦਾ ਭਾਵ ਹੋਵੇਗਾ, ਖਾਣ ਦਾ ਟਾਈਮ ਨਹੀਂ ਮਿਲਿਆ।

ਸਾਡੀਆਂ ਭਾਸ਼ਾਵਾਂ ਨੇ ਹੁਕਮ ਸ਼ਬਦ ਤੋਂ ਆਪਣੇ ਮੁਹਾਵਰੇ, ਅਖਾਣ ਵੀ ਸਿਰਜੇ ਹਨ ਜਿਵੇਂ ਹੁਕਮ ਸਿਰ ਮੱਥੇ 'ਤੇ-ਕਿਸੇ ਦਾ ਕਿਹਾ ਪੂਰੇ ਆਦਰ ਸਹਿਤ ਮੰਨ ਲੈਣ ਤੋਂ ਭਾਵ ਹੈ। ਨਾਲੇ ਹੁਕਮ ਬਿਨਾ ਤਾਂ ਪੱਤਾ ਵੀ ਨਹੀਂ ਹਿਲਦਾ। ਜੇ ਕੋਈ ਕਿਸੇ ਤੋਂ ਬਹੁਤਾ ਹੀ ਰੁਹਬ ਨਾਲ ਕੰਮ ਲਵੇ ਤਾਂ ਕਿਹਾ ਜਾਂਦਾ ਹੈ, ਉਹ ਤਾਂ ਹੁਕਮ ਚਲਾਉਂਦਾ ਹੈ। ਹੁਕਮ ਦਾ ਬੱਧਾ ਜਾਂ ਹੁਕਮ ਦਾ ਗੁਲਾਮ ਬਹੁਤੀ ਹੀ ਅਧੀਨਗੀ ਦਿਖਾਉਣ ਵਾਲੇ ਨੂੰ ਕਹਿੰਦੇ ਹਨ। ਆਮ ਵਰਤੋਂ ਵਿਚ ਹੁਕਮ ਵੱਡਿਆਂ ਦਾ ਕਿਹਾ ਹੁੰਦਾ ਹੈ ਜਿਸ ਦੀ ਛੋਟਿਆਂ ਨੇ ਪਾਲਣਾ ਕਰਨੀ ਹੁੰਦੀ ਹੈ। ਹੁਕਮ ਚਲਣਾ ਦਾ ਮਤਲਬ ਸ਼ਾਸਨ ਹੋਣਾ ਤੇ ਲਾਖਣਿਕ ਤੌਰ 'ਤੇ ਕਿਸੇ ਦਾ ਰੁਹਬਦਾਰ ਹੋਣਾ ਹੈ। ਉਮਰ, ਲਿੰਗ, ਰੁਤਬੇ, ਜਾਤਪਾਤ ਦੇ ਲਿਹਾਜ ਨਾਲ ਵੱਡੇ ਛੋਟੇ ਦੀ ਦਰਜਾਬੰਦੀ ਵਿਚ ਬੱਝੇ ਸਮਾਜ ਵਿਚ ਹੁਕਮ ਦੀ ਅਹਿਮੀਅਤ ਇਕ ਵਿਵਸਥਾ ਨੂੰ ਕਾਇਮ ਰਖਣ ਦੀ ਹੈ। ਇਹ ਅਧੀਨਗੀ ਦੇ ਰਿਸ਼ਤੇ ਵੱਲ ਇਸ਼ਾਰਾ ਕਰਦਾ ਹੈ। ਮਾਂ ਬਾਪ ਦਾ ਬੱਚਿਆਂ ਉਤੇ, ਪਤੀ ਦਾ ਪਤਨੀ ਉਤੇ, ਅਧਿਆਪਕ ਦਾ ਸ਼ਿਸ਼ ਉਤੇ, ਅਫ਼ਸਰ ਦਾ ਨੌਕਰ ਉਤੇ, ਜੱਜ ਦਾ ਮੁਜਰਮ ਉਤੇ, ਰਾਜੇ ਦਾ ਪਰਜਾ ਉਤੇ ਅਤੇ ਫਿਰ ਰੱਬ ਦਾ ਸਾਰੀ ਕਾਇਨਾਤ ਉਤੇ। ਹੁਕਮ ਅਦੂਲੀ ਕਰਨ ਨਾਲ ਸਮਾਜਕ ਵਿਵਸਥਾ ਭੰਗ ਹੋ ਜਾਂਦੀ ਹੈ, ਇਸ ਲਈ ਇਸ ਨੂੰ ਗੁਨਾਹ ਜਾਂ ਪਾਪ ਸਮਝਿਆ ਜਾਂਦਾ ਹੈ।

ਸਿੱਖ ਤੇ ਸਾਮੀ ਧਰਮਾਂ ਵਿਚ ਹੁਕਮ ਦੀ ਧਾਰਨਾ ਕੇਂਦਰੀ ਸਥਾਨ ਰਖਦੀ ਹੈ। ਜਪੁਜੀ ਸਾਹਿਬ ਦੀ ਸੱਤਵੀਂ ਸਤਰ ਵਿਚ ਹੀ ਇਹ ਸ਼ਬਦ ਆ ਜਾਂਦਾ ਹੈ, ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ਭਾਵ ਦਿਖਾਵੇ ਦੀਆਂ ਵਿਧੀਆਂ ਨਾਲੋਂ ਰੱਬ ਦੀ ਰਜ਼ਾ ਵਿਚ ਤੁਰਨ ਨਾਲ ਹੀ ਸੰਸਾਰ ਦਾ ਭੇਤ ਪਾਇਆ ਜਾ ਸਕਦਾ ਹੈ। ਹੁਕਮ ਤੇ ਰਜਾਇ ਸ਼ਬਦ ਸਾਡੀ ਭਾਸ਼ਾ ਵਿਚ ਅਕਸਰ ਹੀ ਇਕੱਠੇ ਆ ਜਾਂਦੇ ਹਨ। ਵਾਰਿਸ ਸ਼ਾਹ ਲਿਖਦਾ ਹੈ,

ਰਜ਼ਾਇ ਅੱਲਾਹ ਦੀ ਹੁਕਮ ਕਤਈ ਜਾਣੋ,
ਕੁਤਬ ਕੋਹ ਕਾਹਬਾ ਹੈ ਮਾਮੂਲ ਨਾਹੀਂ।

ਜਪੁਜੀ ਸਾਹਿਬ ਵਿਚ ਹੀ ਦੋ ਦਰਜਨ ਤੋਂ ਵਧ ਵਾਰ ਇਸ ਦੀ ਵਰਤੋਂ ਹੋਈ ਮਿਲਦੀ ਹੈ। ਧਰਮਾਂ ਵਿਚ ਆਮ ਤੌਰ 'ਤੇ 'ਹੁਕਮ' ਰੱਬ ਦੇ ਆਦੇਸ਼ ਵੱਲ ਇਸ਼ਾਰਾ ਕਰਦਾ ਹੈ ਜਿਸ ਅਨੁਸਾਰ ਸਾਰਾ ਬ੍ਰਹਿਮੰਡ ਚਲਦਾ ਹੈ। ਧਿਆਨ ਨਾਲ ਘੋਖਣ 'ਤੇ ਪਤਾ ਲਗਦਾ ਹੈ ਕਿ ਹੁਕਮ ਇਕ ਤਰ੍ਹਾਂ ਅੰਗਰੇਜ਼ੀ ਸ਼ਬਦ ਆਰਡਰ ਵਾਲੇ ਦੋ ਅਰਥ ਰਖਦਾ ਹੈ। ਜਿਵੇਂ ਆਰਡਰ ਦਾ ਅਰਥ ਕਿਸੇ ਨੂੰ ਆਦੇਸ਼ ਦੇਣਾ ਵੀ ਹੈ ਤੇ ਕਿਸੇ ਪ੍ਰਬੰਧ ਨੂੰ ਵਿਵਸਥਾ ਜਾਂ ਤਰਤੀਬ ਵਿਚ ਰੱਖਣਾ ਵੀ ਹੈ। ਜਦ ਜੱਜ ਮੇਜ਼ 'ਤੇ ਹਥੌੜਾ ਮਾਰਦਾ ਹੋਇਆ 'ਆਰਡਰ ਆਰਡਰ' ਕਹਿੰਦਾ ਹੈ ਤਾਂ ਉਹ ਇਕੋ ਵੇਲੇ ਆਪਣੀ ਪ੍ਰਭੁਤਾ ਵੀ ਜਤਲਾ ਰਿਹਾ ਹੁੰਦਾ ਹੈ ਤੇ ਰੌਲੇ ਗੌਲੇ ਵਿਚ ਵਿਵਸਥਾ ਵੀ ਕਾਇਮ ਕਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਗੁਰਬਾਣੀ ਵਿਚ ਜਿਥੇ ਇਕ ਪਾਸੇ ਇਹ ਰੱਬ ਦੀ ਰਜ਼ਾ ਅਨੁਸਾਰ ਆਦੇਸ਼ ਦੇ ਅਰਥ ਦਿੰਦਾ ਹੈ ਉਥੇ ਨਾਲ ਹੀ ਇਸ ਸਾਰੀ ਕਾਇਨਾਤ ਦੇ ਇਕ ਵਿਵਸਥਿਤ ਰੂਪ ਵਿਚ ਹੋਣ ਦੇ ਵੀ ਅਰਥ ਦਿੰਦਾ ਹੈ, "ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥" ਇਸ ਤਰ੍ਹਾਂ ਰੱਬ ਇਕ ਅਟੱਲ ਨਿਯਮ ਦਾ ਅਰਥਾਵਾਂ ਵੀ ਬਣ ਜਾਂਦਾ ਹੈ। ਅਰਦਾਸ ਵਿਚ 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ' ਕਹਿ ਕੇ ਸਿੱਖਾਂ ਵਿਚ ਹੁਕਮ ਦਾ ਸੰਕਲਪ ਸਦਾ ਦ੍ਰਿੜ ਕੀਤਾ ਜਾਂਦਾ ਹੈ। ਭਾਈ ਗੁਰਦਾਸ ਨੇ ਵੀ ਹੁਕਮ ਦੀ ਸਰਵੁਚਤਾ ਦਰਸਾਈ ਹੈ,

ਮੰਨੈ ਸਤਿਗੁਰ ਹੁਕਮੁ ਹੁਕਮਿ ਮੰਨਾਇਆ
ਭਾਣਾ ਮੰਨੈ ਹੁਕਮਿ ਗੁਰ ਫਰਮਾਇਆ।

ਹੁਕਮ ਸ਼ਬਦ ਕੁਰਾਨ ਸ਼ਰੀਫ ਵਿਚ ਵੀ ਆਇਆ ਹੈ ਤੇ ਮੋਟੇ ਤੌਰ 'ਤੇ ਹੀ ਅਰਥ ਰਖਦਾ ਹੈ ਅਰਥਾਤ ਰੱਬ ਦੀ ਪਭੁਤਾ, ਉਸ ਦਾ ਫੈਸਲਾ, ਉਸ ਦੀ ਰਜ਼ਾ। ਇਸਲਾਮ ਅਨੁਸਾਰ ਸ਼ਰਾਅ ਦੀ ਪਾਲਣਾ, ਹਰਾਮ-ਹਲਾਲ ਦਾ ਭੇਦ, ਫਤਵਾ, ਅਦਾਲਤ ਦਾ ਫੈਸਲਾ, ਵਾਲਿਦ ਅਤੇ ਹਕੂਮਤ ਦੇ ਆਦੇਸ਼ ਹੁਕਮ ਕਹਾਉਂਦੇ ਹਨ। ਸ਼ਰੀਅਤ ਅਨੁਸਾਰ ਹੁਕਮ ਦਾ ਸਬੰਧ ਸੰਸਾਰਕ ਮਾਮਲਿਆਂ ਸਬੰਧੀ ਕਾਨੂੰਨ, ਉਨ੍ਹਾਂ ਦੇ ਮੁਲਾਂਕਣ ਅਤੇ ਫੈਸਲਿਆਂ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਮੁਹੰਮਦ ਪਿਛੋਂ ਸਰਕਾਰੀ ਅਤੇ ਨਿਆਇਕ ਫੈਸਲਿਆਂ ਨੂੰ ਹੁਕਮ ਕਿਹਾ ਜਾਣ ਲੱਗਾ। ਹੁਕਮ ਦਾ ਅਰਬੀ ਵਿਚ ਬਹੁਵਚਨ ਅਹਿਕਾਮ ਹੈ। ਅਰਬੀ ਵਿਚ ਸਰਕਾਰ ਨੂੰ ਹੂਕੂਮਾ ਕਹਿੰਦੇ ਹਨ ਅਤੇ ਨਿਆਇਕ ਫੈਸਲੇ ਨੂੰ ਹੁਕਮ। ਇਸ ਤਰ੍ਹਾਂ ਰੱਬ ਨੂੰ ਜਦ ਹੁਕਮ ਦਾ ਸ੍ਰੋਤ ਮੰਨਿਆ ਜਾਂਦਾ ਹੈ ਤਾਂ ਇਸ ਦਾ ਭਾਵ ਇਕੋ ਵੇਲੇ ਰੱਬ ਦੀ ਪ੍ਰਭੂਸੱਤਾ ਅਤੇ ਉਸ ਦੀ ਨਿਆਇਕ ਸ਼ਕਤੀ 'ਤੇ ਜ਼ੋਰ ਦੇਣਾ ਹੈ। ਸਿੱਖ ਧਰਮ ਵਿਚ 'ਹੁਕਮ' ਸ਼ਬਦ ਲੱਗਭਗ ਇਨ੍ਹਾਂ ਅਰਥਾਂ ਵਿਚ ਹੀ ਹੈ।

ਅਰਬੀ ਦਾ ਇਕ ਧਾਤੂ ਹੈ 'ਹ-ਕ-ਮ' ਜਿਸ ਦਾ ਮੁਢਲਾ ਅਰਥ 'ਨਿਯੰਤ੍ਰਣ ਕਰਨਾ, ਕਾਬੂ ਵਿਚ ਰੱਖਣਾ' ਆਦਿ ਹੈ। ਇਸੇ ਤੋਂ ਹੁਕਮ ਬਣਿਆ। 'ਹੁਕਮਨਾਮਾ' ਇਕ ਤਰ੍ਹਾਂ ਦਾ ਲਿਖਤੀ ਹੁਕਮ ਜਾਂ ਫਰਮਾਨ ਹੈ ਜੋ ਇਕ ਹਾਕਿਮ ਵਲੋਂ ਆਪਣੇ 'ਮਹਿਕੂਮਾਂ' ਨੂੰ ਪਾਲਣਾ ਹਿਤ ਭੇਜਿਆ ਜਾਂਦਾ ਹੈ। ਇਹ ਅਦਾਲਤ ਵਲੋਂ ਵੀ ਹੋ ਸਕਦਾ ਹੈ, ਸਰਕਾਰ ਵਲੋਂ ਵੀ ਅਤੇ ਧਾਰਮਿਕ ਅਧਿਕਾਰੀ ਵਲੋਂ ਵੀ। ਜਿਵੇਂ ਗੁਰੂਆਂ ਜਾਂ ਪਿਛੋਂ ਮਾਤਾ ਸੁੰਦਰੀ ਵਲੋਂ ਸਿੱਖਾਂ ਨੂੰ ਜਾਰੀ ਕੀਤੇ ਆਗਿਆਪੱਤਰ। ਅੱਜ ਕਲ੍ਹ ਸਿੱਖ ਧਰਮ ਸਬੰਧੀ ਅਕਾਲ ਤਖਤ ਵਲੋਂ ਸਿੱਖਾਂ ਨੂੰ ਦਿੱਤੀਆਂ ਹਦਾਇਤਾਂ ਹੁਕਮਨਾਮਾ ਕਹਾਉਂਦੀਆਂ ਹਨ। ਦਰਬਾਰ ਸਾਹਿਬ ਤੋਂ ਰੋਜ਼ ਗੁਰਬਾਣੀ 'ਚੋਂ ਜਾਰੀ ਹੁੰਦੇ ਮੁਖਵਾਕ ਨੂੰ ਵੀ ਹੁਕਮਨਾਮਾ ਕਿਹਾ ਜਾਂਦਾ ਹੈ। ਹੁਕਮ ਤੋਂ ਹੀ ਅੱਗੇ ਹਾਕਿਮ ਸ਼ਬਦ ਬਣਿਆ ਜਿਸ ਦਾ ਮੁਖ ਅਰਥ ਤਾਂ ਸ਼ਾਸਕ ਹੈ ਪਰ ਇਹ ਇਕ ਗਵਰਨਰ ਜਿਹੇ ਅਹੁਦੇ ਵਜੋਂ ਵੀ ਵਰਤਿਆ ਜਾਣ ਲੱਗਾ। ਇਸ ਦਾ ਇਕ ਅਰਥ ਸਾਲਸੀ ਅਰਥਾਤ ਫੈਸਲਾ ਕਰਨ ਵਾਲਾ ਵੀ ਹੈ। ਅੱਲਾ ਦਾ ਇਕ ਨਾਂ ਅਲ-ਹਾਕਿਮ ਹੈ। ਗ੍ਰੰਥ ਸਾਹਿਬ ਵਿਚ 'ਹੁਕਮੀ' ਸ਼ਬਦ ਲਗਭਗ ਇਸੇ ਅਰਥ ਵਿਚ ਆਇਆ ਹੈ, "ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥"

ਤਾਸ਼ ਦੇ ਇਕ ਰੰਗ ਵਜੋਂ ਹੁਕਮ ਦਾ ਭਾਵ ਹੈ ਨਿਯਮ ਅਨੁਸਾਰ ਸਭ ਤੋਂ ਪਹਿਲਾਂ ਸੁੱਟਿਆ ਜਾਣ ਵਾਲਾ ਪੱਤਾ। ਹੁਕਮ, ਹੁਕਮਾ ਤੇ ਹਾਕਮ ਖਾਸ ਨਾਂ ਵੀ ਹੁੰਦੇ ਹਨ। ਹੁਕਮ ਸਿੰਘ ਲੋਕ ਸਭਾ ਦਾ ਸਪੀਕਰ ਰਹਿ ਚੁੱਕਾ ਹੈ।

ਹਾਕਮ ਤੋਂ ਬਣੇ ਸ਼ਬਦ 'ਹਾਕਮਾਨਾ' ਵਿਚ ਧੌਂਸਕਾਰੀ ਭਾਵ ਸਮਾ ਗਏ। ਇਸ ਤੋਂ ਅੱਗੇ ਸਰਕਾਰ ਦੇ ਅਰਥਾਂ ਵਾਲਾ ਹਕੂਮਤ ਸ਼ਬਦ ਬਣਿਆ। ਹਕੂਮਤ ਦਾ ਅਰਥ ਰਾਜ ਪ੍ਰਬੰਧ ਵੀ ਹੈ ਪਰ ਆਮ ਬੋਲ ਚਾਲ ਵਿਚ ਹਕੂਮਤ ਚਲਾਉਣਾ ਦਾ ਮਤਲਬ ਆਪਣੇ ਅਧਿਕਾਰ ਦੀ ਰੁਹਬ ਨਾਲ ਵਰਤੋਂ ਕਰਨਾ ਹੈ। ਦੂਜੇ ਦੀ ਆਗਿਆ ਅਨੁਸਾਰ ਕੰਮ ਕਰਨ ਵਾਲਾ ਹੁਕਮੀ ਹੈ ਜਿਵੇਂ ਮੈਂ ਤਾਂ ਹੁਕਮੀ ਬੰਦਾ ਹਾਂ, ਮੇਰਾ ਕੀ ਕਸੂਰ। ਹੁਕਮੀ ਦਾ ਅਰਥ ਅਚੁਕ ਵੀ ਹੈ ਜਿਵੇਂ ਹੁਕਮੀ ਦਵਾ, ਹੁਕਮੀ ਤੀਰ। ਹੁਕਮਅੰਦੇਜ਼ ਦਾ ਵੀ ਇਹੀ ਅਰਥ ਹੁੰਦਾ ਹੈ। ਇਸ ਦਾ ਅਰਥ ਅਵੱਸ਼ ਪਾਲਿਆ ਜਾਣ ਵਾਲਾ ਹੁਕਮ ਵੀ ਹੈ। ਹੁਕਮੀਆ ਉਹ ਕਾਰਜ ਜਾਂ ਬੋਲ ਹੈ ਜਿਸ ਵਿਚੋਂ ਧੌਂਸ ਦੀ ਬੂ ਆਵੇ। ਸਿਧੇ ਜਾਂ ਟੇਢੇ ਢੰਗ ਨਾਲ ਹਕੂਮਤ ਚਲਾਉਣ ਵਾਲਾ ਹੁਕਮਰਾਨ ਹੁੰਦਾ ਹੈ, "ਸਰਕਾਰ ਲਾਖ ਜਗ ਮੇਂ ਹੂਏ ਸਦਹਾ ਹੁਕਮਰਾਨ।" ਸ਼ਾਸਨ ਚਲਾਉਣ ਦੇ ਭਾਵ ਲਈ ਹੁਕਮਰਾਨੀ ਸ਼ਬਦ ਹੈ, "ਜਮੀਂ ਸਾਰੀ ਪਰ ਹੁਕਮਰਾਨੀ ਹੂਈ। ਬਾਹਰ ਕੌਮ ਪਰ ਮੈਹਰਬਾਨੀ ਹੂਈ।" -ਭਗਤ ਕਬੀਰ। ਹੁਕਮ ਤੋਂ ਮਹਿਕੂਮ ਸ਼ਬਦ ਬਣਿਆ ਜਿਸ ਦਾ ਅਰਥ ਹੈ, ਅਧੀਨ ਜਾਂ ਪਰਜਾ ਅਰਥਾਤ ਜਿਨ੍ਹਾਂ ਉਤੇ ਹੁਕਮ ਚਲਾਇਆ ਜਾਵੇ।

'ਹੁਕਮ' ਦਾ ਇਕ ਅਰਥ ਮਜ਼ਬੂਤ ਜਾਂ ਪਾਏਦਾਰ ਬਣਾਉਣਾ ਹੁੰਦਾ ਹੈ। ਉਪਰ ਹੁਕਮੀ ਦਵਾ ਜਾਂ ਤੀਰ ਵਿਚ ਏਹੀ ਭਾਵ ਕੰਮ ਕਰਦਾ ਹੈ। ਇਸ ਤੋਂ ਹੀ ਅੱਗੇ 'ਮੁ' ਅਗੇਤਰ ਲੱਗ ਕੇ 'ਮੁਹਕਮ' ਸ਼ਬਦ ਬਣਿਆ। ਇਹ ਸ਼ਬਦ 'ਹੁਕਮ' ਦਾ ਭੂਤਕਾਲ ਹੈ ਤੇ ਅਰਥ ਹੋਇਆ ਮਜ਼ਬੂਤ, ਪਾਏਦਾਰ, ਨਿੱਗਰ, ਦ੍ਰਿੜ, ਪੱਕਾ, ਟਿਕਾਊ। ਕੁਰਾਨ ਦੀਆਂ ਆਇਤਾਂ ਦੇ ਸੰਦਰਭ ਵਿਚ ਇਸ ਦਾ ਅਰਥ ਹੈ ਪ੍ਰਤੱਖ, ਜੋ ਦੋ-ਅਰਥਾ ਨਾ ਹੋਵੇ ਅਰਥਾਤ ਪੁਖਤਾ, ਸਵੈ ਸਿਧ। ਜਿਵੇਂ "ਅੱਲਾ ਸਿਫਤਾਂ ਦਾ ਹੱਕਦਾਰ ਹੈ।" ਗੁਰੂ ਅਰਜਨ ਦੇਵ ਨੇ ਮੁਹਕਮ ਸ਼ਬਦ ਮਜ਼ਬੂਤ ਦੇ ਅਰਥਾਂ ਵਿਚ ਵਰਤਿਆ ਹੈ, "ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ" ਅਰਥਾਤ ਵਿਕਾਰਾਂ ਦਾ ਕੋੜਮਾ (ਕੋਮ) ਬਹੁਤ ਵੱਡਾ ਹੈ, ਇਹ ਕਾਬੂ ਨਹੀਂ ਆਉਂਦਾ, ਇਸ ਦੀ ਫੌਜ ਮਜ਼ਬੂਤ ਤੇ ਹਠ ਵਾਲੀ ਹੈ। ਅਰਬੀ ਫਾਰਸੀ ਵਿਚ ਮੁਹਕਮ ਦ੍ਰਿੜ ਆਚਰਣ ਵਾਲੀ ਔਰਤ ਨੂੰ ਵੀ ਕਹਿੰਦੇ ਹਨ। ਮੁਹਕਮ ਵਿਅਕਤੀ ਦੇ ਨਾਂ ਵੀ ਹੁੰਦੇ ਹਨ। ਮੁਹਕਮ ਸਿੰਘ ਇਕ ਪੰਜ ਪਿਆਰੇ ਦਾ ਨਾਂ ਸੀ ਤੇ ਮੁਹਕਮ ਚੰਦ ਰਣਜੀਤ ਸਿੰਘ ਦਾ ਇਕ ਜਰਨੈਲ। ਹਕਮ ਤੋਂ ਅਰਬੀ 'ਮਹਿਕਮਤ' ਬਣਿਆ ਜੋ ਫਾਰਸੀ ਵਿਚ ਆ ਕੇ 'ਮਹਿਕਮਾ' ਦਾ ਰੂਪ ਧਾਰ ਗਿਆ। ਇਸ ਦਾ ਅਸਲੀ ਅਰਥ 'ਫੈਸਲਾ ਕਰਨ ਵਾਲੀ ਜਗਹ' ਹੈ। ਫਾਰਸੀ ਵਿਚ ਮਹਿਕਮਾ-ਏ-ਅਦਾਲਤ ਦਾ ਅਰਥ ਕਚਹਿਰੀ ਹੈ। ਅਸੀਂ ਇਸ ਸ਼ਬਦ ਨੂੰ ਵਿਭਾਗ ਦੇ ਅਰਥਾਂ ਵਜੋਂ ਜਾਣਦੇ ਹਾਂ।

ਹੁਕਮ ਤੋਂ ਇਕ ਹੋਰ ਅਹਿਮ ਸ਼ਬਦ ਵਿਉਤਪਤ ਹੋਇਆ ਹੈ-ਹਿਕਮ ਜਿਸ ਦਾ ਅਰਥ ਸਿਆਣਪ, ਗਿਆਨ, ਵਿਗਿਆਨ ਹੈ। ਇਸ ਤੋਂ ਨਿਰਮਿਤ ਹੋਇਆ ਆਮ ਵਰਤੀਂਦਾ ਸ਼ਬਦ ਹੈ, ਹਕੀਮ। ਪੰਜਾਬੀ ਵਿਚ ਹਕੀਮ ਇਲਮ ਤਿਬੀ ਦਾ ਪੇਸ਼ਾ ਕਰਨ ਵਾਲੇ ਨੂੰ ਕਹਿੰਦੇ ਹਨ। ਨੀਮ ਹਕੀਮ ਖਤਰਾ-ਏ-ਜਾਨ ਹੁੰਦੇ ਹਨ। ਅਰਬੀ ਫਾਰਸੀ ਵਿਚ ਡਾਕਟਰ, ਵੈਦ ਤੋਂ ਇਲਾਵਾ ਇਸ ਦਾ ਅਰਥ ਬੁਧੀਮਾਨ, ਸਿਆਣਾ, ਦਾਰਸ਼ਨਿਕ ਵੀ ਹੁੰਦਾ ਹੈ ਮਿਸਾਲ ਵਜੋਂ ਅਰਸਤੂ ਨੂੰ ਹਕੀਮ ਅਰਸਤੂ ਕਿਹਾ ਜਾਵੇਗਾ। ਹਕੀਮੀ ਦੇ ਪੇਸ਼ੇ ਨੂੰ ਹਿਕਮਤ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਹਿਕਮਤਿ ਚਤੁਰਾਈ, ਚਲਾਕੀ, ਕਾਰੀਗਰੀ ਦੇ ਅਰਥਾਂ ਵਿਚ ਆਇਆ ਹੈ, "ਕਰਮਿ ਮਿਲੈ ਤਾ ਪਾਈਐ ਹੋਰ ਹਿਕਮਿਤ ਹੁਕਮੁ ਖੁਆਰ॥" -ਗੁਰੂ ਨਾਨਕ। ਭਾਵ ਰੱਬ ਮਿਹਰ ਨਾਲ ਤਾਂ ਮਿਲ ਪੈਂਦਾ ਹੈ ਹੋਰ ਚੁਸਤੀਆਂ ਚਲਾਕੀਆਂ ਵਰਤਣਾ ਵਿਅਰਥ ਹੈ। ਹਕੀਮ ਖਾਸ ਨਾਂ ਵੀ ਤੇ ਅਹੁਦਾ ਵੀ ਹੁੰਦਾ ਹੈ। ਹਿਕਮਤ ਸ਼ਬਦ ਅਰਬੀ ਤੇ ਤੁਰਕੀ ਵਿਚ ਵਿਅਕਤੀਆਂ ਦੇ ਨਾਂ ਵਜੋਂ ਵੀ ਵਰਤੇ ਜਾਂਦੇ ਹਨ। ਨਾਜ਼ਿਮ ਹਿਕਮਤ ਤੁਰਕੀ ਦਾ ਇਕ ਉਘਾ ਨਿਕਲਾਬੀ ਸ਼ਾਇਰ ਹੋਇਆ ਹੈ।

## ਤੁਸੀਂ ਪੜ੍ਹ ਚੁਕੇ ਹੋ...

*ਅਫਗਾਨਿਸਤਾਨ ਦੇ ਸ਼ਹਿਰ ਗਜ਼ਨੀ ਵਿਚ ਸਾਲ 2008 'ਚ 17 ਜੁਲਾਈ ਦੀ ਸ਼ਾਮ ਨੂੰ ਇਕ ਮੁਟਿਆਰ ਗ੍ਰਿਫਤਾਰ ਹੋਈ। ਇਹ ਮੁਟਿਆਰ ਕੋਈ ਹੋਰ ਨਹੀਂ, ਅਮਰੀਕੀ ਜਾਂਚ ਏਜੰਸੀ ਐਫ.ਬੀ.ਆਈ. ਦੁਆਰਾ ਐਲਾਨੀ ਗਈ ਦੁਨੀਆਂ ਦੀ ਸਭ ਤੋਂ ਖਤਰਨਾਕ ਅਤਿਵਾਦੀ ਔਰਤ ਆਫੀਆ ਸਦੀਕੀ ਸੀ। ਪਾਕਿਸਤਾਨ ਵਿਚ ਰਹਿੰਦਿਆਂ ਆਫੀਆ ਦੀ ਮਾਂ ਇਸਮਤ ਜਹਾਨ ਮਜ਼ਹਬੀ ਤਾਲੀਮ ਦੇ ਖੇਤਰ ਵਿਚ ਬੜੀ ਤੇਜ਼ੀ ਨਾਲ ਉਭਰੀ ਸੀ। ਅੰਮੀ ਦੀ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਡੂੰਘਾ ਅਸਰ ਹੋਇਆ। ਜਨਰਲ ਜ਼ਿਆ-ਉਲ-ਹੱਕ ਦੇ ਕਾਰਜਕਾਲ ਵੇਲੇ ਉਸ ਦਾ ਰੁਤਬਾ ਹੋਰ ਵੀ ਵੱਡਾ ਹੋ ਗਿਆ। ਉਸ ਦਾ ਪਰਿਵਾਰ ਜਨਰਲ ਜ਼ਿਆ ਅਤੇ ਹੋਰ ਵੱਡੇ ਲੋਕਾਂ ਦੇ ਸਿੱਧਾ ਸੰਪਰਕ ਵਿਚ ਆ ਗਿਆ। ਪਾਕਿਸਤਾਨ ਤੋਂ ਅਫਗਾਨਿਸਤਾਨ ਜਾਣ ਵਾਲਾ ਪਹਿਲਾ ਲੜਾਕਾ ਜਹਾਦੀ ਗਰੁਪ ਸਦੀਕੀ ਪਰਿਵਾਰ ਦੇ ਘਰ ਤੋਂ ਥੋੜ੍ਹੀ ਹੀ ਦੂਰ ਸਥਿਤ ਬਿਨੂਰੀ ਕਸਬੇ ਦੀ ਮਸਜਿਦ 'ਚੋਂ ਵਿਦਾ ਹੋਇਆ ਸੀ। ਜਨਰਲ ਜ਼ਿਆ ਦੀ ਅਚਾਨਕ ਹੋਈ ਮੌਤ ਪਰਿਵਾਰ ਲਈ ਅਸਹਿ ਸੀ। ਪਰਿਵਾਰ ਨੇ ਨਵੇਂ ਸਿਰਿਓਂ ਸੋਚਿਆ। ਆਫੀਆ ਦਾ ਭਰਾ ਮੁਹੰਮਦ ਅਲੀ ਪੜ੍ਹਾਈ ਲਈ ਅਮਰੀਕਾ ਗਿਆ ਹੋਇਆ ਸੀ। ਆਫੀਆ ਵੀ ਪੜ੍ਹਾਈ ਵਾਸਤੇ ਅਮਰੀਕਾ ਪੁੱਜ ਗਈ। ਮੁਹੰਮਦ ਅਲੀ ਦੇ ਅਪਾਰਟਮੈਂਟ ਵਿਚ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਹ ਪੜ੍ਹਾਈ 'ਚ ਤਿੱਖੀ ਸੀ ਅਤੇ ਹਰ ਗੱਲ ਮਜ਼ਹਬ ਨੂੰ ਕੇਂਦਰ ਵਿਚ ਰੱਖ ਕੇ ਹੀ ਕਰਦੀ ਸੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਸਭ ਤੋਂ ਬਿਹਤਰ ਮਜ਼ਹਬ ਜਾਪਦਾ ਸੀ। ਉਹ ਦੂਜੇ ਮਜ਼ਹਬਾਂ ਦੀ ਕਦਰ ਵੀ ਨਾ ਕਰਦੀ। ਅਮਰੀਕਾ ਦੀ ਧਾੜਵੀ ਪਹੁੰਚ ਦੀ ਉਹ ਤਿੱਖੀ ਨੁਕਤਾਚੀਨੀ ਕਰਦੀ। ਉਸ ਦੀ ਲੋਚਾ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਸੀ।...ਹੁਣ ਅੱਗੇ ਪੜ੍ਹੋ...*

# ਆਫੀਆ ਸਦੀਕੀ ਦਾ ਜਹਾਦ

## ਕਿਸ਼ਤ ਤੀਜੀ



*1972 ਵਿਚ ਪਾਕਿਸਤਾਨ 'ਚ ਜੰਮੀ ਆਫੀਆ ਸਦੀਕੀ ਦੀ ਇਹ ਕਹਾਣੀ 'ਆਫੀਆ ਸਦੀਕੀ ਦਾ ਜਹਾਦ' ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਆਫੀਆ ਨੇ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕੀਤੀ ਅਤੇ ਡਾਕਟਰ ਬਣੀ, ਪਰ ਉਸ ਦੇ ਜ਼ਿਹਨ ਵਿਚ ਉਸ ਸਿੱਖਿਆ ਨੇ ਵਾਹਵਾ ਉਥਲ-ਪੁਥਲ ਮਚਾਈ ਜੋ ਉਸ ਨੇ ਆਪਣੀ ਅੰਮੜੀ ਦੀਆਂ ਮਜ਼ਹਬੀ ਤਕਰੀਰਾਂ ਤੋਂ ਗ੍ਰਹਿਣ ਕੀਤੀ ਸੀ। ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਸ ਕੁੜੀ ਦਾ ਨਾਂ ਇੰਨੀ ਵੱਡੀ ਪੱਧਰ ਉਤੇ ਜਹਾਦ ਨਾਲ ਜੁੜ ਜਾਵੇਗਾ। ਬਾਅਦ ਵਿਚ ਅਮਰੀਕੀ ਜੇਲ੍ਹਾਂ ਵਿਚ ਇਸ ਕੁੜੀ ਨਾਲ ਜੋ ਹੋਈ-ਬੀਤੀ, ਉਹ ਸੁਣ ਕੇ ਤਾਂ ਪੱਥਰ-ਦਿਲ ਵੀ ਕੰਬ ਉਠਦੇ ਹਨ। ਇਹ ਅਸਲ ਵਿਚ ਇਕੱਲੀ ਆਫੀਆ ਦੀ ਕਥਾ-ਕਹਾਣੀ ਨਹੀਂ, ਸਗੋਂ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ। ਅੱਜਕੱਲ੍ਹ ਇਹ ਕੁੜੀ ਅਮਰੀਕੀ ਜੇਲ੍ਹ ਵਿਚ ਬੰਦ ਹੈ ਅਤੇ ਉਸ ਨੂੰ 86 ਸਾਲ ਦੀ ਸਜ਼ਾ ਮਿਲੀ ਹੋਈ ਹੈ। ਲੇਖਕ ਹਰਮਹਿੰਦਰ ਚਾਹਲ ਨੇ ਆਫੀਆ ਦੀ ਇਸ ਕਹਾਣੀ ਦੇ ਬਹਾਨੇ ਉਸ ਉਬਾਲੇ ਮਾਰਦੇ ਵਕਤ ਦੀ ਬਾਤ ਪਾਈ ਹੈ ਜਦੋਂ ਆਲਾ-ਦੁਆਲਾ ਬਹੁਤ ਤੇਜ਼ੀ ਨਾਲ ਕਰਵਟਾਂ ਲੈ ਰਿਹਾ ਸੀ ਅਤੇ ਮਾਸੂਮ ਜਿੰਦਾਂ ਇਨ੍ਹਾਂ ਕਰਵਟਾਂ ਦੇ ਰੂ-ਬ-ਰੂ ਹੋ ਰਹੀਆਂ ਸਨ। ਹਰਮਹਿੰਦਰ ਚਹਿਲ ਦੀ ਇਹ ਲੰਮੀ ਰਚਨਾ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪ੍ਰਕਾਸ਼ਤ ਕਰ ਰਹੇ ਹਾਂ। -ਸੰਪਾਦਕ*

ਆਫੀਆ, ਮੈਸਾਚੂਸੈਟਸ ਸਟੇਟ ਦੇ ਲੋਗਨ ਇੰਟਰਨੈਸ਼ਨਲ ਏਅਰਪੋਰਟ, ਬੋਸਟਨ ਉਤਰੀ। ਉਥੋਂ ਉਹ ਟੈਕਸੀ ਲੈ ਕੇ ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ (ਐਮ. ਆਈ. ਟੀ.) ਵੱਲ ਚੱਲ ਪਈ। ਟੈਕਸੀ ਬੋਸਟਨ ਸ਼ਹਿਰ ਦੀਆਂ ਸੜਕਾਂ 'ਤੇ ਭੱਜ ਰਹੀ ਸੀ ਤੇ ਆਫੀਆ ਕਿਸੇ ਵਿਸਮਾਦ ਜਿਹੇ ਵਿਚ ਡੁੱਬੀ ਹੋਈ ਸੀ। ਉਸ ਨੂੰ ਪਹਿਲੀਆਂ ਨਜ਼ਰਾਂ 'ਚ ਹੀ ਬੋਸਟਨ ਸ਼ਹਿਰ ਭਾਅ ਗਿਆ ਤੇ ਬਹੁਤ ਸੋਹਣਾ ਲੱਗਿਆ। ਪਤਾ ਹੀ ਨਾ ਲੱਗਿਆ



**ਹਰਮਹਿੰਦਰ ਚਹਿਲ**
ਫੋਨ: 703-362-3239
e-mail: chahals57@yahoo.com

ਕਿ ਟੈਕਸੀ ਕਦੋਂ ਯੂਨੀਵਰਸਿਟੀ ਨੇੜਲੇ ਹੋਟਲ ਜਾ ਰੁਕੀ। ਟੈਕਸੀ ਡਰਾਈਵਰ ਦੇ ਬੁਲਾਉਣ 'ਤੇ ਆਫੀਆ ਖਿਆਲਾਂ 'ਚੋਂ ਨਿਕਲੀ। ਕਿਰਾਇਆ ਦੇ ਕੇ ਉਸ ਨੇ ਸਮਾਨ ਚੁੱਕ ਲਿਆ। ਹੋਟਲ 'ਚ ਕਮਰਾ ਲੈ ਕੇ ਸਾਮਾਨ ਵਗੈਰਾ ਉਥੇ ਟਿਕਾ ਕੇ ਉਹ ਯੂਨੀਵਰਸਿਟੀ ਤੁਰ ਪਈ। ਅੰਦਰ ਜਾਂਦਿਆਂ ਉਸ ਨੇ ਵੇਖਿਆ ਕਿ ਹਰ ਪਾਸੇ ਵਿਦਿਆਰਥੀ ਝੁੰਡਾਂ ਵਿਚ ਘੁੰਮ ਰਹੇ ਸਨ। ਉਸ ਨੇ ਇੱਧਰ ਉਧਰ ਨਜ਼ਰ ਮਾਰੀ। ਉਸ ਨੂੰ ਕੋਈ ਵੀ ਕੁੜੀ ਪੰਜਾਬੀ ਪਹਿਰਾਵੇ 'ਚ ਨਾ ਦਿਸੀ ਜਦੋਂ ਕਿ ਉਸ ਨੇ ਖੁਦ ਸਲਵਾਰ-ਕਮੀਜ਼ ਪਹਿਨੀ ਹੋਈ ਸੀ ਤੇ ਸਿਰ ਉਪਰ ਚੁੰਨੀ ਲਈ ਹੋਈ ਸੀ। ਉਸ ਨੂੰ ਆਪਣਾ ਆਪ ਓਪਰਾ ਜਿਹਾ ਨਾ ਲੱਗਿਆ, ਸਗੋਂ ਉਸ ਨੂੰ ਆਪਣੇ ਵੱਖਰੇਪਣ 'ਤੇ ਮਾਣ ਮਹਿਸੂਸ ਹੋਇਆ। ਦਫਤਰ ਜਾ ਕੇ ਉਸ ਨੇ ਦਾਖਲੇ ਵਗੈਰਾ ਦਾ ਰਹਿੰਦਾ ਕੰਮ ਨਿਬੇੜਿਆ। ਫਿਰ ਉਹ ਨੇੜਲੇ ਕੁੜੀਆਂ ਦੇ ਹੋਸਟਲ, ਮਕਾਰਮਿਕ ਹਾਲ ਚਲੀ ਆਈ। ਉਮੀਦ ਦੇ ਉਲਟ ਉਸ ਨੂੰ ਕੁਝ ਪੇਪਰ ਵਰਕ ਪਿੱਛੋਂ ਕਮਰਾ ਮਿਲ ਗਿਆ। ਦਫਤਰ 'ਚੋਂ ਕਮਰੇ ਦੀ ਚਾਬੀ ਲੈ ਕੇ ਉਹ ਲਿਫਟ ਰਾਹੀਂ ਕਮਰੇ 'ਚ ਪਹੁੰਚੀ। ਉਚੀ ਲੰਬੀ ਬਿਲਡਿੰਗ ਦੀ ਵੀਹਵੀਂ ਮੰਜ਼ਿਲ 'ਤੇ ਉਸ ਦਾ ਕਮਰਾ ਸੀ। ਕਮਰਾ ਖੋਲ੍ਹ ਕੇ ਉਹ ਅੰਦਰ ਗਈ ਤੇ ਪਿਛਲੀ ਬਾਰੀ ਰਾਹੀਂ ਹੇਠਾਂ ਝਾਕੀ। ਉਸ ਦਾ ਮਨ ਬਾਗੋ-ਬਾਗ ਹੋ ਗਿਆ। ਬਾਹਰ ਹਰਿਆਲੀ ਹੀ ਹਰਿਆਲੀ ਦਿਸ ਰਹੀ ਸੀ ਤੇ ਚਾਰਸਲ ਦਰਿਆ ਹੋਸਟਲ ਬਿਲਡਿੰਗ ਦੇ ਨਾਲ ਦੀ ਖਹਿ ਕੇ ਲੰਘਦਾ ਸੀ। ਕਾਫੀ ਦੇਰ ਖੜ੍ਹੀ ਉਹ ਕੁਦਰਤ ਦੇ ਨਜ਼ਾਰੇ ਦਾ ਅਨੰਦ ਮਾਣਦੀ ਰਹੀ। ਫਿਰ ਹੋਟਲ ਜਾ ਕੇ ਆਪਣਾ ਸਮਾਨ ਚੁੱਕ ਲਿਆਈ।

ਅਗਲੇ ਦਿਨ ਤੋਂ ਹੀ ਉਹ ਪੜ੍ਹਾਈ 'ਚ ਖੁੱਭ ਗਈ। ਉਸ ਦੇ ਘਰਦੇ ਚਾਹੁੰਦੇ ਸਨ ਕਿ ਉਹ ਡਾਕਟਰ ਬਣੇ, ਪਰ ਉਸ ਦਾ ਖਿਆਲ ਕੁਝ ਹੋਰ ਸੀ। ਪਹਿਲਾਂ ਉਹ ਪੁਲੀਟੀਕਲ ਸਾਇੰਸ ਪੜ੍ਹਨਾ ਚਾਹੁੰਦੀ ਸੀ। ਘਰਦਿਆਂ ਦੇ ਜ਼ਿਆਦਾ ਕਹਿਣ 'ਤੇ ਉਸ ਨੇ ਸਾਇੰਸ ਅਤੇ ਮੈਥ ਦੀਆਂ ਕਲਾਸਾਂ ਲੈ ਲਈਆਂ। ਆਫੀਆ ਛੋਟੇ ਕੱਦ ਅਤੇ ਹਲਕੇ ਸਰੀਰ ਦੀ ਛੀਂਟਕੀ ਜਿਹੀ ਕੁੜੀ ਸੀ ਪਰ ਚਿਹਰਾ ਬਹੁਤ ਪ੍ਰਭਾਵਸ਼ਾਲੀ ਸੀ। ਉਸ ਦੀ ਸਮੁੱਚੀ ਦਿੱਖ ਅਗਲੇ ਨੂੰ ਮੋਹ ਲੈਂਦੀ ਸੀ। ਆਪਣੇ ਕੰਮ 'ਚ ਮਸਤ ਰਹਿਣ ਅਤੇ ਪੜ੍ਹਾਈ ਵਿਚ ਚੰਗੀ ਹੋਣ ਕਰ ਕੇ ਜਲਦੀ ਹੀ ਉਹ ਆਪਣੇ ਪ੍ਰੋਫੈਸਰਾਂ ਦੀ ਚਹੇਤੀ ਬਣ ਗਈ।

ਹੋਸਟਲ 'ਚ ਥੋੜ੍ਹੀ ਪਛਾਣ ਵਧਣ ਪਿੱਛੋਂ ਆਫੀਆ ਨੇ ਮੁਸਲਮਾਨ ਕੁੜੀਆਂ ਨੂੰ ਨਾਲ ਜੋੜਨਾ ਸ਼ੁਰੂ ਕਰ ਦਿੱਤਾ। ਇੱਥੇ ਦੂਜੇ ਧਰਮਾਂ ਦੀਆਂ ਕੁੜੀਆਂ ਜ਼ਿਆਦਾ ਸਨ, ਪਰ ਉਹ ਉਨ੍ਹਾਂ ਤੋਂ ਦੂਰੀ ਬਣਾ ਕੇ ਰੱਖਦੀ। ਖਾਸ ਕਰ ਕੇ ਯਹੂਦੀ ਕੁੜੀਆਂ ਨਾਲ ਤਾਂ ਉਹ ਬਿਨਾਂ ਮਤਲਬ ਗੱਲ ਵੀ ਨਾ ਕਰਦੀ। ਹੌਲੀ ਹੌਲੀ ਉਸ ਨੇ ਉਥੇ ਆਪਣਾ ਗਰੁਪ ਬਣਾ ਲਿਆ। ਉਹ ਮੁਸਲਮਾਨ ਕੁੜੀਆਂ ਨਾਲ ਧਰਮ 'ਤੇ ਚਰਚਾ ਕਰਨ ਲੱਗੀ, ਪਰ ਬਹੁਤੀਆਂ ਕੁੜੀਆਂ ਦਾ ਧਰਮ ਨਾਲ ਜ਼ਿਆਦਾ ਸਰੋਕਾਰ ਨਹੀਂ ਸੀ। ਉਹ ਤਾਂ ਅਮਰੀਕਨ ਜ਼ਿੰਦਗੀ 'ਚ ਘੁਲ ਮਿਲ ਗਈਆਂ ਜਾਪਦੀਆਂ ਸਨ। ਆਫੀਆ ਨੇ ਉਨ੍ਹਾਂ ਨੂੰ ਧਰਮ ਦੀ ਸਿੱਖਿਆ ਦਾ ਵਾਸਤਾ ਦੇ ਦੇ ਕੇ ਆਪਣੇ ਹਿਸਾਬ ਸਿੱਧੇ ਰਾਹ 'ਤੇ ਲਿਆਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਇਸ ਵਿਚ ਉਹ ਕਾਫੀ ਹੱਦ ਤੱਕ ਕਾਮਯਾਬ ਵੀ ਹੋ ਗਈ। ਫਿਰ ਉਹ ਆਪਣੇ ਗਰੁਪ ਨੂੰ ਨਾਲ ਲੈ ਕੇ ਸਾਂਝੇ ਕੰਮ ਕਰਨ ਲੱਗੀ। ਕਦੀ ਕਾਲਜ ਕੈਂਪਸ ਦੀ ਸਫਾਈ ਕਰਵਾ ਦਿੱਤੀ ਤੇ ਕਈ ਕੁਝ ਹੋਰ। ਇਸ ਤੋਂ ਬਿਨਾਂ ਉਹ ਹਰ ਹਫਤੇ ਤਕਰੀਬਨ ਚਾਲੀ ਘੰਟੇ ਬਿਨਾਂ ਕਿਸੇ ਤਨਖਾਹ ਦੇ ਕਾਲਜ ਦੇ ਸਾਂਝੇ ਕੰਮਾਂ ਵਿਚ ਲਾਉਂਦੀ। ਮੌਕਾ ਮਿਲਦਿਆਂ ਹੀ ਉਹ ਗਰੀਬ ਇਲਾਕਿਆਂ ਵਾਲੇ ਸਕੂਲਾਂ ਵਿਚ ਜਾ ਕੇ ਬੱਚਿਆਂ ਲਈ ਮੁਫਤ ਸਾਇੰਸ ਫੇਅਰ ਆਦਿ ਲਾਉਣ ਲੱਗੀ। ਇਸ ਤਰ੍ਹਾਂ ਉਹ ਛੇਤੀ ਹੀ ਸਾਰਿਆਂ ਦੀਆਂ ਨਜ਼ਰਾਂ 'ਚ ਆ ਗਈ। ਕਾਲਜ ਵਿਚ ਉਸ ਦਾ ਅਕਸ ਚੰਗੀ ਹੁਸ਼ਿਆਰ ਅਤੇ ਸਮਾਜ ਸੇਵੀ ਵਿਦਿਆਰਥਣ ਦਾ ਬਣ ਗਿਆ, ਪਰ ਨਿੱਜੀ ਤੌਰ 'ਤੇ ਉਹ ਹਮੇਸ਼ਾ ਧਰਮ ਨਾਲ ਜੁੜੇ ਕੰਮਾਂ ਨੂੰ ਪਹਿਲ ਦਿੰਦੀ। ਉਹ ਜਦੋਂ ਆਪਣੇ ਗਰੁਪ ਦੀਆਂ ਕੁੜੀਆਂ ਨਾਲ ਮੀਟਿੰਗਾਂ ਕਰਦੀ ਤਾਂ ਹਮੇਸ਼ਾ ਇਸ ਗੱਲ 'ਤੇ ਜ਼ੋਰ ਦਿੰਦੀ ਕਿ ਗੈਰ-ਮੁਸਲਮਾਨਾਂ ਤੋਂ ਦੂਰ ਰਿਹਾ ਜਾਵੇ। ਉਨ੍ਹਾਂ ਨਾਲ ਦੋਸਤੀ ਨਾ ਕੀਤੀ ਜਾਵੇ, ਪਰ ਉਨ੍ਹਾਂ ਨਾਲ ਵਰਤਣ ਸਮੇਂ ਬਹੁਤ ਹੀ ਮਿੱਠਤ ਪਿਆਰ ਨਾਲ ਬੋਲਿਆ-ਚੱਲਿਆ ਜਾਵੇ। ਉਸ ਦੇ ਸਮਾਜ ਸੇਵਾ ਦੇ ਕੰਮਾਂ ਕਰ ਕੇ ਉਸ ਨੂੰ ਦੋ ਵਾਰੀ ਇਨਾਮ ਮਿਲਿਆ। ਵੈਸੇ ਤਾਂ ਪੜ੍ਹਾਈ ਦੇ ਹਰ ਖੇਤਰ 'ਚ ਹੀ ਉਹ ਬਹੁਤ ਚੰਗੀ ਸੀ ਪਰ ਕੰਪਿਊਟਰ ਵਿਚ ਤਾਂ ਉਸ ਦਾ ਇੰਨਾ ਨਾਮ ਬਣ ਗਿਆ ਕਿ ਕਈ ਵਾਰੀ ਦੂਜੇ ਪ੍ਰੋਫੈਸਰ ਵੀ ਉਸ ਦੀ ਮਦਦ ਲੈਂਦੇ। ਹੁਣ ਤੱਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਜਿਸ ਆਮ ਕਰ ਕੇ ਐਮ.ਐਸ.ਏ. ਕਿਹਾ ਜਾਂਦਾ ਸੀ, ਵਿਚ ਉਹ ਕਾਫੀ ਅਗਾਂਹ ਵਧ ਗਈ ਸੀ। ਉਹ ਐਮ.ਐਸ.ਏ. ਰਾਹੀਂ ਮੁਸਲਮਾਨ ਵਿਦਿਆਰਥੀਆਂ ਦੇ ਹੱਕਾਂ ਬਾਰੇ ਸਾਰਿਆਂ ਨੂੰ ਜਾਗਰੂਕ ਕਰ ਰਹੀ ਸੀ। ਕਾਲਜ ਅਥਾਰਟੀ ਨਾਲ ਮਿਲ ਕੇ ਉਹ ਮੁਸਲਮਾਨ ਵਿਦਿਆਰਥੀਆਂ ਦੀਆਂ ਲੋੜਾਂ ਵੀ ਪੂਰੀਆਂ ਕਰਨ ਲਈ ਵੀ ਜ਼ੋਰ ਪਾਉਂਦੀ ਰਹਿੰਦੀ। ਇੱਥੋਂ ਤੱਕ ਕਿ ਕਾਲਜ ਕੈਂਪਸ ਦੇ ਛੋਟੇ ਰੈਸਟੋਰੈਂਟਾਂ 'ਚ ਉਸ ਨੇ ਹਲਾਲ ਮੀਟ ਦੀ ਵਰਤੋਂ ਸ਼ੁਰੂ ਕਰਵਾਉਣ ਲਈ ਅਥਰਾਟੀ ਨੂੰ ਮਨਾ ਲਿਆ ਤਾਂ ਕਿ ਮੁਸਲਮਾਨ ਵਿਦਿਆਰਥੀ ਆਪਣੇ ਧਾਰਮਿਕ ਅਕੀਦੇ ਮੁਤਾਬਕ ਹਲਾਲ ਮੀਟ ਦੀ ਵਰਤੋਂ ਕਰ ਸਕਣ। ਇਸ ਤੋਂ ਇਲਾਵਾ ਉਸ ਨੇ ਹੋਸਟਲਾਂ ਵਿਚ ਵੱਖਰੇ ਕਮਰਿਆਂ ਦੀ ਸਹੂਲਤ ਮੁਹੱਈਆ ਕਰਵਾ ਲਈ ਜਿੱਥੇ ਮੁਸਲਮਾਨ ਵਿਦਿਆਰਥੀ ਨਮਾਜ਼ ਅਦਾ ਕਰ ਸਕਣ।

ਜਿਉਂ ਜਿਉਂ ਆਫੀਆ ਐਮ.ਐਸ.ਏ. ਰਾਹੀਂ ਮੁਸਲਮਾਨ ਵਿਦਿਆਰਥੀਆਂ ਦੀਆਂ ਲੋੜਾਂ ਲਈ ਸਰਗਰਮ ਹੋ ਰਹੀ ਸੀ, ਤਿਉਂ ਤਿਉਂ ਉਸ ਦੀ ਮਸ਼ਹੂਰੀ ਹੁੰਦੀ ਜਾ ਰਹੀ ਸੀ। ਮੁਸਲਮਾਨ ਵਿਦਿਆਰਥੀਆਂ 'ਚ ਉਸ ਨੂੰ ਬੜੀ ਇੱਜ਼ਤ ਨਾਲ ਵੇਖਿਆ ਜਾਂਦਾ ਸੀ। ਕੱਟੜ ਧਾਰਮਿਕ ਮੁੰਡੇ ਉਸ ਨੂੰ 'ਟਰੂ ਸਿਸਟਰ' ਕਹਿ ਕੇ ਬੁਲਾਉਣ ਲੱਗ ਪਏ। ਇਸੇ ਦੌਰਾਨ ਹੀ ਉਸ ਦੀ ਮੁਲਾਕਾਤ ਸੁਹੇਲ ਲਹਿਰ ਨਾਲ ਹੋਈ। ਸੁਹੇਲ ਦੇ ਮਾਪੇ ਇੰਡੀਆ ਤੋਂ ਸਨ, ਪਰ ਉਹ ਜ਼ਿੰਬਾਬਵੇ 'ਚ ਜੰਮਿਆ ਸੀ। ਪੇਸ਼ੇ ਵਜੋਂ ਉਹ ਇੰਜੀਨੀਅਰ ਸੀ। ਸੁਹੇਲ ਰਾਹੀਂ ਉਹ ਐਮ.ਐਸ.ਏ. ਦੇ ਅਹਿਮ ਅਤੇ ਅੰਦਰਲੇ ਖੇਤਰ ਵਿਚ ਆ ਗਈ। ਜਦੋਂ ਉਸ ਨੇ ਐਮ.ਐਸ.ਏ. ਦੇ ਅੰਦਰਲੇ ਵਿਦਿਆਰਥੀਆਂ ਦੀ ਸੋਚ ਸੁਣੀ ਤਾਂ ਉਹ ਬੜੀ ਖੁਸ਼ ਹੋਈ। ਉਸ ਨੂੰ ਲੱਗਿਆ ਕਿ ਇਹ ਹੀ ਅਸਲੀ ਜਗ੍ਹਾ ਹੈ ਜਿੱਥੇ ਰਹਿ ਕੇ ਉਹ ਆਪਣੇ ਧਰਮ ਦੀ ਵੱਧ ਤੋਂ ਵੱਧ ਸੇਵਾ ਕਰ ਸਕਦੀ ਹੈ। ਅਸਲ ਵਿਚ ਇਹ ਗਰੁਪ ਐਮ.ਐਸ.ਏ. ਦੀ ਮੂਹਰਲੀ ਕਤਾਰ ਦੀ ਲੀਡਰਸ਼ਿਪ ਸੀ ਜਿਹੜੀ ਆਮ

## ਕੌੜਾ ਸੱਚ

ਤੌਰ 'ਤੇ ਪਰਦੇ ਦੇ ਪਿੱਛੇ ਰਹਿੰਦੀ ਸੀ। ਐਮ.ਐਸ.ਏ. ਦੀ ਅਗਲੀ ਮੀਟਿੰਗ 'ਚ ਆਪਣੀ ਵਾਰੀ ਆਉਣ 'ਤੇ ਉਹ ਬੋਲਣ ਲੱਗੀ, "ਸਾਨੂੰ ਇੱਥੇ ਇਸਲਾਮ ਦੀ ਵੱਧ ਤੋਂ ਵੱਧ ਸਿੱਖਿਆ ਦੇਣੀ ਚਾਹੀਦੀ ਐ, ਕਿਉਂਕਿ ਇਹੀ ਇੱਕ ਢੰਗ ਐ, ਅੱਲਾ ਦੀਆਂ ਰਹਿਮਤਾਂ ਹਾਸਲ ਕਰਨ ਦਾ। ਸਾਨੂੰ ਸਾਰੇ ਵਿਦਿਆਰਥੀਆਂ ਲਈ ਜੁਮੇ ਦੀ ਨਮਾਜ਼ ਕਾਲਜ ਕੈਂਪਸ 'ਚ ਪੜ੍ਹਨ ਲਈ ਜ਼ਰੂਰੀ ਕਰ ਦੇਣੀ ਚਾਹੀਦੀ ਐ। ਆਪਣੇ ਆਲੇ ਦੁਆਲੇ ਦੇ ਲੋਕਾਂ ਦਾ ਵਿਸ਼ਵਾਸ ਜਿੱਤ ਕੇ ਉਨ੍ਹਾਂ ਨੂੰ ਇਸਲਾਮ ਧਰਮ ਵਿਚ ਲਿਆਉਣ ਲਈ ਹਰ ਉਪਰਾਲਾ ਕਰਨਾ ਚਾਹੀਦਾ ਐ। ਇੰਸ਼ਾ ਅੱਲਾ, ਜ਼ਰਾ ਸੋਚੋ ਕਿ ਉਹ ਦਿਨ ਕਿੰਨਾ ਭਾਗਾਂ ਭਰਿਆ ਹੋਵੇਗਾ ਜਦੋਂ ਅਮਰੀਕਾ ਵਿਚ ਈ ਨ੍ਹੀਂ ਸਗੋਂ ਸਾਰੀ ਦੁਨੀਆਂ ਵਿਚ ਇਸਲਾਮ ਦਾ ਝੰਡਾ ਝੂਲੇਗਾ। ਇਸ ਤੋਂ ਇਲਾਵਾ ਅੱਜ ਹੋਰ ਬੜਾ ਕੁਛ ਕਰਨ ਵਾਲਾ ਐ...।" ਉਹ ਗੱਲ ਰੋਕ ਕੇ ਸਰੋਤਿਆਂ ਵੱਲ ਝਾਕੀ। ਸਾਰੇ ਬੜੇ ਧਿਆਨ ਨਾਲ ਉਸ ਦੀ ਗੱਲ ਸੁਣ ਰਹੇ ਸਨ।

ਜ਼ਰਾ ਰੁਕ ਕੇ ਉਹ ਫਿਰ ਬੋਲਣ ਲੱਗੀ, "ਅੱਜ ਸੰਸਾਰ ਵਿਚ ਹੋਰ ਬਹੁਤ ਕੁਛ ਵਾਪਰ ਰਿਹਾ ਐ। ਥਾਂ ਥਾਂ ਮੁਸਲਮਾਨਾਂ 'ਤੇ ਅੱਤਿਆਚਾਰ ਹੋ ਰਹੇ ਨੇ। ਇਹ ਕਿਉਂ ਹੋ ਰਿਹਾ ਐ, ਕਿਉਂਕਿ ਅਸੀਂ ਮੁਸਲਮਾਨ ਆਪਣੀ ਜ਼ਿੰਮੇਵਾਰੀ ਭੁੱਲ ਗਏ ਆਂ। ਅਸੀਂ ਭੁੱਲ ਗਏ ਆਂ ਕਿ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਐ ਜਹਾਦ। ਹਰ ਇੱਕ ਨੂੰ ਅੱਜ ਦੁਨੀਆਂ ਦੇ ਵੱਖ ਵੱਖ ਭਾਗਾਂ 'ਚ ਚੱਲ ਰਹੇ ਜਹਾਦ ਵਿਚ ਆਪਣੀ ਹੈਸੀਅਤ ਮੁਤਾਬਕ ਹਿੱਸਾ ਪਾਉਣਾ ਚਾਹੀਦਾ ਐ। ਅਸਲੀ ਮੁਸਲਮਾਨ ਉਹ ਨੇ ਜੋ ਫਰੰਟ 'ਤੇ ਲੜਾਈ 'ਚ ਹਿੱਸਾ ਲੈ ਰਹੇ ਨੇ, ਪਰ ਅਸੀਂ ਉਨਾ ਕੁ ਤਾਂ ਕਰ ਈ ਸਕਦੇ ਆਂ ਜੋ ਉਨ੍ਹਾਂ ਦੇ ਕਾਰਜ 'ਚ ਮੱਦਦ ਬਣ ਸਕੇ। ਮਸਲਨ, ਅਸੀਂ ਜਹਾਦ 'ਚ ਸ਼ਹੀਦ ਹੋ ਰਹੇ ਆਪਣੇ ਭਰਾਵਾਂ ਦੇ ਬੱਚਿਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਸੰਭਾਲ ਸਕਦੇ ਆਂ। ਉਨ੍ਹਾਂ ਲਈ ਚੈਰਿਟੀ ਬਣਾ ਕੇ ਫੰਡ ਇਕੱਠਾ ਕਰਨ ਦੀ ਲੋੜ ਐ। ਸਾਨੂੰ ਵੱਧ ਤੋਂ ਵੱਧ ਚੈਰਿਟੀ ਇਕੱਠੀ ਕਰਨੀ ਚਾਹੀਦੀ ਐ।"

ਜਦੋਂ ਤੱਕ ਉਸ ਨੇ ਆਪਣਾ ਭਾਸ਼ਣ ਖਤਮ ਕੀਤਾ ਤਾਂ ਉਦੋਂ ਤੱਕ ਉਹ ਐਮ.ਐਸ.ਏ. ਦੀ ਮੂਹਰਲੀ ਕਤਾਰ ਦੇ ਲੀਡਰਾਂ ਦੀਆਂ ਨਜ਼ਰਾਂ 'ਚ ਆ ਚੁੱਕੀ ਸੀ। ਸਾਰੇ ਉਸ ਤੋਂ ਬਹੁਤ ਪ੍ਰਭਾਵਤ ਹੋਏ ਸਨ। ਉਹ ਸਮਝ ਗਏ ਸਨ ਕਿ ਜਿਸ ਲੜਕੀ ਦੀ ਉਹ ਚਿਰਾਂ ਤੋਂ ਉਡੀਕ ਕਰ ਰਹੇ ਸਨ, ਉਹ ਅੱਜ ਉਨ੍ਹਾਂ ਨੂੰ ਮਿਲ ਗਈ ਹੈ। ਮੀਟਿੰਗ ਖਤਮ ਹੋਣ 'ਤੇ ਉਹ ਬਾਹਰ ਨਿਕਲੀ ਤੇ ਸੁਹੇਲ ਨਾਲ ਕਾਰ ਵਿਚ ਬੈਠ ਗਈ। ਸੁਹੇਲ ਨੇ ਕਾਰ ਤੋਰੀ ਤਾਂ ਆਫੀਆ ਨੇ ਗੱਲ ਛੇੜੀ, "ਸੁਹੇਲ ਉਹ ਕੋਨੇ ਜਿਹੇ 'ਚ ਬੈਠੀ ਗੋਰੀ ਅਮਰੀਕਨ ਕੁੜੀ ਕੌਣ ਸੀ?"

"ਉਸ ਦਾ ਨਾਂ ਮਾਰਲਿਨ ਅਰਲ ਐ।"

"ਮਤਲਬ ਉਹ ਅਮਰੀਕਨ ਐ?"

"ਹਾਂ ਹੈ ਤਾਂ ਅਮਰੀਕਨ ਈ ਪਰ...।"

"ਪਰ ਕੀ?"

"ਉਸ ਨੇ ਮਜ਼ਹਬ ਤਬਦੀਲ ਕਰ ਕੇ ਇਸਲਾਮ ਅਪਨਾਇਆ ਹੋਇਆ ਐ। ਹੁਣ ਉਹ ਪੱਕੀ ਮੁਸਲਮਾਨ ਐ।"

"ਕਿਸ ਦੇ ਪ੍ਰਭਾਵ ਨਾਲ ਉਸ ਨੇ ਮੁਸਲਮ ਧਰਮ ਆਪਨਾਇਆ ਐ?"

"ਛੱਡ ਇਹ ਗੱਲ, ਪਰ ਤੈਨੂੰ ਦੱਸਾਂ ਕਿ ਉਸ ਦਾ ਘਰਵਾਲਾ ਬਸਮ ਕੰਜ ਬੜਾ ਵੱਡਾ ਜਹਾਦੀ ਐ। ਉਸ ਨੇ ਕਈ ਜਹਾਦਾਂ 'ਚ ਲੜਾਈ ਲੜੀ ਹੋਈ ਐ।"

"ਅੱਛਾ।"

ਇਸ ਪਿੱਛੋਂ ਆਫੀਆ ਚੁੱਪ ਹੋ ਗਈ। ਉਸ ਦੇ ਮਨ 'ਚ ਆ ਰਿਹਾ ਸੀ ਕਿ ਉਹ ਕਿੰਨਾ ਕਿਸਮਤ ਵਾਲਾ ਹੋਵੇਗਾ ਜਿਸ ਨੇ ਮਾਰਲਿਨ ਦਾ ਮਜ਼ਹਬ ਤਬਦੀਲ ਕਰਵਾਇਆ ਹੋਊਗਾ। ਦੂਜਾ ਉਸ ਨੂੰ ਮਾਰਲਿਨ 'ਤੇ ਇਸ ਗੱਲੋਂ ਵੀ ਮਾਣ ਮਹਿਸੂਸ ਹੋਇਆ ਕਿ ਉਸ ਦੇ ਘਰਵਾਲਾ ਜਹਾਦੀ ਹੈ ਤੇ ਫਰੰਟ 'ਤੇ ਬੰਦੂਕ ਚੁੱਕ ਕੇ ਲੜ ਰਿਹਾ ਹੈ।

"ਚੁੱਪ ਕਿਉਂ ਹੋ ਗਈ?" ਸੁਹੇਲ ਨੇ ਆਫੀਆ ਨੂੰ ਖਿਆਲਾਂ 'ਚ ਖੋਈ ਵੇਖ ਕੇ ਉਸ ਦੀ ਖਾਮੋਸ਼ੀ ਤੋੜੀ।

"ਨਹੀਂ, ਅਜਿਹੀ ਤਾਂ ਕੋਈ ਗੱਲ ਨ੍ਹੀਂ। ਮੈਂ ਤਾਂ ਸੋਚ ਰਹੀ ਸੀ...।"

"ਕੀ ਸੋਚ ਰਹੀ ਸੀ ਤੂੰ?"

"ਮੈਂ ਤਾਂ ਇਹ ਸੋਚ ਰਹੀ ਸੀ ਕਿ...।"

"..."

"ਅੱਛਾ ਸੁਹੇਲ, ਇੱਕ ਗੱਲ ਹੋਰ ਦੱਸ?" ਆਫੀਆ ਨੇ ਪਹਿਲੀ ਗੱਲ ਵਿਚਕਾਰ ਛੱਡਦਿਆਂ ਗੱਲ ਬਦਲੀ।

"ਹਾਂ ਹਾਂ, ਪੁੱਛ।"

"ਉਹ ਜਿਹੜਾ ਤੇਰੇ ਨਾਲ ਬੈਠਾ ਸੀ, ਉਹ ਕੌਣ ਐ? ਜਿਹੜਾ ਸਾਰੀ ਮੀਟਿੰਗ ਦੌਰਾਨ ਬਿਲਕੁਲ ਈ ਨ੍ਹੀਂ ਬੋਲਿਆ।"

"ਉਸ ਦਾ ਨਾਂ...।" ਸੁਹੇਲ ਨੇ ਗੱਲ ਵਿਚਾਲੇ ਛੱਡਦਿਆਂ ਧਿਆਨ ਨਾਲ ਆਫੀਆ ਵੱਲ ਵੇਖਿਆ। ਪਲ ਭਰ ਰੁਕ ਕੇ ਉਹ ਫਿਰ ਬੋਲਿਆ, "ਉਸ ਦਾ ਨਾਂ ਰਮਜ਼ੀ ਯੂਸਫ ਐ। ਉਹ ਅਲ ਕੀਫਾ ਦਾ ਬੜਾ ਅਣਥੱਕ ਵਰਕਰ ਐ।"

"ਅਲ ਕੀਫਾ?" ਆਫੀਆ ਨੇ ਅਲ ਕੀਫਾ ਦਾ ਨਾਂ ਸੁਣਿਆ ਤਾਂ ਸੀ ਪਰ ਇਸ ਬਾਰੇ ਪੂਰੀ ਜਾਣਕਾਰੀ ਨਹੀਂ ਸੀ।

"ਤੈਨੂੰ ਅਲ ਕੀਫਾ ਬਾਰੇ ਵੀ ਦੱਸ ਈ

***ਛੁੱਟੀਆਂ ਬਿਤਾ ਕੇ ਆਫੀਆ ਵਾਪਸ ਅਮਰੀਕਾ ਆ ਗਈ। ਜਦੋਂ ਉਹ ਲੋਗਨ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰ ਕੇ ਕਸਟਮ ਵਗੈਰਾ ਦੀ ਕਲੀਅਰੈਂਸ ਲਈ ਲਾਈਨ ਵਿਚ ਲੱਗੀ ਹੋਈ ਸੀ ਤਾਂ ਵੇਖਿਆ ਕਿ ਨਾਲ ਦੀ ਲਾਈਨ 'ਚ ਖੜ੍ਹਾ ਕੋਈ ਜਣਾ ਉਸ ਵੱਲ ਬੜੇ ਗਹੁ ਨਾਲ ਝਾਕ ਰਿਹਾ ਸੀ। ਉਸ ਨੇ ਦਿਮਾਗ 'ਤੇ ਜ਼ੋਰ ਪਾ ਕੇ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕਿ ਇਸ ਆਦਮੀ ਨੂੰ ਪਹਿਲਾਂ ਉਸ ਨੇ ਕਿਤੇ ਵੇਖਿਆ ਹੋਇਆ ਪਰ ਉਸ ਨੂੰ ਕੁਝ ਯਾਦ ਨਾ ਆਇਆ। ਉਹ ਨੀਵੀਂ ਪਾਈ ਸੋਚਣ ਲੱਗੀ। ਫਿਰ ਉਸ ਦੇ ਦਿਮਾਗ 'ਚ ਅਚਾਨਕ ਕੁਝ ਕੌਂਧਿਆ ਤੇ ਉਸ ਨੇ ਭੜੱਕ ਦੇਣੇ ਨਾਲ ਦੀ ਲਾਈਨ ਵੱਲ ਵੇਖਿਆ। ਉਦੋਂ ਨੂੰ ਉਹ ਆਦਮੀ ਅੱਗੇ ਨਿਕਲ ਗਿਆ ਸੀ। ਆਫੀਆ ਮਨ ਹੀ ਮਨ ਬੋਲੀ, 'ਉਹ ਇਹ ਤਾਂ ਰਮਜ਼ੀ ਯੂਸਫ ਐ ਜਿਸ ਨੂੰ ਉਸ ਦਿਨ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਦੀ ਮੀਟਿੰਗ 'ਚ ਵੇਖਿਆ ਸੀ।'***



ਰਮਜ਼ੀ ਯੂਸਫ

ਦਿੰਨਾਂ।'' ਸੁਹੇਲ ਨੇ ਇੱਕ ਵਾਰ ਫਿਰ ਧਿਆਨ ਨਾਲ ਆਫੀਆ ਵੱਲ ਵੇਖਿਆ ਤੇ ਮਨ 'ਚ ਸੋਚਿਆ ਕਿ ਇਹ ਕੁੜੀ ਸਾਡੇ ਕਾਜ਼ ਲਈ ਬਹੁਤ ਵਫਾਦਾਰ ਸਾਬਤ ਹੋਵੇਗੀ, ਇਸ ਨਾਲ ਹਰ ਗੱਲ ਸਾਂਝੀ ਕਰ ਲੈਣੀ ਚਾਹੀਦੀ ਐ।

''ਅਲ ਕੀਫਾ ਆਪਣੇ ਈ ਭੈਣ ਭਰਾਵਾਂ ਦੀ ਜਥੇਬੰਦੀ ਐ। ਇਹ ਬਹੁਤਾ ਗੱਲਾਂ 'ਚ ਨ੍ਹੀਂ, ਬਲਕਿ ਐਕਸ਼ਨ 'ਚ ਵਿਸ਼ਵਾਸ ਰੱਖਦੀ ਐ। ਆਪਣੀਆਂ ਸਾਰੀਆਂ ਈ ਮਸਜਿਦਾਂ ਅਤੇ ਜਹਾਦੀ ਸਰਕਲਾਂ 'ਚ ਇਸ ਦਾ ਬਹੁਤ ਜ਼ੋਰ ਐ, ਪਰ ਇਹ ਖੁੱਲ੍ਹ ਕੇ ਸਾਹਮਣੇ ਨ੍ਹੀਂ ਆਉਂਦੀ। ਇਸ ਦਾ ਮੋਢੀ ਗੁਲਬੁਦੀਨ ਹਿਕਮਤਿਆਰ ਐ।''

''ਜਿਹੜਾ ਅਫਗਾਨਿਸਤਾਨ ਦਾ ਵਾਰ ਲੌਰਡ ਐ?'' ਆਫੀਆ ਵਿਚਕਾਰੋਂ ਬੋਲੀ।

''ਹਾਂ ਉਹੀ। ਸ਼ੁਰੂਆਤ ਉਸੇ ਨੇ ਕੀਤੀ ਸੀ, ਪਰ ਹੁਣ ਇਹ ਸਾਰੇ ਈ ਫੈਲ ਚੁੱਕੀ ਐ। ਮੁਸਲਿਮ ਸਮਾਜ ਇਸ ਨੂੰ ਬਹੁਤ ਜ਼ਿਆਦਾ ਮਾਣ ਦਿੰਦਾ ਐ, ਤੇ ਇਸ ਨੂੰ ਆਰਥਿਕ ਮੱਦਦ ਵੀ ਬਹੁਤ ਮਿਲਦੀ ਐ, ਪਰ ਕਈ ਵਾਰ ਇਹੀ ਆਰਥਿਕ ਸਮੱਰਥਾ ਝਗੜੇ ਦਾ ਕਾਰਨ ਵੀ ਬਣ ਜਾਂਦੀ ਐ। ਤੂੰ ਪਿੱਛੇ ਜਿਹੇ ਮੁਸਤਫਾ ਸ਼ਲਾਬੀ ਦੇ ਕਤਲ ਬਾਰੇ ਤਾਂ ਸੁਣਿਆ ਈ ਹੋਣਾ?''

''ਹਾਂ ਪਤਾ ਐ ਮੈਨੂੰ। ਉਸ ਦਾ ਕਿਸੇ ਨੇ ਕਤਲ ਕਰ ਦਿੱਤਾ ਜਿਸ ਦਾ ਭੇਤ ਈ ਨ੍ਹੀਂ ਖੁੱਲ੍ਹ ਸਕਿਆ।''

''ਉਹ ਕਤਲ ਅਲ ਕੀਫਾ ਕੋਲ ਪਏ ਮਿਲੀਅਨ ਡਾਲਰਾਂ ਦੇ ਫੰਡ ਨੂੰ ਲੈ ਕੇ ਹੋਇਆ ਸੀ। ਅਲ ਕੀਫਾ ਦੇ ਹੀ ਇੱਕ ਮੈਂਬਰ ਨੂੰ ਸ਼ੱਕ ਹੋ ਗਿਆ ਕਿ ਸ਼ਲਾਬੀ ਪੈਸੇ ਦੀ ਹੇਰਾਫੇਰੀ ਕਰਦਾ ਐ, ਪਰ ਮੈਂ ਅਜਿਹਾ ਨ੍ਹੀਂ ਮੰਨਦਾ। ਸ਼ਲਾਬੀ ਨੂੰ ਮਾਰ ਕੇ ਕਿਸੇ ਨੇ ਸਹੀ ਨ੍ਹੀਂ ਕੀਤਾ। ਉਸ ਵਰਗਾ ਧਾਰਮਿਕ ਅਤੇ ਅਕੀਦੇ ਵਾਲਾ ਕੋਈ ਹੋ ਈ ਨ੍ਹੀਂ ਸਕਦਾ।''

''ਉਹ ਕਿਵੇਂ?'' ਆਫੀਆ ਨੂੰ ਜਿਗਿਆਸਾ ਹੋਈ।

''ਉਸ ਨੇ ਅਲ ਕੀਫਾ ਲਈ ਜਾਂ ਸਮਝ ਲੈ ਕਿ ਸਮੁੱਚੇ ਜਹਾਦ ਲਈ ਬਹੁਤ ਕੰਮ ਕੀਤਾ। ਉਹੋ ਹੀ, ਸ਼ੇਖ ਉਮਰ ਅਬਦੁਲ ਰਹਿਮਾਨ ਨੂੰ ਅਮਰੀਕਾ ਲਿਆਉਣ ਵਿਚ ਕਾਮਯਾਬ ਹੋਇਆ ਸੀ।''

''ਸ਼ੇਖ ਉਮਰ ਉਹੀ ਐ ਨਾ ਜੋ ਮਿਸਰ ਤੋਂ ਐ? ਜੋ ਬਚਪਨ ਤੋਂ ਅੰਨ੍ਹਾ ਐ?''

''ਉਹੀ ਉਹੀ। ਉਹ ਬਹੁਤ ਵੱਡਾ ਸਕਾਲਰ ਐ। ਅਮਰੀਕਾ ਨੂੰ ਉਸ ਬਾਰੇ ਕੁਝ ਵੀ ਪਤਾ ਨ੍ਹੀਂ ਪਰ ਉਹ ਮਿਸਰ ਦੇ ਕੱਟੜ ਜਹਾਦੀਆਂ 'ਚੋਂ ਇੱਕ ਐ। ਸਾਰੇ ਮੁਸਲਿਮ ਸਮਾਜ 'ਚ ਉਸ ਦਾ ਰੁਤਬਾ ਬਹੁਤ ਉਚਾ ਐ। ਕੋਈ ਵੀ ਉਸ ਦੀ ਗੱਲ ਮੋੜ ਨ੍ਹੀਂ ਸਕਦਾ। ਕਾਸ਼! ਤੂੰ ਉਸ ਨੂੰ ਕਦੇ ਸੁਣੇ ਤਾਂ...।''

''ਮੈਨੂੰ ਉਸ ਦੇ ਫਸਲਫੇ ਦਾ ਪਤਾ ਐ।'' ਆਫੀਆ ਨੂੰ ਯਾਦ ਆਇਆ ਕਿ ਪਿਛਲੇ ਦਿਨੀਂ ਹੀ ਉਸ ਨੂੰ ਕਿਸੇ ਨੇ ਸ਼ੇਖ ਉਮਰ ਦੀ ਵੀਡੀਉ ਦਿਖਾਈ ਸੀ। ਵੀਡੀਉ 'ਚ ਸੁਣੇ ਸ਼ੇਖ ਦੇ ਸ਼ਬਦ ਉਸ ਦੇ ਮਨ 'ਚ ਘੁੰਮਣ ਲੱਗੇ, 'ਹਰ ਮੁਸਲਮਾਨ ਦਾ ਇੱਕੋ ਹੀ ਧਰਮ ਐ ਕਿ ਗੈਰ-ਮੁਸਲਮਾਨਾਂ ਨੂੰ ਖਤਮ ਕਰ ਦਿਉ। ਦੁਨੀਆਂ 'ਤੇ ਕੋਈ ਵੀ ਅਜਿਹਾ ਨਾ ਰਹੇ ਜਿਹੜਾ ਮੁਸਲਮਾਨ ਨਾ ਹੋਵੇ। ਲੋਕਾਂ ਨੂੰ ਸਮਝਾ ਬੁਝਾ ਕੇ ਮੁਸਲਮਾਨ ਬਣਾਉਣ ਨਾਲੋਂ ਬਿਹਤਰ ਇਹ ਐ ਕਿ ਉਨ੍ਹਾਂ ਦਾ ਖਾਤਮਾ ਕਰੋ। ਜਿੰਨੀ ਛੇਤੀ ਗੈਰ-ਮੁਸਲਮਾਨਾਂ ਦਾ ਸਫਾਇਆ ਹੋਵੇਗਾ, ਉਨੀ ਛੇਤੀ ਹੀ ਅਸੀਂ ਦੁਨੀਆਂ 'ਤੇ ਇਸਲਾਮ ਦਾ ਝੰਡਾ ਝੁਲਾ ਸਕਾਂਗੇ। ਇਸ ਤੋਂ ਬਿਨਾਂ ਹਰ ਮੁਸਲਮਾਨ ਦਾ ਇਹ ਵੀ ਮਜ਼ਹਬੀ ਫਰਜ਼ ਐ ਕਿ ਉਹ ਕਈ ਸ਼ਾਦੀਆਂ ਕਰ ਕੇ ਵੱਧ ਤੋਂ ਵੱਧ ਬੱਚੇ ਪੈਦਾ ਕਰੇ ਤਾਂ ਕਿ ਸਾਡੀ ਗਿਣਤੀ ਕਾਫਰਾਂ ਦੇ ਉਪਰ ਦੀ ਹੋ ਜਾਵੇ।'

''ਤੂੰ ਮੇਰੀ ਗੱਲ ਸੁਣ ਰਹੀ ਐਂ ਨਾ?''

''ਹਾਂ ਹਾਂ ਮੇਰਾ ਧਿਆਨ ਤੇਰੀ ਗੱਲ ਵੱਲ ਈ ਐ।'' ਆਫੀਆ ਨੇ ਖਿਆਲਾਂ 'ਚੋਂ ਨਿਕਲਦਿਆਂ ਸੁਹੇਲ ਦੀ ਗੱਲ ਦਾ ਹੁੰਗਾਰਾ ਭਰਿਆ।

''ਸਾਨੂੰ ਸ਼ੇਖ ਉਮਰ ਵਰਗੇ ਮਜ਼ਹਬੀ ਰਹਿਨੁਮਾ ਦੀ ਲੋੜ ਐ?''

''ਪਰ...।'' ਆਫੀਆ ਨੇ ਗੱਲ ਟੋਕੀ।

''ਹਾਂ, ਦੱਸ ਕੀ?''

''ਪਰ ਇਹ ਰਮਜ਼ੀ ਯੂਸਫ ਫਿਰ ਅੱਜ ਐਮ.ਐਸ.ਏ. ਦੀ ਮੀਟਿੰਗ ਵਿਚ ਕੀ ਕਰ ਰਿਹਾ ਸੀ?''

''ਅਸਲ 'ਚ ਸਾਰੀਆਂ ਗੱਲਾਂ ਦਾ ਤੈਨੂੰ ਹੌਲੀ ਹੌਲੀ ਪਤਾ ਲੱਗੂਗਾ। ਕਈ ਮੈਂਬਰ ਦੋਨੋਂ ਪਾਸੇ ਕੰਮ ਕਰਦੇ ਨੇ। ਜਿਵੇਂ ਮਾਰਲਿਨ ਦਾ ਘਰਵਾਲਾ ਬਸਮ ਕੰਜ ਐ। ਉਹ ਦੋਨੋਂ ਪਾਸਿਆਂ ਦਾ ਮੈਂਬਰ ਐ।''

''ਅੱਜ ਕੱਲ੍ਹ ਉਹ ਕਿੱਥੇ ਐ, ਕਿਉਂਕਿ ਉਹ ਅੱਜ ਮਾਰਲਿਨ ਦੇ ਨਾਲ ਤਾਂ ਕਿਧਰੇ ਦਿਸਿਆ ਨ੍ਹੀਂ?'' ਗੱਲ ਫਿਰ ਹੋਰ ਪਾਸੇ ਤੁਰ ਪਈ।

''ਉਸ ਦੀ ਵੀ ਲੰਬੀ ਕਹਾਣੀ ਐ। ਉਹ ਲਿਬਨਾਨ ਦਾ ਜੰਮਪਲ ਐ। ਉਹ ਉਥੋਂ ਕਿਸੇ ਮਜ਼ਹਬੀ ਜਥੇਬੰਦੀ ਤੋਂ ਵਜ਼ੀਫਾ ਲੈ ਕੇ ਇੱਥੇ ਪੜ੍ਹਨ ਆਇਆ ਸੀ। ਬੋਸਟਨ ਯੂਨੀਵਰਸਿਟੀ ਤੋਂ ਉਸ ਨੇ ਗਰੈਜੂਏਸ਼ਨ ਕੀਤੀ। ਇੱਥੇ ਈ ਉਹ ਜਹਾਦੀ ਲੀਡਰਾਂ ਦੇ ਸੰਪਰਕ 'ਚ ਆਇਆ। ਫਿਰ ਉਹ ਅਲ ਕੀਫਾ ਦਾ ਸਰਗਰਮ ਮੈਂਬਰ ਬਣ ਗਿਆ। ਉਦੋਂ ਜਿਹੇ ਹੀ ਉਸ ਨੇ ਮਾਰਲਿਨ ਨਾਲ ਸ਼ਾਦੀ ਕੀਤੀ ਤੇ ਉਨ੍ਹਾਂ ਦੇ ਇੱਕ ਬੱਚੀ ਹੋ ਗਈ। ਫਿਰ ਉਹ ਦੋਨੋਂ ਪਾਕਿਸਤਾਨ ਚਲੇ ਗਏ। ਉਥੋਂ ਬਸਮ ਤਾਂ ਜਹਾਦ 'ਚ ਲੜਨ ਵਾਸਤੇ ਬਾਰਡਰ ਲੰਘ ਕੇ ਅਫਗਾਨਿਸਤਾਨ ਚਲਿਆ ਗਿਆ ਤੇ ਮਾਰਲਿਨ ਆਪਣੀ ਬੱਚੀ ਨਾਲ ਪਿਸ਼ਾਵਰ ਦੇ ਉਸ ਇਲਾਕੇ 'ਚ ਰਹੀ ਜਿੱਥੇ ਸਾਰੇ ਜਹਾਦੀਆਂ ਦੇ ਪਰਿਵਾਰ ਰਹਿੰਦੇ ਸਨ। ਉਥੇ ਉਹ ਲੜਾਈ ਦੌਰਾਨ ਸਖਤ ਜ਼ਖਮੀ ਹੋ ਗਿਆ ਤੇ ਉਸ ਨੂੰ ਸਰਜਰੀ ਲਈ ਇੱਥੇ ਅਮਰੀਕਾ ਵਾਪਸ ਆਉਣਾ ਪਿਆ। ਮਾਰਲਿਨ ਤੇ ਬਸਮ ਇੱਥੇ ਆ ਕੇ ਕੁਝ ਦੇਰ ਰਹੇ। ਜਦੋਂ ਬਸਮ ਪੂਰੀ ਤਰ੍ਹਾਂ ਠੀਕ ਹੋ ਗਿਆ ਤਾਂ ਉਹ ਫਿਰ ਜਹਾਦ ਦੀ ਲੜਾਈ 'ਚ ਹਿੱਸਾ ਲੈਣ ਲਿਬਨਾਨ ਚਲਿਆ ਗਿਆ। ਉਥੋਂ ਉਹ ਅੱਗੇ ਬੋਸਨੀਆ ਚਲਿਆ ਗਿਆ। ਅੱਜ ਕੱਲ੍ਹ ਉਹ ਬੋਸਨੀਆ ਵਿਚ ਹੀ ਲੜ ਰਿਹਾ ਐ।''

ਇੰਨੀ ਦੇਰ ਨੂੰ ਆਫੀਆ ਦਾ ਹੋਸਟਲ ਆ ਗਿਆ ਸੀ। ਗੱਲਾਂ ਦਾ ਸਿਲਸਲਾ ਬੰਦ ਹੋ ਗਿਆ। ਸੁਹੇਲ, ਆਫੀਆ ਨੂੰ ਹੋਸਟਲ ਉਤਾਰ ਕੇ ਵਾਪਸ ਚਲਿਆ ਗਿਆ। ਆਫੀਆ ਆਪਣੇ ਕਮਰੇ ਵੱਲ ਜਾਂਦੀ ਮਾਰਲਿਨ ਅਤੇ ਬਸਮ ਕੰਜ ਬਾਰੇ ਹੀ ਸੋਚਦੀ ਜਾ ਰਹੀ ਸੀ। ਉਹ ਉਸ ਨੂੰ ਸੱਚਾ ਮੁਸਲਮਾਨ ਜੋੜਾ ਲੱਗਿਆ ਜੋ ਮੁਕੰਮਲ ਰੂਪ ਵਿਚ ਜਹਾਦ ਨੂੰ ਸਮਰਪਿਤ ਸੀ। ਉਸ ਨੂੰ ਮਾਰਲਿਨ ਚੰਗੀ ਚੰਗੀ ਲੱਗਣ ਲੱਗੀ। ਦੇਰ ਰਾਤ ਤੱਕ ਵੀ ਉਹ ਉਨ੍ਹਾਂ ਬਾਰੇ ਸੋਚਦੀ ਰਹੀ। ਅਗਲੇ ਕੁਝ ਦਿਨਾਂ ਵਿਚ ਹੀ ਉਸ ਨੇ ਮਾਰਲਿਨ ਨਾਲ ਚੰਗੀ ਦੋਸਤੀ ਗੰਢ ਲਈ।



*ਮੈਸਾਚੂਸੈਟਸ ਇੰਸੀਚਿਊਟ ਆਫ ਟੈਕਨਾਲੋਜੀ ਜਿੱਥੇ ਆਫੀਆ ਪੜ੍ਹਦੀ ਸੀ।*

ਆਫੀਆ ਦੀ ਪੜ੍ਹਾਈ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਸੀ। ਸਭ ਜਾਣਦੇ ਸਨ ਕਿ ਉਹ ਇਤਨੀ ਹੁਸ਼ਿਆਰ ਹੈ ਕਿ ਉਹ ਕੋਈ ਵੀ ਵਿਸ਼ਾ ਚੁਣ ਲਵੇ, ਹਮੇਸ਼ਾ ਪਹਿਲੇ ਨੰਬਰ 'ਤੇ ਆਵੇਗੀ। ਇਨ੍ਹਾਂ ਦਿਨਾਂ ਵਿਚ ਉਸ ਨੇ ਪਰਚਾ ਲਿਖਿਆ ਜਿਸ ਦਾ ਨਾਂ ਸੀ 'ਇਸਲਾਮਾਈਜ਼ੇਸ਼ਨ ਇਨ ਪਾਕਿਸਤਾਨ ਐਂਡ ਇਟਸ ਅਫੈਕਟਸ ਆਨ ਵਿਮੈਨ।' ਇਸ ਪਰਚੇ ਕਰ ਕੇ ਉਸ ਨੂੰ ਐਮ.ਆਈ.ਟੀ. ਨੇ ਕੈਰਲ ਵਿਲਸਨ ਐਵਾਰਡ ਨਾਲ ਸਨਮਾਨਿਤ ਕੀਤਾ ਜਿਸ ਵਿਚ ਪੰਜ ਹਜ਼ਾਰ ਡਾਲਰ ਦਾ ਇਨਾਮ ਸ਼ਾਮਲ ਸੀ। ਇਸ ਇਨਾਮ ਨਾਲ ਖੁਸ਼ ਹੋਈ ਆਫੀਆ, 1992 ਦੀਆਂ ਗਰਮੀਆਂ 'ਚ ਛੁੱਟੀਆਂ ਕੱਟਣ ਪਾਕਿਸਤਾਨ ਚਲੀ ਗਈ। ਉਨ੍ਹੀਂ ਦਿਨੀਂ ਪਾਕਿਸਤਾਨ ਵਿਚ ਹਦੂਦ ਲਾਅ ਬਾਰੇ ਰੌਲਾ-ਰੱਪਾ ਚੱਲ ਰਿਹਾ ਸੀ। ਹਿਊਮਨ ਰਾਈਟਸ ਵਰਗੀਆਂ ਜਥੇਬੰਦੀਆਂ ਦਾ ਕਹਿਣਾ ਸੀ ਕਿ ਇਹ ਕਾਨੂੰਨ ਨਾ ਸਿਰਫ ਔਰਤ ਦੀ ਆਜ਼ਾਦੀ ਨੂੰ ਕੁਚਲ ਰਿਹਾ ਹੈ, ਸਗੋਂ ਇਸ ਨੇ ਤਾਂ ਔਰਤ ਜਾਤੀ ਦਾ ਘਾਣ ਕਰ ਕੇ ਰੱਖ ਦਿੱਤਾ ਹੈ। ਇਸ ਕਨੂੰਨ ਨੂੰ ਘੜਨ ਵਿਚ ਮੁਫਤੀ ਮੁਹੰਮਦ ਤਕੀ ਉਸਮਾਨੀ ਨੇ ਬੜੀ ਮਿਹਨਤ ਕੀਤੀ ਸੀ।

ਮੁਫਤੀ ਉਸਮਾਨੀ ਆਫੀਆ ਦੇ ਪਰਿਵਾਰ ਦਾ ਮਜ਼ਹਬੀ ਰਹਿਨੁਮਾ ਸੀ। ਇਸ ਕਰ ਕੇ ਆਫੀਆ ਨੂੰ ਉਨ੍ਹੀ ਦਿਨੀਂ ਚੱਲ ਰਹੇ ਰੌਲੇ-ਰੱਪੇ 'ਚ ਦਿਲਸਚਪੀ ਹੋ ਗਈ। ਉਸ ਨੇ ਮੁਫਤੀ ਸਾਹਿਬ ਦਾ ਪੱਖ ਲੈਣ ਦਾ ਫੈਸਲਾ ਕਰ ਲਿਆ। ਉਹ ਇਹ ਪੱਖ ਇਸ ਕਰ ਕੇ ਨਹੀਂ ਲੈ ਰਹੀ ਸੀ ਕਿ ਇਸ ਦਾ ਘਾੜਾ ਮੁਫਤੀ ਉਸਮਾਨੀ ਸੀ, ਬਲਕਿ ਇਸ ਕਰ ਕੇ ਕਿ ਉਸ ਦੀ ਆਪਣੀ ਸੋਚਣੀ ਸੀ ਕਿ ਇਸਲਾਮ ਨੇ ਜੋ ਵੀ ਪਾਬੰਦੀਆਂ ਔਰਤ 'ਤੇ ਲਾਈਆਂ ਹਨ, ਇਹ ਮੁਸਲਮਾਨ ਔਰਤ ਲਈ ਸਹੀ ਹਨ। ਇਨ੍ਹਾਂ ਨੂੰ ਮੰਨਦੀ ਹੋਈ ਹੀ ਉਹ ਆਪਣੇ ਧਰਮ ਦਾ ਸਹੀ ਪਾਲਣ ਕਰ ਰਹੀ ਹੋਵੇਗੀ।

ਇਸ ਅਰਸੇ ਦੌਰਾਨ ਉਹ ਜਿਸ ਕਿਸੇ ਵੀ ਵੱਡੇ ਲੀਡਰ ਨੂੰ ਮਿਲੀ, ਹਰ ਕੋਈ ਉਸ ਦੇ ਵਿਚਾਰਾਂ ਤੋਂ ਪ੍ਰਭਾਵਤ ਹੋਇਆ, ਕਿਉਂਕਿ ਔਰਤ ਹੋ ਕੇ ਉਹ ਔਰਤਾਂ ਦੇ ਹੱਕ ਵਿਚ ਚੱਲ ਰਹੇ ਸੰਘਰਸ਼ ਦੇ ਉਲਟ ਸੀ। ਉਸ ਦੇ ਸ਼ੁਭਚਿੰਤਕਾਂ 'ਚ ਪਹਿਲੇ ਪਾਕਿਸਤਾਨੀ ਡਿਕਟੇਟਰ ਜ਼ਿਆ-ਉਲ-ਹੱਕ ਦਾ ਪੁੱਤਰ ਇਜਾਜ਼-ਉਲ-ਹੱਕ ਵੀ ਸੀ। ਉਸ ਵੇਲੇ ਪਾਕਿਸਤਾਨ ਦੀ ਰਾਜਨੀਤੀ ਵਿਚ ਵੀ ਫੇਰ-ਬਦਲ ਹੋ ਚੁੱਕਿਆ ਸੀ। ਬੇਨਜ਼ੀਰ ਭੁੱਟੋ ਦੀ ਜਗ੍ਹਾ ਨਵਾਜ਼ ਸ਼ਰੀਫ ਦੀ ਪਾਰਟੀ ਸੱਤਾ ਵਿਚ ਆ ਚੁਕੀ ਸੀ ਤੇ ਉਹ ਮੁਲਕ ਦਾ ਪ੍ਰਧਾਨ ਮੰਤਰੀ ਸੀ, ਪਰ ਸਰਕਾਰ ਬਦਲਣ ਨਾਲ ਹੋਰ ਭਾਵੇਂ ਸਭ ਕੁਝ ਬਦਲ ਗਿਆ ਹੋਵੇ, ਪਰ ਇੱਕ ਗੱਲ ਨਹੀਂ ਬਦਲੀ ਸੀ। ਉਹ ਸੀ, ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦਾ ਏਜੰਡਾ। ਇਸ ਦੇ ਮੌਕੇ ਦੇ ਮੁਖੀ ਜਾਵੇਦ ਨਾਸਿਰ ਦੀ ਸੋਚ ਸੀ ਕਿ ਪਾਕਿਸਤਾਨ ਨੂੰ ਦੁਨੀਆਂ ਦੇ ਕਿਸੇ ਵੀ ਹਿੱਸੇ 'ਚ ਚੱਲ ਰਹੇ ਜਹਾਦ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਇਸੇ ਏਜੰਡੇ ਤਹਿਤ ਉਹ ਬੋਸਨੀਆ ਦੀ ਖਾਨਾਜੰਗੀ ਵਿਚ ਜਹਾਦੀਆਂ ਦੀ ਮਦਦ ਕਰ ਰਿਹਾ ਸੀ। ਇਸ ਤੋਂ ਬਿਨਾਂ ਆਈ.ਐਸ.ਆਈ. ਫਿਲੀਪੀਨਜ਼ ਤੇ ਰੂਸ ਦੇ ਕਈ ਹਿੱਸਿਆਂ 'ਚ ਚੱਲ ਰਹੇ ਜਹਾਦ ਅਤੇ ਚੀਨ ਦੇ ਸਿਨਜ਼ਿਆਂਗ ਸੂਬੇ 'ਚ ਚੱਲ ਰਹੇ ਸੰਘਰਸ਼ ਵਿਚ ਵੀ ਉਹੀ ਨੀਤੀ ਅਪਨਾ ਰਹੀ ਸੀ। ਹਰ ਜਹਾਦ 'ਚ ਅਰਬ ਅਫਗਾਨਾਂ ਦੇ ਜਥੇ ਲੜ ਰਹੇ ਸਨ। ਇਹ ਉਹੀ ਲੋਕ ਸਨ ਜੋ ਅਫਗਾਨਿਸਤਾਨ ਦੀ ਜੰਗ ਵੇਲੇ ਅਮਰੀਕਾ ਵੱਲੋਂ ਸੋਵੀਅਤ ਯੂਨੀਅਨ ਦੇ ਖਿਲਾਫ ਲੜੇ ਸਨ। ਜਦੋਂ ਉਥੇ ਲੜਾਈ ਖਤਮ ਹੋ ਗਈ ਤਾਂ ਇਨ੍ਹਾਂ ਜਥਿਆਂ ਦੇ ਲੀਡਰ ਆਪਣੇ ਲੜਾਕਿਆਂ ਨੂੰ ਦੁਨੀਆਂ ਦੇ ਹੋਰ ਖੇਤਰਾਂ ਵੱਲ ਲੈ ਤੁਰੇ। ਇਨ੍ਹਾਂ ਲੀਡਰਾਂ ਵਿਚੋਂ ਸਭ ਤੋਂ ਵੱਧ ਉਭਰ ਕੇ ਬਾਹਰ ਆ ਰਿਹਾ ਲੀਡਰ ਉਸਾਮਾ ਬਿਨ-ਲਾਦਿਨ ਸੀ।

ਇਸ ਤੋਂ ਬਿਨਾਂ ਬਲੋਚਿਸਤਾਨ ਦਾ ਵੱਡਾ ਤੇ ਬਹੁਤ ਅਮੀਰ ਪਰਿਵਾਰ ਜਹਾਦ ਵਿਚ ਮੁੱਖ ਭੂਮਿਕਾ ਨਿਭਾ ਰਿਹਾ ਸੀ। ਇਸ ਨੂੰ ਅਲ ਬਲੋਚੀ ਕਰ ਕੇ ਜਾਣਿਆ ਜਾਂਦਾ ਸੀ। ਇਹ ਸਾਰਾ ਪਰਿਵਾਰ ਕਾਫੀ ਪਹਿਲਾਂ ਪਾਕਿਸਤਾਨ ਤੋਂ ਕੁਵੈਤ ਚਲਾ ਗਿਆ ਸੀ, ਪਰ 1980 ਦੇ ਇਰਦ ਗਿਰਦ ਇਹ ਵਾਪਸ ਪਾਕਿਸਤਾਨ ਮੁੜ ਆਇਆ ਤੇ ਅੱਜਕੱਲ੍ਹ ਜਹਾਦ 'ਚ ਵਧ ਚੜ੍ਹ ਕੇ ਹਿੱਸਾ ਲੈ ਰਿਹਾ ਸੀ। ਇਸ ਪਰਿਵਾਰ ਦੇ ਮੋਢੀ ਦਾ ਨਾਂ ਖਾਲਿਦ ਸ਼ੇਖ ਮੁਹੰਮਦ ਸੀ ਜਿਸ ਨੂੰ ਸਾਰੇ ਉਸ ਦੇ ਨਿੱਕ ਨਾਂ ਯਾਨਿ ਕੇ.ਐਸ.ਐਮ. ਕਰ ਕੇ ਜਾਣਦੇ ਸਨ। ਰਮਜ਼ੀ ਯੂਸਫ ਇਸੇ ਕੇ.ਐਸ.ਐਮ. ਦਾ ਭਤੀਜਾ ਸੀ।

ਖੈਰ! ਆਪਣੀਆਂ ਛੁੱਟੀਆਂ ਬਿਤਾ ਕੇ ਆਫੀਆ ਵਾਪਸ ਅਮਰੀਕਾ ਆ ਗਈ। ਜਦੋਂ ਉਹ ਲੋਗਨ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰ ਕੇ ਕਸਟਮ ਵਗੈਰਾ ਦੀ ਕਲੀਅਰੈਂਸ ਲਈ ਲਾਈਨ ਵਿਚ ਲੱਗੀ ਹੋਈ ਸੀ ਤਾਂ ਉਸ ਨੇ ਵੇਖਿਆ ਕਿ ਨਾਲ ਦੀ ਲਾਈਨ 'ਚ ਖੜ੍ਹਾ ਕੋਈ ਜਣਾ ਉਸ ਵੱਲ ਬੜੇ ਗਹੁ ਨਾਲ ਝਾਕ ਰਿਹਾ ਸੀ। ਉਸ ਨੇ ਦਿਮਾਗ 'ਤੇ ਜ਼ੋਰ ਪਾ ਕੇ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕਿ ਇਸ ਆਦਮੀ ਨੂੰ ਪਹਿਲਾਂ ਉਸ ਨੇ ਕਿਤੇ ਵੇਖਿਆ ਹੋਇਆ ਪਰ ਉਸ ਨੂੰ ਕੁਝ ਯਾਦ ਨਾ ਆਇਆ। ਉਹ ਨੀਵੀਂ ਪਾਈ ਸੋਚਣ ਲੱਗੀ। ਫਿਰ ਉਸ ਦੇ ਦਿਮਾਗ 'ਚ ਅਚਾਨਕ ਕੁਝ ਕੌਂਧਿਆ ਤੇ ਉਸ ਨੇ ਭੜੱਕ ਦੇਣੇ ਨਾਲ ਦੀ ਲਾਈਨ ਵੱਲ ਵੇਖਿਆ। ਉਦੋਂ ਨੂੰ ਉਹ ਆਦਮੀ ਅੱਗੇ ਨਿਕਲ ਗਿਆ ਸੀ। ਆਫੀਆ ਮਨ ਹੀ ਮਨ ਬੋਲੀ, 'ਉਹ ਇਹ ਤਾਂ ਰਮਜ਼ੀ ਯੂਸਫ ਐ ਜਿਸ ਨੂੰ ਉਸ ਦਿਨ ਐਮ.ਐਸ.ਏ. ਦੀ ਮੀਟਿੰਗ 'ਚ ਵੇਖਿਆ ਸੀ।'

**(ਚਲਦਾ)**

## ਪਾਠਕਾਂ ਦੀ ਰਾਏ

# ਸਿੱਖ ਧਰਮ ਵਿਚ ਹੋ ਰਹੀਆਂ ਤਬਦੀਲੀਆਂ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਸਿੱਖ ਧਰਮ ਵਿਚ ਹੋ ਰਹੀਆਂ ਤਬਦੀਲੀਆਂ ਬਾਰੇ ਅੰਤਾਂ ਦਾ ਫਿਕਰ ਪ੍ਰਗਟ ਕੀਤਾ ਹੈ ਅਤੇ ਸਾਨੂੰ ਸਭ ਨੂੰ ਹੀ ਫਿਕਰਮੰਦ ਹੋਣਾ ਵੀ ਚਾਹੀਦਾ ਹੈ, ਪਰ ਉਨ੍ਹਾਂ ਦੀ ਇਸ ਗੱਲ ਨਾਲ ਮੈਂ ਆਪਣੇ-ਆਪ ਨੂੰ ਪੂਰੀ ਤਰ੍ਹਾਂ ਸਹਿਮਤ ਨਹੀਂ ਕਰ ਸਕਿਆ ਕਿ ਇਨ੍ਹਾਂ ਤਬਦੀਲੀਆਂ ਲਈ ਸਿੱਖ ਧਰਮ ਤੋਂ ਬਾਹਰਲੀਆਂ ਤਾਕਤਾਂ ਜਾਂ ਆਰ.ਐਸ.ਐਸ. ਦਾ ਦਿਮਾਗ ਕੰਮ ਕਰ ਰਿਹਾ ਹੈ। ਖਤਰਾ ਬਾਹਰੋਂ ਨਹੀਂ, ਸਗੋਂ ਸਾਨੂੰ ਆਪਣੇ ਉਨ੍ਹਾਂ ਤੋਂ ਹੈ ਜੋ ਆਪਣੇ-ਆਪ ਨੂੰ ਧਰਮ ਦੇ ਰਖਵਾਲੇ ਹੋਣ ਦਾ ਦਮ ਭਰਦੇ ਹਨ। ਉਹ ਕਈ ਵਾਰ ਅਜਿਹੀਆਂ ਮਨਮਤਾਂ ਧਰਮ ਵਿਚ ਜੋੜੀ ਜਾਂਦੇ ਹਨ ਜਿਨ੍ਹਾਂ ਨੂੰ ਅਸੀਂ ਦੇਖਦੇ ਤੇ ਸਮਝਦੇ ਹੋਏ ਵੀ ਵਿਰੋਧ ਕਰਨ ਦੀ ਜੁਰਅਤ ਨਹੀਂ ਕਰਦੇ।

ਪਿਛਲੇ ਕੁਝ ਸਮੇਂ ਤੋਂ ਕੁਝ ਗੁਰਦੁਆਰਿਆਂ ਵਿਚ ਰਵਾਇਤ ਹੈ ਕਿ ਸ਼ਰਧਾਲੂ ਮੱਥਾ ਟੇਕਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਲੇ ਪਰਿਕਰਮਾ ਕਰਦੇ ਹਨ। ਕੁਝ ਸ਼ਰਧਾਲੂ ਜਦੋਂ ਪਿਛਲੇ ਪਾਸੇ ਪਹੁੰਚਦੇ ਹਨ, ਤਾਂ ਮੱਥਾ ਟੇਕਦੇ ਹਨ। ਕੁਝ ਜ਼ਿਆਦਾ ਸ਼ਰਧਾਵਾਨ ਸਿੱਖ ਤਾਂ ਚਾਰੇ ਪਾਸੇ ਮੱਥਾ ਟੇਕਦੇ ਹਨ। ਪਹਿਲਾਂ ਸਾਹਮਣੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੱਜੇ ਪਾਸੇ, ਫਿਰ ਪਿਛਲੇ ਪਾਸੇ ਅਤੇ ਅਖੀਰ ਵਿਚ ਖੱਬੇ ਪਾਸੇ ਮੱਥਾ ਟੇਕ ਕੇ ਦੇਗ ਲੈਂਦੇ ਹਨ।

ਆਪਣੇ ਰੋਜ਼ਾਨਾ ਜੀਵਨ ਵਿਚੋਂ ਮਿਸਾਲ ਲਈਏ। ਮੰਨ ਲਉ, ਘਰ ਵਿਚ ਸਮਝਦਾਰ ਬਜ਼ੁਰਗ ਹੈ ਜਿਸ ਦੀ ਸਾਰੇ ਦਿਲੋਂ ਕਦਰ ਕਰਦੇ ਹਨ। ਜਦੋਂ ਅਸੀਂ ਉਨ੍ਹਾਂ ਨੂੰ ਮਿਲਣ ਜਾਵਾਂਗੇ ਤਾਂ ਸਤਿਕਾਰ ਨਾਲ ਫਤਿਹ ਬੁਲਾਂਵਾਂਗੇ, ਜਾਂ ਕਈ ਵਾਰੀ ਪੈਰੀਂ ਹੱਥ ਵੀ ਲਾਂਵਾਂਗੇ। ਇਸ ਉਪਰੰਤ ਉਸ ਦੇ ਸਾਹਮਣੇ ਖੜ੍ਹੋ ਕੇ ਜਾਂ ਉਸ ਦੀ ਪੁਆਂਦੀ ਬੈਠ ਕੇ ਗੱਲਬਾਤ ਕਰਾਂਗੇ। ਅਸੀਂ ਕਦੇ ਵੀ ਉਸ ਨੂੰ ਸ਼ਰਧਾ ਦਿਖਾਉਣ ਲਈ ਉਸ ਦੇ ਦੁਆਲੇ ਗੇੜਾ ਨਹੀਂ ਕੱਢਾਂਗੇ। ਅਜਿਹਾ ਕਰਨਾ ਉਸ ਬਜ਼ੁਰਗ ਨੂੰ ਵੀ ਚੰਗਾ ਨਹੀਂ ਲੱਗੇਗਾ।

ਅਸੀਂ ਅੱਜਕੱਲ੍ਹ ਦੇ ਦੇਹਧਾਰੀ ਗੁਰੂਆਂ ਜਾਂ ਡੇਰੇਦਾਰਾਂ ਜੋ ਆਪਣੇ-ਆਪ ਨੂੰ ਕਿਸੇ ਗੁਰੂ ਤੋਂ ਘੱਟ ਨਹੀਂ ਸਮਝਦੇ, ਦੀ ਮਿਸਾਲ ਵੀ ਲੈ ਸਕਦੇ ਹਾਂ। ਅਸੀਂ ਕਦੇ ਵੀ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਮੱਥਾ ਟੇਕ ਕੇ ਜਾਂ ਪੈਰੀਂ ਹੱਥ ਲਾ ਕੇ ਉਨ੍ਹਾਂ ਦੁਆਲੇ ਪਰਿਕਰਮਾ ਕਰਦੇ ਨਹੀਂ ਵੇਖਾਂਗੇ। ਇਸੇ ਤਰ੍ਹਾਂ ਜੇ ਅਸੀਂ ਕੁਝ ਸੌ ਸਾਲ ਪਿੱਛੇ ਜਾਈਏ ਤੇ ਗੁਰੂਕਾਲ ਬਾਰੇ ਕਲਪਨਾ ਕਰੀਏ ਤਾਂ ਵੀ ਇੰਜ ਹੀ ਮਹਿਸੂਸ ਹੋਵੇਗਾ ਕਿ ਉਸ ਵੇਲੇ ਵੀ ਸਿੱਖ, ਗੁਰੂ ਜੀ ਨੂੰ ਨਤਮਸਤਕ ਹੋਣ ਤੋਂ ਬਾਅਦ ਪਿਛੇ ਹਟ ਕੇ ਉਨ੍ਹਾਂ ਦੇ ਸਾਹਮਣੇ ਹੀ ਬੈਠਦੇ ਹੋਣਗੇ, ਪਰਿਕਰਮਾ ਨਹੀਂ ਕਰਦੇ ਹੋਣੇ।



ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਲੇ ਪਰਿਕਰਮਾ ਦੀ ਇਕ ਮਿਸਾਲ ਮੈਂ ਹੋਰ ਦੇਣੀ ਚਾਹਾਂਗਾ। ਮੇਰਾ ਵਿਆਹ 1973 ਵਿਚ ਹੋਇਆ ਸੀ। ਉਸ ਤੋਂ ਪਹਿਲਾਂ ਅਤੇ 8-9 ਸਾਲ ਪਿਛੋਂ ਵੀ ਅਨੰਦ ਕਾਰਜ ਦੀ ਮਰਯਾਦਾ ਬੜੀ ਸਾਦੀ, ਪਰ ਪ੍ਰਭਾਵਸ਼ਾਲੀ ਹੁੰਦੀ ਸੀ। ਉਸ ਵੇਲੇ ਵਿਆਹੁੰਦੜ ਜੋੜੀ ਲਾਂਵਾਂ ਵੇਲੇ ਪਰਿਕਰਮਾ ਨਹੀਂ ਸੀ ਕਰਦੀ ਹੁੰਦੀ, ਸਗੋਂ ਸਾਰਾ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਹੀ ਬੈਠੀ ਹੁੰਦੀ ਸੀ। ਸਿਰਫ਼ ਅਰਦਾਸ ਵੇਲੇ ਹੀ ਖੜ੍ਹੀ ਹੁੰਦੀ ਸੀ। ਅਨੰਦ ਕਾਰਜ ਸਪਾਪਤੀ ਤੋਂ ਪਿੱਛੋਂ ਗ੍ਰੰਥੀ ਸਿੰਘ ਚਾਰੇ ਲਾਂਵਾਂ ਦੀ ਵਿਆਖਿਆ ਕਰਦੇ ਹੋਏ ਸੁਭਾਗੀ ਜੋੜੀ ਨੂੰ ਸਿੱਖਿਆ ਦਿੰਦੇ ਹੋਏ 'ਏਕ ਜੋਤ ਦੁਇ ਮੂਰਤੀ' ਅਨੁਸਾਰ ਵਿਚਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹਵਾਲੇ ਦੇ ਕੇ ਮਾਰਗ ਦਰਸ਼ਨ ਕਰਦੇ ਸਨ। ਸਰਦੇ-ਪੁੱਜਦੇ ਪਰਿਵਾਰਾਂ ਵੱਲੋਂ ਕੀਰਤਨ ਦਾ ਪ੍ਰਬੰਧ ਵੀ ਕਰ ਲਿਆ ਜਾਂਦਾ ਸੀ। ਕੀਰਤਨ ਰਾਹੀਂ ਵੀ ਸੁਭਾਗੀ ਜੋੜੀ ਨੂੰ ਗੁਰਮਤਿ ਅਨੁਸਾਰ ਚੱਲਣ ਦੀ ਪ੍ਰੇਰਨਾ ਦਿੱਤੀ ਜਾਂਦੀ ਸੀ।

ਅੱਜ ਤੋਂ 29-30 ਸਾਲ ਪਹਿਲਾਂ ਮੈਨੂੰ ਇਕ ਧਾਰਮਿਕ ਸਮਾਗਮ ਵਿਚ ਜਾਣ ਦਾ ਮੌਕਾ ਮਿਲਿਆ। ਉਥੇ ਇਕ ਧਾਰਮਿਕ ਆਗੂ ਬੜਾ ਪ੍ਰਭਾਵਸ਼ਾਲੀ ਵਿਖਿਆਨ ਕਰ ਰਹੇ ਸਨ। ਉਹ ਦੱਸ ਰਹੇ ਸਨ ਕਿ ਗੁਰਮਤਿ ਅਨੁਸਾਰ ਅਕਾਲ ਪੁਰਖ ਹੀ ਸਰਵਉਚ ਹੈ ਅਤੇ ਉਸੇ ਨੂੰ ਮੰਨਣਾ ਹੈ। ਬਾਕੀ ਕਿਸੇ ਦੇਵੀ-ਦੇਵਤੇ ਦੇ ਵਹਿਮ ਵਿਚ ਨਹੀਂ ਪੈਣਾ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਉਸ ਵੇਲੇ ਵਿਆਹ, ਅਗਨੀ ਦੁਆਲੇ ਫੇਰੇ ਲੈ ਕੇ ਹੁੰਦੇ ਸਨ ਜੋ ਹਿੰਦੂਆਂ ਵਿਚ ਅਜੇ ਵੀ ਪ੍ਰਚਲਿਤ ਹੈ, ਪਰ ਗੁਰੂ ਜੀ ਨੇ ਆਪਣੇ ਵਿਆਹ ਵੇਲੇ ਅਗਨੀ (ਅਗਨ ਦੇਵਤਾ) ਨੂੰ ਸਾਖ਼ਸ਼ੀ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਗਟ ਨਹੀਂ ਸਨ ਹੋਏ। ਸੋ, ਉਨ੍ਹਾਂ ਜ਼ਮੀਨ ਉਪਰ ੴ ਲਿਖ ਕੇ ਉਸ ਦੁਆਲੇ ਪਰਿਕਰਮਾ ਕਰ ਕੇ ਵਿਆਹ ਕਰਵਾਇਆ। ਉਸ ਧਾਰਮਿਕ ਆਗੂ ਦੀ ਦੇਵੀ-ਦੇਵਤਿਆਂ ਨੂੰ ਅਹਿਮੀਅਤ ਨਾ ਦੇਣ ਅਤੇ ਸਿਰਫ ਸ੍ਰੀ ਅਕਾਲ ਪੁਰਖ ਨੂੰ ਸਰਬਉਚ ਮੰਨਣ ਦੀ ਸਿੱਖਿਆ ਦਾ ਅਸਰ ਤਾਂ ਪਤਾ ਨਹੀਂ ਕਿੰਨਾ ਕੁ ਹੋਇਆ, ਪਰ ਕੁਝ ਸਮੇਂ ਵਿਚ ਹੀ ਅਨੰਦ ਕਾਰਜ ਕਰਨ ਸਮੇਂ ਪਰਿਕਰਮਾ ਕਰਨ ਦੀ ਰਸਮ ਜ਼ਰੂਰ ਸ਼ੁਰੂ ਹੋ ਗਈ। ਹੁਣ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਲਾਂਵਾਂ ਦੌਰਾਨ ਪਰਿਕਰਮਾ ਦੀ ਰਸਮ ਤੋਂ ਬਿਨਾਂ ਤਾਂ ਸ਼ਾਇਦ ਅਨੰਦ ਕਾਰਜ ਹੀ ਅਧੂਰਾ ਹੋਵੇ।

ਅਨੰਦ ਕਾਰਜ ਵੇਲੇ ਲਾਂਵਾਂ ਦੇ ਪਾਠ ਤੋਂ ਪਹਿਲਾਂ ਰਾਗੀ ਸਿੰਘ ਵਿਆਹੀ ਜਾਣ ਵਾਲੀ ਜੋੜੀ ਨੂੰ ਸਮਝਾਉਂਦੇ ਹਨ ਕਿ ਲਾਂਵਾਂ ਦੀ 'ਰਸਮ' ਪੂਰੀ ਸ਼ਰਧਾ ਨਾਲ ਪੂਰੀ ਕਰਨੀ ਹੈ। ਹਰ ਲਾਂਵ ਦਾ ਪਾਠ ਪਹਿਲਾਂ ਗ੍ਰੰਥੀ ਸਿੰਘ ਜੀ ਕਰਨਗੇ, ਜਦੋਂ ਲਾਂਵਾਂ ਵਿਚ ਨਾਨਕ ਨਾਮ ਆਵੇ ਤਾਂ ਸਿਰ ਝੁਕਾ ਕੇ ਮੱਥਾ ਟੇਕਣਾ ਹੈ। ਲਾਂਵ ਪੂਰੀ ਹੋਣ ਸਾਰ ਦੋਵਾਂ ਨੇ ਖੜ੍ਹੇ ਹੋਣਾ ਹੈ, ਲਾਂਵ ਦਾ ਕੀਰਤਨ ਅਰੰਭ ਹੁੰਦੇ ਹੀ ਲੜਕਾ ਅੱਗੇ ਅਤੇ ਲੜਕੀ ਪਿੱਛੇ ਚਲਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਜੇ ਹੱਥ ਰੱਖ ਕੇ ਪਰਿਕਰਮਾ ਪੂਰੀ ਕਰਨੀ ਹੈ। ਪਰਿਕਰਮਾ ਅਤੇ ਲਾਂਵਾਂ ਦਾ ਕੀਰਤਨ ਇਕੋ ਸਮੇਂ ਪੂਰੇ ਹੋਣ। ਫਿਰ ਮੱਥਾ ਟੇਕ ਕੇ ਅਤੇ ਬੈਠ ਕੇ ਅਗਲੀ ਲਾਂਵਾਂ ਦਾ ਪਾਠ ਸਰਵਣ ਕਰਨਾ ਹੈ। ਇਸੇ ਤਰ੍ਹਾਂ ਚਾਰੇ ਲਾਂਵਾਂ ਦੀ ਰਸਮ ਸੰਪੂਰਨ ਕਰਨੀ ਹੈ। ਇਹ ਸਾਰਾ ਕੁਝ ਇਉਂ ਲੱਗਦਾ ਹੁੰਦਾ ਹੈ ਜਿਵੇਂ ਲਾਂਵਾਂ ਦੇ ਪਾਠ ਨਾਲੋਂ ਜ਼ਿਆਦਾ ਧਿਆਨ, ਰਸਮ ਠੀਕ ਢੰਗ ਨਾਲ ਪੂਰੀ ਕਰਨ ਵੱਲ ਲੱਗਿਆ ਹੋਇਆ ਹੈ।

ਇਨ੍ਹਾਂ ਰਸਮਾਂ-ਰੀਤਾਂ ਤੋਂ ਅੱਗੇ ਸਭ ਤੋਂ ਫਿਕਰ ਵਾਲੀ ਗੱਲ ਇਹ ਹੈ ਕਿ ਕਦੇ ਸ਼ਰਧਾ ਦੇ ਨਾਂ 'ਤੇ, ਕਦੇ ਪਵਿੱਤਰਤਾ ਦੇ ਨਾਂ 'ਤੇ, ਕਦੇ ਸਹੀ ਸੇਵਾ-ਸੰਭਾਲ ਦੇ ਨਾਂ 'ਤੇ ਅਜਿਹਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਕਿ ਆਮ ਸਿੱਖ ਸ੍ਰੀ ਗੁਰੂ ਗੰਥ ਸਾਹਿਬ ਜੀ ਦੀ ਤਾਬਿਆ ਬੈਠਣ ਤੋਂ ਵੀ ਝਿਜਕਦਾ ਹੈ ਕਿ ਕਿਤੇ ਉਸ ਤੋਂ ਕੋਈ ਕਮੀ ਨਾ ਰਹਿ ਜਾਵੇ। ਸ਼ਬਦ ਪੜ੍ਹਨਾ ਅਤੇ ਵਿਚਾਰਨਾ ਤਾਂ ਦੂਰ ਦੀ ਗੱਲ ਬਣ ਰਹੀ ਹੈ। ਕਦੇ-ਕਦੇ ਖਦਸ਼ਾ ਮਹਿਸੂਸ ਹੁੰਦਾ ਹੈ ਕਿ ਕਿਤੇ ਅਸੀਂ ਉਸ ਯੁੱਗ ਵੱਲ ਤਾਂ ਨਹੀਂ ਜਾ ਰਹੇ, ਜਦੋਂ ਬ੍ਰਾਹਮਣ ਕਹਿੰਦਾ ਹੁੰਦਾ ਸੀ ਕਿ ਸਿਰਫ਼ ਉਹ ਹੀ ਸਭ ਤੋਂ ਪਵਿੱਤਰ ਇਨਸਾਨ ਹੈ ਅਤੇ ਇਸੇ ਕਰ ਕੇ ਕੇਵਲ ਉਹ ਹੀ ਪੂਜਾ ਕਰਨ ਦਾ ਅਧਿਕਾਰੀ ਹੈ। ਅਕਾਲ ਪੁਰਖ ਸਾਨੂੰ ਸੁਮੱਤ ਬਖ਼ਸ਼ੇ ਅਤੇ ਮੇਰਾ ਇਹ ਖਦਸ਼ਾ ਕਦੇ ਸੱਚ ਨਾ ਹੋਵੇਗਾ।

*-ਨੰਦ ਸਿੰਘ ਬਰਾੜ*
*ਫੋਨ: 916-674-2201*

ਕਹਾਣੀ

# ਖੱਬਾ ਮੋੜ

## ਦਰਸ਼ਨ ਸਿੰਘ

ਨੀਲਮਾ ਲਾਲ ਬੱਤੀ 'ਤੇ ਖੜ੍ਹੀ ਸੀ। ਖੱਬੇ ਹੱਥ ਉਹ ਸੜਕ ਪੈਂਦੀ ਸੀ, ਜਿਸ 'ਤੇ ਕੁਝ ਅੱਗੇ ਜਾ ਕੇ ਚਿੱਤਰਕਾਰ ਅਸ਼ੋਕ ਦਾ ਘਰ ਸੀ। ਉਹਦਾ ਜੀਅ ਕੀਤਾ, ਉਹ ਗੱਡੀ ਓਧਰ ਮੋੜ ਲਵੇ। ਪਰ ਉਹ ਅਸਲੋਂ ਸੱਜੇ ਹੱਥ ਵਾਲੀ ਲੇਨ 'ਚ ਸੀ। ਵਿਚਾਲੇ ਹੋਰ ਕਈ ਗੱਡੀਆਂ ਸਨ। ਮੁੜਨਾ ਔਖਾ ਸੀ। ਉਹਨੇ ਬਰੇਕ ਤੋਂ ਪੈਰ ਨਾ ਚੁੱਕਿਆ। ਨੀਲਮਾ ਕੰਮ ਤੋਂ ਘਰ ਵਾਪਸ ਜਾ ਰਹੀ ਸੀ। ਉਹ ਨਿਤੇਸ਼ ਦੀ ਪਤਨੀ ਸੀ। ਸੁਹਣੀ, ਚੰਗੀ ਬਣੀ-ਫਬੀ, ਪੜ੍ਹੀ-ਲਿਖੀ, ਕਮਾਊ, ਸਕੂਲੇ-ਜਾਂਦੀਆਂ ਦੋ ਕੁੜੀਆਂ ਦੀ ਮਾਂ, ਪਰ ਅਜੇ ਸ਼ਕਲੋਂ ਤੇ ਪਿੰਡਿਉਂ ਅਜਿਹੀ ਕਿ ਏਨੇ ਵਰ੍ਹਿਆਂ ਦੀ ਵਿਆਹੀ ਨਹੀਂ ਸੀ ਲਗਦੀ। ਨਿਤੇਸ਼ ਕਿਸੇ ਬਾਹਰਲੇ ਬੈਂਕ 'ਚ ਕੰਮ ਕਰਦਾ ਸੀ, ਚੰਗੇ ਉਚੇ ਅਹੁੱਦੇ 'ਤੇ। ਪੂੰਜੀ ਨਿਵੇਸ਼ ਦਾ ਸਲਾਹਕਾਰ ਸੀ। ਵੱਡੇ ਵੱਡੇ ਗਾਹਕਾਂ ਨੂੰ ਸਲਾਹਾਂ ਦੇਣ ਤੇ ਮੇਲ-ਮੁਲਾਕਾਤ ਲਈ ਦਫਤਰੋਂ ਨਿਕਲਿਆ ਰਹਿੰਦਾ ਸੀ। ਉਹ ਨੀਲਮਾ 'ਤੇ ਮਰਦਾ ਸੀ। ਉਹਦੇ ਰੂਪ ਨੂੰ ਆਪਣੇ ਲਈ ਰਾਖਵਾਂ ਸਮਝਦਾ ਸੀ। ਨਹੀਂ ਸੀ ਚਾਹੁੰਦਾ, ਕੋਈ ਬੇਗਾਨੀ, ਲਾਲਚੀ ਨਜ਼ਰ ਉਹਦੇ 'ਤੇ ਪਵੇ। ਨੀਲਮਾ ਵੀ ਕੀ ਕਰਦੀ? ਕੁੜੀਆਂ ਸਕੂਲ ਚਲੀਆਂ ਜਾਂਦੀਆਂ ਸਨ। ਨਿਤੇਸ਼ ਆਪਣੇ ਦਫਤਰ। ਉਹ ਘਰ ਇਕੱਲੀ ਰਹਿ ਜਾਂਦੀ ਸੀ। ਵਿਹਲੀ ਬਹਿ ਕੇ ਅੱਕ ਜਾਂਦੀ ਸੀ। ਨੌਕਰੀ ਉਹਨੂੰ ਕਰਨੀ ਹੀ ਪਈ।

ਨੀਲਮਾ ਦੀ ਨੌਕਰੀ ਇਕ ਤਰ੍ਹਾਂ ਦਾ ਸ਼ੁਗਲ ਸੀ। ਮੰਡੀ ਹਾਊਸ ਕੋਲ ਇਕ ਥੀਏਟਰ ਦੀ ਇਮਾਰਤ ਸੀ। ਉਹਦੇ 'ਚ ਇਕ ਕੈਫ਼ੇ ਸੀ ਤੇ ਉਹਦੀ ਹੀ ਅੰਗ, ਇਕ ਕਿਤਾਬਾਂ ਦੀ ਦੁਕਾਨ ਸੀ। ਨੀਲਮਾ ਉਨ੍ਹਾਂ ਦੀ ਮੈਨੇਜਰ ਸੀ। ਸਵੇਰੇ ਦਸ ਵਜੇ ਤੋਂ ਸ਼ਾਮੀ ਪੰਜ ਵਜੇ ਤੱਕ ਓਥੇ ਬਹਿੰਦੀ ਸੀ। ਤਨਖਾਹ ਕੋਈ ਖਾਸ ਨਹੀਂ ਸੀ। ਸਮਝੋ ਆਉਣ-ਜਾਣ ਦੇ ਪੈਟਰੋਲ ਦਾ ਖਰਚ ਹੀ ਨਿਕਲਦਾ ਸੀ। ਪਰ ਵੱਡੀ ਗੱਲ ਇਹ ਸੀ ਕਿ ਉਥੇ ਕੋਈ ਨਿਗਰਾਨੀ ਨਹੀਂ ਸੀ। ਚੁਗਿਰਦਾ ਚੰਗਾ ਸੀ। ਤੇ ਦਿਲ ਚੰਗਾ ਲੱਗਾ ਰਹਿੰਦਾ ਸੀ।

ਨੀਲਮਾ ਦੇ ਏਸ ਕੈਫ਼ੇ 'ਚ ਕਿਤਾਬਾਂ ਘੱਟ ਵਿਕਦੀਆਂ ਤੇ ਚਾਹ-ਕਾਫ਼ੀ ਵੱਧ। ਸਾਰਾ ਦਿਨ ਭੀੜ ਰਹਿੰਦੀ। ਚੰਗੇ-ਚੰਗੇ ਗਾਹਕ ਹੁੰਦੇ ਸਨ-ਥੀਏਟਰ-ਕਰਮੀ, ਲੇਖਕ, ਕਲਾਕਾਰ, ਗਾਇਕ, ਸੰਗੀਤਕਾਰ। ਉਹੀਓ ਸੂਰਤਾਂ, ਜੋ ਵੱਡੇ ਰੋਜ਼ਾਨਾ ਅਖਬਾਰਾਂ ਦੇ ਤੀਜੇ ਸਫ਼ਿਆਂ ਦਾ ਸ਼ਿੰਗਾਰ ਹੁੰਦੀਆਂ ਸਨ। ਨੀਲਮਾ ਨੂੰ ਸਾਰਾ ਦਿਨ ਚੰਗਾ ਚੰਗਾ ਲੱਗਦਾ। ਉਹ ਨਾ ਅੱਕਦੀ, ਨਾ ਥੱਕਦੀ। ਜਿਵੇਂ ਸੱਜਰੀ, ਉਜਲੀ ਸਵੇਰੇ ਆਉਂਦੀ, ਉਵੇਂ ਸੱਜਰੀ ਸ਼ਾਮੀਂ ਘਰ ਪਰਤ ਜਾਂਦੀ।

ਅੱਜ ਜਿਸ ਅਸ਼ੋਕ ਚੰਦਨ ਦੇ ਘਰ ਵੱਲ ਉਹਨੇ ਗੱਡੀ ਮੋੜਨੀ ਚਾਹੀ ਸੀ, ਉਹ ਉਹਦੇ ਕੈਫ਼ੇ 'ਚ ਕਾਫ਼ੀ ਪੀਣ ਆਉਂਦਾ ਹੁੰਦਾ ਸੀ। ਉਹ ਚੰਗਾ ਸਫਲ ਚਿੱਤਰਕਾਰ ਸੀ। ਅਜੇ ਪਹਿਲੀ ਪੰਗਤ ਵਾਲਾ ਨਹੀਂ, ਪਰ ਚੰਗਾ ਨਾਮੀ। ਦੁਪਹਿਰ ਤੱਕ ਉਹ ਘਰ, ਆਪਣੇ ਸਟੂਡੀਓ 'ਚ ਕੰਮ ਕਰਦਾ ਸੀ ਤੇ ਫੇਰ ਉਹ ਨੀਲਮਾ ਦੇ ਕੈਫ਼ੇ 'ਚ ਆ ਜਾਂਦਾ ਸੀ ਤੇ ਸ਼ਾਮ ਤੱਕ ਉਥੇ ਹੀ ਰਹਿੰਦਾ ਸੀ। ਕਾਫੀ ਸਮਾਂ ਉਹ ਨੀਲਮਾ ਨਾਲ ਹੀ ਬੈਠਾ ਰਹਿੰਦਾ ਸੀ।

ਬੱਤੀ ਹਰੀ ਹੋਈ। ਨੀਲਮਾ ਨੇ ਗੱਡੀ ਟੋਰ ਦਿੱਤੀ। ਉਹਨੇ ਕਿੱਲੀ ਹੋਰ ਦੱਬੀ। ਗੱਡੀ ਕੁਝ ਤੇਜ਼ ਹੋਈ। ਚਾਣਚੱਕ ਹੀ ਉਹਨੂੰ ਲੱਗਿਆ, ਅਸ਼ੋਕ ਉਹਨੂੰ ਆਪਣੇ ਘਰ ਉਡੀਕ ਰਿਹਾ ਸੀ। ਅੱਜ ਉਹ ਕੈਫ਼ੇ ਨਹੀਂ ਸੀ ਆਇਆ। ਘਰ ਹੀ ਕੰਮ ਕਰ ਰਿਹਾ ਸੀ। ਕੁਝ ਦਿਨਾਂ ਨੂੰ ਉਹਦੀ ਨੁਮਾਇਸ਼ ਹੋਣ ਵਾਲੀ ਸੀ। ਕੰਮ ਬਹੁਤ ਸੀ। ਅੱਜ ਨੀਲਮਾ ਨੂੰ ਸਾਰਾ ਦਿਨ ਅਸ਼ੋਕ ਦੀ ਸਹਿਕ ਰਹੀ ਸੀ। ਉਹਨੂੰ ਅਜੀਬ-ਅਜੀਬ ਲੱਗਦਾ ਰਿਹਾ ਸੀ। ਉਹਦਾ ਅੰਦਰ ਨੱਕੋ ਨੱਕ ਭਰਿਆ ਰਹਿ ਗਿਆ ਸੀ। ਉਹ ਅਸ਼ੋਕ ਨੂੰ ਦੱਸ ਨਹੀਂ ਸੀ ਸਕੀ, ਜੋ ਉਹਨੂੰ ਉਹ ਅੱਜ ਦੱਸਣਾ ਚਾਹੁੰਦੀ ਸੀ। ਕਲ੍ਹ ਰਾਤੀਂ ਨਿਤੇਸ਼ ਨਾਲ ਉਹਦਾ ਝਗੜਾ ਹੋਇਆ ਸੀ। ਨਿਤੇਸ਼ ਕਹਿੰਦਾ ਸੀ, ਨੌਕਰੀ ਛੱਡ ਦੇ। ਨੀਲਮਾ ਨੇ ਕਿਹਾ ਸੀ, ਨਹੀਂ ਛੱਡਣੀਂ। ਘਰ ਬੈਠੇ ਸੁੱਕਣਾ ਨਹੀਂ। ਢੀਂਗਰੀ ਨਹੀਂ ਬਣਨਾ।

ਝਗੜਾ ਬੜੀ ਦੇਰ ਹੁੰਦਾ ਰਿਹਾ ਸੀ। ਰਾਤੀਂ ਉਹ ਠੀਕ ਤਰ੍ਹਾਂ ਸੌਂ ਵੀ ਨਾ ਸਕੀ। ਨਿਤੇਸ਼ ਨੀਲਮਾ ਦੀ ਨੌਕਰੀ ਅਸ਼ੋਕ ਕਰਕੇ ਹੀ ਛਡਵਾਉਣਾ ਚਾਹੁੰਦਾ ਸੀ। ਉਹਨੂੰ ਪਤਾ ਸੀ, ਨੀਲਮਾ ਤੇ ਅਸ਼ੋਕ ਦੀ ਗੂੜ੍ਹੀ ਦੋਸਤੀ ਸੀ, ਰੋਜ਼ ਮਿਲਦੇ ਸਨ। ਘੰਟਿਆਂ-ਬੱਧੀ ਗੱਲਾਂ ਕਰਦੇ ਸਨ। ਇਕ ਦੂਜੇ ਲਈ ਸਿੱਕਦੇ ਸਨ। ਸ਼ਾਇਦ ਚੋਰੀ ਕਿਤੇ ਏਧਰ ਓਧਰ ਵੀ ਜਾਂਦੇ ਸਨ। ਸੋਚ-ਸੋਚ ਉਹ ਦੁਖਦਾ ਰਹਿੰਦਾ ਸੀ।

ਨਿਤੇਸ਼ ਨੂੰ ਇਹ ਓਸ ਦਿਨ ਦੀ ਖੜਕੀ ਹੋਈ ਸੀ, ਜਿਸ ਦਿਨ ਉਹ ਨੀਲਮਾ ਦੀ ਨੌਕਰੀ ਦੇ ਸ਼ੁਰੂ ਸ਼ੁਰੂ 'ਚ ਇਕ ਦਿਨ ਅਚਾਨਕ ਹੀ ਉਹਦੇ ਕੈਫੇ ਪਹੁੰਚ ਗਿਆ ਸੀ। ਉਹ ਖਾਨ ਮਾਰਕਿਟ ਕਿਸੇ ਗਾਹਕ ਨੂੰ ਮਿਲਣ ਜਾ ਰਿਹਾ ਸੀ ਤੇ ਐਵੇਂ ਹੀ ਰਾਹ 'ਚ ਅਟਕ ਗਿਆ ਸੀ। ਕੈਫ਼ੇ 'ਚ ਉਹਨੇ ਵੇਖਿਆ ਸੀ, ਨੀਲਮਾ ਇਕ ਨੁੱਕਰੇ ਅਸ਼ੋਕ ਨਾਲ ਬੈਠੀ ਹੱਸ-ਹੱਸ ਗੱਲਾਂ ਕਰ ਰਹੀ ਸੀ। ਨੀਲਮਾ ਨੇ ਨਿਤੇਸ਼ ਦੀ ਜਾਣ-ਪਛਾਣ ਕਰਾਈ ਸੀ, "ਇਹ ਅਸ਼ੋਕ ਚੰਦਨ ਏ, ਮਸ਼ਹੂਰ ਚਿੱਤਰਕਾਰ। ਕਦੀ ਕਦੀ ਏਥੇ ਕਾਫ਼ੀ ਪੀਣ ਆਉਂਦੈ।"

ਨਿਤੇਸ਼ 5-10 ਮਿੰਟ ਉਨ੍ਹਾਂ ਕੋਲ ਬੈਠਾ ਰਿਹਾ। ਉਹਨੇ ਵੇਖਿਆ, ਕੈਫ਼ੇ 'ਚ ਬੜੇ ਲੋਕ ਸਨ। ਔਰਤਾਂ ਵੀ ਬੜੀਆਂ ਸਨ, ਨੀਲਮਾ ਤੋਂ ਛੋਟੀਆਂ ਵੀ ਪਰ ਨੀਲਮਾ ਜਿਹੀ ਬਾਂਕੀ, ਛੈਲ-ਛਬੀਲੀ ਔਰਤ ਹੋਰ ਕੋਈ ਨਹੀਂ ਸੀ। ਉਹਨੂੰ ਅਸ਼ੋਕ ਤੋਂ ਵੱਧ ਚਿੱਤ-ਲੱਗਦਾ ਮਰਦ ਵੀ ਓਥੇ ਹੋਰ ਕੋਈ ਨਾ ਦਿਸਿਆ। ਇਹ ਵੇਖ ਕੇ ਉਹਨੂੰ ਫਿਕਰ ਹੋਇਆ ਸੀ। ਉਹਦਾ ਜਿਵੇਂ ਦਿਲ ਬਹਿ ਗਿਆ ਸੀ।

ਖਾਨ ਮਾਰਕਿਟ ਤੋਂ ਵਾਪਸੀ ਵੇਲੇ ਉਹ ਕੈਫ਼ੇ ਆਇਆ ਸੀ। ਉਹਨੇ ਵੇਖਿਆ ਸੀ, ਨੀਲਮਾ ਤੇ ਅਸ਼ੋਕ ਅਜੇ ਵੀ ਇਕ ਪਾਸੇ ਬੈਠੇ ਆਪਣੀਆਂ ਗੱਲਾਂ 'ਚ ਮਸਤ ਸਨ। ਉਹ ਨਿਤੇਸ਼ ਨੂੰ ਦੂਜੀ ਵਾਰ ਵੇਖ ਕੁਝ ਕੁਝ ਝੇਂਪ ਗਏ ਸਨ।

ਓਸ ਸ਼ਾਮੀਂ ਨੀਲਮਾ ਤੇ ਨਿਤੇਸ਼ ਦਾ ਝਗੜਾ ਹੋਇਆ ਸੀ। ਨਿਤੇਸ਼ ਦਾ ਕਹਿਣਾ ਸੀ, "ਚਿੱਤਰਕਾਰ ਸਹੀ ਬੰਦੇ ਨਹੀਂ ਹੁੰਦੇ! ਲਫ਼ੰਗੇ ਹੁੰਦੇ ਨੇ। ਸਵੇਰੇ ਉਠ ਇਕ ਦੋ ਘੰਟੇ ਕੈਨਵਸ 'ਤੇ ਰੰਗ ਲਿਬੇੜਦੇ ਨੇ ਤੇ ਫੇਰ ਭੋਲੀਆਂ-ਭਾਲੀਆਂ ਔਰਤਾਂ ਦੇ ਸ਼ਿਕਾਰ ਨੂੰ ਨਿਕਲ ਪੈਂਦੇ ਨੇ। ਤੇਰੇ ਲਈ ਵੀ ਜਾਲ ਵਿਛਾਇਆ ਜਾ ਰਿਹੈ!"



ਨੀਲਮਾ ਸੜ-ਭੁੱਜ ਗਈ ਸੀ। ਜਵਾਬ 'ਚ ਉਸ ਆਖਿਆ ਸੀ, "ਜਾਲ ਸਿਰਫ ਚਿੱਤਰਕਾਰ ਹੀ ਨਹੀਂ ਵਿਛਾਂਦੇ। ਅੱਜਕਲ੍ਹ ਬੈਂਕਾਂ 'ਚ ਵੀ ਜਾਲ ਵਿਛ ਰਹੇ ਨੇ। ਓਥੇ ਵੀ ਲਫ਼ੰਡਰ ਮਰਦਾਂ ਤੇ ਭੋਲੀਆਂ-ਭਾਲੀਆਂ ਕੁੜੀਆਂ ਦੀ ਕਮੀ ਨਹੀਂ!"

ਨੀਲਮਾ ਨੇ ਅੱਗੇ ਵੇਖਿਆ। ਅਗਲਾ ਚੌਂਕ ਆਉਣ ਵਾਲਾ ਸੀ। ਅਜੇ ਉਹ ਉਨ੍ਹਾਂ ਸੋਚਾਂ 'ਚ ਹੀ ਸੀ। ਸੋਚਦਿਆਂ-ਸੋਚਦਿਆਂ ਉਹਦੇ ਸਾਹਵੇਂ ਅਸ਼ੋਕ ਦਾ ਚਿਹਰਾ ਉਘੜ ਆਇਆ। ਉਹ ਲਫ਼ੰਗਾ ਬਿਲਕੁਲ ਨਹੀਂ ਸੀ ਲੱਗਦਾ। ਚੰਗਾ ਸ਼ਕਲਵੰਦ ਸੀ। ਕੱਦ ਉੱਚਾ ਸੀ। ਵਾਲ ਕੁਝ ਲੰਮੇ। ਰੰਗ ਕੁਝ ਸਾਂਵਲਾ। ਮੂੰਹ ਪੂਰਾ ਸਫ਼ਾ-ਚੱਟ। ਨਕਸ਼ ਤਿੱਖੇ। ਅੱਖਾਂ ਮੋਟੀਆਂ, ਸੁਪਨਾਈਆਂ ਜਿਹੀਆਂ। ਇਹ ਚਿਹਰਾ ਨੀਲਮਾ ਨੂੰ ਕਸ਼ਿਸ਼ ਵਾਲਾ ਲੱਗਿਆ। ਏਡੀ ਕਸ਼ਿਸ਼ ਕਿਸੇ ਹੋਰ ਮਰਦ 'ਚ ਨਹੀਂ ਸੀ। ਨਿਤੇਸ਼ ਤਾਂ ਉਹਦੇ ਸਾਹਮਣੇ ਝਾਊਂ ਲੱਗਦਾ ਸੀ।

ਉਸ ਦਿਨ ਪਿਛੋਂ ਨਿਤੇਸ਼ ਕੈਫੇ ਦੇ ਦੋ ਚੱਕਰ ਲਾਉਂਦਾ ਹੀ ਰਹਿੰਦਾ। ਹਰ ਵਾਰੀ ਉਸ ਨੂੰ ਅਸ਼ੋਕ ਤੇ ਨੀਲਮਾ ਇਕੱਠੇ ਬੈਠੇ ਦਿਸਦੇ। ਆਪਣੀਆਂ ਗੱਲਾਂ 'ਚ ਮਸਤ। ਗੁਟਰ-ਗੁਟਰ ਕਰਦੇ। ਪਰ ਨੀਲਮਾ ਹੁਣ ਉਹਨੂੰ ਵੇਖ ਕੇ ਝੇਂਪਦੀ ਨਾ। ਨਿਤੇਸ਼ ਨੂੰ ਵੀ ਨਾਲ ਹੀ ਬੈਠਾ ਲੈਂਦੀ। ਉਹ ਕੁਝ ਦੇਰ ਬਾਅਦ ਆਪ ਹੀ ਖਸਿਆ ਕੇ ਚਲਾ ਜਾਂਦਾ। ਕੈਫ਼ੇ ਦੇ ਹਰ ਅਜਿਹੇ ਚੱਕਰ ਤੋਂ ਬਾਅਦ ਸ਼ਾਮੀਂ ਘਰ ਨੀਲਮਾ ਤੇ ਨਿਤੇਸ਼ ਦਾ ਝਗੜਾ ਹੁੰਦਾ। ਫੇਰ ਨੌਕਰੀ ਛੱਡਣ ਦੀ ਮੰਗ ਹੁੰਦੀ। ਮੰਗ ਫੇਰ ਰੱਦ ਹੁੰਦੀ।

ਝਗੜੇ ਦਾ ਵੇਰਵਾ ਅਗਲੇ ਦਿਨ ਨੀਲਮਾ ਅਸ਼ੋਕ ਨੂੰ ਦਿੰਦੀ। ਉਹ ਅੱਗੋਂ ਚੁੱਪ ਰਹਿੰਦਾ। ਮੁਸਕਰਾ ਛੱਡਦਾ। ਨੀਲਮਾ ਦਾ ਗੁਬਾਰ ਨਿਕਲ ਜਾਂਦਾ। ਉਹ ਹੌਲੀ ਮਹਿਸੂਸ ਕਰਦੀ।

ਸੜਕ ਦਾ ਅਗਲਾ ਚੌਕ ਆ ਰਿਹਾ ਸੀ। ਇਹ ਚੌਕ ਪਹਿਲੇ ਚੌਕ ਨਾਲੋਂ ਵੱਡਾ ਸੀ। ਏਥੇ ਬੱਤੀਆਂ ਹੋਰ ਵੀ ਠਹਿਰ ਕੇ ਬਦਲਦੀਆਂ ਸਨ। ਨੀਲਮਾ ਨੂੰ ਦੂਰੋਂ ਬੱਤੀ ਹਰੀ ਦਿਸੀ। ਪਰ ਉਹਨੇ ਗੱਡੀ ਘੁਕਾਈ ਨਾ। ਜਦੋਂ ਚੌਕ ਕੋਲ ਪਹੁੰਚੀ, ਬੱਤੀ ਲਾਲ ਹੋ ਗਈ। ਉਹ ਅਟਕ ਗਈ। ਉਸ ਵੇਖਿਆ, ਉਹ ਫੇਰ ਸੱਜੀ ਬਾਹੀ ਖੜ੍ਹੀ ਸੀ। ਨੀਲਮਾ ਨੇ ਗੱਡੀ ਦਾ ਇੰਜਨ ਬੰਦ ਕਰ ਦਿੱਤਾ ਤੇ ਉਡੀਕਣ ਲੱਗੀ। ਆਪਣੇ ਖੱਬੇ ਪਾਸੇ ਵੇਖਿਆ। ਗੱਡੀ 'ਤੇ ਗੱਡੀ ਚੜ੍ਹੀ ਹੋਈ ਸੀ। ਮੁੜਨ ਵਾਲਾ ਰਾਹ ਵੀ ਸਾਹਮਣੇ ਜਾਣ ਵਾਲਿਆਂ ਮੱਲਿਆ ਹੋਇਆ ਸੀ।

ਉਹਨੇ ਅਚੇਤ ਹੀ ਹਉਕਾ ਭਰਿਆ। ਸੋਚਣ ਲੱਗੀ, ਉਹਨੂੰ ਕਾਹਦਾ ਸੱਲ ਸੀ? ਇਹੋ ਕਿ ਅੱਜ ਮੁਲਾਕਾਤ ਨਹੀਂ ਸੀ ਹੋਈ? ਸ਼ਾਇਦ ਇਹੋ ਹੀ। ਪਰ ਕੀ ਫਾਇਦਾ? ਜਿਥੇ ਉਹ ਖੜੋਤੀ ਸੀ, ਉਥੋਂ ਖੱਬੇ ਹੱਥ ਮੁੜਿਆ ਨਹੀਂ ਸੀ ਜਾ ਸਕਦਾ। ਇਸ ਤਰ੍ਹਾਂ ਅਚੇਤ ਹਉਕੇ ਹੁਣ ਨੀਲਮਾ ਅਕਸਰ ਭਰਦੀ ਰਹਿੰਦੀ। ਉਸ ਦਿਨ ਬਹੁਤੇ ਜਿਸ ਦਿਨ ਅਸ਼ੋਕ ਨਾਲ ਮੁਲਾਕਾਤ ਨਾ ਹੁੰਦੀ ਜਾਂ ਜਿਸ ਦਿਨ ਬਹੁਤ ਹੀ ਥੋੜ੍ਹੇ ਵਕਤ ਲਈ ਹੁੰਦੀ। ਉਹਨੂੰ ਹਰ ਸਮੇਂ ਇਕ ਅਜੀਬ ਤਰ੍ਹਾਂ ਦਾ ਤਰਸੇਵਾਂ ਰਹਿਣ ਲੱਗ ਪਿਆ ਸੀ। ਉਹਨੂੰ ਉਸ ਤਰ੍ਹਾਂ ਦੀ ਤਿਹ ਮਹਿਸੂਸ ਹੁੰਦੀ ਰਹਿੰਦੀ ਸੀ, ਜਿਸ ਤਰ੍ਹਾਂ ਦੀ ਬੜਾ ਚਿਰ ਤਿਹਾਏ ਰਹਿਣ ਪਿੱਛੋਂ ਮਹਿਸੂਸ ਹੁੰਦੀ ਏ ਤੇ ਪਾਣੀ ਪੀ-ਪੀ ਵੀ ਨਹੀਂ ਲਹਿੰਦੀ। ਲਹਿਣ ਲਈ ਪੂਰਾ ਚਸ਼ਮਾ ਮੰਗਦੀ ਸੀ। ਅੱਜ ਜੇ ਉਹ ਖੱਬੇ ਹੱਥ ਮੁੜ ਸਕਦੀ ਤਾਂ ਆਪਣੇ ਏਸ ਚਸ਼ਮੇ ਕੋਲ ਪਹੁੰਚ ਸਕਦੀ ਸੀ। ਮੁੜ ਕੇ ਥੋੜ੍ਹਾ ਜਿਹਾ ਪਿੱਛੇ ਜਾਣਾ ਪੈਣਾ ਸੀ। ਉਹਨੇ ਥਾਂ ਪਹਿਲੋਂ ਵੀ ਵੇਖੀ ਹੋਈ ਸੀ।

ਇਹ ਵੇਖਣ ਵਾਲੀ ਗੱਲ ਦੋ ਮਹੀਨੇ ਪਹਿਲਾਂ ਦੀ ਸੀ। ਇਕ ਦਿਨ ਅਸ਼ੋਕ ਕਾਫੀ ਪੀਂਦਿਆਂ ਕਹਿਣ ਲੱਗਾ, "ਨੀਲੂ, ਮੈਂ ਅੱਜਕਲ੍ਹ ਇਕ ਚਿੱਤਰ ਬਣਾ ਰਿਹਾਂ। ਕਈ ਮੰਜ਼ਿਲਾਂ ਵਾਲੀ ਇਕ ਇਮਾਰਤ ਦਾ ਮੱਥਾ ਏ। ਉਹਦੇ 'ਚ ਬੜੀਆਂ ਹੀ ਬਾਰੀਆਂ ਨੇ। ਹਰ ਬਾਰੀ 'ਚ ਇਕੋ ਹੀ ਔਰਤ ਖੜ੍ਹੀ ਏ। ਕਿਸੇ 'ਚ ਸਾਰੀ ਦਿਸਦੀ ਏ, ਕਿਸੇ 'ਚ ਘੱਟ। ਸਾਹਮਣੀਆਂ ਬਾਰੀਆਂ 'ਚ ਉਹ ਪੂਰੀ ਦਿਸਦੀ ਏ। ਚਿੱਤਰ ਦਾ ਨਾਂ ਏ ਸਰਬ-ਵਿਆਪਕ। ਇਨ੍ਹਾਂ ਬਾਰੀਆਂ 'ਚ ਮੈਂ ਤੈਨੂੰ ਖਲ੍ਹਾਰਨਾ ਚਾਹੁੰਨਾਂ। ਜੇ ਤੂੰ ਕਦੀ ਮੇਰੇ ਸਟੂਡਿਓ ਆਵੇਂ, ਤੈਨੂੰ ਚਿਤਰ ਲਾਂ...।"

ਨੀਲਮ ਨੂੰ ਇਹ ਇਕ ਤਰ੍ਹਾਂ ਦਾ ਸੱਦਾ ਲੱਗਾ, ਚੰਗੀ ਤਰ੍ਹਾਂ ਮਿਲਣ ਦਾ। ਹੁਣ ਉਨ੍ਹਾਂ ਨੂੰ ਕੈਫ਼ੇ 'ਚ ਮਿਲ ਕੇ ਮਜ਼ਾ ਨਹੀਂ ਸੀ ਆਉਂਦਾ। ਉਥੇ ਉਹ ਇਕ ਦੂਜੇ ਨੂੰ ਸਿਰਫ਼ ਨਜ਼ਰਾਂ ਨਾਲ ਹੀ ਛੂਹ ਸਕਦੇ ਸਨ। ਇਕ ਦੂਜੇ ਦਾ ਹੱਥ ਨਹੀਂ ਸਨ ਥੰਮ ਸਕਦੇ। ਨਾਲ ਢੁੱਕ ਕੇ ਨਹੀਂ ਸਨ ਬਹਿ ਸਕਦੇ। ਇਕ ਦੂਜੇ ਦੇ ਨਾਲ ਨਹੀਂ ਸਨ ਲੱਗ ਸਕਦੇ। ਅਸ਼ੋਕ ਨੀਲਮਾ ਨੂੰ ਪਹਿਲੋਂ ਵੀ ਕਈ ਵਾਰੀ ਘਰ ਸੱਦ ਚੁੱਕਾ ਸੀ, ਪਰ ਨੀਲਮਾ ਨਹੀਂ ਸੀ ਗਈ। ਉਸ ਦਿਨ ਉਹਦਾ ਜੀਅ ਕੀਤਾ, ਜਾਵੇ, ਅਸ਼ੋਕ ਦੀਆਂ ਬਾਰੀਆਂ 'ਚ ਖਲੋਵੇ। ਨੀਲਮਾ ਨੇ ਹਾਂ ਕਰ ਦਿੱਤੀ। ਪਰ ਕਿਹਾ, ਅੱਜ ਨਹੀਂ ਕਲ੍ਹ ਚੱਲਾਂਗੀ। ਆਪੇ ਆ ਜਾਵਾਂਗੀ, 3 ਕੁ ਵਜੇ ਦੁਪਹਿਰੇ। ਉਥੋਂ ਸਿੱਧੀ ਘਰ ਵਾਪਸ ਚਲੀ ਜਾਵਾਂਗੀ। ਨੀਲਮਾ ਨੇ ਸੋਚਿਆ ਸੀ, ਸ਼ਾਮੀਂ ਨਿਤੇਸ਼ ਦੇ ਕੰਨੋਂ ਕੱਢ ਦਿਆਂਗੀ। ਪਿੱਛੋਂ ਔਖਾ ਨਾ ਹੋਵੇ।

ਉਸ ਸ਼ਾਮੀਂ ਨਿਤੇਸ਼ ਨੇ ਕੰਨੋਂ ਕੱਢਣ ਦਾ ਮੌਕਾ ਹੀ ਨਾ ਦਿੱਤਾ। ਨੀਲਮਾ ਦੇ ਘਰ ਪਹੁੰਚਦਿਆਂ ਹੀ ਉਹ ਲੜਨ ਨੂੰ ਪਿਆ। ਪੁੱਛਣ ਲੱਗਾ, "ਕਿਥੇ ਰਹਿੰਦੈ ਅੱਜਕਲ੍ਹ ਤੇਰਾ ਧਿਆਨ? ਪਤਾ ਈ, ਸਵੇਰੇ ਦੋਵਾਂ ਕੁੜੀਆਂ ਦੀਆਂ ਮੈਥ ਦੀਆਂ ਕਿਤਾਬਾਂ ਘਰ ਰਹਿ ਗਈਆਂ। ਝਿੜਕਾਂ ਪਈਆਂ, ਉਨ੍ਹਾਂ ਨੂੰ ਸਕੂਲੋਂ।"

ਨੀਲਮਾ ਖਿਝ ਗਈ ਸੀ। ਉਹ ਵੀ ਨਿਤੇਸ਼ ਨੂੰ ਅੱਗੋਂ ਕੜਕ ਕੇ ਪਈ, "ਉਨ੍ਹਾਂ ਦੇ ਬਸਤੇ ਆਪ ਕਿਉਂ ਨਹੀਂ ਤਿਆਰ ਕਰਵਾਏ ਸਨ ਤੂੰ? ਵਿਹਲਾ ਸੈਂ। ਟੀ. ਵੀ. ਅੱਗੇ ਬੈਠਾ ਸੈਂ ਸਵੇਰੇ-ਸਵੇਰੇ। ਕੁੜੀਆਂ ਮੇਰੀਆਂ ਹੀ ਨਹੀਂ, ਤੇਰੀਆਂ ਵੀ ਨੇ।"

"ਠੀਕ ਏ, ਅੱਜ ਤੋਂ ਕੁੜੀਆਂ ਦੇ ਬਸਤੇ ਮੈਂ ਹੀ ਠੀਕ ਕਰਵਾਵਾਂਗਾ। ਉਨ੍ਹਾਂ ਨੂੰ ਬੱਸ 'ਤੇ ਵੀ ਮੈਂ ਹੀ ਚੜ੍ਹਾਵਾਂਗਾ। ਜਿੱਥੇ ਤੇਰੀ ਲਿਵ ਲੱਗੀ ਹੋਈ ਏ, ਤੂੰ ਉਥੇ ਹੀ ਲਾਈ ਰੱਖ।" ਨਿਤੇਸ਼ ਨੇ ਬੱਚੀਆਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ, ਪਰ ਨਾਲ ਹੀ ਨਾਲ ਨੀਲਮਾ ਨੂੰ ਟਕੋਰ ਵੀ ਲਾ ਦਿੱਤੀ।

ਸੁਣ ਕੇ ਨੀਲਮਾ ਨੂੰ ਹੋਰ ਤਾਅ ਚੜ੍ਹ ਗਿਆ। ਉਹਨੇ ਤਾੜ ਕਰਦਾ ਜਵਾਬ ਦਿੱਤਾ, "ਮੇਰੀ ਲਿਵ ਜਿੱਥੇ ਲੱਗੀ ਹੋਈ ਏ, ਉਥੇ ਹੀ ਲੱਗੀ ਰਹਿਣ ਦੇ। ਤੂੰ ਆਪ ਕਿਸੇ ਹੋਰ ਥਾਂ ਲਾਣੀ ਆ ਤਾਂ ਲਾ ਲੈ!"

ਬਾਕੀ ਦੀ ਸ਼ਾਮ ਤੇ ਰਾਤ ਦੋਵੇਂ ਆਪੋ ਆਪਣੀ ਥਾਂ ਧੁਖਦੇ ਰਹੇ। ਨੀਲਮਾ ਚਿੱਤਰ ਲਈ ਅਸ਼ੋਕ ਦੇ ਘਰ ਜਾਣ ਦੀ ਗੱਲ ਨਾ ਕਰ ਸਕੀ। ਸਵੇਰੇ ਤਿਆਰ ਹੁੰਦਿਆਂ ਉਹਨੇ ਫੈਸਲਾ ਕੀਤਾ, ਗੱਲ ਕਰਨ ਦੀ ਲੋੜ ਹੀ ਕੋਈ ਨਹੀਂ। ਨਿਤੇਸ਼ ਰੋਜ਼ ਸੌ ਥਾਂ ਜਾਂਦੈ। ਦਫਤਰ 'ਚ ਤੇ ਬਾਹਰ ਕਿੰਨੀਆਂ ਔਰਤਾਂ ਨੂੰ ਮਿਲਦੈ। ਉਹਨੇ ਤਾਂ ਮੇਰੇ ਨਾਲ ਕਦੀ ਗੱਲ ਨਹੀਂ ਕੀਤੀ।

ਨੀਲਮਾ ਬੜੀ ਚੰਗੀ ਤਰ੍ਹਾਂ ਤਿਆਰ ਹੋਈ। ਉਹ ਸ਼ੋਖ ਜਿਹੀ ਨਹੁੰ-ਪਾਲਿਸ਼ ਤੇ ਲਿਪਸਟਿੱਕ ਲਾਣਾ ਚਾਹੁੰਦੀ ਸੀ, ਨਾ ਲਾ ਸਕੀ। ਉਹਨੇ ਉਹ ਦੋਵੇਂ ਆਪਣੇ ਪਰਸ 'ਚ ਰੱਖ ਲਈਆਂ। ਸੋਚਿਆ, ਕੈਫ਼ੇ 'ਚ ਜਾ ਕੇ ਲਾ ਲਵੇਗੀ। ਘਰੋਂ ਉਹ ਰੋਜ਼ ਵਾਂਗ ਨਿੰਮ੍ਹੇ-ਨਿੰਮ੍ਹੇ ਰੰਗ ਹੀ ਪੋਚ ਕੇ ਨਿਕਲੀ।

ਨੀਲਮਾ ਦੇ ਸੱਜੇ ਵਾਲੀ ਟਰੈਫਿਕ ਟੁਰ ਪਈ ਸੀ। ਅੱਗੋਂ ਉਹਦੇ ਪਾਸੇ ਦੀ ਵਾਰੀ ਸੀ। ਉਹਨੇ ਗੱਡੀ ਦਾ ਇੰਜਨ ਸਟਾਰਟ ਕਰ ਲਿਆ। ਆਪਣੀ ਹਰੀ ਬੱਤੀ ਦੀ ਉਡੀਕ ਕਰਦਿਆਂ ਉਹਦੀਆਂ ਅੱਖਾਂ ਅੱਗੋਂ ਉਸ ਬਾਅਦ ਦੁਪਹਿਰ ਦੇ ਦ੍ਰਿਸ਼ ਲੰਘਣ ਲੱਗੇ, ਜਦੋਂ ਚਿੱਤਰ ਲਈ ਅਸ਼ੋਕ ਦੇ ਘਰ ਪਹੁੰਚੀ ਸੀ। ਉਹਨੇ ਆਪਣੀ ਸ਼ੋਖ ਨਹੁੰ-ਪਾਲਿਸ਼ ਤੇ ਲਿਪਸਟਿਕ ਲਾ ਲਈ ਹੋਈ ਸੀ। ਉਹ ਪੌੜੀਆਂ ਚੜ੍ਹੀ ਸੀ ਤੇ ਉਹਨੇ ਦਰਵਾਜ਼ੇ ਦੀ ਘੰਟੀ ਦੱਬੀ ਸੀ। ਅਸ਼ੋਕ ਨੇ ਬੂਹਾ ਖੋਲ੍ਹਿਆ ਸੀ ਤੇ ਉਹਦੇ ਅੰਦਰ ਵੜਦਿਆਂ ਹੀ ਉਹਨੂੰ ਆਪਣੇ ਨਾਲ ਘੁੱਟ ਲਿਆ ਸੀ। ਕੁਝ ਚਿਰ ਘੁੱਟੀ ਰੱਖਿਆ ਸੀ। ਫੇਰ ਉਹਦਾ ਹੱਥ ਫੜ ਉਹਨੂੰ ਅੰਦਰ ਸਟੂਡਿਓ 'ਚ ਲੈ ਗਿਆ ਸੀ। ਨੀਲਮਾ ਨੇ ਵੇਖਿਆ ਸੀ, ਸਟੂਡੀਓ ਦੇ ਅੱਧ ਵਿਚਾਲੇ ਈਜ਼ਲ 'ਤੇ ਬਾਰੀਉਂ-ਬਾਰੀ ਮੱਥੇ ਵਾਲੀ ਇਮਾਰਤ ਦਾ ਅਧੂਰਾ ਚਿੱਤਰ ਚੜ੍ਹਿਆ ਹੋਇਆ ਸੀ। ਅਜੇ ਸਾਰੀਆਂ ਬਾਰੀਆਂ ਸੱਖਣੀਆਂ ਸਨ। ਅਸ਼ੋਕ ਨੇ ਕਿਹਾ ਸੀ, "ਇਨ੍ਹਾਂ ਬਾਰੀਆਂ 'ਚ ਤੂੰ ਖਲੋਣਾ ਏਂ...ਇੰਝ ਕਰਨੇ ਆਂ, ਪਹਿਲੋਂ ਕੁਝ ਵਕਤ ਲਾ ਕੇ ਮੈਂ ਤੈਨੂੰ ਦੋ-ਚਾਰ ਬਾਰੀਆਂ 'ਚ ਖਲ੍ਹਾਰ ਲੈਨਾਂ। ਫੇਰ ਆਰਾਮ ਨਾਲ ਬਹਿ ਕੇ ਆਪਣੀ ਕਾਫੀ ਪੀਆਂਗੇ।"

ਨੀਲਮਾ ਨੂੰ ਉਹਨੇ ਪਹਿਲੋਂ ਇਕ ਕੁਰਸੀ 'ਤੇ ਇਕਵਾਸੀ ਕਰਕੇ ਬੈਠਾ ਦਿੱਤਾ। ਉਹਦੀ ਠੋਡੀ ਉੱਚੀ ਕੀਤੀ। ਉਹਦੇ ਵਾਲ ਖਿੰਡਾਏ। ਇਕ ਲਿੱਟ ਮੱਥੇ 'ਤੇ ਲਟਕਾ ਦਿੱਤੀ। ਸਾੜ੍ਹੀ ਛਾਤੀ ਤੋਂ ਹਟਾ ਦਿੱਤੀ। ਉਹਦੇ ਬੁਲ੍ਹਾਂ 'ਤੇ ਉਂਗਲੀ ਫੇਰੀ।

ਚਿਤਰਨ ਦਾ ਕੰਮ ਲੰਮਾ ਨਹੀਂ ਸੀ। ਅਸ਼ੋਕ ਦੇ ਬੁਰਸ਼ਾਂ 'ਚੋਂ ਨੀਲਮਾ ਇੰਝ ਉਘੜਨ ਲੱਗੀ, ਜਿਵੇਂ ਉਹ ਸਾਰੀ ਉਮਰ ਉਹਦੀ ਸ਼ਕਲ ਹੀ ਵਾਹੁੰਦੇ ਰਹੇ ਹੋਣ। ਅੱਧੇ ਘੰਟੇ 'ਚ ਅਸ਼ੋਕ ਨੇ ਨੀਲਮਾ ਦੇ ਕਈ ਪੋਜ਼ ਬਦਲੇ ਤੇ ਉਹਨੂੰ ਆਪਣੀਆਂ ਕਈ ਬਾਰੀਆਂ 'ਚ ਖਲ੍ਹਾਰ ਲਿਆ। ਫੇਰ ਆਖਣ ਲੱਗਾ, "ਬਾਕੀ ਦੀਆਂ ਬਾਰੀਆਂ ਦੂਰ ਨੇ। ਉਨ੍ਹਾਂ 'ਚੋਂ ਤੂੰ ਪੂਰਾ ਨਹੀਂ ਦਿਸਣਾ। ਤੇਰਾ ਝਾਉਲਾ ਹੀ ਪੈਣਾ ਏਂ। ਇਹ ਕੰਮ ਮੈਂ ਬਾਅਦ 'ਚ ਆਪੇ ਹੀ ਕਰ ਲਾਂਗਾ।"

ਫੇਰ ਉਹ ਇਕ ਪਾਸੇ ਲੱਗੇ ਸੋਫ਼ੇ 'ਤੇ ਬਹਿ ਗਏ। ਨਾਲੋ-ਨਾਲ ਪਰ ਵਿੱਥ ਪਾ ਕੇ। ਅਸ਼ੋਕ ਨੇ ਥਰਮਸ 'ਚੋਂ ਦੋ ਗਲਾਸਾਂ 'ਚ ਕਾਫੀ ਪਾਈ ਤੇ ਫੇਰ ਦੋਵੇਂ, ਇਕ ਦੂਜੇ ਵੱਲ ਵੇਖਦੇ, ਸੁਰਕਣ ਲੱਗੇ।

ਦੋ-ਚਾਰ ਘੁੱਟਾਂ ਬਾਅਦ ਅਸ਼ੋਕ ਨੇ ਬੈਠਿਆਂ-ਬੈਠਿਆਂ ਹੀ ਆਪਣੀ ਖੱਬੀ ਬਾਂਹ ਨੀਲਮਾ ਦੁਆਲੇ ਵਲ ਲਈ ਤੇ ਉਹਨੂੰ ਪੋਲੇ ਜਿਹੇ ਆਪਣੇ ਵੱਲ ਖਿੱਚ ਲਿਆ। ਨੀਲਮਾ ਸਹਿਜੇ ਹੀ ਖਿੱਚੀ ਗਈ। ਉਹਦੇ ਨਾਲ ਆ ਲੱਗੀ। ਉਹਦੇ ਵਾਲ ਅਸ਼ੋਕ ਦੇ ਮੋਢਿਆਂ 'ਤੇ ਖਿੱਲਰ ਗਏ। ਫੇਰ ਅਸ਼ੋਕ ਨੇ ਸਿਰ ਘੁਮਾ ਨੀਲਮਾ ਦੇ ਬੁੱਲ੍ਹ ਚੁੰਮ ਲਏ। ਹਲਕੇ ਜਿਹੇ। ਮਸਾਂ ਛੂੰਹਦੇ ਜਿਹੇ। ਦੂਜੀ ਵਾਰ ਉਹਨੇ ਰਤਾ-ਮਾਸਾ ਹੁੰਗਾਰਾ ਭਰਿਆ। ਅਗਲੀ ਵੇਰ ਅਸ਼ੋਕ ਨੇ ਰਤਾ ਜ਼ੋਰ ਨਾਲ ਚੁੰਮਿਆ। ਨੀਲਮਾ ਦੇ ਹੁੰਗਾਰੇ ਦਾ ਜੋਰ ਵੀ ਵਧਿਆ। ਫੇਰ ਅਸ਼ੋਕ ਦਾ ਸੱਜਾ ਹੱਥ ਹਰਕਤ 'ਚ ਆਣ ਲੱਗਾ। ਨੀਲਮਾ ਨੇ ਹੱਥ ਥੰਮ ਲਿਆ। ਰੋਕ ਦਿੱਤਾ ਤੇ ਹੌਲੀ ਜਿਹੇ, ਜਿਵੇਂ ਮਿੰਨਤ ਨਾਲ, ਕਿਹਾ, "ਅਸ਼ੋਕ, ਅੱਜ ਨਹੀਂ! ਮੈਨੂੰ ਦੇਰ ਹੋ ਗਈ। ਨਿਤੇਸ਼ ਘਰ ਪਹੁੰਚ ਗਿਆ ਹੋਣੈਂ...ਮੈਨੂੰ ਲਭਦਾ ਪਿਆ ਹੋਣੈ। ਮੈਂ ਫੇਰ ਆ ਜਾਂਗੀ। ਕਿਸੇ ਦਿਨ। ਜ਼ਰਾ ਪਹਿਲੋਂ...।"

ਅਸ਼ੋਕ ਨੇ ਹੱਥ ਹਟਾ ਲਿਆ। ਠੰਢਾ ਪੈ ਆਪਣੀ ਪਹਿਲੀ ਵਾਲੀ ਥਾਂ ਸਰਕ ਗਿਆ। ਨੀਲਮਾ ਉਠ ਖਲੋਤੀ। ਉਹਨੇ ਰੋਕਿਆ ਨਾ। ਨੀਲਮਾ ਚਲੀ ਗਈ। ਰਾਹ 'ਚ ਨੀਲਮਾ ਨੂੰ ਹਿਰਖ ਹੋਣ ਲੱਗੀ। ਉਹ ਆਪਣੇ ਆਪ ਤੋਂ ਪੁੱਛਣ ਲੱਗੀ, "ਮੈਨੂੰ ਕਿਉਂ ਭਾਜੜ ਪੈ ਗਈ? ਨਿਤੇਸ਼ ਨੇ ਤਾਂ ਅਜੇ ਛੇ ਵਜੇ ਨਾਲ ਪਹੁੰਚਣਾ ਸੀ। ਜੇ ਉਹ ਪਹਿਲੋਂ ਵੀ ਪਹੁੰਚ ਜਾਂਦਾ ਤੇ ਕਿਹੜਾ ਪਹਾੜ ਡਿੱਗ ਪੈਂਦਾ?" ਫੇਰ ਉਹਨੇ ਆਪਣੇ ਆਪ ਨੂੰ ਸਮਝਾਇਆ, "ਕਾਹਲ ਕਰਨ ਦੀ ਲੋੜ ਨਹੀਂ। ਪਹਿਲੀ ਵਾਰ ਲਈ ਏਨਾ ਹੀ ਕਾਫ਼ੀ ਏ। ਕਿਸੇ ਦਿਨ ਫੇਰ ਮਿਲ ਲਾਂਗੇ।"

ਉਸ ਪਿੱਛੋਂ ਅਸ਼ੋਕ ਨੇ ਉਹਨੂੰ ਕਈ ਵਾਰੀ ਬੁਲਾਇਆ। ਕਿਹਾ, "ਨੀਲੂ, ਮੇਰਾ ਚਿੱਤਰ ਅਜੇ ਅਧੂਰਾ ਏ!" ਨੀਲਮਾ ਆਉਣ ਦਾ ਵਾਅਦਾ ਕਰਦੀ ਰਹੀ। ਪਰ ਕਦੀ ਉਹ ਡਰ ਗਈ ਤੇ ਕਦੀ ਕੋਈ ਹੋਰ ਵਿਘਨ ਪੈ ਗਿਆ। ਉਹ ਨਾ ਜਾ ਸਕੀ। ਉਹਨੂੰ ਲੱਗਣ ਲੱਗ ਪਿਆ ਸੀ ਕਿ ਨਿਤੇਸ਼ ਉਹਦੇ 'ਤੇ ਨਜ਼ਰ ਰੱਖ ਰਿਹਾ ਸੀ। ਉਹਨੂੰ ਸਾਰੀਆਂ ਖਬਰਾਂ ਰਹਿੰਦੀਆਂ, ਕਹਿੰਦਾ ਕੁਝ ਨਾ, ਪਰ ਉਹਦੇ ਤੌਰ ਦੱਸਦੇ ਸਨ। ਕੁੜੀਆਂ ਦਾ ਸਾਰਾ ਕੰਮ ਉਹਨੇ ਸਾਂਭ ਲਿਆ ਸੀ। ਘਰ ਉਹ ਦੇਰ ਕਰਕੇ ਆਉਣ ਲੱਗ ਪਿਆ ਸੀ। ਵਿਸਕੀ ਜ਼ਿਆਦਾ ਪੀਣ ਲੱਗ ਪਿਆ ਸੀ। ਟੀ. ਵੀ. ਜ਼ਿਆਦਾ ਵੇਖਣ ਲੱਗ ਪਿਆ ਸੀ। ਸੌਣ ਕਮਰੇ 'ਚ ਉਦੋਂ ਹੀ ਆਉਂਦਾ ਸੀ, ਜਦੋਂ ਅਸ਼ੋਕ ਨੀਲਮਾ ਨੂੰ ਚਿਤਵਦੀ-ਚਿਤਾਰਦੀ ਸੌਂ ਗਈ ਹੁੰਦੀ। ਨਿਤੇਸ਼ ਨੇ ਬਿਨਾਂ ਕੁਝ ਕਹੇ ਨੀਲਮਾ ਨੂੰ ਬੇਦਾਵਾ ਦਿੱਤਾ ਹੋਇਆ ਸੀ।

ਨੀਲਮਾ ਵਾਲੇ ਪਾਸੇ ਦੀ ਬੱਤੀ ਅਖੀਰ ਹਰੀ ਹੋ ਗਈ। ਉਹਨੇ ਖੱਬੇ ਹੱਥ ਦਾ ਸਿਗਨਲ ਦਿੱਤਾ ਤੇ ਚੱਲ ਪਈ। ਅੱਗੇ ਸ਼ੂਟ ਵਟਦੀਆਂ ਕਾਰਾਂ ਤੇ ਬੱਸਾਂ 'ਚੋਂ ਰਾਹ ਬਣਾਂਦੀ ਉਹ ਖੱਬੇ ਹੱਥ ਆਉਂਦੀ ਗਈ। ਹੁਣ ਉਹ ਚਾਹੁੰਦੀ ਤਾਂ ਅਗਲੇ ਚੌਕ ਤੋਂ ਖੱਬੇ ਹੱਥ ਮੁੜ ਸਕਦੀ ਸੀ। ਬੱਤੀਆਂ ਉਹਨੂੰ ਨਹੀਂ ਸਨ ਰੋਕ ਸਕਦੀਆਂ। ਅਸ਼ੋਕ ਦੇ ਘਰ ਜਾ ਸਕਦੀ ਸੀ। ਬੱਸ ਦੋ ਚਾਰ ਮਿੰਟਾਂ ਦਾ ਵਲਾ ਪੈਣਾ ਸੀ। ਅਸ਼ੋਕ ਦੇ ਸਾਰੇ ਉਲਾਂਭੇ ਲਾਹ ਸਕਦੀ ਸੀ। ਉਹਨੇ ਗੱਡੀ ਦੀ ਰਫਤਾਰ ਘਟਾ ਦਿੱਤੀ ਤੇ ਸੋਚਣ ਲੱਗੀ। ਫੇਰ ਆਪਣੇ ਆਪ ਤੋਂ ਪੁੱਛਣ ਲੱਗੀ, "ਕਿਉਂ ਨਾ ਮੈਂ ਅਗਲੇ ਚੌਕ ਤੋਂ ਖੱਬੇ ਹੱਥ ਮੁੜ ਜਾਵਾਂ? ਪਿਛਲੀ ਸੜਕ ਤੋਂ ਹੁੰਦੀ ਅਸ਼ੋਕ ਦੇ ਘਰ ਪਹੁੰਚ ਜਾਵਾਂ?" ਉਹਦੇ ਅੰਦਰੋਂ ਏਸ ਪੁੱਛ ਦਾ ਵਿਰੋਧ ਕੋਈ ਨਾ ਹੋਇਆ। ਪੁੱਛ ਦੇ ਜਵਾਬ 'ਚ ਬਸ ਇਹ ਹੀ ਪੁੱਛ ਹੋਈ, "ਜੇ ਉਹ ਅੱਗੋਂ ਘਰ ਨਾ ਹੋਇਆ ਤਾਂ?"

ਇਹ ਪੁੱਛ ਬੇ-ਮਤਲਬ ਸੀ। ਨੀਲਮਾ ਨੂੰ ਪਤਾ ਸੀ, ਅਸ਼ੋਕ ਘਰ ਹੀ ਸੀ। ਉਹਦਾ ਫੋਨ ਵੀ ਆਇਆ ਸੀ। ਉਹਨੇ ਕਿਹਾ ਸੀ ਉਹ ਅੱਜ ਕੈਫ਼ੇ ਨਹੀਂ ਆਏਗਾ। "ਘਰੇ ਬੈਠਾ ਨੁਮਾਇਸ਼ ਦੀ ਤਿਆਰੀ ਕਰ ਰਿਹਾਂ।" ਨੀਲਮਾ ਦਾ ਪਿੰਡਾ ਭਖ ਪਿਆ। ਉਹਨੇ ਗੱਡੀ ਅਗਲੇ ਗੀਅਰ 'ਚ ਪਾ ਦਿੱਤੀ। ਚੌਕ ਛੇਤੀ ਹੀ ਆ ਗਿਆ। ਉਥੋਂ ਉਹਨੇ ਖੱਬਾ ਮੋੜ ਕੱਟਿਆ ਤੇ ਪਿਛਲੀ ਸੜਕ ਪੈ ਪਿਛਾਂਹ ਵੱਲ ਹੋ ਪਈ। ਕੁਝ ਹੀ ਮਿੰਟਾਂ 'ਚ ਉਹਨੇ ਅਸ਼ੋਕ ਦੇ ਘਰ ਪਹੁੰਚ ਪੈਣਾ ਸੀ।

ਹੁਣ ਸਿਰਫ ਉਹ ਅਸ਼ੋਕ ਨੂੰ ਚਿਤਵ ਰਹੀ ਸੀ। ਉਹਨੂੰ ਨਿਤੇਸ਼ ਜਾਂ ਕਿਸੇ ਹੋਰ ਦਾ ਚੇਤਾ ਨਹੀਂ ਸੀ ਆ ਰਿਹਾ, ਸੋਚ ਰਹੀ ਸੀ, ਅਸ਼ੋਕ ਮੈਨੂੰ ਵੇਖ ਕੇ ਹੈਰਾਨ ਹੋ ਜਾਏਗਾ। ਅੰਦਰ ਵੜਦਿਆਂ ਹੀ ਮੈਨੂੰ ਬਾਵਾਂ 'ਚ ਭਰ ਲਵੇਗਾ। ਐਂ ਚੁੱਕ ਲਵੇਗਾ ਜਿਵੇਂ ਮੇਰਾ ਕੋਈ ਭਾਰ ਹੀ ਨਾ ਹੋਵੇ, ਜਿਵੇਂ ਮੈਂ ਕੋਈ ਫੁੱਲ ਹੋਵਾਂ, ਹਵਾ 'ਚ ਉਡਦਾ ਕੋਈ ਪਰ ਹੋਵਾਂ। ਉਹਦੇ ਨਾਲ ਨਜ਼ਰਾਂ ਮਿਲਾਂਦੀ ਮੈਂ ਕਹਾਂਗੀ, "ਤੇਰੇ ਗਿਲੇ ਸ਼ਿਕਵੇ ਦੂਰ ਕਰਨ ਆਈ ਹਾਂ, ਅੱਜ ਦੂਰ ਕਰਾ ਲੈ, ਜਿੰਨੇ ਵੀ ਕਰਾਣੇ ਨੇ...।"

ਅਸ਼ੋਕ ਦਾ ਘਰ ਆ ਗਿਆ। ਨੀਲਮਾ ਨੇ

# ਇਹ ਫੱਟ ਸਹਾਰੇ ਜਾਣੇ ਨਹੀਂ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਈਕਲਾਂ
ਫੋਨ:916-273-2856
www.boparaisudhar.com

ਇਹ ਲੇਖ ਪੜ੍ਹਦਿਆਂ ਸ਼ਾਇਦ ਮਹਿਸੂਸ ਹੋਵੇਗਾ ਕਿ ਇਹ ਕੋਈ ਮਨਘੜਤ ਕਹਾਣੀ ਹੈ, ਪਰ ਇਸ ਦਾ ਅੱਖਰ-ਅੱਖਰ ਸੱਚ ਹੈ। ਜ਼ਿੰਦਗੀ ਵਿਚ ਕਈ ਵਾਰ ਸੁੱਖਾਂ ਦੀ ਪੀਂਘ ਦੇ ਹੁਲਾਰੇ ਲੈਂਦਾ ਮਨੁੱਖ ਇੰਨਾ ਮਸਤ-ਮੁਗਧ ਹੋ ਜਾਂਦਾ ਹੈ ਕਿ ਅਚਾਨਕ ਦੁੱਖਾਂ ਵਾਲਾ ਐਸਾ ਟਾਹਣ ਟੁੱਟਦਾ ਹੈ ਜੋ ਮੁੜ ਜੁੜਨ ਦਾ ਨਾਂ ਨਹੀਂ ਲੈਂਦਾ। ਅਤੀਤ ਨੂੰ ਮਨ ਦੀ ਬੁੱਕਲ ਵਿਚ ਲੈ ਕੇ ਖੁੱਲ੍ਹੀਆਂ ਅੱਖਾਂ ਵਿਚ ਭਵਿੱਖ ਦੇ ਸੁਪਨੇ ਤਾਂ ਹੀ ਲਏ ਜਾ ਸਕਦੇ ਹਨ, ਜੇ ਵਰਤਮਾਨ ਦੇ ਹਾਣੀ ਬਣ ਕੇ ਤੁਰੀਏ; ਨਹੀਂ ਤਾਂ ਸੁੱਖਾਂ ਦੀ ਕੁੱਖ ਵਿਚੋਂ ਦੁੱਖਾਂ ਨੇ ਜਨਮ ਲੈਂਦਿਆਂ ਨੌਂ ਮਹੀਨੇ ਇੰਤਜ਼ਾਰ ਨਹੀਂ ਕਰਨਾ...।

ਰਾਜਵੀਰ ਸਿੰਘ ਉਸ ਸਮੇਂ ਰਾਜਦੂਤ ਮੋਟਰਸਾਈਕਲ 'ਤੇ ਕਾਲਜ ਆਉਂਦਾ ਸੀ, ਜਦੋਂ ਕਾਲਜ ਦੇ ਪ੍ਰੋਫੈਸਰ ਬੱਸਾਂ, ਸਾਈਕਲਾਂ ਜਾਂ ਸਕੂਟਰਾਂ 'ਤੇ ਆਉਂਦੇ ਸਨ। ਰਾਜਵੀਰ ਨੂੰ ਸੱਦਾਮ ਹੁਸੈਨ ਦੇ ਬੱਚਿਆਂ ਵਾਂਗ ਸ਼ਾਇਦ ਗੁੜਤੀ ਸੋਨੇ ਦੇ ਚਮਚੇ ਵਿਚ ਮਿਲੀ ਸੀ। ਮਾਪਿਆਂ ਦਾ ਇਕਲੌਤਾ ਪੁੱਤ ਤੇ ਚਾਚੇ ਦਾ ਇਕਲੌਤਾ ਭਤੀਜਾ। ਚਾਚਾ ਹਰਦੇਵ ਜਵਾਨੀ ਦੇ ਖਿੜੇ ਫੁੱਲਾਂ ਸਮੇਂ ਹੀ ਜਰਮਨੀ ਚਲਿਆ ਗਿਆ। ਜਰਮਨੀ ਵਿਚ ਉਹਦਾ ਐਸਾ ਕੰਮ ਟਿਕਾਣੇ ਬੈਠਾ ਕਿ ਉਸ ਨੇ ਪਿੰਡ ਹੋਕਾ ਹੀ ਦੇ ਛੱਡਿਆ ਸੀ ਕਿ ਜੇ ਕਿਸੇ ਜ਼ਮੀਨ ਵੇਚਣੀ ਹੈ ਤਾਂ ਹਰਦੇਵ ਸਿੰਘ ਦੇ ਭਰਾ ਤੇ ਬਾਪੂ ਨੂੰ ਮਿਲੋ। ਹਰਦੇਵ ਦੀ ਗੁੱਡੀ ਅਸਮਾਨੀਂ ਚੜ੍ਹੀ ਹੋਈ ਸੀ। ਕਿਸਮਤ ਨੇ ਐਸਾ ਪੇਚਾ ਲਾਇਆ ਕਿ ਹਰਦੇਵ ਦਾ ਭਿਆਨਕ ਐਕਸੀਡੈਂਟ ਹੋ ਗਿਆ। ਡਾਕਟਰਾਂ ਦੀ ਸਿਆਣਪ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਹਰਦੇਵ ਦੇ ਸਾਹਾਂ ਦੀ ਪੂੰਜੀ ਤਾਂ ਵਧ ਗਈ, ਪਰ ਇਕੱਠੀ ਕੀਤੀ ਮਾਇਆ ਸਾਂਭਣ ਵਾਲਾ ਵਾਰਿਸ ਪੈਦਾ ਕਰਨ ਤੋਂ ਅਸਮਰੱਥ ਹੋ ਗਿਆ। ਹਰਦੇਵ ਦੀ ਘਰਵਾਲੀ ਦੋ ਸਾਲ ਤਾਂ ਸਬਰ ਕਰ ਕੇ ਬੈਠੀ ਰਹੀ, ਪਰ ਬੱਚੇ ਦੀ ਤਮੰਨਾ ਨੇ ਉਸ ਨੂੰ ਇਸ ਕਦਰ ਮਜਬੂਰ ਕਰ ਦਿੱਤਾ ਕਿ ਉਸ ਨੇ ਹਰਦੇਵ ਜਿਹਾ ਅਮੀਰ ਪਤੀ ਅਦਾਲਤ 'ਚ ਜਾ ਕੇ ਛੱਡ ਦਿੱਤਾ।

ਹਰਦੇਵ ਦੀ ਘਾਟ ਦਾ ਉਸ ਦੇ ਡਾਕਟਰ ਤੇ ਘਰਵਾਲੀ ਨੂੰ ਪਤਾ ਸੀ। ਘਰਵਾਲੀ ਹੁਣ ਜਾ ਚੁੱਕੀ ਸੀ। ਡਾਕਟਰ ਨੂੰ ਇਸ ਰਾਜ਼ ਨੂੰ ਰਾਜ਼ ਹੀ ਰੱਖਣ ਦਾ ਮੁੱਲ ਤਾਰ ਦਿੱਤਾ ਗਿਆ। ਚਾਚੇ ਦੇ ਖੰਭਾਂ 'ਤੇ ਉਡਦੇ ਰਾਜਵੀਰ ਨੂੰ ਚਾਚੇ ਨੇ ਹੀ ਪਿੰਜਰੇ ਵਿਚ ਕੈਦ ਕਰ ਲਿਆ। ਰਾਜਵੀਰ ਨੂੰ ਜਰਮਨੀ ਲਿਆਉਣ ਦੀ ਤਿਆਰੀ ਕਰਦਿਆਂ ਹਰਦੇਵ ਨੇ ਦੂਜਾ ਵਿਆਹ ਕਰਵਾ ਲਿਆ। ਰਾਜਵੀਰ ਦੇ ਕਾਲਜ ਦੀ ਸਿਰ ਕੱਢ ਕੁੜੀ ਉਹਦੀ ਚਾਚੀ ਬਣ ਗਈ। ਗਰੀਬੀ ਦੀ ਮਾਰ ਸਹਿਣ ਵਾਲੇ ਬਾਪ ਨੇ 20 ਸਾਲ ਦੀ ਪਰੀਆਂ ਵਰਗੀ ਧੀ, 40 ਸਾਲ ਦੇ ਹਰਦੇਵ ਨਾਲ ਤੋਰ ਦਿੱਤੀ। ਹਰਦੇਵ ਮੁਕਲਾਵੇ ਵਾਲੇ ਦਿਨ ਹੀ ਜ਼ਰੂਰੀ ਕੰਮ ਕਹਿ ਦਿੱਲੀ ਨੂੰ ਤੁਰ ਗਿਆ ਤੇ ਉਥੋਂ ਹੀ ਜਰਮਨੀ ਤੁਰ ਗਿਆ।

ਹਰਦੇਵ ਦੀ ਘਰਵਾਲੀ ਅਮਨ ਸਾਲੂ ਵਿਚ ਲਪੇਟੀ, ਵੰਗਾਂ ਤੇ ਪੈਰਾਂ ਦੀ ਝਾਂਜਰ ਦੇ ਛਣਕਣ ਦੀ ਆਵਾਜ਼ ਨੂੰ ਸਾਹਾਂ ਵਿਚ ਲੁਕਾਉਂਦੀ ਪੇਕੇ ਚਲੀ ਗਈ। ਚਾਵਾਂ ਨਾਲ ਲੱਦੀ ਹੋਈ ਉਦਾਸ ਲੱਗਦੀ। ਰਾਜਵੀਰ ਨੂੰ ਕਿਹਾ ਗਿਆ ਕਿ ਉਹ ਅਮਨ ਨੂੰ ਲੈ ਆਵੇ। ਅਮਨ ਰਾਜਵੀਰ ਦੇ ਨਾਲ ਬੈਠ ਕੇ ਸਹੁਰੇ ਘਰ ਪਹੁੰਚੀ। ਘਰ ਦੇ ਹਰ ਜੀਅ ਦੇ ਚਿਹਰੇ ਤੋਂ ਸਪਸ਼ਟ ਪੜ੍ਹਿਆ ਜਾ ਰਿਹਾ ਸੀ ਕਿ ਅਮਨ ਦਾ ਹਾਣ ਹਰਦੇਵ ਨਹੀਂ, ਰਾਜਵੀਰ ਸੀ। ਕਿਸਮਤ ਦੇ ਰੰਗ ਨਿਆਰੇ ਹੁੰਦੇ, ਕਈ ਵਾਰ ਨਦੀ ਦੇ ਕਿਨਾਰੇ ਬੈਠਾ ਬੰਦਾ ਵੀ ਪਿਆਸਾ ਹੁੰਦਾ ਹੈ। ਕਾਗ਼ਜ਼ਾਂ ਦੀ ਅਦਲਾ-ਬਦਲੀ ਹੁੰਦਿਆਂ ਝੱਟ ਸਮਾਂ ਲੰਘ ਗਿਆ। ਰਾਜਵੀਰ ਤੇ ਅਮਨ ਨੇ ਇਕੱਠਿਆਂ ਦਿੱਲੀ ਤੋਂ ਜਰਮਨੀ ਦੀ ਉਡਾਣ ਭਰ ਲਈ। ਰਾਜਵੀਰ ਚਾਚੇ ਦੇ ਖੁੱਲ੍ਹੇ ਸੁਭਾਅ ਤੋਂ ਜਾਣੂ ਸੀ, ਪਰ ਅਮਨ ਨੇ ਸਾਰੇ ਸਫ਼ਰ ਵਿਚ ਚੁੰਨੀ ਸਿਰ ਤੋਂ ਨਹੀਂ ਲਾਹੀ। ਫਰੈਂਕਫਰਟ ਹਵਾਈ ਅੱਡੇ ਉਤਰ ਕੇ ਬਾਹਰ ਨਿਕਲੇ ਤਾਂ ਗੋਰੀ ਨੇ ਡੱਚ ਭਾਸ਼ਾ ਬੋਲਦਿਆਂ ਦੋਹਾਂ ਨੂੰ ਪਤੀ-ਪਤਨੀ ਸਮਝਦਿਆਂ ਤਾਰੀਫ਼ ਕੀਤੀ। ਗੋਰੀ ਦੇ ਸ਼ਬਦ ਉਨ੍ਹਾਂ ਦੇ ਸਿਰ ਉਤੋਂ ਲੰਘ ਗਏ, ਪਰ ਨਾਲ ਖੜ੍ਹੇ ਪੰਜਾਬੀ ਨੇ ਕਿਹਾ ਕਿ ਉਹ ਕਹਿੰਦੀ ਹੈ, 'ਕਿੰਨੇ ਸੋਹਣੇ ਪਤੀ-ਪਤਨੀ ਹਨ।'

ਪੰਜਾਬੀ ਦੇ ਕਹੇ ਸ਼ਬਦ ਦੋਹਾਂ ਦੇ ਦਿਲ ਵਿਚ ਸੱਚਾਈ ਨੂੰ ਉਜਾਗਰ ਕਰ ਗਏ। ਅੱਗੇ ਹਰਦੇਵ ਫੁੱਲਾਂ ਦਾ ਗੁਲਦਸਤਾ ਲਈ ਖੜ੍ਹਾ ਸੀ। ਖੁੱਲ੍ਹੀਆਂ ਬਾਹਾਂ ਕੱਸਦਿਆਂ ਹਰਦੇਵ ਨੇ ਅਮਨ ਨੂੰ ਹਿੱਕ ਨਾਲ ਲਾ ਲਿਆ। ਰਾਜਵੀਰ ਵੀ ਪੈਰਾਂ ਨੂੰ ਹੱਥ ਲਾ ਕੇ ਚਾਚੇ ਨੂੰ ਚੁੰਬੜ ਗਿਆ। ਤਿੰਨ ਚਾਰ ਕਾਰਾਂ ਦੇ ਕਾਫ਼ਲੇ ਸਮੇਤ ਰਾਜਵੀਰ ਤੇ ਅਮਨ ਮਹਿਲਾਂ ਵਰਗੇ ਘਰ ਵਿਚ ਦਾਖ਼ਲ ਹੋਏ। ਸ਼ਾਮ ਨੂੰ ਛੋਟੀ ਜਿਹੀ ਪਾਰਟੀ ਰੱਖੀ ਗਈ। ਅਮਨ ਸਜ-ਧਜ ਕੇ ਹਰਦੇਵ ਦੀ ਬਾਂਹ ਵਿਚ ਬਾਂਹ ਪਾ ਕੇ ਪਾਰਟੀ ਵਿਚ ਸ਼ਾਮਲ ਹੋਈ। ਹਰਦੇਵ ਨੇ ਸਭ ਨੂੰ ਦੱਸਿਆ, "ਅਮਨ ਮੇਰੀ ਘਰਵਾਲੀ ਹੈ, ਮੇਰੀ ਜਾਨ ਹੈ। ਇਸ ਦਾ ਜਰਮਨੀ ਆਉਣ 'ਤੇ ਸਵਾਗਤ ਹੈ।" ਗਰੀਬ ਘਰ ਦੀ ਕੁੜੀ ਲਈ ਇਸ ਤੋਂ ਵੱਧ ਖੁਸ਼ੀ ਹੋਰ ਕੀ ਹੋ ਸਕਦੀ ਸੀ? ਉਹ ਚਾਵਾਂ ਨਾਲ ਉਡਦੀ ਜਾ ਰਹੀ ਸੀ। ਪਾਰਟੀ ਸਮਾਪਤ ਹੋਈ, ਸਭ ਆਪਣੇ ਘਰੀਂ ਮੁੜ ਗਏ। ਅਮਨ ਨੂੰ ਉਸ ਦੇ ਬੈਡਰੂਮ ਵਿਚ ਛੱਡ ਦਿੱਤਾ ਗਿਆ। ਹਰਦੇਵ ਆਇਆ ਤੇ ਸ਼ਰਾਬੀ ਹੋਇਆ ਸੌਂ ਗਿਆ। ਕਈ ਦਿਨ ਤਾਂ ਇਹ ਸਭ ਕੁਝ ਅਮਨ ਸਹਿੰਦੀ ਰਹੀ। ਆਖਿਰ ਉਹ ਸਮਝਣ ਲੱਗੀ ਕਿ ਫੁੱਲਾਂ ਲੱਦੀ ਜਵਾਨੀ ਅਮੀਰੀ ਦੇ ਪੈਰਾਂ ਥੱਲੇ ਕੁਚਲੀ ਗਈ ਹੈ!

ਹਰਦੇਵ ਵੀ ਬਹੁਤਾ ਚਿਰ ਕੱਖਾਂ ਥੱਲੇ ਅੱਗ ਨਾ ਲਕੋ ਸਕਿਆ। ਉਸ ਨੇ ਅਮਨ ਨੂੰ ਸਭ ਸੱਚਾਈ ਦੱਸ ਦਿੱਤੀ। ਸੁਣ ਕੇ ਅਮਨ ਨੂੰ ਲੱਗਿਆ ਜਿਵੇਂ ਉਹ ਸੁਹਾਗਣ ਹੁੰਦਿਆਂ ਹੀ ਵਿਧਵਾ ਹੋ ਗਈ। ਅਗਲੇ ਦਿਨ ਹਰਦੇਵ ਨੇ ਕਿਹਾ ਕਿ ਉਹ ਦਸ ਦਿਨ ਲਈ ਹਾਲੈਂਡ ਜਾ ਰਿਹਾ ਹੈ। ਪਿੱਛੋਂ ਰਾਜਵੀਰ ਤੇਰਾ ਖਿਆਲ ਰੱਖੇਗਾ। ਜਿੱਥੇ ਜਾਣਾ ਹੋਇਆ, ਡਰਾਈਵਰ ਤੁਹਾਨੂੰ ਘੁੰਮਾ ਲਿਆਵੇਗਾ। ਅਮਨ ਨੇ ਦਿਲ ਵਿਚ ਕਿਹਾ ਕਿ ਆਪਣੇ ਹੱਥੀਂ ਮੇਰਾ ਹੱਥ ਰਾਜਵੀਰ ਨੂੰ ਕਿਉਂ ਨਹੀਂ ਫੜਾ ਜਾਂਦਾ! ਹਰਦੇਵ ਜਾ ਚੁੱਕਾ ਸੀ। ਰਾਜਵੀਰ ਤੇ ਅਮਨ ਦੁਪਹਿਰ ਦੇ ਖਾਣੇ ਲਈ ਮੇਜ਼ 'ਤੇ ਇਕੱਠੇ ਹੋਏ। ਲਾਗੇ ਖੜ੍ਹੇ ਨੌਕਰ ਉਨ੍ਹਾਂ ਦੇ ਹੁਕਮ ਦੀ ਉਡੀਕ ਕਰਨ ਲੱਗੇ। ਰਾਜਵੀਰ ਨੇ ਰੋਟੀ ਖਾਧੀ, ਪਰ ਅਮਨ ਨੇ ਬੱਸ ਬੁੱਲ੍ਹ ਹੀ ਲਬੇੜੇ।

ਰਾਜਵੀਰ ਨੇ ਪੁੱਛਿਆ, "ਕੀ ਗੱਲ ਚਾਚੀ ਜੀ, ਰੋਟੀ ਨਹੀਂ ਖਾਧੀ? ਸਿਹਤ ਠੀਕ ਹੈ ਜਾਂ ਚਾਚਾ ਜੀ ਨੇ...।"

"ਰਾਜਵੀਰ, ਅੱਜ ਤੋਂ ਬਾਅਦ ਤੂੰ ਮੈਨੂੰ ਚਾਚੀ ਜੀ ਨਹੀਂ, ਸਿਰਫ਼ ਅਮਨ ਕਹਿ ਕੇ ਬੁਲਾਏਂਗਾ। ਦੂਜਾ ਤੇਰੇ ਚਾਚਾ ਜੀ ਨੇ ਤਾਂ...।" ਅਮਨ ਇਹ ਕਹਿ ਕੇ ਉਠ ਖੜ੍ਹੀ ਹੋਈ ਤੇ ਕਮਰੇ ਵਿਚ ਚਲੀ ਗਈ। ਰਾਜਵੀਰ ਵੀ ਪਿੱਛੇ ਚਲਿਆ ਗਿਆ ਕਿ ਪੁੱਛਾਂ ਤਾਂ ਸਹੀ ਕਿ ਚਾਚਾ ਜੀ ਨੇ ਅਮਨ ਨੂੰ ਕੀ ਕਹਿ ਦਿੱਤਾ। ਫਿਰ ਦੋਵਾਂ ਦੀ ਮਿਲਣੀ ਨੇ ਇਕ-ਦੂਜੇ ਨੂੰ ਨੇੜੇ ਲੈ ਆਂਦਾ। ਅਖੀਰ ਅੱਗ ਨੇੜੇ ਰੱਖਿਆ ਘਿਉ ਪਿਘਲ ਗਿਆ। ਦੋ ਹਾਣੀ ਇਕ ਹੋ ਗਏ। ਹਰਦੇਵ ਦੇ ਮੁੜਦਿਆਂ ਨੂੰ ਦੋਵੇਂ ਖੰਡ-ਖੀਰ ਹੋ ਚੁੱਕੇ ਸਨ। ਹਰਦੇਵ ਦੀਆਂ ਪਾਰਖੂ ਅੱਖਾਂ ਨੇ ਸਭ ਕੁਝ ਦੇਖ ਲਿਆ। ਅੰਦਰੋਂ ਹਰਦੇਵ ਵੀ ਤਾਂ ਇਹੀ ਚਾਹੁੰਦਾ ਸੀ। ਹਰਦੇਵ ਨੇ ਹੌਲੀ-ਹੌਲੀ ਕੰਮ ਦੀ ਵਾਗਡੋਰ ਰਾਜਵੀਰ ਨੂੰ ਫੜਾ ਦਿੱਤੀ। ਹੁਣ ਹਰਦੇਵ ਜ਼ਿਆਦਾਤਰ ਘਰੋਂ ਬਾਹਰ ਹੀ ਰਹਿੰਦਾ। ਉਂਜ ਪਾਰਟੀਆਂ 'ਤੇ ਜਾਣ ਮੌਕੇ ਉਹ ਅਮਨ ਨੂੰ ਨਾਲ ਲੈ ਜਾਂਦਾ। ਹੱਸਦਾ ਹੋਇਆ ਆਖਦਾ ਵੀ ਕਿ ਜੇ ਪਰਮਾਤਮਾ ਨੇ ਚਾਹਿਆ ਤਾਂ ਛੇਤੀ ਹੀ ਬਾਪ ਬਣ ਜਾਵਾਂਗਾ।

ਰਾਜਵੀਰ ਤੇ ਅਮਨ ਵੀ ਖੁਸ਼ ਸਨ। ਹਰਦੇਵ ਨੇ ਅਮਨ ਦੇ ਬਾਪ ਤੇ ਭੈਣ-ਭਰਾਵਾਂ ਨੂੰ ਵੀ ਖੁਸ਼ ਕਰ ਦਿੱਤਾ। ਉਨ੍ਹਾਂ ਦੇ ਕੱਚੇ ਕੋਠੇ ਪੱਕੇ ਬਣਵਾ ਦਿੱਤੇ। ਹਰਦੇਵ ਨੂੰ ਹੁਣ ਲੋੜ ਸੀ ਆਪਣੇ ਵਾਰਿਸ ਦੀ। ਕਾਰੋਬਾਰ ਉਸ ਦਾ ਰਾਜਵੀਰ ਦੇ ਆਉਣ ਨਾਲ ਹੋਰ ਵੀ ਵਧ ਗਿਆ ਸੀ। ਹਰਦੇਵ ਨੇ ਬਹਾਨੇ ਨਾਲ ਇੰਡੀਆ ਦੀ ਟਿਕਟ ਕਟਾ ਲਈ। ਪਿੱਛੇ ਅਮਨ ਤੇ ਰਾਜਵੀਰ ਨੂੰ ਖੁੱਲ੍ਹ ਮਿਲ ਗਈ। ਘਰ ਦੇ ਨੌਕਰਾਂ ਵਿਚ ਵੀ ਲੁੱਕਵੀਂਆਂ ਗੱਲਾਂ ਹੋਣ ਲੱਗ ਗਈਆਂ। ਤੇਜ਼ ਵਗਦੇ ਦਰਿਆ ਵਾਂਗ ਸਮਾਂ ਵੀ ਨਾ ਰੁਕਿਆ। ਦਿਨ ਹਫ਼ਤਿਆਂ, ਮਹੀਨਿਆਂ ਤੇ ਸਾਲਾਂ ਵਿਚ ਲੰਘਦੇ ਗਏ; ਪਰ ਹਰਦੇਵ ਨੂੰ ਡੈਡੀ ਕਹਿਣ ਵਾਲਾ ਨਾ ਮਿਲਿਆ। ਇਕ ਦਿਨ ਅਮਨ ਨੇ ਰਾਜਵੀਰ ਨੂੰ ਕਿਹਾ, "ਰਾਜਵੀਰ! ਮੈਂ ਤੇਰੇ ਬੱਚੇ ਦੀ ਮਾਂ ਬਣਨਾ ਚਾਹੁੰਦੀ ਹਾਂ।"

"ਅਮਨ, ਤੂੰ ਪਾਗਲ ਹੋ ਗਈ ਏਂ। ਜੇ ਚਾਚਾ ਜੀ ਨੂੰ ਪਤਾ ਲੱਗ ਗਿਆ ਤਾਂ ਸਾਡੀ ਦੋਹਾਂ ਦੀ ਚੀਕ ਵੀ ਬਾਹਰ ਨਹੀਂ ਜਾਣੀ।" ਰਾਜਵੀਰ ਬੋਲਿਆ।

"ਤੇਰੇ ਚਾਚਾ ਜੀ ਚਾਹੁੰਦੇ ਹਨ ਕਿ ਅਸੀਂ ਦੋਵੇਂ ਉਸ ਨੂੰ ਵਾਰਿਸ ਦੇਈਏ।" ਅਮਨ ਨੇ ਸਪਸ਼ਟ ਸ਼ਬਦਾਂ ਵਿਚ ਕਹਿ ਦਿੱਤਾ। ਰਾਜਵੀਰ ਨੂੰ ਉਸ ਦੇ ਚਾਚੇ ਦਾ ਰਾਜ਼ ਤੇ ਘਾਟ ਵੀ ਦੱਸ ਦਿੱਤੀ। ਰਾਜਵੀਰ ਨੂੰ ਸਮਝ ਆ ਗਈ ਸੀ ਕਿ ਚਾਚਾ ਜੀ ਨੇ ਉਨ੍ਹਾਂ ਦੋਵਾਂ ਨੂੰ ਬਲੀ ਦਾ ਬੱਕਰਾ ਇਸੇ ਲਈ ਬਣਾਇਆ ਹੈ। ਉਸ ਦੇ ਡਰ ਅਤੇ ਅਹਿਸਾਨਾਂ ਥੱਲੇ ਅਸੀਂ ਵੀ ਇਸ ਰਿਸ਼ਤੇ ਦਾ ਘਾਣ ਕਰ ਦਿੱਤਾ। ਰਾਜਵੀਰ ਨੇ ਰੋ ਕੇ ਮਨ ਤਾਂ ਹੌਲਾ ਕਰ ਲਿਆ, ਪਰ ਅੱਖਾਂ ਦੇ ਹੰਝੂਆਂ ਰਾਹੀਂ ਚਾਚੇ ਲਈ ਦਿਲ ਵਿਚਲਾ ਸਤਿਕਾਰ ਵੀ ਨਿਕਲ ਗਿਆ। ਉਸ ਨੂੰ ਆਪਣਾ ਭਵਿੱਖ ਧੁੰਦਲਾ ਜਾਪਿਆ। ਉਸ ਨੇ ਅਮਨ ਨੂੰ ਕਿਹਾ ਕਿ ਉਹ ਇਹ ਸਭ ਕੁਝ ਕਰਨ ਲਈ ਤਿਆਰ ਹੈ, ਬਦਲੇ ਵਿਚ ਉਸ ਨੂੰ ਚਾਚਾ ਜੀ ਦੀ ਸਾਰੀ ਦੌਲਤ ਚਾਹੀਦੀ ਹੈ। ਜੇ ਤੂੰ ਇਸ ਚਾਲ ਵਿਚ ਮੇਰੇ ਨਾਲ ਰਲੇਂ ਤਾਂ ਅੱਧੋ-ਅੱਧ ਕਰ ਲਵਾਂਗੇ। ਅਮਨ ਨੇ ਵੀ ਝੱਟ ਹਾਂ ਕਰ ਦਿੱਤੀ।

ਜਿਸ ਦਿਨ ਤੋਂ ਹਰਦੇਵ ਦਾ ਵਾਰਿਸ ਅਮਨ ਦੀ ਕੁੱਖ ਵਿਚ ਨਿੰਮਿਆ ਗਿਆ, ਉਸੇ ਦਿਨ ਤੋਂ ਹਰਦੇਵ ਦੀ ਅਮੀਰੀ ਵਾਲਾ ਝੰਡਾ ਡੰਡੇ ਰਾਹੀਂ ਥੱਲੇ ਨੂੰ ਆਉਂਦਾ ਗਿਆ। ਹਰਦੇਵ ਖੁਸ਼ੀ ਖੁਸ਼ੀ ਅਮਨ ਨੂੰ ਡਾਕਟਰਾਂ ਕੋਲ ਲਿਜਾਂਦਾ। ਰਾਜਵੀਰ ਨਾਲੋਂ ਹਰਦੇਵ ਅਮਨ ਨਾਲ ਜ਼ਿਆਦਾ ਸਮਾਂ ਬਤੀਤ ਕਰਦਾ। ਨੌਂ ਮਹੀਨਿਆਂ ਵਿਚ ਰਾਜਵੀਰ ਨੇ ਸਾਰਾ ਬਿਜਨੈਸ ਆਪਣੇ ਕਬਜ਼ੇ ਵਿਚ ਕਰ ਲਿਆ। ਹਾਲੈਂਡ ਵਾਲਾ ਫਾਰਮ ਅਮਨ ਨੇ ਪੁੱਤਰ ਦੀ ਖ਼ੁਸ਼ੀ ਵਿਚ ਮੰਗ ਲਿਆ।

ਅਮਨ ਦੇ ਬੱਚੇ ਨੇ ਪਹਿਲੀ ਕਿਲਕਾਰੀ ਮਾਰੀ। ਉਧਰ ਹਰਦੇਵ ਦੀ ਚੀਕ ਨਿਕਲ ਗਈ। ਵਾਰਿਸ ਪੈਦਾ ਤਾਂ ਹੋ ਗਿਆ, ਪਰ ਵਾਰਿਸ ਨੂੰ ਦੇਣ ਤੇ ਸੰਭਾਲਣ ਲਈ ਤਾਂ ਕੁਝ ਬਚਿਆ ਹੀ ਨਾ। ਘਰ ਵੀ ਹੌਲੀ-ਹੌਲੀ ਕਿਸ਼ਤਾਂ ਮੰਗਦਾ ਮੰਗਦਾ ਖੁੱਸ ਗਿਆ। ਰਾਜਵੀਰ ਨੇ ਕਾਨੂੰਨ ਦਾ ਪੱਤਾ ਖੇਡਦਿਆਂ ਪੁੱਤ ਆਪਣਾ ਬਣਾ ਲਿਆ। ਦੋਵੇਂ ਜਣੇ ਪੁੱਤ ਸਮੇਤ ਹਾਲੈਂਡ ਜਾ ਵਸੇ। ਜਰਮਨੀ ਵਾਲੇ ਸਾਰੇ ਬਿਜਨੈਸ ਵੇਚ ਕੇ ਹਾਲੈਂਡ ਲੈ ਲਏ। ਹਰਦੇਵ ਕਈ ਸਾਲ ਫੁੱਲ ਅਤੇ ਅਖ਼ਬਾਰਾਂ ਵੇਚਦਾ ਰਿਹਾ। ਅਮੀਰੀ ਦੀ ਸ਼ਾਨ ਬਚਾਉਂਦਾ ਪਿੰਡ ਜਾ ਕੇ ਪ੍ਰਾਣ ਤਿਆਗ ਗਿਆ।

ਜਿਵੇਂ ਕਹਿੰਦੇ ਨੇ, ਸਦਾ ਗੁੱਡੀਆਂ ਚੜ੍ਹੀਆਂ ਨਹੀਂ ਰਹਿੰਦੀਆਂ; ਕਿਸਮਤ ਦੇ ਲਪੇਟੇ ਵਿਚ ਆ ਹੀ ਜਾਂਦੀਆਂ ਨੇ। 'ਭੁੱਖੇ ਦੀ ਧੀ ਰੱਜੀ, ਪਿੰਡ ਉਜਾੜਨ ਲੱਗੀ' ਵਾਲੀ ਗੱਲ ਅਮਨ ਕਰਨ ਲੱਗ ਪਈ। ਉਸ ਨੇ ਆਪਣਾ ਭਰਾ ਇੰਡੀਆ ਤੋਂ ਮੰਗਵਾ ਲਿਆ। ਭਰਾ ਨੇ ਵੀ ਛੇਤੀ ਹੀ ਅਮਨ ਅਤੇ ਰਾਜਵੀਰ ਦੇ ਕਮਰੇ ਦੀ ਲਾਈਟ ਬੰਦ ਹੁੰਦੀ ਦੇਖ ਲਈ। ਭਰਾ ਗੁੱਸੇ ਤਾਂ ਬਹੁਤ ਹੋਇਆ ਕਿ ਆਹ ਖੇਹ ਸਾਡੇ ਸਿਰ ਕਿਉਂ ਪਾ ਰਹੀ ਹੈ! ਅਮਨ ਨੇ ਡਾਲਰਾਂ ਦੀ ਤਰੀ ਨਾਲ ਲਿਬੇੜੀ ਬੁਰਕੀ ਭਰਾ ਅੱਗੇ ਸੁੱਟ ਦਿੱਤੀ ਜਿਸ ਨਾਲ ਭਰਾ ਦੀ ਜਾਗੀ ਅਣਖ ਟਿੱਬਿਆਂ ਦੀ ਰੇਤ ਵਾਂਗ ਉਡ ਗਈ। ਭਰਾ ਨੇ ਵੀ ਬਹੁਤੀ ਉਡੀਕ ਨਾ ਕੀਤੀ, ਛੇਤੀ ਹੀ ਹੱਥ ਦੀ ਸਫ਼ਾਈ ਕਰਨ ਲੱਗ ਪਿਆ। ਰਾਜਵੀਰ ਨੇ ਕਈ ਵਾਰ ਉਸ ਦਾ ਹੱਥ ਫੜਿਆ ਕਿ ਜੇ ਚਾਟੀ ਦਾ ਮੂੰਹ ਖੁੱਲ੍ਹਾ ਹੈ ਤਾਂ ਆਪਣਾ ਮੂੰਹ ਮੀਚ ਕੇ ਰੱਖ। ਹੁਣ ਅਮਨ ਤੇ ਰਾਜਵੀਰ ਦੇ ਵਿਚਕਾਰ ਭਰਾ ਆ ਗਿਆ ਸੀ ਜਿਸ ਕਰ ਕੇ ਦੋਹਾਂ ਵਿਚਕਾਰ ਲੜਾਈ ਹੋਣ ਲੱਗੀ। ਅਖੀਰ ਸਾਹਿਬਾਂ ਭਰਾਵਾਂ ਦੀ ਹੋ ਗਈ ਤੇ ਮਿਰਜ਼ਾ ਜੰਡ ਥੱਲੇ ਵੱਢਣ ਦੀ ਤਿਆਰੀ ਹੋਣ ਲੱਗੀ।

ਅਮਨ ਨੇ ਰਾਜਵੀਰ ਦੀ ਪਿੱਠ 'ਤੇ ਛੁਰਾ ਮਾਰ ਦਿੱਤਾ। ਸਾਰਾ ਬਿਜਨੈਸ ਆਪਣੇ ਨਾਂ ਕਰਵਾ ਲਿਆ। ਜਰਮਨੀ ਵਿਚ ਜੰਮਿਆ ਪੁੱਤ ਵੀ ਹਾਲੈਂਡ ਵਿਚ ਪਿੱਠ ਦਿਖਾ ਗਿਆ। ਕੱਖਾਂ ਤੋਂ ਹੌਲੇ ਹੋਏ ਰਾਜਵੀਰ ਨੂੰ ਚਾਚੇ ਹਰਦੇਵ ਦੀ ਯਾਦ ਆਉਣ ਲੱਗੀ। ਹੁਣ ਅੱਖਾਂ ਖੁੱਲ੍ਹੀਆਂ ਕਿ ਉਸ ਨੇ ਤਾਂ ਚਾਚੇ ਵੱਲ ਨਿਸ਼ਾਨਾ ਲਾਇਆ ਸੀ, ਗੋਲੀ ਉਸ ਦੀ ਆਪਣੀ ਪਿੱਠ 'ਤੇ ਵੱਜ ਗਈ। ਅਮਨ ਦਾ ਭਰਾ ਵੀ ਨਵਾਂ-ਨਵਾਂ ਅਮੀਰ ਹੋਇਆ ਸੀ। ਉਸ ਨੇ ਵੀ ਅਮੀਰੀ ਦੇ ਕਰਤੱਬ ਦਿਖਾਉਂਦਿਆਂ ਰਾਜਵੀਰ ਨੂੰ ਸੜਕ ਵੱਲ ਜਾਂਦਾ ਰਾਹ ਦਿਖਾ ਦਿੱਤਾ।

ਅਮਨ ਨੇ ਭਰਾ ਨਾਲ ਥੋੜ੍ਹਾ ਸਮਾਂ ਕੱਢਿਆ। ਰਾਜਵੀਰ ਦੀ ਯਾਦ ਸਤਾਉਣ ਲੱਗੀ, ਪਰ ਰਾਜਵੀਰ ਤਾਂ ਬਹੁਤ ਦੂਰ ਜਾ ਚੁੱਕਾ ਸੀ। ਹੁਣ ਅਮਨ ਦੀ ਜ਼ਿੰਦਗੀ ਵਿਚ ਪਤਝੱੜ ਦੀ ਰੁੱਤ ਆਣ ਵੜੀ। ਇਕ-ਇਕ ਦਿਨ ਸੁੱਕੇ ਪੱਤਿਆਂ ਵਾਂਗ ਟੁੱਟਦਾ ਗਿਆ। ਅਖੀਰ ਪੱਤਿਆਂ ਦੀ ਮੁੱਠੀ ਬਣ ਅਮਨ ਕਿਸੇ ਖੂੰਜੇ ਲੱਗ ਗਈ ਜਿਥੇ ਨਾ ਹਰਦੇਵ ਸੀ, ਨਾ ਹੀ ਰਾਜਵੀਰ ਨਜ਼ਰ ਆ ਰਿਹਾ। ਪੁੱਤ ਸ਼ਾਇਦ 'ਕੰਸ' ਮਾਮੇ ਦੀ ਕੈਦ ਵਿਚ ਸੀ ਜਾਂ ਕਿਤੇ ਹੋਰ। ਅਮਨ ਦੀਆਂ ਅੱਖਾਂ ਰਾਜਵੀਰ ਨੂੰ ਹਾਲੈਂਡ ਦੀਆਂ ਸੜਕਾਂ 'ਤੇ ਲੱਭਣ ਲੱਗੀਆਂ, ਪਰ ਪੁਲਾਂ ਥੱਲਿਉਂ ਲੰਘਿਆ ਪਾਣੀ ਕਦੇ ਮੁੜਿਆ ਨਹੀਂ! ਅਮਨ ਅਤੇ ਵਾਰਿਸ (ਪੁੱਤ) ਦਾ ਤਾਂ ਕੁਝ ਪਤਾ ਨਹੀਂ ਲੱਗਿਆ, ਪਰ ਰਾਜਵੀਰ ਅੱਜਕੱਲ੍ਹ ਅਮਰੀਕਾ ਵਿਚ ਉਨ੍ਹਾਂ ਦਿਨਾਂ ਨੂੰ ਯਾਦ ਕਰਦਾ ਰੋਂਦਾ ਹੀ ਨਹੀਂ, ਪਛਤਾਉਂਦਾ ਵੀ ਬਥੇਰਾ ਹੈ। ਉਸ ਨੂੰ ਪਤਾ ਨਹੀਂ ਸੀ ਕਿ ਜਵਾਨੀ ਦੀ ਇਹ ਗਲਤੀ ਸਾਰੀ ਜ਼ਿੰਦਗੀ ਤਬਾਹ ਕਰ ਦੇਵੇਗੀ।

---

# ਖੱਬਾ ਮੋੜ

*(ਪਿਛਲੇ ਸਫੇ ਦੀ ਬਾਕੀ)*

ਵੇਖਿਆ, ਹੇਠਾਂ ਉਹਦੀ ਕਾਰ, ਉਹਦੀ ਪੀਲੇ ਰੰਗ ਦੀ ਜ਼ੈਨ, ਖੜੀ ਸੀ। ਉਹ ਘਰ ਹੀ ਸੀ। ਨੀਲਮਾ ਪਹਿਲੀ ਮੰਜ਼ਿਲ ਦੀਆਂ ਪੌੜੀਆਂ ਚੜ੍ਹੀ। ਹੌਲੀ ਹੌਲੀ। ਉਹ ਨਹੀਂ ਸੀ ਚਾਹੁੰਦੀ, ਉਹਨੂੰ ਸਾਹ ਚੜ੍ਹਿਆ ਹੋਵੇ। ਬੂਹੇ ਅੱਗੇ ਖਲੋ ਉਹਨੇ ਘੰਟੀ ਵਜਾਈ। ਅੰਦਰੋਂ ਕੋਈ ਖੜਾਕ ਨਾ ਹੋਇਆ। ਉਹਨੇ ਬਟਨ ਫੇਰ ਦਬਾਇਆ। ਐਤਕੀਂ ਅੰਦਰ ਹਿਲਜੁਲ ਹੋਈ। ਉਹ ਉਡੀਕਣ ਲੱਗੀ, ਕਦੋਂ ਬੂਹਾ ਖੁਲ੍ਹੇ। ਬੂਹਾ ਜ਼ਰਾ ਕੁ ਖੁਲ੍ਹਿਆ। ਮੂੰਹ ਉਤੇ ਖਿੰਡੇ ਪਏ ਵਾਲਾਂ ਵਾਲੀ ਇਕ ਨੌਜਵਾਨ ਔਰਤ ਨੇ ਆਪਣਾ ਸਿਰ ਅਗਾਂਹ ਕੀਤਾ ਤੇ ਪੁੱਛਿਆ, "ਕੌਣ...?"

ਔਰਤ ਨੂੰ ਵੇਖ ਨੀਲਮਾ ਦੀ ਜਿਵੇਂ ਜ਼ੁਬਾਨ ਬੰਦ ਹੋ ਗਈ। ਉਹ ਆਪਣੀ ਪਛਾਣ ਨਾ ਕਰਾ ਸਕੀ। ਉਹਦੇ ਮੂੰਹੋਂ ਸਿਰਫ਼ ਏਨਾ ਹੀ ਨਿਕਲਿਆ, "ਅ-ਸ਼ੋ-ਕ?"

"ਠਹਿਰੋ," ਅੱਗੋਂ ਜਵਾਬ ਮਿਲਿਆ।

ਪਰ ਨੀਲਮਾ ਠਹਿਰੀ ਨਾ। ਉਹ ਪੌੜੀਉਂ ਹੇਠਾਂ ਉਤਰ ਆਈ।

---

# ਕਾਵਿ-ਜਗਤ

## ਇਸ਼ਕ

ਅੱਗ ਦਾ ਹੈ ਦਰਿਆ,
ਇਸ਼ਕ ਵਿਚ ਵੜਿਓ ਨਾ।
ਪਿਆਰ ਹੈ ਬੁਰੀ ਬਿਮਾਰੀ,
ਬਈ ਕੋਈ ਕਰਿਓ ਨਾ।

ਤਰਸ-ਤਰਸ ਕੇ ਜ਼ਿੰਦਗੀ,
ਕੱਢਣੀ ਪੈ ਸਕਦੀ,
ਯਾਰ ਦੀ ਖਾਤਰ ਦੁਨੀਆਂ,
ਛੱਡਣੀ ਪੈ ਸਕਦੀ,
ਦਿਲ ਨੂੰ ਕਰ ਲੋ ਕਾਬੂ,
ਕਿਸੇ ਨੂੰ ਹਰਿਓ ਨਾ।
ਪਿਆਰ ਹੈ ਨਿਰੀ ਬਿਮਾਰੀ,
ਬਈ ਕਿਤੇ ਕਰਿਓ ਨਾ।

ਛੱਡਦੇ ਨ੍ਹੀਂ ਖੁਸ਼ਬੋਆਂ,
ਉਹ ਵਿਚ ਸਾਹਾਂ ਦੇ,
ਸੂਹੀਏ ਕਰਦੇ ਕੰਮ,
ਬਿਨਾਂ ਤਨਖ਼ਾਹਾਂ ਦੇ,
ਅੱਖੀਆਂ ਨੂੰ ਕਹੋ,
ਨਾਲ ਕਿਸੇ ਦੇ ਲੜਿਓ ਨਾ।
ਪਿਆਰ ਹੈ ਬੁਰੀ ਬਿਮਾਰੀ,
ਭੁੱਲ ਕੇ ਕਰਿਓ ਨਾ।

ਭੇਤ ਕਿਤੇ ਨਾ ਖੁੱਲ੍ਹ ਜਾਣ,
ਅੰਦਰੋਂ ਡਰਦੀ ਹੈ,
ਇਸ਼ਕ ਨੂੰ ਭੰਡਦੀ ਦੁਨੀਆਂ,
ਨਾਲੇ ਕਰਦੀ ਹੈ,
ਸਮਾਜ ਪਹਾੜੀਆਂ ਨੀਵੀਆਂ,
ਉਪਰ ਚੜ੍ਹਿਓ ਨਾ।
ਪਿਆਰ 'ਚ ਧੋਖਾ ਹੋ ਜਾਂਦੈ,
ਬਈ ਕਰਿਓ ਨਾ।

ਪਲ ਪਲ ਹੋਵੇ ਮੌਤ,
ਹਮੇਸ਼ਾ ਬੇਵਕਤੀ,
ਇਹ ਵੀ ਸੱਚ ਹੈ,
ਪਿਆਰ ਸੱਚਾ ਵੀ ਇਕ ਭਗਤੀ,
ਮੌਜਾਂ ਛੱਡ ਕੇ ਹੌਕਿਆਂ ਦੇ
ਸੰਗ ਰਲਿਓ ਨਾ।

ਬੁਰੀ ਪਿਆਰ ਦੀ ਮਾਰ,
ਕਦੇ ਵੀ ਕਰਿਓ ਨਾ।

ਸਮਾਜ ਮੁਤਾਬਕ ਲਿਖ ਲਿਖ,
ਗੱਲਾਂ ਦੱਸ ਜਾਂਦਾ,
ਚੀਮਨੇ ਵਾਲਾ ਆਪ
ਨਹੱਕਾ ਫਸ ਜਾਂਦਾ,
'ਰਾਜ' ਕਹੇ ਜੇ ਛੱਡਣਾ
ਪੱਲਾ ਫੜਿਓ ਨਾ।
ਪਿਆਰ ਹੈ ਬੁਰੀ ਬਿਮਾਰੀ,
ਬਈ ਕੋਈ ਕਰਿਓ ਨਾ।

*-ਰਾਜ ਧਾਲੀਵਾਲ*

## ਮੈਂ ਕੀ ਕਹਾਂ?

**ਬਲਜਿੰਦਰ ਸਿੰਘ ਖਾਲਸਾ**

ਇਨ੍ਹਾਂ ਬਦਲੇ ਹੋਏ ਇਨਸਾਨਾਂ ਨੂੰ, ਮੈਂ ਕੀ ਕਹਾਂ?
ਇਨਸਾਨ ਤੋਂ ਬਣੇ ਸ਼ੈਤਾਨਾਂ ਨੂੰ, ਮੈਂ ਕੀ ਕਹਾਂ?

ਵਾਅਦੇ ਕਰ ਕਰ ਮੁੱਕਰ ਜਾਣਾ ਦਸਤੂਰ ਇਨ੍ਹਾਂ ਦਾ।
ਮੈਂ ਅੱਖੀਂ ਵੇਖਿਆ ਚਿਹਰਾ ਵੀ ਕਰੂਰ ਇਨ੍ਹਾਂ ਦਾ।
ਜਦ ਤੋਲਦੇ ਕੁਫਰ-ਤੁਫਾਨਾਂ ਨੂੰ, ਮੈਂ ਕੀ ਕਹਾਂ?
ਇਨ੍ਹਾਂ ਬਦਲੇ ਹੋਏ ਇਨਸਾਨਾਂ ਨੂੰ, ਮੈਂ ਕੀ ਕਹਾਂ?

ਗੁਰਦੁਆਰਿਆਂ ਵਿਚ ਜਾ ਕੇ ਗੁਰੂ ਤੋਂ ਡਰਦੇ ਨਾ।
ਝੂਠ ਨੂੰ ਸੱਚ ਬਣਾਉਂਦੇ ਇਹ ਰੱਖਦੇ ਪਰਦੇ ਨਾ।
ਕੁਰਸੀ ਮੱਲੀ ਬੈਠੇ 'ਜ਼ਜਮਾਨਾਂ' ਨੂੰ, ਮੈਂ ਕੀ ਕਹਾਂ?
ਇਨ੍ਹਾਂ ਬਦਲੇ ਹੋਏ ਇਨਸਾਨਾਂ ਨੂੰ, ਮੈਂ ਕੀ ਕਹਾਂ?

ਕੱਲ੍ਹ ਜੋ ਮਾਸੂਮੀਅਤ ਦਾ ਪਾ ਮਖੌਟਾ ਘੁੰਮਦੇ ਸੀ।
ਬੜੇ ਸੀ ਨਿਮਰ ਤੇ ਸੰਗਤ ਦੇ ਪੈਰ ਚੁੰਮਦੇ ਸੀ।
ਅੱਜ ਹੋ ਗਏ ਸਿਆਸਤਦਾਨਾਂ ਨੂੰ, ਮੈਂ ਕੀ ਕਹਾਂ?
ਇਨ੍ਹਾਂ ਬਦਲੇ ਹੋਏ ਇਨਸਾਨਾਂ ਨੂੰ, ਮੈਂ ਕੀ ਕਹਾਂ?

ਵਹਿਮ ਇਨ੍ਹਾਂ ਨੂੰ ਕਿ ਸਾਡੇ ਜਿਹਾ ਸਿੱਖ ਕੋਈ ਨਾ।
ਪਰ ਸਿੱਖੀ ਵਾਲੀ ਤਾਂ ਇਨ੍ਹਾਂ ਨੂੰ ਸਿੱਕ ਕੋਈ ਨਾ।
ਈਮਾਨ ਵਾਲੇ ਇਨ੍ਹਾਂ ਬੇਈਮਾਨਾਂ ਨੂੰ, ਮੈਂ ਕੀ ਕਹਾਂ।
ਇਨ੍ਹਾਂ ਬਦਲੇ ਹੋਏ ਇਨਸਾਨਾਂ ਨੂੰ, ਮੈਂ ਕੀ ਕਹਾਂ?

ਅਰਜ ਹੈ ਰੱਬਾ ਸੁਮੱਤ ਬਖਸ਼ ਔਝੜੇ ਪਿਆਂ ਨੂੰ।
ਗੁਰਮਤਿ ਦਾ ਰਸਤਾ ਦਿਖਾ ਦੇ ਭਟਕ ਗਿਆਂ ਨੂੰ।
ਲੋਭੀ ਹੋਏ ਇਨ੍ਹਾਂ ਅਕਲਦਾਨਾਂ ਨੂੰ, ਮੈਂ ਕੀ ਕਹਾਂ?
ਇਨ੍ਹਾਂ ਬਦਲੇ ਹੋਏ ਇਨਸਾਨਾਂ ਨੂੰ, ਮੈਂ ਕੀ ਕਹਾਂ?
ਇਨਸਾਨ ਤੋਂ ਬਣੇ ਸ਼ੈਤਾਨਾਂ ਨੂੰ, ਮੈਂ ਕੀ ਕਹਾਂ?

## ਸੁੱਤੀਆਂ ਸਰਕਾਰਾਂ

ਸੁਹਣੇ ਮੇਰੇ ਪੰਜਾਬ ਦੇ ਵਿਚੋਂ
ਲੁਪਤ ਕਿਉਂ ਕਿੱਕਰ ਕਰੀਰਾਂ ਨੇ?

ਜੜ੍ਹ ਤਰਸੇ ਸਿੱਲੇ ਪਾਣੀ ਨੂੰ,
ਹੱਥ ਪਾਣੀ ਦੇ ਤਕਦੀਰਾਂ ਨੇ।
ਬਿਨ ਪਾਣੀ ਦੇ ਜੀਵਨ ਸੁੰਨਾ,
ਨਾਕਸ ਬੰਦੇ ਦੀਆਂ ਤਦਬੀਰਾਂ ਨੇ।

ਜਿਸ ਧਰਤੀ 'ਤੇ ਖੇਤੀ ਕੀਤੀ,
ਬਾਬੇ ਨਾਨਕ ਜਿਹੇ ਫਕੀਰਾਂ ਨੇ।

ਉਸ ਧਰਤੀ, ਅੱਜ ਪਾਣੀ ਗੰਧਲੇ,
ਕੈਂਸਰ ਹੱਥੋਂ ਨਿਕਲੀਆਂ ਨੱਕ ਲਕੀਰਾਂ ਨੇ।
ਬੁਰੇ ਬੰਦੇ ਦੀ ਨਜ਼ਰ ਉਤਾਰੋ,
ਬਲਦੇ ਪਰਛਾਵੇਂ ਦੀਆਂ ਤਸਵੀਰਾਂ ਨੇ।

ਪਾਣੀ ਪੰਜ ਦਰਿਆਵਾਂ ਦੇ ਵਿਚ,
ਗਿਰਦੀਆਂ ਗੰਦੀਆਂ ਧਾਰਾਂ ਨੇ।

ਵਾਤਾਵਰਣੀ ਵਿਉਂਤ ਵਿਹੂਣੀ ਵੇਖਾਂ,
ਮਨੁੱਖਤਾ ਲਈ ਸਾਬਤ ਹੋਈਆਂ ਮਾਰਾਂ ਨੇ।
ਤੇਜ਼ਾਬੀ ਪਾਣੀ, ਗੰਦੀਆਂ ਗੈਸਾਂ, ਧੂੜਾਂ,
ਉਗਲਦੀਆਂ ਵੇਖਾਂ ਸਨਅਤ ਹਜ਼ਾਰਾਂ ਨੇ।

ਕਿਰਦਾਰ ਹਕੂਮਤ ਦਾ ਸ਼ੱਕੀ ਜਾਪੇ,
ਫਿਰ ਵੀ ਸੁੱਤੀਆਂ ਕਿਉਂ ਸਰਕਾਰਾਂ ਨੇ?

*-ਟਹਿਲ ਸਿੰਘ ਚਾਹਲ*
*ਇੰਡੀਅਨਐਪੋਲਿਸ, ਇੰਡੀਆਨਾ।*



# ਤੱਬੂ ਦੇ ਫਿਰ ਦਿਨ ਫਿਰੇ

ਤੱਬੂ ਦੀ ਪਛਾਣ ਇਕ ਅਜਿਹੀ ਬਾਲੀਵੁੱਡ ਅਦਾਕਾਰਾ ਦੀ ਹੈ ਜਿਸ ਨੂੰ ਕਮਰਸ਼ੀਅਲ ਫ਼ਿਲਮਾਂ ਦੇ ਨਾਲ-ਨਾਲ ਆਰਟ ਫ਼ਿਲਮਾਂ ਵਿਚ ਵੀ ਓਨੀ ਹੀ ਸਫਲਤਾ ਹਾਸਲ ਹੋਈ ਹੈ। ਤੱਬੂ ਨੇ ਨਾ ਸਿਰਫ ਸਾਊਥ ਦੇ ਦਰਸ਼ਕਾਂ ਨੂੰ ਸਗੋਂ ਬਾਲੀਵੁੱਡ ਦੇ ਦਰਸ਼ਕਾਂ ਦੇ ਨਾਲ-ਨਾਲ ਹਾਲੀਵੁੱਡ ਨੂੰ ਵੀ ਕਈ ਸਫਲ ਫ਼ਿਲਮਾਂ ਦਿੱਤੀਆਂ ਪਰ ਕੁਝ ਹੀ ਸਮਾਂ ਪਹਿਲਾਂ ਤੱਬੂ ਮਸਾਲਾ ਫ਼ਿਲਮਾਂ ਵਿਚ ਬਹੁਤਾ ਕੰਮ ਨਾ ਕਰ ਸਕਣ ਦੇ ਆਪਣੇ ਮਲਾਲ ਨੂੰ ਜ਼ਾਹਿਰ ਕਰ ਚੁੱਕੀ ਹੈ। ਅਸਲ ਵਿਚ ਪਿਛਲੇ ਕਾਫੀ ਸਮੇਂ ਤੋਂ ਉਹ ਆਰਟ ਫ਼ਿਲਮਾਂ ਤੱਕ ਹੀ ਸੀਮਤ ਰਹਿ ਗਈ ਹੈ। ਇਸ ਬਾਰੇ ਤੱਬੂ ਨੇ ਕਿਹਾ ਸੀ ਕਿ ਬਾਲੀਵੁੱਡ ਤੇ ਤੇਲਗੂ ਫ਼ਿਲਮਾਂ ਵਿਚ ਉਸ ਦਾ ਬਹੁਤ ਚੰਗਾ ਸਮਾਂ ਰਿਹਾ ਹੈ ਤੇ ਉਸ ਨੇ ਸਾਊਥ ਵਿਚ ਤਾਂ ਸਿਰਫ ਮਸਾਲਾ ਫ਼ਿਲਮਾਂ ਹੀ ਕੀਤੀਆਂ ਹਨ ਪਰ ਹੁਣ ਉਹ ਹਿੰਦੀ ਫ਼ਿਲਮਾਂ ਵਿਚ ਵੀ ਮਸਾਲਾ ਫ਼ਿਲਮਾਂ ਲਈ ਤਰਸ ਰਹੀ ਹੈ। ਉਹ ਕਹਿੰਦੀ ਹੈ ਕਿ ਉਸ ਨੇ ਫ਼ਿਲਮਾਂ ਦੀ ਹੀਰੋਇਨ ਬਣਨ ਬਾਰੇ ਕਦੇ ਸੋਚਿਆ ਵੀ ਨਹੀਂ ਸੀ, ਫਿਰ ਵੀ ਇੰਨਾ ਕੁਝ ਹਾਸਲ ਕਰ ਲੈਣ 'ਤੇ ਉਹ ਖੁਦ ਨੂੰ ਬਹੁਤ ਕਿਸਮਤ ਵਾਲੀ ਮੰਨਦੀ ਹੈ। ਉਂਝ ਹੁਣ ਉਸ ਦੀ ਇਹ ਇੱਛਾ ਕੁਝ ਹੱਦ ਤੱਕ ਪੂਰੀ ਹੋਣ ਜਾ ਰਹੀ ਹੈ ਕਿਉਂਕਿ ਸਲਮਾਨ ਖਾਨ ਦੀ ਅਗਲੀ ਫ਼ਿਲਮ ਵਿਚ ਤੱਬੂ ਵੀ ਇਕ ਅਹਿਮ ਭੂਮਿਕਾ ਨਿਭਾਉਂਦੀ ਨਜ਼ਰ ਆਏਗੀ। ਪਿਛਲੇ ਦਿਨੀਂ ਆਸਕਰ ਜੇਤੂ ਨਿਰਦੇਸ਼ਕ ਆਂਗ ਲੀ ਦੀ ਫ਼ਿਲਮ 'ਲਾਈਫ਼ ਆਫ਼ ਪਾਈ' ਵਿਚ ਕੰਮ ਕਰਨ ਵਾਲੀ ਤੱਬੂ ਨੂੰ ਸਲਮਾਨ ਦੀ ਉਸ ਫ਼ਿਲਮ ਲਈ ਸਾਈਨ ਕੀਤਾ ਗਿਆ ਹੈ ਜਿਸ ਦਾ ਨਿਰਮਾਣ ਸਲਮਾਨ ਦਾ ਭਰਾ ਸੋਹੇਲ ਖਾਨ ਕਰ ਰਿਹਾ ਹੈ।

# ਮਿਸਟਰ ਪ੍ਰਫੈਕਟ ਆਮਿਰ



ਕਿਸੇ ਦੇ ਜਜ਼ਬਾਤ ਨੂੰ ਧੱਕਾ ਪਹੁੰਚਾਉਣਾ 'ਮਿਸਟਰ ਪ੍ਰਫੈਕਟ' ਆਮਿਰ ਖਾਨ ਨੂੰ ਚੰਗਾ ਨਹੀਂ ਲਗਦਾ। ਅਸਫ਼ਲਤਾ ਹੀ ਉਸ ਨੂੰ ਸਫ਼ਲਤਾ ਦੀ ਟੀਸੀ ਤੱਕ ਲੈ ਕੇ ਗਈ ਹੈ। ਉਹ ਸਲਮਾਨ ਦੇ ਨਜ਼ਦੀਕ ਜ਼ਰੂਰ ਹੈ ਪਰ ਸ਼ਾਹਰੁਖ ਨਾਲ ਵੀ ਦੁਸ਼ਮਣੀ ਨਹੀਂ ਹੈ। ਆਮਿਰ ਦੇ ਮੂੰਹੋਂ ਸ਼ਾਹਰੁਖ ਬਾਰੇ ਕੁਬੋਲ ਘੱਟ ਹੀ ਨਿਕਲਦੇ ਹਨ। ਅੱਜਕਲ੍ਹ ਨਵੀਂ ਫ਼ਿਲਮ 'ਪੀ.ਕੇ.' ਵੱਲ ਆਮਿਰ ਦਾ ਕਾਫ਼ੀ ਧਿਆਨ ਹੈ। ਉਸ ਦਾ ਪੁੱਤਰ ਜੁਨੈਦ ਪੀ.ਕੇ. ਦੇ ਨਿਰਦੇਸ਼ਨ ਵਿਭਾਗ ਵਿਚ ਕੰਮ ਕਰ ਰਿਹਾ ਹੈ। ਆਮਿਰ ਇਕ ਖਾਸ ਕਿਸਮ ਦਾ ਅਭਿਨੇਤਾ ਹੈ। ਸੋਸ਼ਲ ਮੀਡੀਆ ਦੀ ਵਰਤੋਂ ਉਸ ਨੇ ਵਪਾਰ ਲਈ ਜ਼ਰੂਰ ਕੀਤੀ ਹੈ ਪਰ ਨਿੱਜੀ ਵਿਚਾਰਾਂ ਨੂੰ ਸਾਂਝਿਆਂ ਕਰਨ ਲਈ ਉਹ ਇਸ ਦੀ ਵਰਤੋਂ ਨਹੀਂ ਕਰਦਾ। 'ਦੇਹਲੀ ਬੇਲੀ', 'ਧੋਬੀ ਘਾਟ' ਅਲੱਗ ਤਰ੍ਹਾਂ ਦੀਆਂ ਫ਼ਿਲਮਾਂ ਕਰਕੇ ਆਮਿਰ ਨੇ 100 ਕਰੋੜ ਦੀ ਕਲੱਬ ਵਾਲੇ ਨਾਇਕਾਂ ਨੂੰ ਪਛਾੜਨ ਵਿਚ ਕਸਰ ਨਹੀਂ ਛੱਡੀ। ਇਹ ਉਸ ਦੀ ਲੋਕਪ੍ਰਿਅਤਾ ਦਾ ਵੱਡਾ ਸਬੂਤ ਹੈ। ਅੱਠ ਸਾਲ ਪਹਿਲਾਂ ਆਮਿਰ 'ਤੇ ਮਾੜਾ ਸਮਾਂ ਸੀ ਜਦ ਪਤਨੀ ਨਾਲ ਝਮੇਲਾ, ਭਰਾ ਨਾਲ ਝਗੜਾ, 'ਮੰਗਲ ਪਾਂਡੇ' ਦੀ ਨਾਕਾਮੀ ਤੇ ਪ੍ਰੈੱਸ ਨਾਲ ਠੰਡੀ ਜੰਗ ਸਭ ਸਮੱਸਿਆਵਾਂ ਨੇ ਉਸ ਨੂੰ ਘੇਰਿਆ ਸੀ। ਫਿਰ ਵੀ ਆਮਿਰ ਡੋਲਿਆ ਨਹੀਂ। 'ਨਰਮਦਾ ਅੰਦੋਲਨ' ਵਿਚ ਹਿੱਸਾ ਲਿਆ। ਕਿਰਨ ਰਾਓ ਨਾਲ ਵਿਆਹ ਨੇ ਸਭ ਸਮੱਸਿਆਵਾਂ ਪਰ੍ਹਾਂ ਸਿੱਟ ਮਾਰੀਆਂ ਤੇ ਨਾਇਕ ਬਣ ਆਮਿਰ ਉਭਰਿਆ। 'ਤਾਰੇ ਜ਼ਮੀਂ ਪਰ' ਨੇ ਤਾਂ ਉਸ ਦੀ ਮੀਡੀਆ ਵਿਚ ਪੂਜਾ ਹੋਣੀ ਲਾ ਦਿੱਤੀ। 11 ਸਾਲਾਂ ਵਿਚ ਆਮਿਰ ਹਮੇਸ਼ਾ ਸਫ਼ਲ ਹੀ ਰਿਹਾ। ਅਸਲ ਵਿਚ ਆਮਿਰ ਸਫ਼ਲਤਾ ਦਾ ਟਰੇਡ ਮਾਰਕ ਹੈ । ਹੁਣ ਤਾਂ 'ਕੁਪੋਸ਼ਣ ਪ੍ਰਚਾਰ' ਨੇ ਸਰਕਾਰੀ ਨਜ਼ਰ ਵਿਚ ਵੀ ਆਮਿਰ ਨੂੰ ਮਹਾਂਨਾਇਕ ਬਣਾ ਦਿੱਤਾ ਹੈ। ਸੱਚ ਪੁਜਾਰੀ, ਇਮਾਨਦਾਰ ਤੇ ਸਫ਼ਲਤਾ ਦਾ ਨਾਇਕ ਆਮਿਰ ਖਾਨ ਔਕੜਾਂ ਵਿਚੋਂ ਵੀ ਨਾਇਕ ਹੀ ਬਣ ਕੇ ਨਿਕਲਿਆ ਹੈ।




# 100 ਕਰੋੜੀ ਫ਼ਿਲਮਾਂ

ਸਾਲ 2012 ਵਿਚ ਬੇਸ਼ੱਕ ਸਿਰਫ਼ ਗਿਣੀਆਂ ਚੁਣੀਆਂ ਫ਼ਿਲਮਾਂ ਹੀ 100 ਕਰੋੜ ਦਾ ਅੰਕੜਾ ਪਾਰ ਕਰਕੇ ਸਾਲ ਦੀਆਂ ਹਿੱਟ ਫ਼ਿਲਮਾਂ ਬਣ ਸਕੀਆਂ ਪਰ ਇਨ੍ਹਾਂ 100 ਕਰੋੜੀ ਫ਼ਿਲਮਾਂ ਵਿਚ ਸਲਮਾਨ ਖਾਨ ਦੀ ਫ਼ਿਲਮ 'ਏਕ ਥਾ ਟਾਈਗਰ' ਇਕ ਵਾਰ ਫਿਰ ਬਾਜ਼ੀ ਮਾਰ ਕੇ ਇਸ ਪਾਇਦਾਨ ਦੇ ਪਹਿਲੇ ਸਥਾਨ 'ਤੇ ਪਹੁੰਚ ਗਈ।

'ਏਕ ਥਾ ਟਾਈਗਰ' ਸਾਲ 2012 ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਫ਼ਿਲਮ ਸਾਬਤ ਹੋਈ ਹੈ ਤੇ ਯਸ਼ ਰਾਜ ਦੇ ਬੈਨਰ ਵਾਲੀ ਇਸ ਫ਼ਿਲਮ ਵੱਲੋਂ ਤਕਰੀਬਨ 198 ਕਰੋੜ ਦੀ ਕਮਾਈ ਕੀਤੇ ਜਾਣ ਦੀ ਖ਼ਬਰ ਹੈ। ਦੂਜੇ ਨੰਬਰ 'ਤੇ ਅਕਸ਼ੈ ਕੁਮਾਰ ਦੀ ਫ਼ਿਲਮ 'ਰਾਊਡੀ ਰਾਠੌਰ' ਰਹੀ ਹੈ ਜਿਸ ਨੇ 131 ਕਰੋੜ ਦਾ ਕਾਰੋਬਾਰ ਕੀਤਾ ਹੈ। ਇਸ ਫ਼ਿਲਮ ਨਾਲ ਸੋਨਾਕਸ਼ੀ ਸਿਨਹਾ ਦਾ ਭਵਿੱਖ ਵੀ ਅਗਾਂਹ ਲਈ ਸੁਨਹਿਰਾ ਹੋ ਗਿਆ। ਤੀਜੇ ਨੰਬਰ 'ਤੇ ਸੰਜੇ ਦੱਤ ਤੇ ਰਿਤਿਕ ਰੌਸ਼ਨ ਦੀ 'ਅਗਨੀਪੱਥ' ਫ਼ਿਲਮ ਰਹੀ ਜਿਸ ਨੇ ਤਕਰੀਬਨ 123 ਕਰੋੜ ਦੀ ਕਮਾਈ ਕੀਤੀ। ਸਵਰਗੀ ਨਿਰਦੇਸ਼ਕ ਯਸ਼ ਚੋਪੜਾ ਦੇ ਨਿਰਦੇਸ਼ਨ ਵਾਲੀ ਫ਼ਿਲਮ 'ਜਬ ਤਕ ਹੈ ਜਾਨ' ਚੌਥੇ ਨੰਬਰ 'ਤੇ ਰਹੀ ਹੈ ਤੇ ਅਜੇ ਵੀ ਕਮਾਈ ਕਰ ਰਹੀ ਹੈ। ਸ਼ਾਹਰੁਖ ਖਾਨ, ਕੈਟਰੀਨਾ ਕੈਫ਼ ਤੇ ਅਨੁਸ਼ਕਾ ਸ਼ਰਮਾ ਅਭਿਨੀਤ ਇਸ ਫ਼ਿਲਮ ਨੇ ਅਜੇ ਤੱਕ 121 ਕਰੋੜ ਦੀ ਕਮਾਈ ਕਰ ਲਈ ਹੈ ਤੇ ਅਜੇ ਵੀ ਇਸ ਦਾ ਵਪਾਰ ਜਾਰੀ ਹੈ। ਪੰਜਵੇਂ ਨੰਬਰ ਦਾ ਸਥਾਨ ਹਾਸਲ ਕਰਨ ਵਾਲੀ ਫ਼ਿਲਮ 'ਬਰਫੀ' ਹੈ। 'ਹਾਊਸਫੁਲ-2' 114 ਕਰੋੜ ਦੀ ਕਮਾਈ ਨਾਲ 6ਵੇਂ ਨੰਬਰ 'ਤੇ ਰਹੀ ਹੈ। 'ਸਨ ਆਫ ਸਰਦਾਰ' 7ਵੇਂ ਸਥਾਨ 'ਤੇ 105 ਕਰੋੜ ਦਾ ਵਪਾਰ ਕੀਤਾ।8ਵੇ ਨੰਬਰ 'ਤੇ 'ਬੋਲ ਬਚਨ' 102 ਕਰੋੜ, ਆਮਿਰ ਖਾਨ ਦੀ 'ਤਲਾਸ਼' ਨੇ ਨੌਵਾਂ ਤੇ ਦਸਵਾਂ ਸਥਾਨ ਅਕਸ਼ੈ ਕੁਮਾਰ ਦੀ ਹੀ ਫ਼ਿਲਮ 'ਓ ਮਾਈ ਗੌਡ' ਨੇ ਹਾਸਲ ਕਰਦੇ ਹੋਏ 82 ਕਰੋੜ ਦੀ ਕਮਾਈ ਕੀਤੀ ਹੈ। ਤਲਾਸ਼ ਨੇ ਸਾਲ ਦੇ ਦਸੰਬਰ ਮਹੀਨੇ ਤੱਕ 91 ਕਰੋੜ ਦਾ ਕਾਰੋਬਾਰ ਕੀਤਾ ਸੀ ਤੇ ਇਹ ਫ਼ਿਲਮ ਨੂੰ 100 ਕਰੋੜੀ ਕਲੱਬ ਵਿਚ ਸ਼ਾਮਲ ਹੋ ਸਕਦੀ ਹੈ।

## ਸਦਾਬਹਾਰ ਅਦਾਕਾਰਾ

# ਵਹੀਦਾ ਰਹਿਮਾਨ





ਸਮੇਂ ਦੇ ਨਾਲ ਚਿਹਰੇ ਯਾਦਾਂ ਵਿਚੋਂ ਮਿਟਣ ਲਗਦੇ ਹਨ ਪਰ ਕੁਝ ਚਿਹਰੇ ਖ਼ੂਬਸੂਰਤ ਤੇ ਇੰਨੇ ਦਿਲਕਸ਼ ਹੁੰਦੇ ਹਨ ਕਿ ਯਾਦਾਂ ਦੇ ਸੁਨਹਿਰੇ ਫਰੇਮ ਵਿਚ ਹਮੇਸ਼ਾ ਲਈ ਠਹਿਰ ਜਾਂਦੇ ਹਨ। ਵਹੀਦਾ ਰਹਿਮਾਨ ਹੀ ਉਹ ਚਿਹਰਾ ਹੈ ਜੋ ਦਰਸ਼ਕਾਂ ਦੀਆਂ ਯਾਦਾਂ ਵਿਚ ਦਮਕਦੇ ਸਿਤਾਰਿਆਂ ਵਾਂਗ ਜੜਿਆ ਹੈ। ਵਹੀਦਾ ਸੱਚਮੁੱਚ ਮਿੱਠੀ ਗੁਲਾਬੀ ਮੁਸਕਰਾਹਟ ਨਾਲ ਸਜੀ ਉਹ ਸ਼ਖਸੀਅਤ ਹਨ ਜੋ ਇੰਨੀ ਉਮਰ ਬੀਤਣ ਪਿੱਛੋਂ ਵੀ ਓਨੀ ਹੀ ਚਮਕੀਲੀ ਤੇ ਫੁਰਤੀਲੀ ਹੈ ਜਿੰਨੀ ਕਿ ਉਹ ਕਰੀਅਰ ਦੀ ਸ਼ੁਰੂਆਤ ਵਿਚ ਹੁੰਦੀ ਸੀ।

ਵਹੀਦਾ ਤੋਂ ਪਹਿਲੀਆਂ ਅਭਿਨੇਤਰੀਆਂ ਸੁੰਦਰਤਾ, ਅਦਾਕਾਰੀ ਤੇ ਮਿਹਨਤ ਦੇ ਦਮ 'ਤੇ ਅੱਗੇ ਵਧੀਆਂ, ਵਹੀਦਾ ਵਿਚ ਇਨ੍ਹਾਂ ਤਿੰਨਾਂ ਤੋਂ ਇਲਾਵਾ ਇਕ ਹੋਰ ਗੱਲ ਸੀ ਤੇਜ਼ ਦਿਮਾਗ ਤੇ ਨਿਮਰ ਭਾਵਨਾਵਾਂ ਦਾ ਸੁਮੇਲ।

'ਪਿਆਸਾ ਦੀ ਗੁਲਾਬੀ ਵੇਸਵਾ ਹੈ ਪਰ ਉਸ ਦੀਆਂ ਅਦਾਵਾਂ ਨਿਪੁੰਨ ਅਦਾਕਾਰੀ ਸ਼ੈਲੀ ਕਾਰਨ ਮਾਸੂਮ ਤੇ ਸਹਿਜ ਲਗਦੀਆਂ ਹਨ। 'ਗਾਈਡ' ਦੀ ਰੋਜ਼ੀ ਮਰਦਾਨਗੀ ਰਹਿਤ ਪਤੀ ਦੀਆਂ ਵਰਜਨਾਵਾਂ ਨੂੰ ਤੋੜ ਕੇ ਰਾਜੂ ਗਾਈਡ ਨਾਲ ਇਤਰਾਉਂਦੀ ਹੈ। 'ਆਜ ਫਿਰ ਜੀਨੇ ਕੀ ਤਮੰਨਾ ਹੈ....' ਉਦੋਂ ਉਸ ਦੀ ਇਹ ਖੁੱਲ੍ਹ ਦਰਸ਼ਕ ਖੁਸ਼ੀ ਨਾਲ ਸਵੀਕਾਰ ਕਰਦੇ ਹਨ। 'ਸਾਹਿਬ ਬੀਵੀ ਔਰ ਗੁਲਾਮ' ਵਿਚ ਵਹੀਦਾ ਦੀਆਂ ਸ਼ੋਖ ਤੇ ਚੁਲਬੁਲੀਆਂ ਅਦਾਵਾਂ ਦਰਸ਼ਕਾਂ ਨੂੰ ਮਿੱਠੇ ਅਹਿਸਾਸ ਵਿਚ ਡੁਬੋ ਗਈਆਂ।

'ਚੌਦਵ੍ਹੀਂ ਕਾ ਚਾਂਦ' ਵਿਚ ਪਤੀ ਨੂੰ ਭਰਪੂਰ ਚਾਹੁਣ ਵਾਲੀ ਰਵਾਇਤੀ ਤੇ ਸਮਰਪਿਤ ਵਹੀਦਾ ਵਰਗੀ ਪਤਨੀ ਦਾ ਕਿਰਦਾਰ ਵੀ ਕਾਬਿਲ-ਏ-ਤਾਰੀਫ ਸੀ। 'ਖਾਮੋਸ਼ੀ' ਦੀ ਨਰਸ ਰਾਧਾ ਦੀ ਤੜਫ ਤੇ ਖਾਮੋਸ਼ ਆਹ ਕਿਸ ਨੂੰ ਨਹੀਂ ਰੁਆਉਂਦੀ।



'ਨੀਲਕਮਲ' ਦੀ ਨਾਇਕਾ ਹਾਲਾਤ ਦੀ ਸ਼ਿਕਾਰ ਹੋ ਕੇ ਵੀ ਦੋਸ਼ਾਂ ਵਿਚਾਲੇ ਮਰਿਆਦਾਵਾਂ ਦੇ ਅੰਦਰ ਬੇਗੁਨਾਹੀ ਦਾ ਸਬੂਤ ਭਾਲਦੀ ਹੈ। ਅਸਫਲ ਫ਼ਿਲਮਾਂ ਨਾਲ ਵੀ ਵਹੀਦਾ ਸਫਲ ਹੋ ਗਈ।

ਉਹ ਇਕ ਬੇਮਿਸਾਲ ਅਦਾਕਾਰਾ ਹੀ ਨਹੀਂ ਸਗੋਂ ਬਿਹਤਰੀਨ ਇਨਸਾਨ ਵੀ ਹਨ। ਗੁਰੂਦੱਤ ਨਾਲ ਉਨ੍ਹਾਂ ਦੀ ਸੰਵੇਦਨਸ਼ੀਲ ਜੋੜੀ ਦਰਸ਼ਕਾਂ ਨੇ ਕਾਫੀ ਪਸੰਦ ਕੀਤੀ। ਪੰਜ ਫ਼ਿਲਮਾਂ ਤੋਂ ਵਧੇਰੇ ਇਹ ਜੋੜੀ ਨਿੱਜੀ ਕਾਰਨਾਂ ਕਰਕੇ ਪਰਦੇ 'ਤੇ ਨਹੀਂ ਆ ਸਕੀ ਜਦਕਿ ਆਪਣੇ ਪਹਿਲੇ ਅਦਾਕਾਰ ਦੇਵ ਆਨੰਦ ਦੇ ਨਾਲ 'ਸੀ.ਆਈ.ਡੀ.', 'ਸੋਲ੍ਹਵਾਂ ਸਾਲ', 'ਕਾਲਾ ਬਾਜ਼ਾਰ', 'ਰੂਪ ਕੀ ਰਾਨੀ, ਚੋਰੋਂ ਕਾ ਰਾਜਾ', 'ਬਾਤ ਏਕ ਰਾਤ ਕੀ', 'ਗਾਈਡ' ਤੇ 'ਪ੍ਰੇਮ ਪੁਜਾਰੀ' ਸਮੇਤ ਸੱਤ ਫ਼ਿਲਮਾਂ ਵਹੀਦਾ ਨੇ ਕੀਤੀਆਂ। ਵਹੀਦਾ ਰਹਿਮਾਨ ਨਿੱਜੀ ਤ੍ਰਾਸਦੀਆਂ ਵਿਚੋਂ ਤੁਰੰਤ ਉੱਭਰ ਕੇ ਆਉਣ ਦਾ ਨਾਂ ਹੈ। ਕਰੀਅਰ ਦੀ ਸਿਖਰ 'ਤੇ ਮਾਂ ਨੂੰ ਗੁਆਇਆ। ਕਰੀਅਰ ਦੌਰਾਨ ਗੁਰੂਦੱਤ ਨਾਲ ਨੇੜਤਾ ਤੇ ਫਿਰ ਕੜਵਾਹਟ। ਗੀਤਾ ਦੱਤ ਨਾਲ ਮੱਤਭੇਦ, ਅਚਾਨਕ ਗੁਰੂਦੱਤ ਦਾ ਆਤਮ-ਹੱਤਿਆ ਕਰ ਲੈਣਾ, ਇਹ ਕੁਝ ਅਜਿਹੇ ਤਕਲੀਫਦੇਹ ਪਲ ਸਨ ਜਦੋਂ ਵਹੀਦਾ ਮਾਨਸਿਕ ਤੌਰ 'ਤੇ ਬੇਚੈਨ ਰਹੀ।ਅਜਿਹੇ ਵਿਚ ਰਲੇ-ਮਿਲੇ ਪਲਾਂ ਵਿਚ ਫ਼ਿਲਮ 'ਸ਼ਗੁਨ' ਵਿਚ ਕੋ-ਸਟਾਰ ਰਹੇ ਕੰਵਲਜੀਤ ਨਾਲ ਵਿਆਹ ਕਰਕੇ ਉਨ੍ਹਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ। ਪਤੀ ਦੇ ਗੁਜ਼ਰ ਜਾਣ ਤੋਂ ਇਕ ਮਹੀਨੇ ਬਾਅਦ ਅਨੁਪਮ ਖੇਰ ਨੇ ਉਨ੍ਹਾਂ ਨੂੰ ਫ਼ਿਲਮ 'ਓਮ ਜੈ ਜਗਦੀਸ਼' ਦੀ ਆਫਰ ਦਿੱਤੀ। ਪੁੱਤਰ ਸੋਹੇਲ ਤੇ ਬੇਟੀ ਕਾਸ਼ਵੀ ਦੇ ਕਹਿਣ 'ਤੇ ਤਕਰੀਬਨ 11 ਸਾਲਾਂ ਬਾਅਦ ਵਹੀਦਾ ਫ਼ਿਲਮਾਂ ਵਿਚ ਪਰਤ ਆਈ।

ooraa

ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

CREDIT CARD
CARDHOLDER

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org



DCL Trucking

743 Legacy Blvd,
Greenwood, IN 46143

ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

ਓਨਰ ਅਪਰੇਟਰਾਂ ਦੀ ਲੋੜ ਹੈ

ਪੱਕੇ ਲੋਡ

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ



We work in all 48 States
24/7 Dispatch Available

Quick payment via Direct Deposit

ਸੰਪਰਕ ਕਰੋ: ਪਰਮਿੰਦਰ

ਫੋਨ: 317-399-9800

e-mail: info@DCLTrucking.com



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

"I take your accident personally"

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information

www.markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

## ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes
from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 4205 Lunar Way, Union City, CA 94587
2. 5329 Calabria Way, Sacramento CA 95835
3. 3167 San Bernardino Way, Union City, CA 94587
4. 34782 Klondike Dr., Union City, CA 94587
5. 32467 Woodland Dr., Union City, CA 94587
6. 1969 Catalpa Way, Hayward, CA 94545
7. 2952 Remington Way, San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.